# ਵਿਰਲੈ ਕਿਨੈ ਵੀਚਾਰਿਆ

# ਵਿਰਲੈ ਕਿਨੈ ਵੀਚਾਰਿਆ

## (ਇਕ ਪੜਚੋਲ ਅਤੇ ਸਹੀ ਤੱਥ)

**ਕੰਵਰ ਅਜੀਤ ਸਿੰਘ**

*ਪ੍ਰਕਾਸ਼ਕ :*

**ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)**

154, ਨਿਊ ਘੰਟਾ ਘਰ ਮਾਰਕੀਟ (ਸਕੂਟਰ ਸਟੈਂਡ ਦੇ ਉੱਪਰ)
ਸਾਹਮਣੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ
ਫ਼ੋਨ : 0183-2558302, ਮੋਬਾਇਲ : 98726 58302

# ਵਿਰਲੈ ਕਿਨੈ ਵੀਚਾਰਿਆ

*ਲੇਖਕ :*

**ਕੰਵਰ ਅਜੀਤ ਸਿੰਘ**

20/77, ਰਣਜੀਤ ਨਗਰ, ਜੀ-ਬਲਾਕ
ਸਿਉਨਾ ਰੋਡ, ਪਟਿਆਲਾ-147001
ਟੈਲੀਫ਼ੋਨ : 0175-2359328,
ਮੋਬਾਈਲ : 98151-56818; 95018-77116
Website : www.sdkajitsingh@yahoo.info

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪਹਿਲੀ ਵਾਰ : 2014

**ਮੁੱਲ : 150-00 ਰੁਪਏ**

*ਪ੍ਰਕਾਸ਼ਕ :*

**ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)**

154, ਨਿਊ ਘੰਟਾ ਘਰ ਮਾਰਕੀਟ (ਸਕੂਟਰ ਸਟੈਂਡ ਦੇ ਉੱਪਰ),
ਸਾਹਮਣੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ
ਫ਼ੋਨ : 0183-2558302, ਮੋਬਾਇਲ : 98726 58302

*ਛਾਪਕ :*

**ਦਸਮੇਸ਼ ਪ੍ਰਿੰਟਿੰਗ ਪ੍ਰੈਸ**
**ਜਲੰਧਰ**

*Printed in India*

**ਸਮਰਪਣ**

*ਪੰਥ ਰਤਨ, ਅਣਥੱਕ ਪੰਥ ਸੇਵਕ*
*ਅਤੇ ਸਿੰਘ ਸਭਾ ਦੇ ਮੋਢੀ*
***ਗਿਆਨੀ ਦਿੱਤ ਸਿੰਘ ਜੀ***
*ਨੂੰ*

## ਇਸੇ ਕਲਮ ਤੋਂ :

# ਤਤਕਰਾ


| | | |
|---|---|---|
| | ਪ੍ਰਵੇਸ਼ਿਕਾ | 9 |
| 1. | ਗੁਰਮਤਿ ਗਿਆਨ ਕਾਲਜ ਜਵੱਦੀ ਦੀ ਅਸਲੀਅਤ | 23 |
| 2. | ਬ੍ਰਾਹਮਣਵਾਦ! ਬ੍ਰਾਹਮਣਵਾਦ!! ਬ੍ਰਾਹਮਣਵਾਦ!!! | 36 |
| 3. | ਝੂਠ ਦੀ ਇੰਤਹਾ (ਹੱਦ) | 45 |
| 4. | ਅੰਧੇ ਅਕਲੀ ਬਾਹਰੇ | 59 |
| 5. | ਲੇਖਕ ਦੀ ਦੋਗਲੀ ਨੀਤੀ | 65 |
| 6. | ਗੁਰਮਤਿ ਗਿਆਨ ਪ੍ਰਕਾਸ਼ ਕਿ ਪਦਾਰਥਿਕ ਗਿਆਨ ਪ੍ਰਕਾਸ਼ | 72 |
| 7. | ਜਾਣਹੁ ਜੋਤ ਨ ਪੂਛਹੁ ਜਾਤੀ... | 81 |
| 8. | ਕੋਈ ਹਰਿਆ ਬੂਟੁ ਰਹਿਓ ਰੀ | 86 |
| 9. | ਨਾਮ ਜਪਣਾ ਕੀ ਹੈ? | 100 |
| 10. | ਸਿੱਖਾਂ ਨੂੰ ਅਕਲ ਨਹੀਂ ਆਈ | 111 |
| 11. | ਕਿਤਾਬ ਦਾ ਸਭ ਤੋਂ ਵੱਡਾ ਝੂਠ | 115 |
| 12. | ਬਾਣੀ ਵਿਰਲਉ ਵੀਚਾਰਸੀ | 117 |
| 13. | ਗੁਰਦੁਆਰੇ ਜਾ ਕੇ ਕੀ ਕਰੀਏ? | 128 |
| 14. | ਸ੍ਰੀ ਗੁਰੂ ਗ੍ਰੰਥ ਸਾਹਿਬ: ਸਤਿਕਾਰ ਅਤੇ ਵਿਚਾਰ | 135 |
| 15. | ਭੰਬਲ-ਭੂਸੇ ਵਿਚ ਫਸਿਆ ਪ੍ਰੋਫ਼ੈਸਰ | 142 |
| 16. | ਸਿੱਖ ਮਿਸ਼ਨਰੀ ਕਿ ਕਾਮਰੇਡ? | 156 |
| 17. | ਨਿਰਮਲਿਆਂ ਨੇ ਪੰਥ ਗਾਲ਼ ਦਿੱਤਾ | 167 |
| 18. | ਮੈਂ ਗੁਰੂ ਦੀ ਪੁਰੀ ਜਾਣੈ | 176 |
| 19. | ਭੈੜੇ-ਭੈੜੇ ਯਾਰ ਮੇਰੀ ਫੱਤੋ ਦੇ | 186 |
| 20. | ਅਖੌਤੀ ਮਿਸ਼ਨਰੀ ਪ੍ਰਚਾਰਕ ਦੀ ਸਹੀ ਫ਼ੋਟੋ | 192 |
| 21. | ਗੁਰਦੁਆਰੇ ਬੋਲੀਆਂ ਪਾ ਰਹੇ ਸੀ | 195 |
| 22. | ਯਹਾਂ ਬਾਤੇਂ ਬਿਕਤੀ ਹੈਂ | 200 |
| 23. | ਸਭ ਸੌਂ ਗਏ | 205 |
| 24. | ਤਰਕਸ਼ੀਲਾਂ ਦੀ ਅਸਲੀਅਤ | 211 |
| 25. | ਨਿਸ਼ਾਨ ਸਾਹਿਬ ਦੀ ਨਿਰਾਦਰੀ | 215 |

# ਪ੍ਰਵੇਸ਼ਿਕਾ

ਗੁਰੂ ਕੇ ਪਿਆਰਿਆਂ ਨੇ ਸਿੱਖੀ ਦਾ ਵਰਗੀਕਰਨ ਇਸ ਤਰ੍ਹਾਂ ਕੀਤਾ ਹੈ :

1. **ਭੇਖ ਦੀ ਸਿੱਖੀ :** ਕਈ ਇਕ, ਕੇਵਲ ਸਿੱਖੀ ਦਾ ਭੇਸ ਧਾਰਨ ਕਰਨ ਨੂੰ ਹੀ ਸਿੱਖੀ ਸਮਝਦੇ ਹਨ।

2. **ਦੇਖਾ-ਦੇਖੀ ਦੀ :** ਭਾਵਨਾ ਤੋਂ ਵਿਹੂਣ, ਕੇਵਲ ਦੇਖ ਕੇ ਕਿ ਫਲਾਣੇ ਨੇ ਅੰਮ੍ਰਿਤ ਛਕ ਲਿਆ, ਆਪਾਂ ਭੀ ਛਕ ਲਈਏ।

3. **ਅਰਥੀ ਦੀ ਸਿੱਖੀ :** ਮਨ ਵਿਚ ਕਾਮਨਾ ਰੱਖ ਕੇ ਸਿੱਖੀ ਦਾ ਭੇਖ ਧਾਰਨਾ, ਗੁਰਦੁਆਰੇ ਜਾਣਾ ਅਥਵਾ ਬਾਣੀ ਪੜ੍ਹਨੀ।

4. **ਸਿਦਕ ਦੀ ਸਿੱਖੀ :** ਗੁਰੂ ਪਰਾਇਣ ਹੋ ਕੇ ਕੇਵਲ ਆਪਣਾ ਜੀਵਨ ਸਫ਼ਲ ਕਰਨ ਲਈ ਸਿੱਖੀ ਮਾਰਗ 'ਤੇ ਦ੍ਰਿੜ੍ਹਤਾ ਨਾਲ ਚੱਲਣਾ।

ਆਮ ਤੌਰ 'ਤੇ ਤਾਂ ਗੁਰੂ ਸਾਹਿਬ ਆਪਣੇ ਭੇਖ ਦੀ ਲੱਜਾ ਭੀ ਰੱਖਦੇ ਹਨ ਅਤੇ ਗੁਰੂ ਦੇ ਨਾਉਂ 'ਤੇ ਕੀਤੇ ਹਰ ਕੰਮ ਦਾ ਇਵਜ਼ਾਨਾ ਮਿਲਦਾ ਹੈ :

**ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ**
**ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥**
**ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ**
**ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥**

*(ਅੰਗ ੮੫੯)*

ਇਸੇ ਤਰ੍ਹਾਂ ਬਾਣੀ ਪੜ੍ਹਨ ਵਾਲੇ ਭੀ ਅਨੇਕ ਪ੍ਰਕਾਰ ਦੀਆਂ ਮਨੋਬਿਰਤੀਆਂ ਵਾਲੇ ਲੋਕ ਹਨ। ਇਕ ਕੇਵਲ ਸਮਾਂ ਪਾਸ ਕਰਨ ਲਈ ਬਾਣੀ ਪੜ੍ਹਦੇ ਹਨ। ਦੂਸਰੇ ਸਿਰਫ਼ ਇਹ ਦੇਖਣ ਲਈ ਕਿ ਇਸ ਵਿਚ ਹੈ ਕੀ। ਤੀਸਰੇ ਆਪਣੀ ਕੋਈ ਪਦਾਰਥਿਕ ਲੋੜ ਨੂੰ ਮੁੱਖ ਰੱਖ ਕੇ ਬਾਣੀ ਪੜ੍ਹਦੇ ਹਨ ਅਤੇ ਚਲੀਹੇ ਕੱਟਦੇ ਹਨ। ਚੌਥੇ ਕੇਵਲ ਇਹ ਦੇਖਣ ਲਈ ਬਾਣੀ ਪੜ੍ਹਦੇ ਹਨ ਕਿ ਇਸ ਨੂੰ ਗ਼ਲਤ ਕਿਵੇਂ ਸਿੱਧ ਕੀਤਾ ਜਾਵੇ, ਜਿਸ ਤਰ੍ਹਾਂ ਸਵਾਮੀ ਦਯਾ ਨੰਦ ਜੀ ਨੇ ਕੀਤਾ ਹੈ। ਪੰਜਵੇਂ ਉਹ ਹਨ, ਜਿਨ੍ਹਾਂ ਦੀ ਆਪਣੀ ਕੋਈ ਵਿਚਾਰਧਾਰਾ ਹੈ, ਉਸ ਦੀ ਪੁਸ਼ਟੀ ਲਈ ਇਸ ਵਿਚੋਂ ਕੀ ਮਿਲ ਸਕਦਾ ਹੈ ਅਤੇ ਆਪਣੀ ਵਿਚਾਰਧਾਰਾ ਦੀ ਪੁਸ਼ਟੀ

ਲਈ ਇਸ ਨੂੰ ਕਿਸ ਤਰ੍ਹਾਂ ਵਰਤ ਸਕਦੇ ਹਾਂ।

**ਫਿਰ ਇਕ ਐਸੇ ਗੁਰੂ ਦੇ ਪਿਆਰੇ ਹਨ ਜੋ ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ, ਮਨ ਦੀਆਂ ਚੰਚਲਤਾਈਆਂ ਤਿਆਗ ਕੇ, ਬਗ਼ੈਰ ਕਿਸੇ ਕਿੰਤੂ-ਪਰੰਤੂ ਤੋਂ, ਗੁਰਬਾਣੀ ਨੂੰ ਸਤਿ-ਸਤਿ ਕਰ ਮੰਨਦੇ ਹਨ ਅਤੇ ਆਪਣੀ ਕਲਿਆਣ ਲਈ ਅਤੇ ਗੁਰੂ-ਦਰ ਪ੍ਰਵਾਨ ਹੋਣ ਲਈ ਬਾਣੀ ਪੜ੍ਹਦੇ ਹਨ।**

ਜਦੋਂ ਅਸੀਂ ਪ੍ਰੋ. ਗੁਰਬਚਨ ਸਿੰਘ (ਥਾਈਲੈਂਡ) ਦੀ ਪੁਸਤਕ 'ਵਿਰਲੈ ਕਿਨੈ ਵੀਚਾਰਿਆ' ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਇਹ ਪੰਜਵੀਂ ਪੱਧਤੀ ਦੇ ਮਾਲਕ ਹਨ। ਇਹਨਾਂ ਨੇ ਗੁਰਬਾਣੀ ਨੂੰ ਪੜ੍ਹਿਆ ਜਾਂ ਵਿਚਾਰਿਆ ਨਹੀਂ ਬਲਕਿ ਆਪਣੇ ਮਤਲਬ ਲਈ ਗੁਰਬਾਣੀ ਨੂੰ ਵਰਤਿਆ ਹੈ। ਬਲਕਿ ਜਦ ਗ਼ੌਰ ਨਾਲ ਇਸ ਕਿਤਾਬ ਨੂੰ ਪੜ੍ਹਾਂਗੇ ਤਾਂ ਸਾਬਤ ਹੋ ਜਾਵੇਗਾ ਕਿ ਗੁਰਬਾਣੀ ਕੇਵਲ ਵਰਤੀ ਹੀ ਨਹੀਂ ਬਲਕਿ ਇਸ ਦੀ ਦੁਰਵਰਤੋਂ ਕੀਤੀ ਹੈ। ਬਗ਼ੈਰ ਕਿਸੇ ਕੋਸ਼ਕਾਰੀ ਜਾਂ ਵਿਆਕਰਨ ਨੂੰ ਧਿਆਨ ਵਿਚ ਰੱਖਦਿਆਂ ਗੁਰਬਾਣੀ ਦੇ ਮਨੋਘੜਤ ਅਰਥ ਕਰ ਕੇ ਪਾਠਕਾਂ ਨੂੰ ਗੁਮਰਾਹ ਕਰਨ ਦੀ ਕੁ-ਚੇਸ਼ਟਾ ਕੀਤੀ ਹੈ। ਪਰ ਨਹੀਂ ਜਾਣਦੇ ਕਿ ਆਪਣੇ-ਆਪ ਨਾਲ ਧੋਖਾ ਅਤੇ ਬੇਈਮਾਨੀ ਕਰ ਰਹੇ ਹਨ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਪਰਮੇਸ਼ਰ ਦਾ ਜੋ ਮੰਗਲ ਰਚਿਆ ਹੈ ਅਤੇ ਸਰੂਪ ਵਰਨਨ ਕੀਤਾ ਹੈ:

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥**

ਪ੍ਰੋ. ਗੁਰਬਚਨ ਸਿੰਘ ਦੀ ਇਸ ਕਿਤਾਬ ਨੇ ਇਸ 'ਤੇ ਹੀ ਪੋਚਾ ਫੇਰ ਦਿੱਤਾ। ਗੁਰਬਾਣੀ ਕਹਿ ਰਹੀ ਹੈ ਪ੍ਰਭੂ ਕਰਤਾ ਹੈ ਅਤੇ ਕਰਣ-ਕਾਰਣ ਹੈ:

**ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥**
**ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ॥**

*(ਅੰਗ ੧੪੮)*

**ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ॥**

*(ਅੰਗ ੧੩੮੭)*

ਪਰਮੇਸ਼ਰ ਨੂੰ, ਜੋਤ ਜਾਂ ਪਰਮ ਸੱਤਾ (impersonal force) ਜੋ ਸਾਡੇ ਮਨ ਦੀਆਂ ਭਾਵਨਾਵਾਂ ਜਾਣਦਾ ਹੈ ਅਤੇ ਮਾਤਾ-ਪਿਤਾ ਵਾਂਗ ਪਿਆਰ ਕਰਨ ਵਾਲਾ, ਗੁਰਬਾਣੀ ਵਿਚ ਜਗ੍ਹਾ-ਜਗ੍ਹਾ ਦੱਸਿਆ ਗਿਆ ਹੈ।

ਪਰ ਸ੍ਰੀਮਾਨ ਜੀ, ਕਿਤਾਬ ਦੇ ਪੰਨਾ 138 'ਤੇ ਲਿਖਦੇ ਹਨ:

ਪਰਮਾਤਮਾ ਇਕ ਕੁਦਰਤੀ ਨਿਯਮਾਵਲੀ ਦਾ ਨਾਂ ਹੈ। ਇਹਨਾਂ

ਨਿਯਮਾਂ ਨੂੰ ਸਮਝਣਾ ਅਤੇ ਇਹਨਾਂ ਦੇ ਧਾਰਨੀ ਹੋਣਾ ਹੀ ਪਰਮਾਤਮਾ ਦਾ ਸਿਮਰਨ ਕਰਨਾ ਹੈ।

ਜਦ ਕਿ ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਦੇ ਪੰਨਾ 748 'ਤੇ ਲਿਖਦੇ ਹਨ—ਪਰਮਾਤਮਾ ਸੰਗਯਾ ਪਰਮ ਆਤਮਾ, ਪਾਰਬ੍ਰਹਮ, ਵਾਹਿਗੁਰੂ।

ਇਹ ਸਭ ਨੂੰ ਪਤਾ ਹੈ ਕਿ ਕੋਈ ਨਿਯਮ ਆਪਣੇ ਆਪ ਨਹੀਂ ਬਣਦਾ, ਨਿਯਮ ਨੂੰ ਬਣਾਉਣ ਵਾਲਾ ਕੋਈ ਹੋਰ ਹੁੰਦਾ ਹੈ। ਸੋ ਸਿੱਧ ਹੋ ਗਿਆ ਕਿ ਪ੍ਰੋਫ਼ੈਸਰ ਸਾਹਿਬ ਦੇ ਮਨੋਕਲਪਿਤ ਪਰਮਾਤਮਾ ਨੂੰ ਬਣਾਉਣ ਵਾਲਾ ਕੋਈ ਹੋਰ ਹੈ। ਪਰ ਬਾਣੀ ਕਹਿ ਰਹੀ ਹੈ ਕਿ ਉਹ 'ਸੈਭੰ' ਹੈ। ਉਸ ਨੂੰ ਬਣਾਉਣ ਵਾਲਾ ਹੋਰ ਕੋਈ ਨਹੀਂ, ਉਹ ਆਪਣੇ ਆਪ ਤੋਂ ਬਣਿਆ ਹੈ:

**ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥**

*(ਜਪੁਜੀ)*

**ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**

*(ਅੰਗ ੪੬੩)*

ਲੇਖਕ ਨੇ ਪਾਠਕਾਂ ਨੂੰ ਗੁਮਰਾਹ ਕਰਨ ਲਈ ਜਗ੍ਹਾ-ਜਗ੍ਹਾ ਪ੍ਰੋ. ਸਾਹਿਬ ਸਿੰਘ ਜੀ ਨੂੰ ਪ੍ਰਧਾਨਤਾ ਦਿੱਤੀ ਹੈ ਪਰ ਗੁਰਬਾਣੀ ਦੇ ਅਰਥ ਕਰਨ ਵੇਲੇ ਸਾਹਿਬ ਸਿੰਘ ਜੀ ਦੇ 'ਦਰਪਣ' ਨੂੰ ਨਜ਼ਰ-ਅੰਦਾਜ਼ ਕਰ ਕੇ ਮਨਘੜਤ ਅਰਥ ਕੀਤੇ ਹਨ। ਇਸੇ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਨਾਲ ਕੀਤਾ ਹੈ।

ਆਪਣੀ ਵਿਚਾਰਧਾਰਾ ਦੇ ਸਮਰਥਨ ਲਈ ਜੇ ਲੋੜ ਪਈ ਤਾਂ ਸ਼ਬਦ ਦੇ ਅਰੰਭ ਤੋਂ ਅਰਥ ਕਰਨੇ ਸ਼ੁਰੂ ਕਰ ਦਿੱਤੇ, ਜੇ ਲੋੜ ਪਈ ਤਾਂ ਰਹਾਉ ਦੀ ਤੁਕ ਪਕੜ ਲਈ, ਕਿਤੇ ਦੋ ਤੁਕਾਂ ਦੇ ਕੇ ਕੇਵਲ ਅੱਧੀ ਤੁਕ ਦੇ ਅਰਥ ਕਰ ਕੇ ਸਾਰ ਲਿਆ ਜਾਂ ਗੁਰਬਾਣੀ ਦੇ ਅੰਤਰੀਵ ਭਾਵਾਂ ਨੂੰ ਦਰ-ਕਿਨਾਰ ਕਰ ਕੇ ਮਨਘੜਤ ਅਰਥ ਕਰ ਕੇ ਪਾਠਕਾਂ ਨਾਲ ਦਗ਼ਾ ਕਮਾ ਲਿਆ। ਅਸੀਂ ਇਥੇ ਇਸ ਸਭ ਕਾਸੇ ਲਈ ਟੂਕ ਮਾਤਰ ਉਦਾਹਰਨ ਪੇਸ਼ ਕਰ ਰਹੇ ਹਾਂ ਤਾਂ ਕਿ ਪਾਠਕ ਸਹੀ ਗੱਲ ਸਮਝ ਲੈਣ।

**ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥**
**ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ॥੧॥**

*(ਅੰਗ ੬੬੦)*

"ਅਸੀਂ ਇਕ ਦਮ ਦੇ ਮਾਲਕ ਹਾਂ, ਕੀ ਪਤਾ ਦਮ ਕਦੋਂ ਮੁੱਕ ਜਾਏ ਜਾਂ ਅਗਲਾ ਦਮ ਆਵੇ ਹੀ ਨਾ। ਸਾਨੂੰ ਆਪਣੀ ਜ਼ਿੰਦਗੀ ਦੀ ਮਿਆਦ ਦਾ ਕੋਈ

ਪਤਾ ਨਹੀਂ। (ਕਿਤਾਬ, ਪੰਨਾ 49)

ਨੋਟ : ਇਥੇ ਗੁਰਬਚਨ ਸਿੰਘ ਨੇ ਪਹਿਲੀ ਤੁਕ ਦਾ ਹੀ ਅਰਥ ਕਿਉਂ ਕੀਤੇ ਹਨ ਅਤੇ ਦੂਸਰੀ ਤੁਕ ਦੇ ਅਰਥ ਕਿਉਂ ਛੱਡ ਦਿੱਤੇ। ਇਸੇ ਪੰਨੇ 'ਤੇ ਅੱਗੇ ਲਿਖਦੇ ਹਨ :

**ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥**

*(ਅੰਗ ੮੮੫)*

ਡਾ. ਜਤਿੰਦਰ ਸਿੰਘ ਜੀ, ਐਮ.ਡੀ. ਅਮਰੀਕਾ ਵਾਲਿਆਂ ਨੇ ਸੌਖਿਆਂ ਸ਼ਬਦਾਂ ਵਿਚ ਸਮਝਾਇਆ ਹੈ ਕਿ ਜਿਸ ਤਰ੍ਹਾਂ ਕੋਈ ਮੋਟਰ-ਗੱਡੀ ਜਾਂ ਮੋਟਰ-ਸਾਈਕਲ ਦਾ ਜਦੋਂ ਨਵਾਂ ਢਾਂਚਾ ਤਿਆਰ ਹੁੰਦਾ ਹੈ ਤਾਂ ਉਸ ਵਿਚ ਤੇਲ ਪਾ ਕੇ ਉਸ ਨੂੰ ਸਟਾਰਟ ਕਰ ਲਿਆ ਜਾਂਦਾ ਹੈ ਤਾਂ ਉਹ ਇਕ ਜਾਨਦਾਰ ਚੀਜ਼ ਬਣ ਜਾਂਦੀ ਹੈ। ਤੇਲ ਤੇ ਹਵਾ ਦੇ ਪ੍ਰੈਸ਼ਰ ਨਾਲ ਮੋਟਰ-ਗੱਡੀ ਇਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਣ ਦੀ ਸਮਰੱਥਾ ਰੱਖਦੀ ਹੈ। ਕੁਝ ਇੰਵ ਹੀ ਸਾਡੇ ਸਰੀਰ ਦੀ ਬਣਤਰ ਹੈ। ਮੂੰਹ ਵਿਚੋਂ ਹਵਾ ਬਾਹਰ ਕੱਢੀਏ ਤਾਂ ਉਹ ਹਵਾ ਵਿਚ ਹੀ ਲੀਨ ਹੋ ਜਾਂਦੀ ਹੈ ਅਤੇ ਹਵਾ ਵਿਚੋਂ ਹੀ ਹਵਾ ਸਾਡੇ ਮੂੰਹ ਤੇ ਨੱਕ ਰਾਹੀਂ ਅੰਦਰ ਜਾਂਦੀ ਹੈ, ਜਿਸ ਨਾਲ ਸਾਡੀ ਜ਼ਿੰਦਗੀ ਹਰਕਤ ਕਰਦੀ ਨਜ਼ਰ ਆਉਂਦੀ ਹੈ।

ਇਥੇ ਇਸ ਪ੍ਰੋਫ਼ੈਸਰ ਨੇ ਕਿਹੜੀ ਤੁਕ ਜਾਂ ਸ਼ਬਦ ਦੇ ਅਰਥ ਕੀਤੇ ਹਨ। ਇਹ ਅਰਥ ਕਿਹੜੀ ਵਿਆਕਰਨ ਅਤੇ ਕਿਸ ਕੋਸ਼ਕਾਰੀ ਅਨੁਸਾਰ ਹਨ, ਪ੍ਰੋਫ਼ੈਸਰ ਸਾਹਿਬ ਹੀ ਦੱਸ ਸਕਦੇ ਹਨ । ਇਹ ਇੰਵ ਦੇ ਅਰਥ ਹਨ :;

**ਵਹਿੜਕੇ ਦੇ ਢਿੱਡ ਵਿਚ ਵੱਟਾ ਮਾਰਿਆ।**
**ਧੰਨ ਗੁਰੂ ਨਾਨਕ ਜਿਨ ਜੱਗ ਤਾਰਿਆ।**

ਐਸੀ ਅਕਲ ਦਾ ਮਾਲਕ ਜੇ ਸਾਰੇ ਪੰਥ ਨੂੰ ਜਾਹਲ, ਮੂਰਖ, ਅੰਧ-ਵਿਸ਼ਵਾਸੀ ਜਾਂ ਅਗਿਆਨੀ ਦਾ ਲਕਬ ਦਿੰਦਾ ਹੈ ਤਾਂ ਫਿਰ ਇਸ ਲਈ ਸਿੱਧੀ ਸੜਕ 'ਮੈਂਟਲ ਹਸਪਤਾਲ ਅੰਮ੍ਰਿਤਸਰ' ਜਾਂ 'ਆਗਰੇ' ਜਾਂਦੀ ਹੈ।

'ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਜਾਂ ਉਹਨਾਂ ਦਾ ਫ਼ਲਸਫ਼ਾ ਸਾਰੀ ਮਨੁੱਖਤਾ ਲਈ ਸੂਰਜ ਦੀ ਰੌਸ਼ਨੀ ਤੇ ਕੁਦਰਤੀ ਹਵਾ ਵਾਂਗ ਸਾਂਝਾ ਹੈ। ਇਹ ਸੱਜਰ ਸਵੇਰ ਵਾਂਗ ਸੱਜਰਾ ਸੁਨੇਹਾ ਦਿੰਦਾ ਹੈ ਅਤੇ ਅਖੌਤੀ ਕਰਮ-ਕਾਂਡ, ਰੂੜੀਵਾਦੀ ਮਿਥਾਂ ਤੇ ਚੌਰਾਸੀ ਲੱਖ ਜੂਨਾਂ ਦੇ ਗਧੀ-ਗੇੜ ਨੂੰ ਇਕ ਵੱਢਿਓ ਰੱਦ ਕਰਦਾ ਹੈ।

**ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥੧॥ ਰਹਾਉ॥**

*(ਅੰਗ ੬੬੦)*

ਗੁਰਬਾਣੀ ਦੀ ਜੋ ਤੁਕ ਲੇਖਕ ਨੇ ਇਥੇ ਦਿੱਤੀ ਹੈ, ਇਸ ਦਾ ਉਪਰਲੀ ਵਾਰਤਾ ਨਾਲ ਕੋਈ ਸੰਬੰਧ ਨਹੀਂ ਹੈ। ਇਹ ਪਰਮੇਸ਼ਰ ਦੀ ਗੁਣ-ਵਾਚਕ ਹੈ। ਇਹ ਕਿਸੇ ਖੰਡਨ-ਮੰਡਨ ਦਾ ਪ੍ਰਗਟਾਵਾ ਨਹੀਂ ਹੈ। ਸ਼ਬਦ ਦਾ ਅਰੰਭ ਇਸ ਤਰ੍ਹਾਂ ਹੈ :

**ਧਨਾਸਰੀ ਮਹਲਾ ੧ ਘਰੁ ੧ ਚਉਪਦੇ**
**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**
**ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥**
**ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥**
**ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥**

*(ਅੰਗ ੬੬੦)*

ਪ੍ਰੋ. ਸਾਹਿਬ ਸਿੰਘ ਜੀ ਦਾ 'ਦਰਪਣ' ਇਸ ਦੀ ਪੁਸ਼ਟੀ ਕਰਦਾ ਹੈ। ਸ਼ਬਦਾਰਥ ਵਿਚ ਭੀ ਇਸ ਦੇ ਅਰਥ ਕੀਤੇ ਹਨ ਕਿ ਪਰਮੇਸ਼ਰ ਨਿੱਤ ਨਵਾਂ (ਤਰੋਤਾਜ਼ਾ) ਹੈ। ਭਾਵ ਜਿਸ ਤਰ੍ਹਾਂ ਨਵੇਂ ਫੁੱਲ ਦੀ ਮਹਿਕ ਹੋਰ ਹੁੰਦੀ ਹੈ, ਸਮਾਂ ਪਾ ਕੇ ਮੁਰਝਾ ਜਾਂਦਾ ਹੈ, ਪਰ ਪਰਮਾਤਮਾ ਹਮੇਸ਼ਾ ਨਵੇਂ ਖਿੜੇ ਫੁੱਲ ਵਾਂਗ ਹੈ। ਭਾਵ ਇਕ ਰਸ ਵਿਆਪਕ ਹੈ।

ਵਿਦਵਾਨਾਂ ਨੂੰ ਪਤਾ ਹੈ ਕਿ ਇਕ ਅੱਖਰ ਜਾਂ ਪਦ ਦੇ ਕਈ ਅਰਥ ਹੁੰਦੇ ਹਨ ਅਤੇ ਚੱਲ ਰਹੇ ਪ੍ਰਕਰਣ ਅਨੁਸਾਰ ਅਰਥ ਬਦਲ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਦੇ ਪੰਨਾ 186-187 ਉੱਪਰ 'ਸਾਰੰਗ' ਪਦ ਦੇ ਸੱਠ ਅਰਥ ਕੀਤੇ ਹਨ ਅਤੇ ਨਾਲ ਹੀ ਮਹਾਂਕਵੀ ਸੰਤੋਖ ਸਿੰਘ ਜੀ ਦਾ ਗੁਰੂ ਹਰਿਗੋਬਿੰਦ ਸਾਹਿਬ ਦੀ ਉਸਤਤ ਵਿਚ ਰਚਿਆ ਇਕ ਸਵੈਯਾ ਦਿੱਤਾ ਹੈ, ਜਿਸ ਵਿਚ 'ਸਾਰੰਗ' ਪਦ ਅੱਡ-ਅੱਡ ਅਰਥਾਂ ਵਿਚ ਗੁਰੂ ਸ਼ੋਭਾ ਵਰਨਨ ਕਰ ਰਿਹਾ ਹੈ।

ਇਸੇ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਪੰਨਾ 98 'ਤੇ 'ਆਤਮਾ' ਦੇ 10 ਅਰਥ ਕੀਤੇ ਹਨ ਅਤੇ ਇਸ ਤੋਂ ਅੱਗੇ ਆਤਮਾ ਸੰਬੰਧੀ ਪਦਾਂ (ਆਤਮਾ ਦੇਓ, ਆਤਮਿਕ, ਆਤਮਾ, ਤ੍ਰਿਬਿਧ ਆਦਿ) ਦੇ ਅਰਥ ਕੀਤੇ ਹਨ। ਇਹਨਾਂ ਵਿਚ ਵੇਦਾਂਤ ਅਨੁਸਾਰ ਅਰਥ ਭੀ ਲਿਖੇ ਹਨ, ਵਿਗਿਆਨ ਅਨੁਸਾਰ ਅਤੇ ਗੁਰਮਤਿ ਅਨੁਸਾਰ ਦੇ ਨਾਲ ਹੀ ਅਨੀਸ਼ੂਰਵਾਦੀ (ਨਾਸਤਿਕਵਾਦੀ) ਅਰਥ ਭੀ ਕੀਤੇ ਹਨ।

'ਅਨੀਸ਼ੂਰਵਾਦੀ ਹੋਰ ਪਦਾਰਥਾਂ ਵਾਂਗ ਜੀਵ-ਆਤਮਾ ਨੂੰ ਭੀ ਪਰਿਣਾਮੀ

ਅਤੇ ਅਨਿੱਤ ਮੰਨਦੇ ਹਨ।’ ਵਿਗਿਆਨੀ ਤ੍ਵਚਮਸਤਿਸ਼ਕ (brain) ਸਿਰਾਸ਼ਫੋਟੀ ਜੀਵਾਣੂਆਂ ਦਾ ਗੁਣ ਮੰਨਦੇ ਹਨ।

ਵਿਦਵਾਨ ਲੇਖਕ ਨੇ ਬਾਕੀ ਸਾਰੇ ਅਰਥਾਂ ਨੂੰ ਛੱਡ ਕੇ ਇਹਨਾਂ ਅਰਥਾਂ ਨੂੰ ਪ੍ਰਵਾਨ ਕਰ ਕੇ ਹਰ ਥਾਂ ’ਤੇ ਗੁਰਬਾਣੀ ਦੀਆਂ ਤੁਕਾਂ ਦੇ ਮਨਘੜਤ ਅਤੇ ਪ੍ਰਕਰਣ ਤੋਂ ਬਾਹਰ ਜਾ ਕੇ ਅਰਥ ਕਰ ਕੇ ਆਪਣਾ ਨਿਰਨਾ ਦਿੱਤਾ ਹੈ:

“ਆਤਮਾ ਇਕ ਕੁਦਰਤ ਦੀ ਨਿਯਮਾਵਲੀ ਦਾ ਨਾਉਂ ਹੈ, ਇਹ ਨਾ ਬੰਦੇ ਦੇ ਜਨਮ ਵੇਲੇ ਕਿਤੋਂ ਆਉਂਦੀ ਹੈ ਅਤੇ ਨਾ ਮਰਨ ਪਿੱਛੋਂ ਕਿਤੇ ਜਾਂਦੀ ਹੈ।” (ਕਿਤਾਬ, ਪੰਨਾ 49)

ਇਸ ਲਈ ਕਹਿ ਸਕਦੇ ਹਾਂ ਕਿ ਲੇਖਕ ਨੇ ਮਹਾਨ ਕੋਸ਼ ਨੂੰ ਵਿਚਾਰਿਆ ਨਹੀਂ, ਬਲਕਿ ਆਪਣੀ ਮਾਨਸਿਕ ਰੁਚੀ ਅਤੇ ਲੋੜ ਅਨੁਸਾਰ ਵਰਤਿਆ ਹੈ। ਪਰ ਸਰਸਰੀ ਨਜ਼ਰ ਮਾਰਿਆਂ ਇੰਝ ਪ੍ਰਤੀਤ ਹੁੰਦਾ ਹੈ ਕਿ ਅਰਥ ਮਹਾਨ ਕੋਸ਼ ਅਨੁਸਾਰ ਕੀਤੇ ਜਾ ਰਹੇ ਹਨ। ਇਹ ਪਾਠਕਾਂ ਨਾਲ ਕੁਟਿਲਤਾ, ਸ਼ਰਾਰਤ-ਆਮੇਜ਼ ਅਤੇ ਜਾਣ-ਬੁੱਝ ਕੇ ਕੀਤਾ ਇਕ ਧੋਖਾ ਹੈ।

ਕਿਉਂਕਿ ਵਿਗਿਆਨ ਅਨੀਸ਼੍ਵਰਵਾਦੀ ਜਾਂ ਨਾਸਤਿਕ ਵਿਚਾਰਧਾਰਾ, ਪਰਲੋਕ, ਜਮਦੂਤ, ਧਰਮਰਾਜ, ਜੀਵ-ਆਤਮਾ ਦੇ ਆਵਾਗਵਣ ਚੌਰਾਸੀ ਲੱਖ ਜੂਨ ਅਤੇ ਨਰਕ-ਸਵਰਗ ਆਦਿ ਨੂੰ ਨਹੀਂ ਮੰਨਦੀ। ਸੋ ਪ੍ਰੋ. ਗੁਰਬਚਨ ਸਿੰਘ, ਜੋ ਇਸੇ ਬਿਰਤੀ ਦਾ ਮਾਲਕ ਹੈ, ਨੇ ਆਪਣੀ ਕਿਤਾਬ ‘ਵਿਰਲੈ ਕਿਨੈ ਵੀਚਾਰਿਆ’ ਵਿਚ ਇਹਨਾਂ ਗੱਲਾਂ ਨੂੰ ਬ੍ਰਾਹਮਣਵਾਦੀ ਲੇਬਲ ਲਗਾ ਕੇ ਨਕਾਰ ਦਿੱਤਾ। ਆਪਣੀ ਵਿਚਾਰਧਾਰਾ ਨੂੰ ਗੁਰਮਤਿ ਅਨੁਸਾਰ ਸਿੱਧ ਕਰਨ ਲਈ ਜੋ ਪ੍ਰਮਾਣ ਦਿੱਤੇ ਹਨ ਅਤੇ ਜੋ ਇਹਨਾਂ ਦੇ ਅਰਥ ਕੀਤੇ ਹਨ, ਜਦ ਅਸੀਂ ਪੰਥ ਪ੍ਰਵਾਨਿਤ ਵਿਦਵਾਨ ਭਾਈ ਕਾਨ੍ਹ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਵੀਰ ਸਿੰਘ, ਗਿਆਨੀ ਹਰਬੰਸ ਸਿੰਘ ਜਾਂ ਹੋਰ ਵਿਦਵਾਨ ਨਾਲ ਟਾਕਰਾ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਲੇਖਕ ਨੇ ਪ੍ਰਕਰਣ ਤੋਂ ਬਾਹਰ ਜਾ ਕੇ ਕੋਸ਼ਕਾਰੀ ਅਤੇ ਵਿਆਕਰਨ ਨੂੰ ਨਜ਼ਰ-ਅੰਦਾਜ਼ ਕਰ ਕੇ ਗੁਰਮਤਿ ਤੋਂ ਉਲਟ ਮਨਘੜਤ ਅਰਥ ਕੀਤੇ ਹਨ। ਜੋ ਅਸੀਂ ਇਸ ਕਿਤਾਬ ਵਿਚ ਅਨੇਕ ਥਾਵਾਂ ’ਤੇ ਸਾਬਤ ਕਰ ਦਿੱਤਾ ਹੈ।

ਇਸੇ ਕਿਤਾਬ ਦੇ ਪੰਨਾ 23 ’ਤੇ ਇੰਵ ਲਿਖਿਆ ਹੈ:

“ਪਰਮਾਤਮਾ ਦਾ ਕੋਈ ਵਜੂਦ ਨਹੀਂ ਹੈ ਇਸ ਲਈ ਅਸੀਂ ਰੱਬੀ ਗੁਣ ਜਾਂ ਉਸ ਦੀ ਸਦੀਵ ਕਾਲ ਨਿਯਮਾਵਲੀ ਦੀ ਹੀ ਸੰਭਾਲ ਕਰਨੀ ਹੈ ਜੋ ਗੁਰੂ ਗਿਆਨ ਵਿਚੋਂ ਮਿਲਦੀ ਹੈ।”

**ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ॥**

*(ਅੰਗ ੪੭੦)*

ਜਿਸ ਦਾ ਵਜੂਦ ਹੀ ਨਹੀਂ, ਉਸ ਦੇ ਗੁਣ ਕੀ ਹੋਣਗੇ ਅਤੇ ਗੁਣਾਂ ਦੀ ਸੰਭਾਲ ਕਿਵੇਂ ਕੀਤੀ ਜਾਵੇਗੀ, ਇਹ ਗੱਲ ਅਖੌਤੀ ਪ੍ਰੋਫ਼ੈਸਰ ਹੀ ਦੱਸ ਸਕਦਾ ਹੈ। ਫਿਰ ਪ੍ਰਮਾਣ ਲਈ ਦਿੱਤੀ ਤੁਕ ਵਿਚ 'ਖਸਮੁ' ਗੁਰਬਾਣੀ ਵਿਆਕਰਨ ਅਨੁਸਾਰ 'ਇਕ ਵਚਨ ਪੜਨਾਂਵ' ਪੁਲਿੰਗ ਹੈ, ਇਹ ਨਿਯਮਾਵਲੀ ਕਿਸ ਆਧਾਰ 'ਤੇ ਬਣਾ ਦਿੱਤੀ ਗਈ?

"ਇਹ ਅਤੇ ਇਸ ਕਿਤਾਬ ਦੇ ਕੱਢੇ ਅਜਿਹੇ ਹੋਰ ਤੱਥ ਸਾਬਤ ਕਰਦੇ ਹਨ ਕਿ ਕਿਤਾਬ ਦਾ ਲੇਖਕ ਸ਼ੁੱਧ ਨਾਸਤਿਕ ਹੈ।" ਇਸ ਲਈ ਸਾਰੀ ਕਿਤਾਬ ਵਿਚ ਗੁਰਬਾਣੀ ਦੀ ਵਿਆਖਿਆ ਆਪਣੀ ਮਰਜ਼ੀ ਅਨੁਸਾਰ ਤੱਥਾਂ ਅਤੇ ਅਰਥਾਂ ਨੂੰ ਤਰੋੜ-ਮਰੋੜ ਕੇ ਪਾਠਕਾਂ ਨੂੰ ਗੁਮਰਾਹ ਕੀਤਾ ਹੈ।

ਪੰਜਾਬ ਵਿਚ ਖਾੜਕੂਵਾਦ ਦੇ ਸਮੇਂ ਵਿਚ ਪੁਲਿਸ ਦੀ ਹਾਲਤ ਬਹੁਤ ਪਤਲੀ ਪੈ ਗਈ ਸੀ। ਕੋਈ ਵਾਕਿਆ ਹੋ ਜਾਵੇ, ਡਰਦੇ ਮਾਰੇ ਕੋਈ ਤਫ਼ਤੀਸ਼ ਕਰਨ ਨਹੀਂ ਜਾਂਦਾ ਸੀ। ਉੱਪਰਲੇ ਅਫ਼ਸਰਾਂ ਨੂੰ ਭੀ ਇਸ ਗੱਲ ਦਾ ਪਤਾ ਸੀ। ਅਜਿਹੇ ਹਾਲਤ ਵਿਚ ਕਿਸੇ ਵਾਰਦਾਤ ਦੀ ਜਦ ਪੁਲਿਸ ਵਾਲਿਆਂ ਨੇ ਛਾਣ-ਬੀਣ ਨਾ ਕਰਨੀ ਹੁੰਦੀ ਤਾਂ ਅਖ਼ਬਾਰਾਂ ਵਿਚ ਬਿਆਨ ਆ ਜਾਂਦਾ ਸੀ ਕਿ ਖਾੜਕੂ ਕਰ ਗਏ।

ਇਸੇ ਤਰ੍ਹਾਂ ਲੇਖਕ ਅਤੇ ਇਸ ਦੇ ਸਾਰੇ ਸਮਰਥਕਾਂ ਨੇ ਇਹ ਜੁਗਾੜ ਫਿੱਟ ਕੀਤਾ ਹੋਇਆ ਹੈ ਕਿ ਜਿਸ ਗੱਲ ਨੂੰ ਨਕਾਰਨਾ ਹੋਵੇ, ਉਸ ਨੂੰ ਬ੍ਰਾਹਮਣਵਾਦੀ ਐਲਾਨ ਕਰ ਦੇਵੋ।

ਆਪਣੀ ਗੱਲ ਦੀ ਪ੍ਰੋੜ੍ਹਤਾ ਲਈ ਇਕ ਹੋਰ ਪੈਂਤੜਾ ਇਹਨਾਂ ਲੋਕਾਂ ਨੇ 'ਲੋਕ ਮੁਹਾਵਰਾ ਅਤੇ ਭਾਵ ਅਰਥਾਂ' ਦਾ ਅਪਣਾ ਰੱਖਿਆ ਹੈ।

ਕਿਤਾਬ ਦੇ ਪੰਨਾ 45 'ਤੇ ਇੰਵ ਲਿਖਿਆ ਹੈ:

> "ਜੀਵਾਂ ਦੇ ਨੱਚਣ ਲਈ ਸਾਰੀ ਧਰਤੀ ਇਕ ਅਖਾੜਾ ਹੈ ਤੇ ਇਸ ਉਪਰ ਆਕਾਸ਼ ਦਾ ਚੰਦੋਆ ਤਣਿਆ ਹੋਇਆ ਹੈ। ਜਿਹੜਾ ਸਰੀਰ ਪਾਣੀ ਦੀ ਇਕ ਬੂੰਦ ਤੋਂ ਬਣਿਆ ਹੋਇਆ ਹੈ, ਇਸ ਨੂੰ ਚੱਲਦਾ ਰੱਖਣ ਲਈ ਹਰੇਕ ਸੁਆਸ ਹੈ। ਪਿਛਲੇ ਕੀਤੇ ਕਰਮਾਂ ਦੁਆਰਾ ਭਾਵ ਮਾਤਾ-ਪਿਤਾ ਦੇ ਗ੍ਰਿਹਸਤੀ ਕਰਮ ਦੁਆਰਾ ਹੀ ਸਰੀਰ ਸੰਸਾਰ ਨੂੰ ਦੇਖਣ ਦੇ ਕਾਬਲ ਹੋਇਆ ਹੈ।"

**ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ॥**
**ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ॥**
**ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ॥**

*(ਰਾਮਕਲੀ ਮਹਲਾ ੫, ਅੰਗ ੮੮੪)*

'ਕਿਰਤ ਮਿਲਾਵਾ ਹੋਆ' ਜੀਵ ਦਾ ਪਿਛਲਾ ਕਰਮ ਭਾਵ ਮਾਤਾ-ਪਿਤਾ ਦੇ ਗ੍ਰਿਹਸਤੀ ਕਰਮ ਦੁਆਰਾ।

ਪ੍ਰੋ. ਸਾਹਿਬ ਸਿੰਘ ਜੀ ਅਤੇ ਹੋਰ ਸਾਰੇ ਵਿਦਵਾਨਾਂ ਨੇ 'ਕਿਰਤ ਮਿਲਾਵਾ ਹੋਆ' ਦਾ ਅਰਥ 'ਪੂਰਬਲੇ ਕਰਮ/ਪਿਛਲੇ ਜਨਮਾਂ ਦੇ ਕੀਤੇ ਸੰਸਕਾਰ' ਕੀਤੇ ਹਨ ਪਰ ਕਾਮਰੇਡ ਗੁਰਬਚਨ ਸਿੰਘ, ਕਿਤਾਬ ਦਾ ਲੇਖਕ 'ਕਿਰਤ ਮਿਲਾਵਾ' ਦਾ ਅਰਥ ਮਾਤਾ-ਪਿਤਾ ਦਾ ਗ੍ਰਿਹਸਤੀ ਕਰਮ ਭਾਵ 'ਸੰਭੋਗ' ਦੱਸ ਰਿਹਾ ਹੈ। ਫਿਰ ਇਹ ਕਿਹੜੇ ਮੂੰਹ ਨਾਲ ਆਖਦੇ ਹਨ ਕਿ ਪ੍ਰੋ. ਸਾਹਿਬ ਸਿੰਘ ਜੀ ਨੂੰ ਛੱਡ ਕੇ ਪਹਿਲਾਂ ਸਭ ਨੇ ਬ੍ਰਾਹਮਣੀ ਵਿਚਾਰਧਾਰਾ ਅਨੁਸਾਰ ਗੁਰਬਾਣੀ ਦੇ ਅਰਥ ਕੀਤੇ ਹਨ।

ਨਿਰਾ ਝੂਠ, ਪਖੰਡ, ਫ਼ਰੇਬ ਅਤੇ ਪਾਠਕਾਂ ਨਾਲ ਧੋਖਾ ਹੈ। ਲੇਖਕ ਨੇ ਇਹ ਅਰਥ ਇਸ ਲਈ ਕੀਤੇ ਹਨ ਕਿਉਂਕਿ ਕਾਮਰੇਡੀ ਸੋਚ ਪੂਰਬਲੇ ਜਨਮ ਨੂੰ ਨਹੀਂ ਮੰਨਦੀ।

ਇਸੇ ਕਿਤਾਬ ਦੇ ਪੰਨਾ 79 'ਤੇ ਪੰਥ ਪ੍ਰਵਾਣਿਤ ਵੇਈਂ ਨਦੀ ਦੀ ਸਾਖੀ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

> "ਵੇਈਂ ਨਦੀ ਦੇ ਕਿਨਾਰੇ 'ਤੇ ਬੈਠ ਕੇ ਹਿਰਦੇ ਰੂਪੀ ਵੇਈਂ ਨਦੀ ਵਿਚ ਉਤਰ ਕੇ ਗੁਰੂ ਨਾਨਕ ਸਾਹਿਬ ਜੀ ਨੇ ਤਿੰਨ ਸਿਧਾਂਤ ਦਿੱਤੇ। ਪਹਿਲਾ ਕਿਰਤ ਕਰਨੀ, ਭਾਵ ਆਰਥਿਕ ਪੱਖ ਨੂੰ ਮਜ਼ਬੂਤ ਕਰਨਾ, ਵਿਹਲੜ ਸਾਧ ਲਾਣੇ ਤੋਂ ਕੌਮ ਨੂੰ ਮੁਕਤ ਕਰਾਉਣਾ। ਦੂਜਾ, ਨਾਮ ਜਪਣਾ ਭਾਵ ਆਪਣੇ ਫ਼ਰਜ਼ਾਂ ਦੀ ਪਹਿਚਾਣ ਕਰਨੀ, ਪਰ ਡੇਰਾਵਾਦੀ ਬਿਰਤੀ ਨੇ ਨਾਮ ਜਪਣ ਨੂੰ ਰਿਧੀਆਂ, ਸਿਧੀਆਂ ਨਾਲ ਜੋੜ ਕੇ ਬੱਤੀਆਂ ਬੰਦ ਕਰਨ ਤਕ ਸੀਮਿਤ ਕਰ ਦਿੱਤਾ ਜੋ ਵੱਖ-ਵੱਖ ਕਰਮ-ਕਾਂਡ ਦੀ ਭੇਟ ਚੜ੍ਹ ਗਿਆ। ਤੀਜਾ ਵੰਡ ਕੇ ਛਕਣਾ, ਜੋ ਸਮਜਿਕ ਬਰਾਬਰੀ ਦਾ ਪਹਿਰੇਦਾਰ ਹੋ ਕੇ ਰੂਹਾਨੀਅਤ ਦਾ ਲਖਾਇਕ ਹੈ।"

**ਇਥੇ ਲੇਖਕ ਨੇ ਨਾਮ ਜਪਣ ਨੂੰ 'ਆਪਣੇ ਫ਼ਰਜ਼ਾਂ ਦੀ ਪਹਿਚਾਣ ਕਰਨੀ'**

**ਕਿਸ ਕੋਸ਼ ਅਤੇ ਕਿਹੜੀ ਵਿਆਕਰਨ ਅਨੁਸਾਰ ਦੱਸਿਆ ਹੈ ?**

ਪਿਛਲੀ ਸਦੀ ਦੇ ਗੁਰਮਤਿ ਅਨੁਸਾਰ ਨਾਮ ਜਪਣ ਦੇ ਅਲੰਬਰਦਾਰ ਭਾਈ ਵੀਰ ਸਿੰਘ ਜੀ, (ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਦੇਸ਼ ਦੀ ਜੰਗੇ-ਆਜ਼ਾਦੀ ਲਈ ਉਮਰ ਕੈਦ ਕੱਟਣ ਵਾਲੇ ਭਾਈ ਰਣਧੀਰ ਸਿੰਘ ਜੀ, ਗ਼ਦਰ ਲਹਿਰ ਦੇ ਮੋਢੀ ਬਾਬਾ ਵਿਸਾਖਾ ਸਿੰਘ ਜੀ (ਸ਼੍ਰੋਮਣੀ ਕਮੇਟੀ ਦੇ ਥਾਪੇ ਅਕਾਲ ਤਖ਼ਤ ਦੇ ਪਹਿਲੇ ਜਥੇਦਾਰ), ਭਾਈ ਕਾਨ੍ਹ ਸਿੰਘ ਜੀ ਨਾਭਾ ਅਤੇ ਹੋਰ ਗੁਰਮੁਖ ਪਿਆਰੇ ਕਿਹੜੇ ਡੇਰੇ ਦੇ ਵਿਹਲੜ ਅਤੇ ਪਖੰਡੀ ਸਾਧ ਸਨ ? ਜਿਹੜੇ ਬੰਦੇ ਰੱਬ ਨੂੰ ਟੱਬ ਕਹਿਣ, ਪਰਲੋਕ, ਧਰਮਰਾਜ ਨੂੰ ਮਨੋਕਲਪਿਤ ਕਹਿਣ, ਉਹਨਾਂ ਨੂੰ ਕਿਸ ਦਾ ਡਰ ਅਤੇ ਕਿਸ ਦੀ ਸ਼ਰਮ ? ਇਸ ਲਈ ਵੱਡੇ ਤੋਂ ਵੱਡਾ ਝੂਠ ਇਹਨਾਂ ਨੂੰ ਮੁਆਫ਼ ਹੈ। ਜਦ ਕਿ ਜਨਮ ਸਾਖੀਆਂ ਵਿਚ ਇਸ ਸਾਖੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਰਚੀ ਸ੍ਰੀਰਾਗੁ ਦੀ ਵਾਰ ਦੀ ਅੰਤਲੀ ਪਉੜੀ :

**ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥**
**ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥**
**ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥**
**ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥**
**ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥**

*(ਅੰਗ ੯੧)*

ਨੂੰ ਆਧਾਰ ਬਣਾ ਕੇ ਸਰਲ ਭਾਸ਼ਾ ਵਿਚ ਬਿਆਨ ਕੀਤਾ ਹੈ, ਪਰ ਇਹ ਰਹੱਸਮਈ ਗੱਲਾਂ ਕਾਮਰੇਡ ਕਿਵੇਂ ਹਜ਼ਮ ਕਰਨ ? ਇਸੇ ਲਈ 'ਹਿਰਦੇ ਰੂਪੀ ਵੇਈਂ ਵਿਚ ਉਤਰ ਕੇ' ਵਰਗੀਆਂ ਯਭਲ਼ੀਆਂ ਮਾਰੀਆਂ ਹਨ, ਜਦ ਕਿ ਵੇਈਂ ਨਦੀ ਸਾਮਰਤੱਖ ਦੁਨੀਆਂ ਹੁਣ ਭੀ ਦੇਖ ਰਹੀ ਹੈ।

ਇਸ ਦੇ ਪਿੱਛੇ ਕੀ ਰਾਜ਼ ਹੈ, ਇਹ ਪਾਠਕਾਂ ਲਈ ਸਮਝਣਾ ਜ਼ਰੂਰੀ ਹੈ। ਗ਼ਦਰ ਲਹਿਰ ਵੇਲੇ ਰੂਪੋਸ਼ ਹੋ ਕੇ ਮਾਸਕੋ ਪਹੁੰਚੇ ਗ਼ਦਰੀ ਬਾਬਿਆਂ ਰਾਹੀਂ ਕਮਿਊਨਿਸਟ ਵਿਚਾਰਧਾਰਾ ਪੰਜਾਬ ਵਿਚ ਆਈ। ਇਹ ਗ਼ਦਰੀ ਬਾਬੇ ਰੂਸ ਦੇ ਵੰਡ ਛਕਣ ਦੇ ਨਾਅਰੇ ਦੇ ਛਲਾਵੇ ਵਿਚ ਆ ਕੇ ਇਸ ਪਾਸੇ ਉਲਾਰੂ ਹੋ ਗਏ। ਇਹਨਾਂ ਗ਼ਦਰੀ ਬਾਬਿਆਂ ਵਿਚੋਂ ਤਕਰੀਬਨ ਅੱਸੀ ਪ੍ਰਤੀਸ਼ਤ ਬਾਬਿਆਂ ਦੇ ਹੱਡਾਂ ਵਿਚ ਸਿੱਖੀ ਰਚੀ ਹੋਈ ਸੀ। ਗ਼ਦਰ ਲਹਿਰ ਦੇ ਮੋਢੀਆਂ ਵਿਚ ਬਾਬਾ ਵਿਸਾਖਾ ਸਿੰਘ ਜੀ ਪੂਰਨ ਤੌਰ 'ਤੇ ਨਿੱਤਨੇਮੀ, ਪ੍ਰੇਮੀ, ਅੰਮ੍ਰਿਤਧਾਰੀ, ਬੜੀ

ਉੱਚ ਆਤਮਿਕ ਅਵਸਥਾ ਵਾਲੇ ਗੁਰਸਿੱਖ ਸਨ। ਇਸ ਲਈ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਦੇ ਹੱਥ ਆਉਣ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਥਾਪੇ ਗਏ। ਬਾਬਾ ਹੀਰਾ ਸਿੰਘ ਭੱਠਲ ਨੀਲੀ ਦਸਤਾਰ ਨਾਲ ਵੱਡੀ ਸਿਰੀ ਸਾਹਿਬ ਲੈ ਕੇ ਸਾਰੀ ਉਮਰ ਵਿਚਰਦੇ ਰਹੇ। ਨਿੱਤਨੇਮ ਕਰਨ ਪਿੱਛੋਂ ਜਦ ਜੈਕਾਰਾ ਗਜਾਉਂਦੇ ਸਨ ਤਾਂ ਸਾਰੇ ਪਿੰਡ ਵਿਚ ਸੁਣਦਾ ਸੀ। ਬਾਬਾ ਗੁਰਦਿੱਤ ਸਿੰਘ (ਕਾਮਾਗਾਟਾ ਮਾਰੂ ਜਹਾਜ਼ ਵਾਲੇ) ਭੀ ਸਾਬਤ-ਸੂਰਤ ਨਿੱਤਨੇਮੀ ਪ੍ਰੇਮੀ ਗੁਰਸਿੱਖ ਸਨ। ਇਸੇ ਤਰ੍ਹਾਂ ਬਾਕੀ ਸਾਰਿਆਂ ਦੀਆਂ ਫ਼ੋਟੋਆਂ ਜਲੰਧਰ ਦੇ ਗ਼ਦਰੀ ਬਾਬਿਆਂ ਦੇ ਹਾਲ ਵਿਚ ਦੇਖੀਆਂ ਜਾ ਸਕਦੀਆਂ ਹਨ। ਇਹਨਾਂ ਮਹਾਂਪੁਰਸ਼ਾਂ ਦੀ ਸੱਚੀ-ਸੁੱਚੀ ਜੀਵਨ-ਜਾਚ ਨੂੰ ਦੇਖ ਕੇ ਆਮ ਸਿੱਖ ਸੰਗਤ ਇਹਨਾਂ ਨਾਲ ਜੁੜ ਗਈ।

ਪਰ ਜਦ ਆਮ ਸਿੱਖ ਸੰਗਤ ਨੂੰ ਪਤਾ ਲੱਗਾ ਕਿ ਕਾਮਰੇਡੀ ਸੋਚ ਧਰਮ ਨੂੰ ਇਕ 'ਅਫ਼ੀਮ' ਦੀ ਸੰਗਿਆ ਦਿੰਦੀ ਹੈ ਤਾਂ ਪਿੱਛੇ ਹਟ ਗਈ। ਫਿਰ ਇਹਨਾਂ ਨੇ ਕਾਂਗਰਸ ਨਾਲ ਸਾਂਝ ਪਾ ਕੇ 'ਸੰਤ ਸੰਗਤ ਬੋਰਡ' ਦੇ ਨਾਉਂ ਹੇਠ ਗੁਰਦੁਆਰਾ ਚੋਣ ਲੜੀ ਅਤੇ ਉਥੇ ਭੀ ਮਾਤ ਖਾਧੀ। ਪਟਿਆਲਾ ਅਤੇ ਪੰਜਾਬ ਦੀਆਂ ਹੋਰ ਰਿਆਸਤਾਂ ਨੂੰ ਮਿਲਾ ਕੇ ਕੇਂਦਰ ਨੇ ਪੈਪਸੂ (P.E.P.S.U.) ਰਿਆਸਤ ਬਣਾ ਦਿੱਤੀ। ਮਾਲਵੇ ਦੇ ਇਸ ਖੇਤਰ ਵਿਚ ਬਿਸਵੇਦਾਰ ਸਰਦਾਰਾਂ ਦੇ ਬਰਖ਼ਿਲਾਫ਼ ਮੁਜ਼ਾਰੇ ਖੜੇ ਕਰ ਕੇ ਐਜੀਟੇਸ਼ਨ ਕੀਤੀ। ਸਰਕਾਰ ਨੇ ਲੈਂਡ ਸੀਲਿੰਗ ਐਕਟ ਬਣਾ ਦਿੱਤਾ। ਪੰਜਾਬ ਵਿਚ ਕੋਈ ਵੱਡੀ ਇੰਡਸਟਰੀ ਨਹੀਂ ਹੈ ਜਿਥੇ ਕਿ ਵੱਡੇ ਪੱਧਰ ਦੀ ਟ੍ਰੇਡ ਯੂਨੀਅਨ ਬਣਾ ਕੇ 'ਜ਼ਿੰਦਾਬਾਦ ਮੁਰਦਾਬਾਦ' ਕਰਨ। ਫਿਰ ਬੰਗਾਲ ਵਿਚੋਂ ਉੱਠੀ ਨੈਕਸਲਾਈਟ ਲਹਿਰ ਵਿਚ ਪੰਜਾਬ ਦੇ ਕਾਮਰੇਡਾਂ ਨੇ ਭਰਵਾਂ ਯੋਗਦਾਨ ਪਾਇਆ, ਉਹ ਭੀ ਫ਼ੇਲ੍ਹ ਹੋ ਗਈ। 1962 ਦੀ ਚੀਨ ਦੀ ਲੜਾਈ ਨਾਲ ਆਮ ਪਬਲਿਕ ਦੀਆਂ ਨਜ਼ਰਾਂ ਵਿਚੋਂ ਕਾਮਰੇਡ ਗਿਰ ਗਏ। ਇਸ ਲਈ ਹੁਣ ਵਿਚਾਰੇ ਕੀ ਕਰਨ ?

ਇਹਨਾਂ ਸਾਰਿਆਂ ਦੀ ਉਪਜ ਭੀ ਤਕਰੀਬਨ ਸਿੱਖੀ ਪਰਵਾਰਾਂ ਵਿਚੋਂ ਹੈ ਅਤੇ ਧਾਰਮਿਕ ਜਾਂ ਪੰਥਕ ਊਣਤਾਈਆਂ ਦਾ ਭੀ ਇਹਨਾਂ ਨੂੰ ਪਤਾ ਹੈ। ਵਿਦਿਅਕ ਖੇਤਰ ਵਿਚ ਭੀ ਅੱਗੇ ਹਨ ਅਤੇ ਨਾਟਕ ਕਰਨ ਵਿਚ ਮਾਹਰ ਹਨ। ਇਸ ਲਈ ਇਹਨਾਂ ਨੇ 'ਬਾਬਾ ਬਿਲਗਾ' ਆਦਿ ਦੇ ਵਿਰੋਧ ਦੇ ਬਾਵਜੂਦ ਕਾਰਲ ਮਾਰਕਸ ਦੀ ਧਰਮ ਨੂੰ ਅਫ਼ੀਮ ਕਹਿਣ ਨੂੰ ਤਿਲਾਂਜਲੀ ਦੇ ਕੇ ਨਵ-ਪ੍ਰਭਾਸ਼ਿਤ ਕਰ ਲਿਆ।

ਬਹੁਤਿਆਂ ਨੇ ਗਲਾਂ ਵਿਚ ਕਿਰਪਾਨਾਂ ਸਜਾ ਲਈਆਂ, ਦਾੜ੍ਹੇ ਪ੍ਰਕਾਸ਼ ਕਰ ਲਏ ਅਤੇ ਸਿੱਖੀ ਦੇ ਠੇਕੇਦਾਰ ਬਣ ਬੈਠੇ। ਇਹਨਾਂ ਦੇ ਇਕ ਵਰਗ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਨਾਉਂ ਹੇਠ ਸਿੱਖੀ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ। ਦੂਸਰੇ ਤਬਕੇ ਦੇ, ਤਰਕਸ਼ੀਲ ਦੇ ਨਾਉਂ ਹੇਠ ਧਾਰਮਿਕ ਵਿਸ਼ਵਾਸਾਂ ਨੂੰ ਮਲੀਆ-ਮੇਟ ਕਰਨ ਲੱਗ ਪਏ। ਤੀਸਰੇ ਤਬਕੇ ਨੇ ਸਿੱਖ ਮਿਸ਼ਨਰੀਆਂ ਨਾਲ ਭਾਈਵਾਲਤਾ ਪਾ ਕੇ ਸਿੱਖ ਇਤਿਹਾਸ ਨੂੰ ਗੰਧਲਾ ਕਰ ਦਿੱਤਾ ਅਤੇ ਸਿੱਖੀ ਸਿਧਾਂਤ ਨੂੰ ਬ੍ਰਾਹਮਣਵਾਦੀ ਜਾਂ ਅੰਧ-ਵਿਸ਼ਵਾਸ ਦਾ ਲੇਬਲ ਲਗਾ ਕੇ ਸਿੱਖੀ ਸ਼ਰਧਾ ਅਤੇ ਵਿਸ਼ਵਾਸ ਨੂੰ ਮਲੀਆ-ਮੇਟ ਕਰਨ ਲਈ ਕਮਰਕੱਸਾ ਕਰ ਲਿਆ ਹੈ।

ਪਿਛਲੀ ਸਦੀ ਦੇ ਵਿਦਵਾਨ ਕਾਮਰੇਡ ਤਹਿਜ਼ੀਬ-ਯਾਫ਼ਤਾ ਸੀ। ਉਹਨਾਂ ਦੀ ਬੋਲ-ਬਾਣੀ ਅਤੇ ਲਿਖਤ ਸਿੱਖ ਵਿਰੋਧੀ ਹੁੰਦੀ ਹੋਈ ਵੀ ਕੋਈ ਹੋਰ ਲਹਿਜ਼ਾ ਰੱਖਦੀ ਸੀ। ਪਰ ਅੱਜ ਦੇ ਮੁੰਢੀਰ ਦੇ ਬੰਦੇ ਇੰਦਰ ਸਿੰਘ ਘੱਗਾ, ਸਰਬਜੀਤ ਸਿੰਘ ਧੂੰਧਾ ਜਾਂ ਗੁਰਬਚਨ ਸਿੰਘ ਵਰਗੇ ਸੜਕ-ਛਾਪ ਪ੍ਰੋਫ਼ੈਸਰਾਂ ਨੇ ਸਭ ਹੱਦ-ਬੰਨ੍ਹੇ ਤੋੜ ਦਿੱਤੇ। ਇੰਦਰ ਸਿੰਘ ਘੱਗਾ ਦੀ ਲਿਖੀ ਕਿਤਾਬ 'ਸਿੱਖੀ ਦੇ ਝੰਡਾ-ਬਰਦਾਰ' ਦੇ ਟਾਈਟਲ 'ਤੇ ਜੋ ਫ਼ੋਟੋ ਲਗਾਈ ਹੈ, ਜਿਸ ਵਿਚ ਨਿਸ਼ਾਨ ਸਾਹਿਬ ਨੂੰ ਝੂਲਾ ਬਣਾ ਕੇ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਰੱਸੀਆਂ ਪਾ ਕੇ ਝੂਲਦਾ ਦਿਖਾਇਆ ਹੈ, ਕੌਣ ਇਸ ਨੂੰ ਗੁਰੂ ਦਾ ਸਿੱਖ ਕਹਿ ਸਕਦਾ ਹੈ ? ਅਜਿਹੀ ਹਰਕਤ ਜੇ ਇਸ ਨੇ ਰਾਸ਼ਟਰੀ ਝੰਡੇ ਨਾਲ ਕੀਤੀ ਹੁੰਦੀ ਤਾਂ ਘੱਟੋ-ਘੱਟ ਛੇ ਮਹੀਨੇ ਜੇਲ੍ਹ ਦੀ ਹਵਾ ਖਾਣੀ ਪੈਂਦੀ। ਗੁਰਬਚਨ ਸਿੰਘ ਆਪਣੀ ਕਿਤਾਬ ਦੇ ਪੰਨਾ 185 'ਤੇ ਲਿਖਦਾ ਹੈ, "ਗੁਰਬਾਣੀ ਵੇਦਾਂਤ ਤੇ ਜੋਗ ਮੱਤ ਤੋਂ ਨਿਆਰੀ ਹੈ।" ਗੁਰਬਾਣੀ ਨੇ ਬ੍ਰਾਹਮਣੀ ਵਿਚਾਰਧਾਰਾ ਦੇ ਛੌਡੇ ਲਾਹੁੰਦਿਆਂ ਕੈਸੇ ਸੁੰਦਰ ਫ਼ਰਮਾਨ ਕੀਤੇ ਹਨ :

**ਐਸੇ ਬ੍ਰਾਹਮਣ ਡੂਬੇ ਭਾਈ ॥**
**ਨਿਰਾਪਰਾਧ ਚਿਤਵਹਿ ਬੁਰਿਆਈ ॥੧॥ ਰਹਾਉ ॥...**
**ਬਾਹਰਿ ਭੇਖ ਕਰਹਿ ਘਨੇਰੇ ॥**
**ਅੰਤਰਿ ਬਿਖਿਆ ਉਤਰੀ ਘੇਰੇ ॥**
**ਅਵਰ ਉਪਦੇਸੈ ਆਪਿ ਨ ਬੂਝੈ ॥**
**ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥**
**ਮੂਰਖ ਬਾਮਣ ਪ੍ਰਭੂ ਸਮਾਲਿ ॥**
**ਦੇਖਤ ਸੁਨਤ ਤੇਰੈ ਹੈ ਨਾਲਿ ॥**

*(ਆਸਾ ਮਹਲਾ ੫, ਅੰਗ ੩੭੨)*

ਹੁਣ, ਜਿਸ ਨੂੰ ਇਹ ਨਹੀਂ ਪਤਾ ਕਿ ਗੁਰੂ ਸਾਹਿਬ ਨੇ ਇਥੇ ਇਕ ਬ੍ਰਾਹਮਣ ਦੇ ਕਿਰਦਾਰ ਦਾ ਨਕਸ਼ਾ ਖਿੱਚਿਆ ਹੈ। ਬ੍ਰਾਹਮਣੀ ਵਿਚਾਰਧਾਰਾ ਦੀ ਇਥੇ ਕੋਈ ਗੱਲ ਨਹੀਂ, ਉਹ ਆਪਣੇ ਆਪ ਨੂੰ ਪ੍ਰੋਫ਼ੈਸਰ ਕਹਾਉਂਦਾ ਹੈ ਅਤੇ ਸਾਰੇ ਪੰਥ ਨੂੰ ਬ੍ਰਾਹਮਣਵਾਦੀ ਆਖਦਾ ਹੈ। ਅਜਿਹੇ ਬੰਦੇ ਦਾ ਕੀ ਇਲਾਜ ਹੋਵੇ ?

ਇਹਨਾਂ ਦੀ ਜੁੰਡਲੀ ਦਾ ਇਕ ਹੋਰ ਮਹਾਂਰਥੀ ਹੈ ਜਿਸ ਦੀ ਅਕਲ ਅਤੇ ਇਲਮ ਨਿਰੋਲ ਸਿਪਾਹੀ ਪੱਧਰ ਦੀ ਹੈ। "ਸੰਤਾਂ ਦੇ ਕੌਤਕ" ਨਾਮੀ ਆਪਣੀਆਂ ਕਿਤਾਬਾਂ ਵਿਚ ਭਾਈ ਰਣਧੀਰ ਸਿੰਘ, ਸੰਤ ਅਤਰ ਸਿੰਘ ਜੀ, ਬਾਬਾ ਨੰਦ ਸਿੰਘ ਅਤੇ ਦਮਦਮੀ ਟਕਸਾਲ ਦੇ ਮਹਾਂਪੁਰਸ਼ਾਂ ਨੂੰ ਵਿਹਲੜ, ਹਰਾਮਖ਼ੋਰ, ਪਖੰਡੀ ਅਤੇ ਹੋਰ ਬਹੁਤ ਕੁਝ ਆਖਦਾ ਅਤੇ ਲਿਖਤਾਂ ਵਿਚ, ਉਸ ਨੂੰ ਜਵਾਬ ਦੇਣ ਵਾਲੇ ਨੂੰ 'ਪੱਕਾ ਹਰਾਮਜ਼ਾਦਾ ਕੁੱਤਾ, ਤੇਰੀ ਧੁੰਨੀ ਤਕ ਪਹੁੰਚਾ ਦਿੱਤਾ' ਆਦਿ ਵਰਗੀ ਭਾਸ਼ਾ ਵਰਤਦਾ ਹੈ। ਪ੍ਰੋ. ਗੁਰਬਚਨ ਸਿੰਘ ਵਾਲੇ ਸਕੂਲ ਦਾ ਟ੍ਰੇਂਡ ਕੀਤਾ ਹੋਇਆ ਮਿਸ਼ਨਰੀ ਹੈ।

ਦਾਸ ਨੇ ਇਹ ਸਭ ਗੱਲਾਂ ਆਪਣੀਆਂ ਪੁਸਤਕਾਂ ਕਾਮਰੇਡੀ ਸਿੱਖਾਂ ਦੇ ਕੌਤਕ ਭਾਗ 1 ਅਤੇ ਭਾਗ ਕ ਵਿਚ ਪ੍ਰਗਟ ਕਰ ਦਿੱਤੀਆਂ ਹਨ।

ਇਹਨਾਂ ਸਾਰਿਆਂ ਦੀਆਂ ਕਿਤਾਬਾਂ ਵਿਚ ਕੁਤਰਕਾਂ ਰਾਹੀਂ ਖੰਡਣਵਾਦ ਭਰਿਆ ਪਿਆ ਹੈ। ਕੀ ਖੰਡਣਵਾਦ ਕੋਈ ਧਰਮ ਹੈ ? ਤਰਕ ਮਾਰਨ ਨੂੰ ਕੀ ਜ਼ੋਰ ਲੱਗਦਾ ਹੈ।

ਸਿੱਖੀ ਸਿਧਾਂਤ ਹੈ, ਪਰਾਈਆਂ ਨੂੰ ਧੀਆਂ, ਮਾਵਾਂ, ਭੈਣਾਂ ਜਾਣੋ ਤਾਂ ਸਮਾਜ ਸੁਖੀ ਵੱਸੇਗਾ। ਤਰਕਸ਼ੀਲ ਕਹਿੰਦਾ ਹੈ ਕਿ ਜੇ ਸਾਰੀਆਂ ਨੂੰ ਧੀਆਂ, ਮਾਵਾਂ ਭੈਣਾਂ ਜਾਂਣਾਗਾ ਤਾਂ ਵਿਆਹ ਕਿਸ ਨਾਲ ਕਰਾਵਾਂਗਾ ਕਿਉਂਕਿ ਇਹ ਤੇ ਸਭ ਮੇਰੀਆਂ ਮਾਵਾਂ, ਭੈਣਾਂ ਅਤੇ ਧੀਆਂ ਹਨ ? ਕੀ ਜਵਾਬ ਦੇਵੋਗੇ ਤਰਕਸ਼ੀਲ ਨੂੰ ?

ਪਟਿਆਲੇ ਬਸੰਤ ਪੰਚਮੀ 'ਤੇ ਸਿੱਖ ਮਿਸ਼ਨਰੀ ਕਾਲਜ ਵਾਲੇ ਸਿੱਖ ਸਾਧ ਦਾ ਰੂੰ ਦਾ ਇਕ ਪੁਤਲਾ ਬਣਾ ਕੇ ਸੰਤ ਸਮਾਜ ਦੀ ਭੰਡੀ ਕਰਦੇ ਹਨ। ਇਹਨਾਂ ਨੇ ਅੱਜ ਤਕ ਆਸ਼ੂਤੋਸ਼ (ਨੂਰ ਮਹਿਲੀਆ), ਸੌਦਾ ਸਾਧ ਜਾਂ ਅਜਿਹੇ ਕਿਸੇ ਹੋਰ ਦਾ ਪੁਤਲਾ ਕਿਉਂ ਨਹੀਂ ਬਣਾ ਕੇ ਰੱਖਿਆ ? ਕਿਉਂਕਿ ਪਤਾ ਹੈ ਕਿ ਸਿੱਖ ਸਾਧ ਤਾਂ ਸੀਲ ਗਊਆਂ ਹਨ, ਇਹਨਾਂ ਨੇ ਕਿਹੜਾ ਬੋਲਣਾ ਹੈ ਪਰ ਆਸ਼ੂਤੋਸ਼ ਦਾ ਮਖ਼ੌਲ ਉਡਾਉਣਾ ਅੱਗ ਨਾਲ ਖੇਡਣਾ ਹੈ। ਮੈਂ ਆਸ਼ੂਤੋਸ਼ ਦੀ ਕੈਸਟ ਸੁਣੀ ਹੈ, ਐਸੀ ਸਖ਼ਤ ਅਤੇ ਭੱਦੀ ਭਾਸ਼ਾ ਮਿਸ਼ਨਰੀਆਂ ਵਾਸਤੇ ਵਰਤੀ ਹੈ, ਸੁਣਨੀ ਔਖੀ ਹੈ ਪਰ ਇਹਨਾਂ ਸਾਰਿਆਂ ਨੇ ਤਾਂ ਵਿਆਕਰਨ ਅਨੁਸਾਰ ਗੁਰਬਾਣੀ ਵਿਚਾਰ

ਕੇ ਪੜ੍ਹੀ ਹੈ। ਇਸ ਲਈ ਸੁਸਰੀ ਵਾਂਗ ਸੌਂ ਗਏ। ਫਿਰ ਇਹਨਾਂ ਨੇ ਰਾਧਾ ਸੁਆਮੀਆਂ ਬਾਰੇ ਇਕ ਕਿਤਾਬ ਲਿਖੀ 'ਸ਼ਬਦ ਗੁਰੂ' ਬਾਰੇ ਜਦ ਰਾਧਾ ਸੁਆਮੀਆਂ ਨੇ ਦਫ਼ਤਰ ਜਾ ਕੇ ਅਹੀ-ਤਹੀ ਕੀਤੀ, ਹੁਣ ਕਿਤਾਬ ਹੀ ਛਪਾਉਣੀ ਬੰਦ ਕਰ ਦਿੱਤੀ।

ਇਹਨਾਂ ਦੀਆਂ ਕਿਤਾਬਾਂ ਲਿਖਣ ਨੂੰ ਅਤੇ ਮੇਰੇ ਵਰਗੇ (ਸਿਰ ਫਿਰੇ) ਨੇ ਇਹਨਾਂ ਦੀਆਂ ਲਿਖਤਾਂ ਦਾ ਉੱਤਰ ਦੇਣ ਨਾਲ ਪੰਥ ਦਾ ਕਿੰਨਾ ਸਮਾਂ, ਊਰਜਾ ਅਤੇ ਪੈਸਾ ਬਰਬਾਦ ਹੋਇਆ ਅਤੇ ਮਨਾਂ ਵਿਚ ਇਕ ਦੂਸਰੇ ਲਈ ਖਟਾਸ ਪੈਦਾ ਹੋਈ ਹੈ, ਕੌਣ ਹਿਸਾਬ ਲਗਾਏਗਾ ਅਤੇ ਕੌਣ ਜਵਾਬ ਦੇਵੇਗਾ।

ਬੜੀਆਂ ਚੰਚਲਤਾਈਆਂ, ਠਿਬੀਆਂ ਅਤੇ ਲਿੱਚੀਆਂ ਪ੍ਰੋ. ਗੁਰਬਚਨ ਸਿੰਘ ਨੇ ਆਪਣੀ ਇਸ ਪੁਸਤਕ 'ਵਿਰਲੈ ਕਿਨੈ ਵੀਚਾਰਿਆ' ਵਿਚ ਮਾਰੀਆਂ ਹਨ। ਕਦੇ ਖੱਬੇ, ਕਦੇ ਸੱਜੇ, ਕਦੇ ਉੱਪਰ ਅਤੇ ਕਦੇ ਹੇਠ, ਇਸ ਦੇ ਦਿਮਾਗ਼ ਦੀ ਦਾਦ ਦੇਣੀ ਪਵੇਗੀ ਪਰ (ਅਖੌਤੀ) ਪ੍ਰੋਫ਼ੈਸਰ ਸਾਹਿਬ ਨੂੰ ਇਹ ਨਹੀਂ ਪਤਾ :

**ਤਾੜਨੇ ਵਾਲੇ ਭੀ ਕਿਆਮਤ ਕੀ ਨਜ਼ਰ ਰਖਤੇ ਹੈਂ।**
**ਸਿਰਨਾਵਾਂ ਦੇਖ ਕਰ ਚਿੱਠੀ ਕਾ ਮਜ਼ਮੂਨ ਸਮਝ ਜਾਤੇ ਹੈਂ।**

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਾਲਿਆਂ ਦੀ ਵਿਚਾਰਧਾਰਾ ਅਤੇ ਪੁਸਤਕ ਦੀ ਸਮੱਗਰੀ ਦੀ ਸਚਾਈ ਪਰਤ-ਦਰ-ਪਰਤ ਅਸੀਂ ਇਸ ਕਿਤਾਬ ਵਿਚ ਖੋਲ੍ਹ ਕੇ ਪਾਠਕਾਂ ਨੂੰ ਪੇਸ਼ ਕਰ ਦਿੱਤੀ ਹੈ।

ਮੇਰਾ ਕੋਈ ਦਾਹਵਾ ਨਹੀਂ ਕਿ ਮੈਂ ਕੋਈ ਵਿਦਵਾਨ ਜਾਂ ਕੋਈ ਪ੍ਰੋਫ਼ੈਸਰ ਹਾਂ। ਸਾਰੀ ਉਮਰ ਸੰਗਤਾਂ ਦੇ ਜੋੜੇ ਝਾੜ ਕੇ ਪੰਥ ਪ੍ਰਵਾਨਿਤ ਵਿਦਵਾਨਾਂ ਦੀਆਂ ਪੁਸਤਕਾਂ ਪੜ੍ਹ ਕੇ ਅਤੇ ਮਹਾਂਪੁਰਸ਼ਾਂ ਦੀ ਸੰਗਤ ਕਰ ਕੇ ਦਾਸ ਨੂੰ ਜੋ ਪ੍ਰਾਪਤ ਹੋਇਆ ਹੈ, ਉਹ ਗੁਰੂ ਦੀਆਂ ਸੰਗਤਾਂ ਲਈ ਨਜ਼ਰਸਾਨੀ ਲਈ ਪੇਸ਼ ਕੀਤਾ ਹੈ। ਅਨੇਕਾਂ ਊਣਤਾਈਆਂ, ਕਮਜ਼ੋਰੀਆਂ ਅਤੇ ਗ਼ਲਤੀਆਂ ਇਸ ਵਿਚ ਹੋ ਸਕਦੀਆਂ ਹਨ। ਦਾਸ ਦੀ ਬੇਨਤੀ ਹੈ ਕਿ ਉਹ ਨਜ਼ਰ-ਅੰਦਾਜ਼ ਕਰ ਕੇ ਅਸੀਸ ਬਖ਼ਸ਼ੋ ਜੀ ਤਾਂ ਜੋ ਅੱਗੇ ਤੋਂ ਸੁਚਾਰੂ ਢੰਗ ਨਾਲ ਪੰਥ ਦੀ ਸੇਵਾ ਕਰਨ ਦੇ ਯੋਗ ਬਣਾ ਸਕਾਂ। ਅੰਤ ਵਿਚ ਪ੍ਰੋ. ਗੁਰਬਚਨ ਸਿੰਘ ਨੂੰ ਬੇਨਤੀ ਕਰਾਂਗਾ ਕਿ ਇਹਨਾਂ ਫ਼ਜ਼ੂਲ ਦੇ ਕੰਮਾਂ ਵਿਚ ਪੈ ਕੇ ਪੰਥ ਦੇ ਸਮੇਂ ਅਤੇ ਪੈਸੇ ਦੀ ਬਰਬਾਦੀ ਰੋਕਣ ਲਈ ਦਾਸ ਦੀਵਾਨ ਹਾਲ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਖੁੱਲ੍ਹੇ ਰੂਪ ਵਿਚ ਤੁਹਾਡੀ ਇਸ ਪੁਸਤਕ 'ਤੇ ਖੁੱਲ੍ਹੀ ਵਿਚਾਰ ਕਰਨ ਲਈ ਤਿਆਰ ਹੈ ਅਤੇ ਆਪ ਜੀ ਨੂੰ 'ਜੀ ਆਇਆਂ' ਕਹਿੰਦਾ ਹੈ।

ਦਾਸ ਸਰਦਾਰ ਨਾਹਰ ਸਿੰਘ, ਰਣਜੀਤ ਵਿਹਾਰ ਦਾ ਖਰੜੇ ਦੀ ਸੁਧਾਈ ਲਈ ਅਤਿ ਧੰਨਵਾਦੀ ਹੈ, ਸੁਧਾਈ ਤੋਂ ਇਲਾਵਾ ਹੋਰ ਅਨੇਕਾਂ ਪੱਖਾਂ ਤੋਂ ਸੇਧ ਦੇ ਕੇ ਕਿਤਾਬ ਦੀ ਸੰਪੂਰਨਤਾ ਲਈ ਇਹਨਾਂ ਮਦਦ ਕੀਤੀ ਹੈ। ਕਾਕਾ ਜਸਜੀਤ ਸਿੰਘ ਨੇ ਭੀ ਮੇਰੀ ਬਹੁਤ ਮਦਦ ਕੀਤੀ ਹੈ। ਅਰਦਾਸ ਹੈ, ਗੁਰੂ ਮਹਾਰਾਜ ਇਹਨਾਂ ਨੂੰ ਚੜ੍ਹਦੀ ਕਲਾ ਅਤੇ ਤੰਦਰੁਸਤੀ ਬਖ਼ਸ਼ਣ।

ਗੁਰੂ ਪੰਥ ਦਾ ਦਾਸ

**ਕੰਵਰ ਅਜੀਤ ਸਿੰਘ**

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ਼ ਜਵੱਦੀ ਦੀ ਅਸਲੀਅਤ

ਸਾਰੇ ਸੰਸਾਰ ਲਈ ਚਾਨਣ ਪ੍ਰਦਾਨ ਕਰਨ ਵਾਲਾ ਇਕੋ ਸੂਰਜ ਹੈ ਅਤੇ ਇਸ ਵਿਚੋਂ ਨਿਕਲੀਆਂ ਕਿਰਨਾਂ ਦਾ ਸਮੂਹ, ਜਿਸ ਨੂੰ ਧੁੱਪ ਆਖਦੇ ਹਾਂ, ਭੀ ਇਕੋ ਹੈ ਪਰ ਵੱਖ-ਵੱਖ ਵਿਅਕਤੀਆਂ ਲਈ ਇਸ ਦਾ ਸਰੂਪ ਅਤੇ ਅਸਰ ਬਦਲ ਜਾਂਦਾ ਹੈ।

ਧਰਤੀ ਦੇ ਡੂੰਘੇ ਭੋਰੇ ਵਿਚ ਬੈਠੇ ਬੰਦੇ ਲਈ, ਜਿਥੇ ਸੂਰਜ ਦੀ ਕਿਰਨ ਨਾ ਜਾਂਦੀ ਹੋਵੇ, ਸੂਰਜ ਹੈ ਹੀ ਨਹੀਂ। ਧੁੱਪੇ ਫਿਰਨ ਵਾਲੇ ਲਈ, ਜੈਸਾ ਐਨਕ ਦਾ ਸ਼ੀਸ਼ਾ, ਵੈਸੀ ਧੁੱਪ ਨਜ਼ਰ ਆਵੇਗੀ। ਵਾਤਾਵਰਨ ਤੇ ਮੌਸਮ ਅਨੁਸਾਰ ਭੀ ਸਰਦੀਆਂ ਵਿਚ ਧੁੱਪ ਵਰਦਾਨ ਹੈ ਅਤੇ ਗਰਮੀਆਂ ਵਿਚ ਮਾਰੂਥਲ ਵਿਚ ਤੁਰਨ ਵਾਲੇ ਲਈ ਸਰਾਪ ਹੈ। ਸੂਰਯ-ਪ੍ਰਣਾਮ ਕਰਨ ਵਾਲੇ ਲਈ ਸੂਰਜ ਦੇਵਤਾ ਹੈ ਪਰ ਵਿਗਿਆਨੀ ਲਈ ਹੋਰ ਅਰਥ ਰੱਖਦਾ ਹੈ। ਬਨਸਪਤੀ ਨੂੰ ਪੈਦਾ ਕਰਨ ਅਤੇ ਪਕਾਉਣ ਵਿਚ ਸੂਰਜ ਉਪਯੋਗੀ ਹੈ ਪਰ ਬਰਫ਼ ਨੂੰ ਗਾਲਦਾ ਹੈ। ਇਸੇ ਤਰ੍ਹਾਂ ਧਰਮ ਅਤੇ ਧਾਰਮਿਕ ਗ੍ਰੰਥ ਅਤੇ ਧਾਰਮਿਕ ਗ੍ਰੰਥਾਂ ਦੇ ਨਿਯਮ ਭੀ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਲਈ ਅਲੱਗ-ਅਲੱਗ ਅਰਥ ਰੱਖਦੇ ਹਨ।

ਧਾਰਮਿਕ ਗ੍ਰੰਥਾਂ ਦਾ ਉਪਦੇਸ਼ ਤਾਂ ਸਭ ਲਈ ਇਕੋ ਹੈ ਪਰ ਵਿਚਾਰਨ ਵਾਲੇ ਦੀ ਮਾਨਸਿਕਤਾ ਨਾਲ ਇਸ ਦੇ ਅਰਥ ਬਦਲ ਜਾਂਦੇ ਹਨ। ਜਿਸ ਤਰ੍ਹਾਂ ਕਿ ਕਹਾਵਤ ਹੈ ਕਿ ਤਿੰਨ ਬੰਦੇ ਤੁਰੇ ਜਾ ਰਹੇ ਸੀ ਕਿ ਰਸਤੇ ਵਿਚ ਦਰੱਖ਼ਤ ’ਤੇ ਤਿੱਤਰ ਬੋਲ ਪਿਆ। ਹੁਣ, ਤਿੱਤਰ ਦੀ ਬੋਲੀ ਤਾਂ ਸਭ ਲਈ ਇਕੋ ਹੈ ਪਰ ਇਕ ਨੇ ਕਿਹਾ ਕਿ ਇਹ ਕਹਿ ਰਿਹਾ ਹੈ, ‘ਲੂਣ, ਤੇਲ, ਅਦਰਕ’। ਦੂਸਰਾ ਕਹਿਣ ਲੱਗਾ ਕਿ ਨਹੀਂ, ਇਹ ਕਹਿ ਰਿਹਾ ਹੈ ਕਿ ‘ਖਾਹ ਚੂਰੀ ਤੇ ਕਰ ਕਸਰਤ’। ਤੀਸਰਾ ਕਹਿਣ ਲੱਗਾ ਕਿ ਤੁਸੀਂ ਦੋਨੋਂ ਗ਼ਲਤ ਹੋ ਇਹ ਤਾਂ ਕਹਿ ਰਿਹਾ ਕਿ ‘ਸੁਬਹਾਨ ਤੇਰੀ ਕੁਦਰਤ’। ਸੋ ਤਿੱਤਰ ਨੇ ਇਕੋ ਬੋਲੀ ਬੋਲੀ ਪਰ ਪਹਿਲਾ

ਬਾਣੀਆਂ, ਦੂਸਰਾ ਪਹਿਲਵਾਨ ਅਤੇ ਤੀਸਰਾ ਭਗਤ ਹੋਣ ਕਰਕੇ ਅਰਥ ਬਦਲ ਗਏ।

ਧਾਰਮਿਕ ਗ੍ਰੰਥਾਂ ਨੂੰ ਪੜ੍ਹਨ ਵਾਲੇ ਭੀ ਮਾਨਸਿਕਤਾ ਇਕ ਨਾ ਹੋਣ ਕਰਕੇ ਵੱਖ-ਵੱਖ ਅਰਥ ਕੱਢਦੇ ਹਨ। ਜਿਨ੍ਹਾਂ ਨੇ ਕੇਵਲ ਖੰਡਨ ਹੀ ਕਰਨਾ ਹੈ, ਸਵਾਮੀ ਦਯਾਨੰਦ ਜੀ ਵਾਂਗ ਕਹਿਣਗੇ ਕਿ "ਗੁਰੂ ਨਾਨਕ ਅਨਪੜ੍ਹ ਥੇ, ਸੰਸਕ੍ਰਿਤ ਕਾ ਗਿਆਨ ਨਹੀਂ ਥਾ, ਸ਼ੁਹਰਤ ਕੇ ਭੂਖੇ ਥੇ।" ਪਰ ਗੁਰੂ ਪਿਆਰਿਆਂ ਲਈ:

**ਆਪਿ ਨਰਾਇਣੁਕਲਾ ਧਾਰਿ ਜਗ ਮਹਿ ਪਰਵਰਿਯਉ ॥**

*(ਅੰਗ ੧੩੯੫)*

ਕਾਰਲ ਮਾਰਕਸ ਲਈ ਧਰਮ 'ਅਫ਼ੀਮ' ਹੈ ਪਰ ਆਸਤਿਕਾਂ ਲਈ ਜੀਵਨਦਾਨ ਹੈ। ਜਿਨ੍ਹਾਂ ਨੇ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਸਿੱਧ ਕਰਨ ਲਈ ਬਾਣੀ ਪੜ੍ਹੀ ਹੈ, ਉਹਨਾਂ ਲਈ ਗੁਰਬਾਣੀ ਦੇ ਅਰਥ ਹੋਰ ਹਨ ਪਰ ਜਿਨ੍ਹਾਂ ਨੇ ਗੁਰੂ ਦੀ ਮਤਿ ਧਾਰਨ ਕਰ ਕੇ ਜੀਵਨ ਸਫ਼ਲਾ ਕਰਨ ਲਈ ਬਾਣੀ ਪੜ੍ਹੀ ਹੈ, ਉਹਨਾਂ ਲਈ ਗੁਰਬਾਣੀ ਦੇ ਕੁਝ ਹੋਰ ਅਰਥ ਹਨ।

ਜਦ ਅਸੀਂ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ ਜਵੱਦੀ' ਨਾਲ ਸੰਬੰਧਿਤ ਵਿਅਕਤੀਆਂ ਜਾਂ ਇਹਨਾਂ ਦੀ ਵਿਚਾਰਧਾਰਾ ਦੇ ਸਮਰਥਕ ਹੋਰ ਮਿਸ਼ਨਰੀ ਕਾਲਜਾਂ ਦੀਆਂ ਲਿਖੀਆਂ ਪੁਸਤਕਾਂ ਪੜ੍ਹਦੇ ਹਾਂ ਤਾਂ ਗੁਰਬਾਣੀ ਦੇ ਅਰਥ ਹੋਰ ਹੁੰਦੇ ਹਨ ਅਤੇ ਜਦ ਪਿਛਲੀ ਸਦੀ ਦੀਆਂ ਪੰਥ ਪ੍ਰਵਾਨਿਤ ਹਸਤੀਆਂ ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਅਕਾਲੀ ਕੌਰ ਸਿੰਘ, ਸਿਰਦਾਰ ਕਪੂਰ ਸਿੰਘ, ਭਾਈ ਰਣਧੀਰ ਸਿੰਘ ਜੀ ਆਦਿ ਦੀਆਂ ਪੁਸਤਕਾਂ ਪੜ੍ਹਦੇ ਹਾਂ ਤਾਂ ਅਰਥ ਹੋਰ ਹੁੰਦੇ ਹਨ।

ਦਾਸ ਨੇ ਪਹਿਲਾਂ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਜਵੱਦੀ ਤੋਂ ਵਰੋਸਾਏ ਇੰਦਰ ਸਿੰਘ ਘੱਗਾ ਦੀਆਂ ਲਿਖੀਆਂ 'ਗਰੁੜ ਚੜ੍ਹੇ ਗੋਬਿੰਦ ਆਇਲਾ' ਅਤੇ 'ਸਿੱਖੀ ਦੇ ਝੰਡਾ ਬਰਦਾਰ' ਤੋਂ ਇਲਾਵਾ 'ਸੰਤਾਂ ਦੇ ਕੌਤਕ' (ਛੇ ਭਾਗ, ਲੇਖਕ ਸੁਖਵਿੰਦਰ ਸਿੰਘ ਸਭਰਾ) ਨਾਮੀ ਪੁਸਤਕਾਂ ਪੜ੍ਹੀਆਂ ਤਾਂ ਸਮਝਿਆ ਕਿ ਇਕ-ਦੋ ਖ਼ਬਤੀ ਦਿਮਾਗ਼ ਹਰ ਜਗ੍ਹਾ ਹੁੰਦੇ ਹਨ ਪਰ ਅੱਗੇ ਖੋਜ ਕਰਨ ਤੋਂ ਪਤਾ ਲੱਗਾ ਕਿ ਖ਼ਬਤੀ ਦਿਮਾਗ਼ ਪੈਦਾ ਕਰਨ ਦੀ ਖਾਣ ਜਵੱਦੀ ਵਿਚ ਹੈ। ਕਿਉਂਕਿ ਹੁਣ ਜੋ ਮੇਰੇ ਕੋਲ ਕਿਤਾਬ ਪ੍ਰੋ. ਗੁਰਬਚਨ ਸਿੰਘ ਦੀ ਲਿਖੀ ਹੋਈ ਹੈ, 'ਵਿਰਲੈ ਕਿਨੈ ਵੀਚਾਰਿਆ' ਦੀ ਭੂਮਿਕਾ ਕੰਵਰ ਮਹਿੰਦਰਪਾਲ ਸਿੰਘ, ਪ੍ਰਿੰਸੀਪਲ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ਼, ਜਵੱਦੀ, ਲੁਧਿਆਣਾ ਦੀ ਲਿਖੀ ਹੋਈ ਹੈ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਪ੍ਰਕਾਸ਼ਿਤ

'ਸਿੱਖ ਫੁਲਵਾੜੀ' ਦੇ ਮਾਰਚ ਦੇ ਮਹੀਨੇ ਦੇ ਅੰਕ ਵਿਚ ਕੰਵਰ ਮਹਿੰਦਰਪਾਲ ਸਿੰਘ ਜੀ ਨੂੰ 'ਗੁਰਮਤਿ ਦੇ ਪ੍ਰਚਾਰ ਨੂੰ ਸਮਰਪਿਤ' ਕਹਿ ਕੇ ਸ਼ਰਧਾਂਜਲੀ ਦਿੱਤੀ ਹੈ। ਇਸ ਤੋਂ ਸਿੱਧ ਹੋ ਗਿਆ ਕਿ ਸਾਰੇ ਮਿਸ਼ਨਰੀ ਕਾਲਜਾਂ ਦੀ 'ਨਾਨੀ' ਇਕੋ ਹੈ।

ਅਸੀਂ ਪ੍ਰੋ. ਗੁਰਬਚਨ ਸਿੰਘ ਦੀ ਇਸ ਪੁਸਤਕ 'ਵਿਰਲੈ ਕਿਨੈ ਵੀਚਾਰਿਆ' ਦੀ ਚੀਰ-ਫਾੜ ਕਰ ਕੇ ਇਹਨਾਂ ਦੀ ਵਿਚਾਰਧਾਰਾ ਦੇ ਸਹੀ ਤੱਥ, ਵਿਚਾਰਧਾਰਾ ਦੀ ਉਤਪਤੀ, ਇਸ ਦੇ ਕਾਰਣ, ਵਿਧੀ, ਵਿਹਾਰਿਕ ਅਤੇ ਗੁਰਬਾਣੀ ਦੇ ਤੁਲਨਾਤਮਿਕ ਨਿਰਨੇ ਪਾਠਕਾਂ ਨੂੰ ਪੇਸ਼ ਕਰਨ ਦੀ ਕੋਸ਼ਸ਼ ਕਰਾਂਗੇ।

ਲੇਖਕ ਨੇ ਇਸ ਪੁਸਤਕ ਰਾਹੀਂ ਆਪਣੀ ਵਿਚਾਰਧਾਰਾ ਦੁਆਰਾ ਗੁਰਬਾਣੀ ਨੂੰ ਆਧਾਰ ਬਣਾ ਕੇ ਸਿੱਟੇ ਕੱਢੇ ਹਨ:

(ੳ) **'ਆਤਮਾ, ਜੀਵ ਆਤਮਾ'**—ਪਰਮਾਤਮਾ ਦਾ ਨਿਯਮ ਜੋ ਸਾਰੇ ਜੀਵਾਂ ਲਈ ਇਕ ਸਾਰ ਹੈ ਅਤੇ ਉਹ ਨਿਯਮ ਜੋ ਮਨੁੱਖੀ ਸਰੀਰ ਨੂੰ ਪੈਦਾ ਕਰਦਾ ਹੈ। (ਪੰਨਾ 34)

(ਅ) ਆਤਮਾ ਕੁਦਰਤ ਦੀ ਨਿਯਮਾਵਲੀ ਹੈ। (ਪੰਨਾ 40)

(ੲ) ਆਤਮਾ ਪੰਜ ਤੱਤਾਂ ਦਾ ਸੁਮੇਲ ਹੈ ਅਤੇ ਪੰਜ ਤੱਤਾਂ ਦਾ ਹੀ ਸਰੀਰ ਬਣਿਆ ਹੈ। (ਪੰਨਾ 45)

ਜੇ ਕਿਤਾਬ ਦੇ ਕਰਤਾ ਦੀ ਇਸ ਵਿਆਖਿਆ ਨੂੰ ਸਹੀ ਮੰਨ ਲਈਏ ਤਾਂ ਫਿਰ ਪਰਮਾਤਮਾ ਕੀ ਹੋਇਆ?

ਪਰਮਾਤਮਾ=ਪਰਮ+ਆਤਮਾ, ਇਸ ਤਰ੍ਹਾਂ ਪਰਮਾਤਮਾ ਬਣ ਗਿਆ 'ਵੱਡਾ ਨਿਯਮ'। ਫਿਰ ਇਹ ਭੀ ਸੱਭ ਨੂੰ ਪਤਾ ਹੈ ਕਿ ਕੋਈ ਨਿਯਮ ਆਪਣੇ ਆਪ ਨਹੀਂ ਬਣਦਾ। ਨਿਯਮ ਨੂੰ ਬਣਾਉਣ ਵਾਲਾ ਕੋਈ ਹੋਰ ਹੁੰਦਾ ਹੈ। ਨਿਯਮ ਹਮੇਸ਼ਾਂ ਨਿਰਜਿੰਦ ਹੁੰਦੇ ਹਨ ਅਤੇ ਨਿਯਮ ਬਣਾਉਣ ਵਾਲਾ ਚੇਤਨ ਸ਼ਕਤੀ ਦਾ ਮਾਲਕ ਹੁੰਦਾ ਹੈ।

ਲੇਖਕ ਨੇ ਅਸਾਡੇ ਇਸ ਫ਼ਾਰਮੂਲੇ ਨੂੰ ਆਪਣੀ ਕਿਤਾਬ ਦੇ ਪੰਨਾ 138 'ਤੇ ਆਪਣੇ ਆਪ ਇਸ ਤਰ੍ਹਾਂ ਕਬੂਲਿਆ ਹੈ:

> ਪਰਮਾਤਮਾ ਇਕ ਕੁਦਰਤੀ ਨਿਯਮਾਵਲੀ ਦਾ ਨਾਂ ਹੈ। ਇਹਨਾਂ ਨਿਯਮਾਂ ਨੂੰ ਸਮਝਣਾ ਅਤੇ ਇਹਨਾਂ ਦੇ ਧਾਰਨੀ ਹੋਣਾ ਹੀ ਪਰਮਾਤਮਾ ਦਾ ਸਿਮਰਨ ਹੈ।"

ਜਦ ਕਿ ਗੁਰਬਾਣੀ ਵਿਚ ਪਰਮਾਤਮਾ ਦਾ ਸਰੂਪ ਇੰਞ ਦੱਸਿਆ ਹੈ:

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਇਥੋਂ ਪ੍ਰਗਟ ਹੋ ਗਿਆ ਕਿ ਲੇਖਕ ਨੇ ਕਿਤਾਬ ਦੇ 63 ਪੰਨਿਆਂ ਤਕ ਜੋ ਘੁਣਤਰਾਂ ਮਾਰ ਕੇ ਨਿਰੀ ਕਪਾਲ ਕਿਰਿਆ ਕੀਤੀ ਹੈ, ਜਿਸ ਤਰ੍ਹਾਂ ਕਿ :

ਇਕ ਤੋਤਾ ਸੀ, ਇਕ ਮੈਨਾ ਸੀ। ਤੋਤਾ ਮੈਨਾ ਲੜ ਪਏ। ਇਕ ਅੱਗੇ ਇਕ ਪਿੱਛੇ। ਲੜਦਿਆਂ ਦੇ ਵਿਚ ਬਾਂਦਰ ਆ ਗਿਆ, ਭੱਜੇ ਜਾਂਦੇ ਇਕ ਖੱਡ ਵਿਚ ਜਾ ਵੜੇ, ਅੱਗੇ ਸੱਪ ਬੈਠਾ ਸੀ। ਸੱਪ ਨੇ ਫੁੰਕਾਰਾ ਮਾਰਿਆ, ਤੋਤਾ ਮੈਨਾ ਦੇ ਖੰਭ ਕਾਲੇ ਹੋ ਗਏ ਅਤੇ ਕੋਇਲ ਬਣ ਕੇ ਉੱਡ ਗਏ। ਸੱਪ ਨੇ ਬਾਂਦਰ ਨੂੰ ਨਾਗਵਲ ਮਾਰ ਕੇ ਮਾਰ ਦਿੱਤਾ ਅਤੇ ਮਰਨ ਤੋਂ ਪਹਿਲਾਂ ਬਾਂਦਰ ਨੇ ਸੱਪ ਦਾ ਸਿਰ, ਮੂੰਹ ਨਾਲ ਕੱਟ ਕੇ ਸੁੱਟ ਦਿੱਤਾ। ਬੋਲੋ ਜੀ ਵਾਹਿਗੁਰੂ, ਸਾਖੀ ਪੂਰੀ ਹੋਈ।

ਪਾਠਕਾਂ ਲਈ ਇਹ ਅਜੀਬ ਦਾਸਤਾਨ ਹੈ, ਪਰ ਜਦ ਅਸੀਂ ਕਿਤਾਬ ਵਿਚ ਦਿੱਤੇ ਗੁਰਬਾਣੀ ਦੇ ਅਰਥਾਂ ਦੀ ਵਿਆਖਿਆ ਨੂੰ ਪੜਚੋਲਾਂਗੇ ਤਾਂ ਇਹੀ ਸਿੱਧ ਹੋਵੇਗਾ।

ਗੁਰਬਾਣੀ ਦਾ ਫ਼ਰਮਾਨ ਹੈ :

**ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥**
**ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥੧॥**
**ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥**
**ਸਤਿਗੁਰੁ ਮਿਲੈ ਤ ਪੂਰਾ ਪਾਈਐ**
**ਭਜੁ ਰਾਮ ਨਾਮੁ ਨੀਸਾਣੁ ॥੧॥ ਰਹਾਉ ॥**

*(ਅੰਗ ੧੧੯੧)*

ਅਸੀਂ ਲੇਖਕ ਨੂੰ ਪੁੱਛਦੇ ਹਾਂ ਕਿ ਇਹ ਬਾਲਕ ਕੀ ਹੈ ? ਕਿਸ ਨਿਯਮ ਦਾ ਨਾਉਂ ਹੈ ਅਤੇ ਕਿੰਨੇ ਤੱਤਾਂ ਦਾ ਹੈ ? ਇਹ ਚੇਤਨ ਹੈ ਕਿ ਜੜ੍ਹ ਹੈ ? 'ਖਿਨੁ ਪਲੁ ਥਿਰ ਨ ਰਹਾਈ' ਇਹ ਜੜ੍ਹ ਨਹੀਂ ਹੋ ਸਕਦਾ।

ਆਤਮਾ ਨਾ ਕਿਤੋਂ ਆਉਂਦੀ ਹੈ, ਨਾ ਕਿਤੇ ਜਾਂਦੀ ਹੈ।

*(ਪੰਨਾ 49)*

ਵਿਦਵਾਨ ਲੇਖਕ ਨੇ ਆਪਣੀ ਕਿਤਾਬ ਦੇ ਪੰਜ ਪੰਨੇ ਇਸ ਵਿਸ਼ੇ 'ਤੇ ਕਾਲੇ ਕੀਤੇ ਹਨ। ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਇੰਞ ਲਿਖਿਆ ਹੈ :

ਡਾ. ਜਤਿੰਦਰ ਸਿੰਘ ਜੀ, ਐਮ.ਡੀ. ਅਮਰੀਕਾ ਵਾਲਿਆਂ ਨੇ ਸੌਖਿਆਂ ਸ਼ਬਦਾਂ ਵਿਚ ਸਮਝਾਇਆ ਹੈ ਕਿ ਜਿਸ ਤਰ੍ਹਾਂ ਕੋਈ ਮੋਟਰ-ਗੱਡੀ ਜਾਂ ਮੋਟਰ-ਸਾਈਕਲ ਦਾ ਜਦੋਂ ਨਵਾਂ ਢਾਂਚਾ ਤਿਆਰ

ਹੁੰਦਾ ਹੈ ਤਾਂ ਉਸ ਵਿਚ ਤੇਲ ਪਾ ਕੇ ਉਸ ਨੂੰ ਸਟਾਰਟ ਕਰ ਲਿਆ ਜਾਂਦਾ ਹੈ ਤਾਂ ਉਹ ਇਕ ਜਾਨਦਾਰ ਚੀਜ਼ ਬਣ ਜਾਂਦੀ ਹੈ। ਤੇਲ ਤੇ ਹਵਾ ਦੇ ਪ੍ਰੈਸ਼ਰ ਨਾਲ ਮੋਟਰ-ਗੱਡੀ ਇਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਣ ਦੀ ਸਮਰੱਥਾ ਰੱਖਦੀ ਹੈ। ਕੁਝ ਇੰਞ ਹੀ ਸਾਡੇ ਸਰੀਰ ਦੀ ਬਣਤਰ ਹੈ। ਮੂੰਹ ਵਿਚੋਂ ਹਵਾ ਬਾਹਰ ਕੱਢੀਏ ਤਾਂ ਉਹ ਹਵਾ ਵਿਚ ਹੀ ਲੀਨ ਹੋ ਜਾਂਦੀ ਹੈ ਅਤੇ ਹਵਾ ਵਿਚੋਂ ਹੀ ਹਵਾ ਸਾਡੇ ਮੂੰਹ ਤੇ ਨੱਕ ਰਾਹੀਂ ਅੰਦਰ ਜਾਂਦੀ ਹੈ, ਜਿਸ ਨਾਲ ਸਾਡੀ ਜ਼ਿੰਦਗੀ ਹਰਕਤ ਕਰਦੀ ਨਜ਼ਰ ਆਉਂਦੀ ਹੈ। (ਪੰਨਾ 49)

ਅਖ਼ਬਾਰਾਂ ਵਿਚ ਹਰ ਰੋਜ਼ ਖ਼ਬਰਾਂ ਆਉਂਦੀਆਂ ਹਨ ਕਿ ਫਲਾਣਾ ਬੰਦਾ ਜਾਂ ਇਸਤਰੀ ਫਾਹਾ ਲੈ ਕੇ ਮਰ ਗਈ। ਲਾਸ਼ ਡਾਕਟਰ ਕੋਲ ਲੈ ਗਏ, ਡਾਕਟਰ ਨੇ ਫ਼ੈਸਲਾ ਕਰ ਦਿੱਤਾ ਕਿ ਇਹ ਮਰ ਗਿਆ/ਮਰ ਗਈ। ਪੋਸਟ-ਮਾਰਟਮ ਪਿੱਛੋਂ ਘਰ ਵਾਲਿਆਂ ਨੇ ਲਾਸ਼ ਦਾ ਦਾਹ ਸੰਸਕਾਰ ਕਰ ਦਿੱਤਾ।

ਅੱਗੇ ਵਾਸਤੇ ਜਦੋਂ ਭੀ ਕੋਈ ਅਜਿਹਾ ਹਾਦਸਾ ਹੋਇਆ, ਅਸੀਂ ਲਾਸ਼ ਚੁੱਕ ਕੇ ਪ੍ਰੋਫ਼ੈਸਰ ਸਾਹਿਬ ਕੋਲ ਲਿਆ ਧਰਾਂਗੇ ਕਿ ਬਾਕੀ ਸਾਰਾ ਸਰੀਰ ਅਤੇ ਇਸ ਦੇ ਅੰਦਰਲੇ-ਬਾਹਰਲੇ ਪੁਰਜ਼ੇ ਠੀਕ-ਠਾਕ ਹਨ, ਕੇਵਲ ਹਵਾ ਹੀ ਨਿਕਲੀ ਹੈ। ਕੋਈ ਵੱਡੇ ਪ੍ਰੈਸ਼ਰ ਵਾਲਾ ਪੰਪ ਲਿਆਓ, ਸਾਰਾ ਖ਼ਰਚਾ ਅਸੀਂ ਦੇਵਾਂਗੇ, ਬੰਦੇ ਨੂੰ ਜ਼ਿੰਦਾ ਕਰ ਕੇ ਹਰਕਤ ਵਿਚ ਲਿਆਓ। ਇੰਨੇ ਕੀਮਤੀ ਸਰੀਰ ਨੂੰ ਅਜਾਈਂ ਕਿਉਂ ਸਾੜੀਏ ? ਜੇ ਇਹ ਆਪ ਨਹੀਂ ਕਰ ਸਕਦੇ, ਅਮਰੀਕਾ ਤੋਂ ਡਾ. ਜਤਿੰਦਰ ਸਿੰਘ ਨੂੰ ਬੁਲਾ ਲੈਣ, ਆਉਣ-ਜਾਣ ਦਾ ਖ਼ਰਚਾ ਅਸੀਂ ਦੇਵਾਂਗੇ। ਦਾਸ ਨੇ ਇਸ ਬਾਰੇ ਪ੍ਰੋਫ਼ੈਸਰ ਦੀ ਕਿਤਾਬ ਵਿਚ ਦਿੱਤੇ ਮੋਬਾਈਲ ਨੰਬਰ ਅਤੇ ਟੈਲੀਫ਼ੋਨ ਨੰਬਰ 'ਤੇ ਜਦ ਗੱਲ ਕਰਨੀ ਚਾਹੀ ਤਾਂ ਉੱਤਰ ਮਿਲਿਆ ਕਿ ਮੋਬਾਈਲ ਫ਼ੋਨ ਤਾਂ ਬੰਦ ਪਿਆ ਹੈ ਅਤੇ ਲੈਂਡਲਾਈਨ ਦਾ ਇਹ ਟੈਲੀਫ਼ੋਨ ਨੰਬਰ ਹੈ ਹੀ ਨਹੀਂ। ਇਸ ਤੋਂ ਮਾਨਯੋਗ ਪ੍ਰੋਫ਼ੈਸਰ ਸਾਹਿਬ ਦੀ ਈਮਾਨਦਾਰੀ ਅਤੇ ਸਾਰੇ ਪੰਥ ਨੂੰ ਬ੍ਰਾਹਮਣਵਾਦੀ ਕਹਿਣ ਵਾਲੀ ਗੁਰਸਿੱਖੀ ਸੋਚ ਦਾ ਅੰਦਾਜ਼ਾ ਪਾਠਕ ਆਪ ਲਗਾ ਸਕਦੇ ਹਨ।

ਹੁਣ ਅਸੀਂ ਪਾਠਕਾਂ ਨੂੰ ਪ੍ਰੋਫ਼ੈਸਰ ਸਾਹਿਬ ਦੇ ਇਕ 'ਵਿਤੰਡਾਵਾਦ' ਦੇ ਮਨਘੜਤ ਫ਼ੈਸਲੇ ਲਈ ਗੁਰਬਾਣੀ ਦੇ ਦਰਸ਼ਨ ਕਰਵਾਉਂਦੇ ਹਾਂ :

**ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ ॥**
**ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ ॥੧॥**
**ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥**
**ਧੰਨੁ ਸੁ ਤੇਰਾ ਥਾਨੁ ॥੧॥ ਰਹਾਉ ॥**

**ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ ॥**
**ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥੨॥**
**ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥**
**ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥**
**ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥**
**ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥੪॥**

*(ਅੰਗ ੫੦-੫੧)*

77ਘ ਜੀ ਦੀ ਲਿਖੀ, 1976 ਵਿਚ ਸਿੰਘ ਬ੍ਰਦਰਜ਼ ਵੱਲੋਂ ਪ੍ਰਕਾਸ਼ਿਤ 'ਸਦੁ ਸਟੀਕ' ਵਿਚ 'ਸਦੁ' ਲਫ਼ਜ਼ ਦੇ ਅਰਥ ਕਰਦੇ ਹਨ :

**"ਰਾਮਕਲੀ ਰਾਗੁ ਵਿਚ ਲਿਖੀ ਹੋਈ ਇਸ ਬਾਣੀ ਦਾ ਨਾਮ 'ਸਦੁ' ਹੈ, ਇਸ ਦਾ ਭਾਵ ਹੈ 'ਰੱਬ ਵੱਲੋਂ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ।**

**ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ ॥**
**ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ ॥੧॥**

*(ਅੰਗ ੯੨੩)*

**ਅਰਥ :** (ਜਿਹੜੇ ਗੁਰੂ ਅਮਰਦਾਸ) ਅਕਾਲ ਪੁਰਖ ਦੇ ਨਾਮ ਵਿਚ ਲੀਨ ਸੀ, (ਧੁਰੋਂ) ਉਸ ਦੇ ਚੱਲਣ ਦਾ ਸੱਦਾ ਆ ਗਿਆ। ਗੁਰੂ ਅਮਰਦਾਸ ਜੀ ਨੇ ਜਗਤ ਵਿਚ (ਰਹਿੰਦਿਆਂ) ਅਮਰ, ਅਟਲ, ਅਤੋਲ ਠਾਕੁਰ ਨੂੰ ਭਗਤੀ ਦੀ ਰਾਹੀਂ ਪ੍ਰਾਪਤ ਕਰ ਲਿਆ।

ਅੱਗੇ ਇਸ ਬਾਣੀ ਵਿਚ ਆਇਆ ਹੈ :

**ਤੁਸੀ ਪੁਤ ਭਾਈ ਪਰਵਾਰੁ ਮੇਰਾ**
**ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥**
**ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ**
**ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥**

*(ਅੰਗ ੯੨੩)*

**ਅਰਥ :** ਤੁਸੀਂ ਮੇਰੇ ਪੁੱਤ ਹੋ, ਮੇਰੇ ਭਾਈ ਹੋ, ਮੇਰਾ ਪਰਵਾਰ ਹੋ, ਮਨ ਵਿਚ ਕਿਆਸ ਕਰ ਕੇ ਦੇਖੋ ਕਿ ਧੁਰੋਂ ਲਿਖਿਆ ਹੋਇਆ ਹੁਕਮ ਕਦੇ ਟਲ ਨਹੀਂ ਸਕਦਾ (ਸੋ ਇਸ ਵਾਸਤੇ) ਹੁਣ ਗੁਰੂ ਅਕਾਲ ਪੁਰਖ ਕੋਲ ਜਾ ਰਿਹਾ ਹੈ।

ਪ੍ਰੋ. ਗੁਰਬਚਨ ਸਿੰਘ ਅਤੇ ਇਹਨਾਂ ਦੀ ਵਿਚਾਰਧਾਰਾ ਦੇ ਸਮਰਥਕ ਲੋਕਾਂ ਨੂੰ ਭਰਮਾਉਣ ਲਈ ਵਾਰ-ਵਾਰ ਕਹਿੰਦੇ ਹਨ ਕਿ ਕੇਵਲ ਪ੍ਰੋ. ਸਾਹਿਬ ਸਿੰਘ ਦੇ ਕੀਤੇ ਗੁਰਬਾਣੀ ਅਰਥ ਹੀ ਗੁਰਮਤਿ ਅਨੁਸਾਰ ਠੀਕ ਹਨ, ਬਾਕੀ ਸਭ

ਬ੍ਰਾਹਮਣਵਾਦੀ ਵਿਆਖਿਆ ਹੈ।

ਪਰ ਹੁਣ ਪਾਠਕ ਦੇਖ ਲੈਣ ਕਿ ਕਿਤਾਬ 'ਵਿਰਲੈ ਕਿਨੈ ਵੀਚਾਰਿਆ' ਦਾ ਲੇਖਕ ਆਤਮਾ ਬਾਰੇ ਕੀ ਤੱਤ ਕੱਢਦਾ ਹੈ ਅਤੇ ਪ੍ਰੋ. ਸਾਹਿਬ ਸਿੰਘ ਜੀ ਦੇ ਕੀਤੇ ਅਰਥ ਕੀ ਦੱਸ ਰਹੇ ਹਨ। ਕੌਣ ਸੱਚਾ ਹੈ ਤੇ ਕੌਣ ਝੂਠਾ, ਨਿਰਨਾ ਪਾਠਕਾਂ ਨੇ ਕਰਨਾ ਹੈ। ਇਸੇ ਵਿਸ਼ੇ ਤੇ ਅਸੀਂ ਭੱਟ ਬਾਣੀ ਦੀ ਟੇਕ ਲੈਂਦੇ ਹਾਂ। ਸ੍ਰੀ ਗੁਰੂ ਰਾਮਦਾਸ ਮਹਾਰਾਜ ਦੇ ਅਕਾਲ ਚਲਾਣੇ ਬਾਰੇ ਹਰਿਬੰਸ ਭੱਟ ਜੀ ਇੰਞ ਦੱਸ ਰਹੇ ਹਨ:

**ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥**
**ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥**
**ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥**
**ਅਸੁਰ ਗਏ ਤੇ ਭਾਗਿ ਪਾਪ ਤਿਨ੍ ਭੀਤਰਿ ਕੰਪਹਿ ॥**
**ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ ॥**
**ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥**

*(ਅੰਗ ੧੪੦੯)*

ਭਾਈ ਗੁਰਦਾਸ ਜੀ ਦੱਸ ਰਹੇ ਹਨ:

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।**
**ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।**
**ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ।**
**ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ।**
**ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ।**
**ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥**

*(ਵਾਰ ੧੯/੧੪)*

ਹੁਣ ਪ੍ਰੋ. ਗੁਰਬਚਨ ਸਿੰਘ ਜੀ ਹੀ ਦੱਸ ਸਕਦੇ ਹਨ ਕਿ ਗੁਰਮੁਖ ਕਿਥੋਂ ਆਉਂਦੇ ਹਨ ਅਤੇ ਕਿਥੇ ਜਾਂਦੇ ਹਨ। ਇਹਨਾਂ ਕੋਲ ਇਕੋ ਵਿਗਿਆਨਿਕ ਜਵਾਬ ਹੈ ਕਿ 'ਮਾਂ ਦੇ ਪੇਟ ਵਿਚੋਂ ਆਉਂਦੇ ਹਨ, ਸ਼ਮਸ਼ਾਨ ਘਾਟ ਜਾ ਕੇ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ' ਬੋਲੋ ਜੀ ਵਾਹਿਗੁਰੂ! ਇਸ ਵਿਸ਼ੇ 'ਤੇ ਅਨੇਕਾਂ ਹੀ ਪ੍ਰਮਾਣ ਮਿਲ ਜਾਣਗੇ ਪਰ ਜਿਸ ਨੇ ਇਹ ਧਾਰ ਲਿਆ ਹੈ ਕਿ ਅਸੀਂ ਰੱਬ ਨੂੰ ਟੱਬ ਹੀ ਕਹਿਣਾ ਹੈ, ਉਸ ਦਾ ਕੀ ਇਲਾਜ?

ਗੁਰਬਾਣੀ ਦਾ ਇਕ ਹੋਰ ਪ੍ਰਮਾਣ:

**ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥**

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

(ਅੰਗ ੧੨੩੯)

ਪ੍ਰੋ. ਸਾਹਿਬ ਸਿੰਘ ਜੀ ਦੇ ਦਰਪਣ ਵਿਚ ਅਰਥ: ਇਹਨਾਂ ਜੀਵਾਂ ਦੇ ਵੱਸ ਕੁਝ ਨਹੀਂ, ਇਹਨਾਂ ਨੇ ਤਾਂ ਹੁਕਮ ਵਿਚ ਹੀ ਟੁਰਨਾ ਹੈ, (ਜਿਸ ਵੇਲੇ) ਮਾਲਕ ਦਾ ਹੁਕਮ ਹੁੰਦਾ ਹੈ, ਇਹ ਜੀਵ ਉੱਠ ਕੇ ਰਾਹੇ ਪੈ ਜਾਂਦੇ ਹਨ। ਹੇ ਨਾਨਕ! ਉਸ ਮਾਲਕ ਦੇ ਭੇਜੇ ਹੋਏ ਇਥੇ ਜਗਤ ਵਿਚ ਆ ਜਾਂਦੇ ਹਨ ਤੇ ਉਸ ਦੇ ਬੁਲਾਏ ਇਥੋਂ ਉੱਠ ਕੇ ਤੁਰ ਜਾਂਦੇ ਹਨ।

ਪੁਸਤਕ ਦੇ ਲੇਖਕ ਦੀ ਮਨੋਕਲਪਿਤ ਕਸਵੱਟੀ ਅਨੁਸਾਰ ਪੰਚਮ ਪਿਤਾ ਵੱਲੋਂ ਪ੍ਰਮਾਣਿਤ ਬਾਣੀ 'ਸਦੁ' ਸਮਾਜ ਲੋਟੂ ਪੁਜਾਰੀਆਂ ਦੀ ਦੇਣ ਬਣ ਗਈ ਅਤੇ ਇਸ ਦੀ ਵਿਆਖਿਆ ਕਰਨ ਵਾਲੇ ਪ੍ਰੋ. ਸਾਹਿਬ ਸਿੰਘ ਜੀ, ਭੱਟ ਬਾਣੀ ਦੇ ਰਚੈਤਾ ਅਤੇ ਭਾਈ ਗੁਰਦਾਸ ਜੀ ਅੰਧ-ਵਿਸ਼ਵਾਸੀ ਅਤੇ ਸਮਾਜ ਨੂੰ ਲੁੱਟਣ ਵਾਲੇ ਬ੍ਰਾਹਮਣੀ ਏਜੰਟ ਬਣ ਗਏ। ਸਾਰੇ ਪੰਥ ਨੂੰ ਬ੍ਰਾਹਮਣਵਾਦੀ ਕਹਿਣ ਵਾਲੇ ਨੂੰ ਕੌਣ ਕਹੇ ਕਿ ਤੂੰ ਨਾਸਤਿਕ ਹੈਂ ਅਤੇ ਨਾਸਤਿਕਤਾ ਵਾਲੇ ਵਿਚਾਰਾਂ ਨਾਲ ਪਾਠਕਾਂ ਨੂੰ ਗੁਮਰਾਹ ਕਰ ਰਿਹਾ ਹੈ। ਜੋ ਇਹ ਕੜਵੀ ਸਚਾਈ ਬੋਲੇਗਾ, ਉਸ ਲਈ ਗੁਰ ਗਿਆਨ ਪ੍ਰਕਾਸ਼ ਮਿਸ਼ਨਰੀ ਕਾਲਜ ਜਵੱਦੀ ਤੋਂ ਪੜ੍ਹੇ ਸੁਖਵਿੰਦਰ ਸਿੰਘ ਸਭਰਾ (ਸੰਤਾਂ ਦੇ ਕੌਤਕ ਦਾ ਕਰਤਾ) ਤੋਂ 'ਪੱਕਾ ਹਰਾਮਜ਼ਾਦਾ, ਕੁੱਤਾ ਕੰਵਰ ਅਜੀਤ ਸਿੰਘ' ਦਾ ਖ਼ਿਤਾਬ ਲੈਣਾ ਪਵੇਗਾ। ਇਸ ਲਈ ਪੰਥ ਦਾ ਕੋਈ ਵਿਦਵਾਨ, ਕੋਈ ਬੁੱਧੀਜੀਵੀ ਜਾਂ ਕੋਈ ਗਿਆਨੀ ਇਸ ਕੁਫ਼ਰ-ਗੜ੍ਹ ਸਾਮ੍ਹਣੇ ਬੋਲਣ ਨੂੰ ਤਿਆਰ ਨਹੀਂ।

## ਵੇਈਂ ਨਦੀ ਤੋਂ ਖ਼ਾਲਸੇ ਦੀ ਸਿਰਜਣਾ

ਇਸ ਕਿਤਾਬ ਦੇ ਪੰਨਾ 75 'ਤੇ ਪ੍ਰੋਫ਼ੈਸਰ ਸਾਹਿਬ ਲਿਖਦੇ ਹਨ:

> ਬੇਇਨਸਾਫ਼ੀ ਦੀ ਖੁੰਢੀ ਛੁਰੀ ਨਾਲ ਰਾਜੇ ਪਰਜਾ ਨੂੰ ਛਿੱਲ ਰਹੇ ਸਨ, ਕਿਉਂਕਿ ਧਰਮ ਉਹਨਾਂ ਵਿਚੋਂ ਉੱਡ ਗਿਆ ਸੀ। ਕੂੜ ਕੁਫ਼ਰ ਦੀ ਅੰਨ੍ਹੇਰੀ ਰਾਤ ਵਿਚ ਚੰਦਰਮਾ ਭਾਲਿਆਂ ਵੀ ਨਹੀਂ ਲੱਭਦਾ ਸੀ। ਗੁਰੂ ਸਾਹਿਬ ਕਹਿ ਰਹੇ ਹਨ ਕਿ ਮੈਂ ਸੱਚ ਦੇ ਚੰਦਰਮਾ ਨੂੰ ਲੱਭ-ਲੱਭ ਕੇ ਵਿਆਕੁਲ ਹੋ ਗਿਆ ਹਾਂ, ਮੈਨੂੰ ਹਨੇਰੇ ਵਿਚ ਕੋਈ ਰਾਹ ਦਿੱਸਦਾ ਨਹੀਂ। ਅਸਲ ਵਿਚ ਹਨੇਰੇ ਦਾ ਮੂਲ ਕਾਰਨ ਹਉਮੈਂ ਹੈ ਤੇ ਇਸ ਤੋਂ ਖ਼ਲਾਸੀ ਕਿਵੇਂ ਹੋਵੇ? ਇਹਨਾਂ ਡੂੰਘੀਆਂ ਵਿਚਾਰਾਂ ਨੂੰ ਲੈ ਕੇ ਹੀ ਗੁਰੂ ਨਾਨਕ ਸਾਹਿਬ ਜੀ ਵੇਈਂ ਨਦੀ ਵਿਚ ਉਤਰੇ

ਸੀ। ਤਿੰਨ ਦਿਨ ਪਾਣੀ ਵਿਚ ਬਿਠਾ ਕੇ ਸਾਨੂੰ ਖ਼ੁਸ਼ੀ ਹੁੰਦੀ ਹੈ ਪਰ ਡਾ. ਕਿਰਪਾਲ ਸਿੰਘ ਜੀਲਿਖਦੇ ਹਨ ਕਿ ਇਉਂ ਜਾਪਦਾ ਹੈ ਕਿ ਗੁਰੂ ਨਾਨਕ ਜੀ ਵੇਈਂ ਨਦੀ ਦੇ ਦੂਸਰੇ ਕੰਢੇ ’ਤੇ ਜਾ ਕੇ ਕਿਸੇ ਇਕਾਂਤ ਥਾਂ ’ਤੇ ਪਰਮਾਤਮਾ ਨਾਲ ਜੁੜ ਗਏ।

ਅੱਗੇ ਪੰਨਾ 77 ’ਤੇ ਪ੍ਰੋ. ਗੁਰਬਚਨ ਸਿੰਘ ਜੀ ਲਿਖਦੇ ਹਨ—ਕਿਉਂਕਿ ਪਰਮੇਸ਼ਰ ਹਰ ਜਗ੍ਹਾ, ਹਰ ਹਿਰਦੇ ਵਿਚ ਹੈ:

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**

*(ਅੰਗ ੧੩)*

ਗੁਰੂ ਸਾਹਿਬ ਹਿਰਦੇ ਵਿਚਲੇ ਰੱਬ ਜੀ ਪਾਸ ਗਏ, ਭਾਵ ਆਪਣੇ ਹਿਰਦੇ ਦੀ ਵੇਈਂ ਨਦੀ ਵਿਚ ਉਤਰ ਕੇ ਮਨੁੱਖਤਾ ਦੇ ਭਲੇ ਲਈ ਇਕ ਪ੍ਰੋਗਰਾਮ ਉਲੀਕਿਆ, ਜਿਸ ਨੂੰ ਦਸ ਹਿੱਸਿਆਂ ਵਿਚ (ਦਸ ਗੁਰੂ ਸਾਹਿਬਾਨ) ਵਿਚ ਵੰਡਿਆ ਅਤੇ ਆਦਰਸ਼ ਰੱਖਿਆ, ‘ਸਚਿਆਰ ਮਨੁੱਖ’ ਬਣਨ ਦਾ ਹੈ।

ਇਥੇ ਲੇਖਕ ਨੇ ਮਨੋਕਲਪਿਤ ਅਰਥ ਕਰ ਕੇ ਸੁਲਤਾਨਪੁਰ ਵਾਲੀ ‘ਵੇਈਂ’ ਦਾ ਭੋਗ ਪਾ ਦਿੱਤਾ।

ਨਾ ਤਾਂ ਡਾ. ਕਿਰਪਾਲ ਸਿੰਘ ਅਤੇ ਨਾ ਹੀ ਕੋਈ ਮਿਸ਼ਨਰੀ ਕਾਲਜ ਦਾ ਪ੍ਰੋਫ਼ੈਸਰ ਇਸ ਘਟਨਾ ਵੇਲੇ ਮੌਕੇ ’ਤੇ ਹਾਜ਼ਰ ਸੀ, ਇਸ ਲਈ ਸਭ ਨੇ ਆਪਣੀ ਮਾਨਸਿਕ ਅਵਸਥਾ ਅਨੁਸਾਰ ਮਨੋਕਲਪਿਤ ਸਿੱਟੇ ਕੱਢੇ ਹਨ।

ਸਹੀ ਤੱਥ ਲੱਭਣ ਲਈ ਸਮੇਂ ਦੀ ਪ੍ਰਚਲਿਤ ਸਥਿਤੀ, ਸਮਾਜਿਕ ਬਣਤਰ ਅਤੇ ਗੁਰਬਾਣੀ ਨੂੰ ਆਧਾਰ ਬਣਾ ਕੇ ਚਰਚਾ ਕਰਾਂਗੇ। ਸੁਲਤਾਨਪੁਰ ਲੋਧੀ ਉਸ ਸਮੇਂ ਦਾ ਕਾਫ਼ੀ ਵੱਡਾ ਸ਼ਹਿਰ-ਨੁਮਾ ਕਸਬਾ ਸੀ, ਜਿਥੇ ਕਾਫ਼ੀ ਵੱਡੇ ਕਿਲ੍ਹੇ ਦਾ ਮਾਲਕ ਨਵਾਬ ਦੌਲਤ ਖ਼ਾਂ ਰਹਿੰਦਾ ਸੀ ਅਤੇ ਉਸ ਪਾਸ ਕਈ ਹਜ਼ਾਰ ਫ਼ੌਜ ਸੀ। ਆਬਾਦੀ ਮੁਤਾਬਿਕ ਹੀ ਬਜ਼ਾਰ, ਅਮੀਰ ਆਦਮੀ ਅਤੇ ਗ਼ਰੀਬ ਮਜ਼ਦੂਰ ਕਾਮੇ ਜਾਂ ਹਾਲੀ-ਪਾਲੀ ਸਨ। ਜਿਸ ਤਰ੍ਹਾਂ ਕਿ ਆਮ ਹੁੰਦਾ ਹੈ ਕਿ ਅਮੀਰ ਆਦਮੀਆਂ ਦੇ ਘਰ ਆਮ ਵੱਸੋਂ ਤੋਂ ਅਲੱਗ ਹੁੰਦੇ ਹਨ। ਬੇਬੇ ਨਾਨਕੀ ਦੇ ਘਰ ਤੋਂ ਵੇਈਂ ਨਦੀ ਤਕਰੀਬਨ ਦੋ ਕਿਲੋਮੀਟਰ ਅਤੇ ਬਾਹਰਵਾਰ ਤੇ ਕਿਲ੍ਹੇ ਤੋਂ ਤਕਰੀਬਨ ਪੌਣਾ ਕਿਲੋਮੀਟਰ ਦੂਰ ਸੀ।

ਇਸ ਵੇਲੇ ਤਕ ਬਾਬਾ ਨਾਨਕ ਦੀ ਖ਼ੁਸ਼ਬੋ ਦੂਰ-ਦੂਰ ਤਕ ਫੈਲ ਚੁੱਕੀ ਸੀ ਅਤੇ ਰਾਇ ਬੁਲਾਰ ਰਾਹੀਂ ਇਹ ਖ਼ੁਸ਼ਬੋ ਨਵਾਬ ਦੌਲਤ ਖ਼ਾਂ ਕੋਲ ਪੁੱਜ ਗਈ

ਸੀ। ਸੋ ਨਵਾਬ ਦੌਲਤ ਖ਼ਾਂ ਲਈ ਨਾਨਕ ਕੇਵਲ ਇਕ ਮੋਦੀ ਹੀ ਨਹੀਂ ਬਲਕਿ ਕੁਝ ਹੋਰ ਵੀ ਸੀ। ਗੁਰੂ ਸਾਹਿਬ ਹਰ ਰੋਜ਼ ਹੀ ਅੰਮ੍ਰਿਤ ਵੇਲੇ ਮਰਦਾਨੇ ਨਾਲ ਵੇਈਂ ਨਦੀ ਵਿਚ ਇਸ਼ਨਾਨ ਕਰ ਕੇ ਪਰਮੇਸ਼ਰ ਦੇ ਧਿਆਨ ਵਿਚ ਲੀਨ ਹੁੰਦੇ ਸਨ। ਜਿਸ ਕੰਮ ਨੂੰ ਅੱਜ ਸਾਰਾ ਮਿਸ਼ਨਰੀ ਜਗਤ ਬ੍ਰਾਹਮਣਵਾਦੀ ਆਖਦਾ ਹੈ, ਉਹ ਗੁਰੂ ਨਾਨਕ ਸਾਹਿਬ ਹਰ ਰੋਜ਼ ਕਰਦੇ ਸਨ।

ਸੋ ਜੇ ਗੁਰੂ ਸਾਹਿਬ ਲਈ ਮੰਨ ਲਿਆ ਜਾਵੇ ਕਿ ਨਦੀ ਦੇ ਪਾਰ ਜਾ ਕੇ ਇਕਾਂਤ ਵਿਚ ਬੈਠ ਗਏ ਤਾਂ ਨਦੀ ਦੇ ਪਾਰ ਜਾ ਕੇ ਡੰਗਰ ਚਾਰਨ ਵਾਲੇ ਕਿਸੇ ਹਾਲੀ-ਪਾਲੀ ਨੂੰ ਕਿਉਂ ਨਾ ਦਿਸੇ ? ਫਿਰ ਇਹ ਭੀ ਇਤਿਹਾਸਿਕ ਤੱਥ ਹੈ ਕਿ ਦੌਲਤ ਖ਼ਾਂ ਅਤੇ ਭਾਈਆ ਜੈਰਾਮ ਨੇ ਚਾਰੇ ਪਾਸੇ ਲੱਭਣ ਲਈ ਬੰਦੇ ਭੇਜੇ। ਸੁਲਤਾਨਪੁਰ ਲੋਧੀ ਕੋਈ ਪਹਾੜੀ ਇਲਾਕਾ ਭੀ ਨਹੀਂ ਕਿ ਕਿਸੇ ਗੁਫ਼ਾ ਵਿਚ ਜਾ ਕੇ ਉਹ ਛੁਪ ਗਏ ਹੋਣ। ਸੋ ਮਿਸ਼ਨਰੀ ਕਾਲਜ ਵਾਲਿਆਂ ਅਤੇ ਕਾਮਰੇਡ ਵਿਦਵਾਨਾਂ ਦੇ ਖ਼ਬਤੀ ਦਿਮਾਗ਼ ਦੀਆਂ ਕਾਢਾਂ ਹਨ।

ਗੁਰੂ ਸਾਹਿਬ ਆਪ ਦੱਸ ਰਹੇ ਹਨ ਕਿ ਮੈਂ ਕਿਥੇ ਗਿਆ :

**ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥**
**ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥**
**ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥**
**ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥**
**ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ॥**

*(ਅੰਗ ੯੧)*

ਇਸੇ ਪਉੜੀ ਦਾ ਵਿਸਤਾਰ ਜਨਮਸਾਖੀਆਂ ਵਿਚ ਕੀਤਾ ਗਿਆ ਹੈ ਅਤੇ ਇਸੇ ਘਟਨਾ ਨੂੰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

**ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਂਦੇ ਫਿਰਿ ਘਾਲਿ ਕਮਾਈ।**
**ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।**
**ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।**
**ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।**
**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।**
**ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥**

*(ਵਾਰ ੧/੨੪)*

ਇਸ ਘਟਨਾ ਤੋਂ ਤਕਰੀਬਨ ਚਾਲੀ ਸਾਲ ਪਿੱਛੋਂ ਗੁਰੂ ਸਾਹਿਬ ਜੋਤੀ-ਜੋਤ ਸਮਾਏ। ਕਦੇ ਹੋ ਸਕਦਾ ਹੈ, ਗੁਰੂ ਸਾਹਿਬ ਨੇ ਇਹ ਅਨੁਭਵੀ ਗੱਲ ਕਿਸੇ ਨਾਲ ਸਾਂਝੀ ਨਾ ਕੀਤੀ ਹੋਵੇ, ਖ਼ਾਸ ਕਰਕੇ ਭਾਈ ਲਹਿਣਾ ਜੀ ਨਾਲ ਜਾਂ ਬਾਬਾ ਬੁੱਢਾ ਜੀ ਨਾਲ ਜੋ ਉਹਨਾਂ ਦੇ ਵਿਸ਼ਵਾਸ-ਪਾਤਰ ਸਨ। ਇਹ ਗੱਲ ਅੱਗੇ ਟੁਰਦੀ ਗਈ ਤਾਂ ਹੀ ਭਾਈ ਗੁਰਦਾਸ ਜੀ ਨੇ ਇਹ ਲਿਖਿਆ ਅਤੇ ਸਾਖੀਕਾਰਾਂ ਨੇ ਲਿਖਤੀ ਰੂਪ ਦੇ ਦਿੱਤਾ। ਪਰ ਜਿਸ ਹਿਰਦੇ ਵਿਚ ਪਰਮੇਸ਼ਰੀ ਗਿਆਨ ਦੀ ਬਜਾਇ ਪਦਾਰਥੀ ਵਿਗਿਆਨ ਦੀ ਚਾਰ ਇੰਚ ਮੋਟੀ ਪਰਤ ਚੜ੍ਹੀ ਹੋਵੇ, ਉਹ ਇਹ ਗੱਲਾਂ ਕਿਵੇਂ ਮੰਨੇਗਾ ? ਕਦੇ ਨਹੀਂ ਮੰਨੇਗਾ।

"ਉਹ ਹਿਰਦੇ ਰੂਪੀ ਵੇਈਂ ਵਿਚ ਉਪਰ ਗਏ, ਉਥੇ ਉਹਨਾਂ ਨੇ ਬੈਠ ਕੇ ਮੰਥਨ ਕੀਤਾ" ਗਪੌੜ ਮਾਰਨ ਵਾਲੇ ਪ੍ਰੋਫ਼ੈਸਰ ਸਾਹਿਬ ਨੂੰ ਅਸੀਂ ਪੁੱਛਦੇ ਹਾਂ ਕਿ ਮੈਡੀਕਲ ਸਾਇੰਸ ਅਨੁਸਾਰ ਦਿਲ ਇਕ ਮਾਸ ਦਾ ਲੋਥੜਾ ਹੈ, ਇਸ ਵਿਚ ਧਮਨੀਆਂ ਹਨ, ਇਕ ਪੰਪ ਹੈ ਜੋ ਫੇਫੜਿਆਂ ਰਾਹੀਂ ਮਿਲੀ ਹਵਾ ਨਾਲ ਖ਼ੂਨ ਨੂੰ ਧਮਨੀਆਂ ਦੁਆਰਾ ਸਰੀਰ ਦੇ ਹਰ ਹਿੱਸੇ ਵਿਚ ਭੇਜਦਾ ਹੈ ਅਤੇ ਕੁਝ ਨਾੜੀਆਂ ਰਾਹੀਂ ਵਾਪਸ ਦਿਲ ਵਿਚ ਆ ਜਾਂਦਾ ਹੈ। ਇਥੇ ਕਿਹੜੀ ਵੇਈਂ ਨਦੀ ਦੀ ਮਾਸੀ ਦੀ ਗੋਦ ਵਿਚ ਬੰਦਾ ਬੈਠ ਸਕਦਾ ਹੈ ? ਪਰ ਵਿਗਿਆਨ ਦੇ ਪੱਟੇ ਕਾਮਰੇਡ ਹੋਰ ਕੀ ਕਹਿ ਸਕਦੇ ਹਨ ?

ਅਜਿਹੇ ਹੀ ਯੱਕੜ ਮਿਸ਼ਨਰੀ ਕਾਲਜ ਜਵੱਦੀ ਵਿਚ ਪੜ੍ਹੇ ਹੋਏ 'ਸੰਤਾਂ ਦੇ ਕੌਤਕ' ਲਿਖਣ ਵਾਲੇ ਸੁਖਵਿੰਦਰ ਸਿੰਘ ਸਭਰਾ ਨੇ ਆਪਣੀ ਛੇਵੀਂ ਕਿਤਾਬ ਵਿਚ ਪੰਜਾ ਸਾਹਿਬ ਬਾਰੇ ਮਾਰੇ ਹਨ, "ਇਹ ਲੋਕ ਸਿੱਖ ਮਾਰੂ ਤਾਕਤਾਂ ਦੇ ਇਸ਼ਾਰੇ 'ਤੇ ਪਹਾੜ ਵਾਲੇ ਪੰਜੇ ਦੀ ਮਹਾਨਤਾ ਵਧਾ ਰਹੇ ਹਨ ਅਤੇ ਗੁਰੂ ਦੇ ਆਪਣੇ ਕਰ-ਕਮਲਾਂ ਨਾਲ ਬਾਣੀ ਲਿਖੀ ਹੈ, ਇਸ ਦੀ ਮਹਾਨਤਾ ਘਟਾ ਰਹੇ ਹਨ। ਪੰਜਾ ਸਾਹਿਬ ਦੀ ਸਿੱਖਿਆ ਵਲੀ ਕੰਧਾਰੀ ਦੇ ਰਿੜ੍ਹਦੇ ਆਉਂਦੇ ਪਹਾੜ ਨੂੰ ਗੁਰੂ ਨੇ ਗੁਰਬਾਣੀ ਦੇ ਪੰਜੇ ਨਾਲ ਸਦਾ ਵਾਸਤੇ ਰੋਕ ਦਿੱਤਾ।"

ਹੁਣ ਜਿਸ ਬੰਦੇ ਨੂੰ ਇੰਨੇ ਵੱਡੇ ਪੱਥਰ ਵਿਚ ਲੱਗਿਆ, ਕੁੱਲ ਦੁਨੀਆਂ ਨੂੰ ਦਿਸਣ ਵਾਲਾ ਪੰਜਾ ਨਾ ਦਿਸੇ ਅਤੇ ਮਹਾਨ ਕੋਸ਼ ਵਿਚ 'ਹਸਨ ਅਬਦਾਲ' ਦੇ ਅਰਥਾਂ ਵਿਚ ਲਿਖਿਆ ਭਾਈ ਕਾਨ੍ਹ ਸਿੰਘ ਜੀ ਦੀ ਲਿਖਤ ਅੰਧ-ਵਿਸ਼ਵਾਸ ਅਤੇ ਬ੍ਰਾਹਮਣਵਾਦੀ ਮਨੋਕਲਪਿਤ ਮਹਿਸੂਸ ਹੋਵੇ, ਉਸ ਦਾ ਇਲਾਜ ਫਿਰ ਆਗਰੇ ਜਾਂ ਅੰਮ੍ਰਿਤਸਰ ਦੇ ਮੈਂਟਲ ਹਸਪਤਾਲ ਵਿਚ ਹੀ ਕਰਵਾਉਣਾ ਵਾਜਬ ਹੈ ਅਤੇ ਜਾਂ ਫਿਰ ਸਿੰਘ ਬੋਲੇ ਮੁਤਾਬਿਕ ਅਕਲਦਾਨ ਬਖ਼ਸ਼ਣ ਨਾਲ ਹੋ ਸਕਦਾ ਹੈ। ਕੱਲ੍ਹ ਨੂੰ ਇਹ ਕਹਿ ਸਕਦੇ ਹਨ ਕਿ ਭਾਈ ਬਚਿੱਤਰ ਸਿੰਘ ਦੀ ਬਹਾਦਰੀ

ਦੀ ਸਾਖੀ ਭੀ ਝੂਠੀ ਹੈ। ਇਹ ਤਾਂ 'ਮਨ ਰੂਪੀ ਹਾਥੀ ਦੇ ਹੰਕਾਰ ਨੂੰ ਗੁਰਬਾਣੀ ਦੀ ਗਿਆਨ ਰੂਪੀ ਬਰਛੀ ਨਾਲ ਕੱਟਣ ਦੀ ਗੱਲ ਹੈ। ਇਸ ਦਾ ਮੂਲ ਕਾਰਣ ਇਹ ਹੈ ਕਿ ਵਿਗਿਆਨ ਦੇ ਉਪਾਸ਼ਕ ਕਾਮਰੇਡੀ ਬਿਰਤੀ ਦੇ ਮਾਲਕਾਂ ਨੂੰ ਇਹ ਗੱਲਾਂ ਹਜ਼ਮ ਨਹੀਂ ਹੁੰਦੀਆਂ।

ਲੇਖਕ ਦੀ ਲਿਖਤ ਦਾ ਦੂਸਰਾ ਨੁਕਤਾ ਇਹ ਹੈ ਕਿ ਗੁਰੂ ਸਾਹਿਬ ਇਕਾਂਤ ਵਿਚ ਬੈਠ ਕੇ ਅਗਲੇਰੇ ਪ੍ਰੋਗਰਾਮ ਲਈ ਡੂੰਘੀਆਂ ਵਿਚਾਰਾਂ ਵਿਚ ਡੁੱਬੇ ਰਹੇ ਅਤੇ ਤਿੰਨ ਦਿਨ ਪਿੱਛੋਂ ਨਿਰਨਾ ਕਰ ਕੇ ਆਪਣੇ ਉਲੀਕੇ ਪ੍ਰੋਗਰਾਮ ਅਨੁਸਾਰ ਅੱਗੇ ਵਧੇ।

ਪ੍ਰੋਫ਼ੈਸਰ ਸਾਹਿਬ ਆਪਣੀ ਮਾਨਸਿਕਤਾ ਨਾਲ ਤੁਲਨਾ ਕਰ ਕੇ ਗੁਰੂ ਸਾਹਿਬ ਨੂੰ ਮਨੁੱਖੀ ਧਰਾਤਲ 'ਤੇ ਪੇਸ਼ ਕਰਨ ਦੀ ਕੁਚੇਸ਼ਟਾ ਅਤੇ ਨੀਚ ਕਰਮ ਕਰ ਕੇ ਜਨ-ਸਧਾਰਨ ਨੂੰ ਗੁਮਰਾਹ ਕਰ ਰਹੇ ਹਨ। ਜਦ ਕਿ ਗੁਰਬਾਣੀ ਦੱਸ ਰਹੀ ਹੈ:

**ਜੋਤ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥**

*(ਅੰਗ ੧੪੦੮)*

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥**

*(ਅੰਗ ੪੬੬)*

**ਮਾਨੁਖ ਕਾ ਕਰਿ ਰੂਪੁ ਨ ਜਾਨੁ॥ ਮਿਲੀ ਨਿਮਾਨੇ ਮਾਨੁ॥**

*(ਅੰਗ ੮੯੫)*

**ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦੁ॥**

*(ਅੰਗ ੧੧੪੨)*

ਦੁਨਿਆਵੀ ਕਵੀਆਂ ਨੂੰ ਕਵਿਤਾ ਲਿਖਣ ਲਈ, ਨਾਵਲ ਲਿਖਣ ਲਈ ਇਕਾਂਤ-ਵਾਸ ਵਾਸਤੇ ਪਹਾੜਾਂ 'ਤੇ ਜਾਣਾ ਪੈਂਦਾ ਹੈ ਪਰ ਪਰਮੇਸ਼ਰ ਦੇ ਪਿਆਰਿਆਂ ਦੇ ਹਿਰਦਿਆਂ ਵਿਚ ਕਵਿਤਾ ਜਾਂ ਬਾਣੀ ਗੰਗਾ ਦੀ ਧਾਰਾ ਵਾਂਗ ਉੱਤਰਦੀ ਹੈ।

**ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ॥**

*(ਅੰਗ ੩੨੦)*

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥**

*(ਅੰਗ ੭੨੨)*

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥**

*(ਅੰਗ ੭੬੩)*

ਠੀਕ ਇਸੇ ਤਰ੍ਹਾਂ ਸੰਸਾਰੀ ਲੀਡਰਾਂ ਨੂੰ ਆਪਣੇ ਕੰਮਾਂ ਲਈ ਲੰਮੀਆਂ ਸੋਚਾਂ ਕਰਨੀਆਂ ਪੈਂਦੀਆਂ ਹਨ। ਪਰ ਗੁਰੂ ਸਾਹਿਬ ਧੁਰੋਂ ਦਰਗਾਹੋਂ ਉਲੀਕੇ ਪ੍ਰੋਗਰਾਮ ਅਨੁਸਾਰ ਸੰਸਾਰ ਵਿਚ ਵਿਚਰੇ ਸਨ।

**ਹਉ ਢਾਢੀ ਵੇਕਾਰੁ ਕਾਰੈ ਲਾਇਆ ॥**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥**

*(ਅੰਗ ੧੫੦)*

**ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥**
**ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥**
**ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥**
**ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥**
**ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥**
**ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥**
**ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥**
**ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥**

*(ਅੰਗ ੧੦੦੦)*

# ਬ੍ਰਾਹਮਣਵਾਦ ! ਬ੍ਰਾਹਮਣਵਾਦ !! ਬ੍ਰਾਹਮਣਵਾਦ !!!

ਸਾਰੇ ਸਿੱਖ ਮਿਸ਼ਨਰੀ ਕਾਲਜਾਂ ਵੱਲੋਂ ਇਹ ਪ੍ਰਚਾਰ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ ਕਿ ਦੁਨੀਆਂ ਵਿਚ ਸਭ ਤੋਂ ਵੱਧ ਬੇਈਮਾਨ, ਚੋਰ, ਝੂਠਾ ਅਤੇ ਠੱਗ ਹਿੰਦੁਸਤਾਨ ਦਾ ਬ੍ਰਾਹਮਣ ਹੈ ਅਤੇ ਬ੍ਰਾਹਮਣ ਨੂੰ ਅਜਿਹਾ ਬਣਾਉਣ ਵਾਲੇ ਉਹਨਾਂ ਦੇ ਧਾਰਮਿਕ ਗ੍ਰੰਥ ਹਨ। ਇਹਨਾਂ ਅਨੁਸਾਰ ਹਿੰਦੂਆਂ ਦੇ ਵੇਦ, ਸ਼ਾਸਤਰ, ਸਿੰਮ੍ਰਿਤੀਆਂ, ਉਪਨਿਸ਼ਦ ਸਭ ਕੂੜੇ ਦਾ ਢੇਰ ਅਤੇ ਸਾੜ ਦੇਣ ਨਾਲ ਸਾਡਾ ਦੇਸ ਪਵਿੱਤਰ ਹੋ ਜਾਵੇਗਾ। ਅਤੇ ਹੁਣ ਦਾ ਸਾਰਾ ਨਾਨਕ ਨਾਮ-ਲੇਵਾ ਸਮਾਜ (ਮਿਸ਼ਨਰੀ ਕਾਲਜਾਂ ਨੂੰ ਛੱਡ ਕੇ) ਬ੍ਰਾਹਮਣੀ ਰੰਗਤ ਵਿਚ ਰੰਗਿਆ ਹੋਇਆ ਹੈ ਅਤੇ ਮਿਸ਼ਨਰੀ ਕਾਲਜ ਇਸ ਮੈਲੀ ਗੰਗਾ ਨੂੰ ਪਵਿੱਤਰ ਕਰਨ ਲਈ ਯਤਨਸ਼ੀਲ ਹਨ। ਬਾਕੀ ਸਾਰੀਆਂ ਸਿੱਖ ਸੰਸਥਾਵਾਂ ਸਿੱਖੀ ਦੇ ਬੇੜੇ ਨੂੰ ਡੋਬਣ ਲਈ ਤਤਪਰ ਹਨ।

ਹਸਪਤਾਲ ਦੇ ਗ਼ੈਰ-ਜ਼ੁੰਮੇਵਾਰ ਡਾਕਟਰਾਂ ਦੇ ਹੱਥੋਂ ਅੱਜ ਅਨੇਕਾਂ ਮਰੀਜ਼ ਜਾਨ ਗਵਾ ਬੈਠਦੇ ਹਨ। ਕੀ ਸਾਰੇ ਮੈਡੀਕਲ ਕਾਲਜ ਬੰਦ ਕਰ ਦੇਣੇ ਚਾਹੀਦੇ ਹਨ ਜਾਂ ਮੈਡੀਕਲ ਸਾਇੰਸ ਦੀਆਂ ਕਿਤਾਬਾਂ ਸਾੜ ਦੇਣੀਆਂ ਚਾਹੀਦੀਆਂ ਹਨ।

ਝੂਠੀਆਂ ਗਵਾਹੀਆਂ ਦੇਣ ਕਾਰਨ, ਵਕੀਲਾਂ ਦੀ ਬੇਈਮਾਨੀ ਕਾਰਨ ਅਤੇ ਜੱਜਾਂ ਦੀ ਰਿਸ਼ਵਤਖ਼ੋਰੀ ਕਾਰਨ ਅਨੇਕਾਂ ਬੇਕਸੂਰ ਬੰਦੇ ਜੇਲ੍ਹ ਜਾਂਦੇ ਹਨ ਜਾਂ ਫਾਂਸੀ ਲੱਗਦੇ ਹਨ। ਕੀ ਅਦਾਲਤਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਜਾਂ ਭਾਰਤ ਦਾ ਵਿਧਾਨ ਸਾੜ ਦੇਣਾ ਚਾਹੀਦਾ ਹੈ ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵਿਚਾਰ ਕਰਦਿਆਂ ਪ੍ਰਤੱਖ ਦਿੱਸਦਾ ਹੈ ਕਿ ਸੱਤ ਬ੍ਰਾਹਮਣ ਭਗਤਾਂ ਦੀ ਬਾਣੀ ਗੁਰੂ ਸਾਹਿਬ ਨੇ ਪ੍ਰਵਾਨ ਕਰ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ ਹੈ ਅਤੇ ਸਮੁੱਚੀ ਬਾਣੀ ਨੂੰ ਦਸਮੇਸ਼ ਪਿਤਾ ਨੇ ਮੱਥਾ ਟੇਕ ਕੇ ਗੁਰਿਆਈ ਬਖ਼ਸ਼ੀ ਹੈ, ਜਿਸ ਨੂੰ ਅਸੀਂ ਗੁਰੂ ਰੂਪ ਜਾਣ ਕੇ ਮੱਥਾ ਟੇਕਦੇ ਹਾਂ। ਹੋਰ ਅੱਗੇ ਜਾਈਏ ਤਾਂ ਪਤਾ ਚੱਲੇਗਾ ਕਿ ਇਹਨਾਂ ਸੱਤਾਂ

ਵਿਚ ਚਾਰ ਬ੍ਰਾਹਮਣ ਭਗਤ ਐਸੇ ਹਨ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੰਸਾਰ ਆਗਮਨ ਤੋਂ ਪਹਿਲਾਂ ਹੋਏ ਹਨ।

1. ਭਗਤ ਜੈਦੇਵ ਜੀ (ਸੰਨ 1201 ਤੋਂ 1273) ਬੰਗਾਲ
2. ਭਗਤ ਤ੍ਰਿਲੋਚਨ ਜੀ (ਸੰਨ 1262 ਤੋਂ 1335) ਮਹਾਂਰਾਸ਼ਟਰ
3. ਭਗਤ ਬੇਣੀ ਜੀ (ਪੰਦਰਵੀਂ ਸਦੀ) ਬਿਹਾਰ
4. ਰਾਮਾਨੰਦ ਜੀ (ਸੰਨ 1366 ਤੋਂ 1467) ਉੱਤਰ ਪ੍ਰਦੇਸ਼

ਭਗਤ ਰਾਮਾਨੰਦ ਜੀ ਦੇ ਸੇਵਕ ਕਬੀਰ ਜੀ, ਰਵਿਦਾਸ ਜੀ, ਭਗਤ ਪੀਪਾ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਗਤ ਪੀਪਾ ਜੀ ਭੀ ਬ੍ਰਾਹਮਣ ਜਾਤੀ ਵਿਚੋਂ ਸਨ।

ਜੇ ਸਨਾਤਨ ਧਰਮ ਦੇ ਸਾਰੇ ਗ੍ਰੰਥ ਕੂੜ-ਕਬਾੜ ਦਾ ਢੇਰ ਹਨ ਤਾਂ ਫਿਰ ਇਹਨਾਂ ਬ੍ਰਾਹਮਣ ਭਗਤਾਂ ਨੂੰ ਤੱਤ ਗਿਆਨ ਕਿਥੋਂ ਪ੍ਰਾਪਤ ਹੋਇਆ ?

ਕੀ ਗ਼ਲਤ ਗ੍ਰੰਥ ਪੜ੍ਹ ਕੇ ਕੋਈ ਬੰਦਾ ਸਹੀ ਜੀਵਨ-ਜਾਚ ਪਾ ਸਕਦਾ ਹੈ ?

ਇਸ ਤੋਂ ਇਲਾਵਾ ਗੁਰਬਾਣੀ ਵਿਚ ਦਰਜ ਹੈ :

**ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥**
**ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ॥**
**ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥**

*(ਅੰਗ ੫੯੧)*

ਜੇ ਸਨਾਤਨ ਧਰਮ ਅਤੇ ਇਸ ਦੇ ਗ੍ਰੰਥ ਮੂਲੋਂ ਹੀ ਗ਼ਲਤ ਹਨ ਤਾਂ ਭਗਤ ਪ੍ਰਹਿਲਾਦ, ਰਾਜਾ ਜਨਕ, ਰਿਸ਼ੀ ਵਸ਼ਿਸ਼ਟ ਨੂੰ ਗੁਰਬਾਣੀ 'ਗੁਰਮੁਖ' ਦੀ ਪਦਵੀ ਕਿਸ ਤਰ੍ਹਾਂ ਦੇ ਸਕਦੀ ਹੈ ?

ਸੰਸਾਰ ਪ੍ਰਸਿੱਧ ਫ਼ਿਲਾਸਫ਼ਰ ਡਾਕਟਰ ਰਾਧਾ ਕ੍ਰਿਸ਼ਨਨ (ਸਵਰਗੀ ਰਾਸ਼ਟਰਪਤੀ), ਜਰਮਨ ਮੂਲ ਦੇ ਸੰਸਕ੍ਰਿਤ ਸਕਾਲਰ ਮ. ਮੈਕਸ ਮੁਲਰ, ਨੈਸ਼ਨਲ ਪ੍ਰੋਫ਼ੈਸਰ ਆਫ਼ ਸਿਖਇਜ਼ਮ ਸਿਰਦਾਰ ਕਪੂਰ ਸਿੰਘ ਅਤੇ ਹੋਰ ਖੋਜੀ ਬੰਦੇ, ਜਿਨ੍ਹਾਂ ਨੇ ਵੱਖ-ਵੱਖ ਧਰਮਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ, ਉਹਨਾਂ ਨੂੰ ਸਨਾਤਨ ਧਰਮ-ਗ੍ਰੰਥਾਂ ਵਿਚੋਂ ਭੀ ਬਹੁਤ ਕੀਮਤੀ ਵਿਚਾਰ ਮਿਲੇ ਹਨ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਭੀ ਇਹਨਾਂ ਗ੍ਰੰਥਾਂ ਵਿਚ ਆਏ ਸਹੀ ਤੱਥਾਂ ਨੂੰ ਪ੍ਰਵਾਨ ਕੀਤਾ ਹੈ :

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥**

*(ਅੰਗ ੯੨੧)*

ਅਰਥ—ਵੇਦਾਂ ਵਿਚ ਭੀ ਨਾਮ (ਜਪਣ ਨੂੰ) ਉੱਤਮ ਮੰਨਿਆ ਗਿਆ ਹੈ (ਪਰ) ਵੇਦਾਂ ਨੂੰ ਪੜ੍ਹਨ ਵਾਲਾ (ਬ੍ਰਾਹਮਣ) ਇਸ ਗੱਲ ਨੂੰ ਸੁਣ ਕੇ ਮੰਨਦਾ ਨਹੀਂ ਅਤੇ ਬੇਤਾਲ ਦੀ ਜ਼ਿੰਗੀ ਜੀ ਰਿਹਾ ਹੈ।

ਇਹੋ ਗੱਲ ਮਿਸ਼ਨਰੀ ਕਾਲਜਾਂ 'ਤੇ ਢੁੱਕਦੀ ਹੈ। ਚੰਚਲਤਾਈਆਂ ਨਾਲ, ਹੋਛੀਆਂ ਕੁਤਰਕਾਂ ਨਾਲ ਗੁਰਬਾਣੀ ਦੇ ਤਰੋੜ-ਮਰੋੜ ਕੇ ਅਰਥਾਂ ਦੇ ਅਨਰਥਾਂ ਨਾਲ ਨਾਮ ਜਪਣ ਨੂੰ ਖੰਡਨ ਕਰਦੇ ਹਨ ਅਤੇ ਨਾਮ ਜਪਣ ਵਾਲਿਆਂ ਨੂੰ ਮੂਰਖ, ਅੰਧ-ਵਿਸ਼ਵਾਸੀ ਅਤੇ ਬ੍ਰਾਹਮਣਵਾਦੀ ਕਹਿੰਦੇ ਹਨ। ਗੁਰਬਾਣੀ ਦੇ ਇਸ ਫ਼ਰਮਾਨ ਦੀ ਕਸਵੱਟੀ ਅਨੁਸਾਰ ਮਿਸ਼ਨਰੀ ਕਾਲਜਾਂ ਵਾਲੇ ਖ਼ੁਦ ਝੂਠੇ ਬ੍ਰਾਹਮਣ ਸਾਬਤ ਹੋ ਗਏ।

**ਦੀਵਾ ਬਲੈ ਅੰਧੇਰਾ ਜਾਇ ॥ਬੇਦ ਪਾਠ ਮਤਿ ਪਾਪਾ ਖਾਇ ॥**

*(ਅੰਗ ੭੯੧)*

ਅਰਥ—ਜਿਸ ਤਰ੍ਹਾਂ ਦੀਵਾ ਬਲਣ ਨਾਲ ਅੰਧੇਰਾ ਦੂਰ ਹੁੰਦਾ ਹੈ, ਇਸੇ ਤਰ੍ਹਾਂ ਵੇਦਾਂ ਦੇ ਪਾਠ ਕਰਨ ਨਾਲ ਅਗਿਆਨਤਾ ਦਾ ਅੰਧੇਰਾ ਦੂਰ ਹੁੰਦਾ ਹੈ ਅਤੇ ਪਾਪਾਂ ਨੂੰ ਨਾਸ਼ ਕਰਨ ਵਾਲੀ ਮਤਿ ਪ੍ਰਾਪਤ ਹੁੰਦੀ ਹੈ।

**ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥**
**ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥**

*(ਅੰਗ ੪੦੮)*

ਅਰਥ—(ਧਾਰਮਿਕ ਗ੍ਰੰਥ) ਬੇਦ ਸ਼ਾਸਤਰ ਅਤੇ ਪਰਮੇਸ਼ਰ ਦੇ ਸੇਵਕ ਜਨ ਉੱਚੀ-ਉੱਚੀ ਸਮਝਾਉਂਦੇ ਹਨ ਪਰ ਕੰਨਾਂ ਤੋਂ ਬਹਿਰਾ ਬੰਦਾ ਸੁਣਦਾ ਹੀ ਨਹੀਂ। ਜਦ ਜ਼ਿੰਦਗੀ ਦੀ ਬਾਜ਼ੀ ਮੁੱਕ ਜਾਂਦੀ ਹੈ, ਫਿਰ ਮਨ ਵਿਚ ਝੂਰਦਾ ਹੈ:

**ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥**
**ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥**

*(ਅੰਗ ੬੩੨)*

ਅਰਥ—ਬੇਦ, ਪੁਰਾਣ, ਸਿੰਮ੍ਰਿਤੀਆਂ ਦੀ ਗੱਲ ਸੁਣ ਕੇ ਭੋਰਾ ਮਾਤਰ ਭੀ ਹਿਰਦੇ ਵਿਚ ਨਹੀਂ ਵਸਾਉਂਦਾ। ਪਰਾਇਆ ਧਨ ਅਤੇ ਪਰਾਈ ਇਸਤਰੀ ਨਾਲ ਰਚ ਕੇ ਜੀਵਨ ਗਵਾ ਰਿਹਾ ਹੈ।

ਇਥੇ ਮਿਸ਼ਨਰੀਆਂ ਕੋਲ ਕੀ ਗਰੰਟੀ ਹੈ ਕਿ ਮਿਸ਼ਨਰੀ ਕਾਲਜਾਂ ਦੇ ਪੜ੍ਹੇ ਕੋਈ ਰਿਸ਼ਵਤ ਨਹੀਂ ਲੈਂਦੇ, ਕੋਈ ਦੁਕਾਨਦਾਰ ਝੂਠ ਨਹੀਂ ਬੋਲਦਾ ਅਤੇ ਪਰਾਏ ਤਨ ਨੂੰ ਨਹੀਂ ਭੋਗਦਾ। ਮਿਸ਼ਨਰੀ ਕਾਲਜਾਂ ਦਾ ਬਣਾਇਆ ਸਿੱਖੀ ਆਕਾਸ਼ ਦੀ ਗੰਗਾ ਦਾ ਧਰੂ ਤਾਰਾ 'ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ' ਜਿਸ ਨੇ 'ਬਿਪ੍ਰਨ

ਕੀ ਰੀਤ ਤੋਂ ਸੱਚ ਦਾ ਮਾਰਗ' ਨਾਮੀ ਦਸ ਪੁਸਤਕਾਂ ਲਿਖ ਕੇ ਪ੍ਰੋ. ਗੁਰਬਚਨ ਸਿੰਘ ਵਾਂਗ ਸਾਰੇ ਪੰਥ ਨੂੰ ਬ੍ਰਾਹਮਣਵਾਦੀ ਬਣਾ ਦਿੱਤਾ, ਖ਼ੁਦ ਇਕ ਰਿਸ਼ਵਤਖ਼ੋਰ, ਪੈਰ-ਪੈਰ 'ਤੇ ਝੂਠ ਬੋਲਣ ਵਾਲਾ, ਬਲਾਤਕਾਰੀ ਪੁਲਸੀਆ ਹੈ। ਅਸੀਂ ਆਪਣੀ ਪੁਸਤਕ 'ਸਭ ਦੁਸਟ ਝਖ ਮਾਰਾ' ਵਿਚ ਇਸ ਦੇ ਆਚਾਰ, ਵਿਹਾਰ ਅਤੇ ਕਿਰਦਾਰ ਦੇ ਪਰਦੇ ਫ਼ਾਸ਼ ਕਰ ਦਿੱਤੇਹਨ। 2005 ਵਿਚ ਛਪੀ ਇਸ ਪੁਸਤਕ ਦਾ ਕਾਲਾ ਅਫ਼ਗ਼ਾਨਾ ਜਾਂ ਇਸ ਦੇ ਸਮਰਥਕ ਅੱਜ ਤਕ ਕੋਈ ਜਵਾਬ ਨਹੀਂ ਦੇ ਸਕੇ। 'ਸੰਤਾਂ ਦੇ ਕੌਤਕ' ਦਾ ਕਰਤਾ ਸੁਖਵਿੰਦਰ ਸਿੰਘ ਸਭਰਾ ਅਤੇ ਇੰਦਰ ਸਿੰਘ ਘੱਗਾ ਤਾਂ ਢੀਠਤਾਈ ਨਾਲ ਅਜੇ ਭੀ ਕਾਲਾ ਅਫ਼ਗ਼ਾਨਾ ਦੇ ਗੁਣ ਗਾ ਰਹੇ ਹਨ ਪਰ ਪ੍ਰੋ. ਗੁਰਬਚਨ ਸਿੰਘ ਨੂੰ ਮਸਝ ਆ ਗਈ ਹੈ। ਇਸ ਲਈ 280 ਪੰਨਿਆਂ ਦੀ ਆਪਣੀ ਪੁਸਤਕ 'ਵਿਰਲੈ ਕਿਨੈ ਵੀਚਾਰਿਆ' ਵਿਚ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦਾ ਕਿਤੇ ਜ਼ਿਕਰ ਨਹੀਂ ਕੀਤਾ। ਜਦ ਕਿ ਇਸ ਪੁਸਤਕ ਦਾ ਵਿਸ਼ਾ, ਵਸਤੂ, ਸਾਮੱਗਰੀ, ਸ਼ੈਲੀ ਅਤੇ ਵਿਚਾਰਧਾਰਾ ਇੰਨ-ਬਿੰਨ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਵਾਲੀ ਹੈ।

ਸੁਖਵਿੰਦਰ ਸਿੰਘ ਸਭਰਾ ਦੇ ਪਿੰਡ ਤੋਂ ਜੋ ਸੂਚਨਾ ਪ੍ਰਾਪਤ ਹੋਈ ਹੈ, ਉਸ ਅਨੁਸਾਰ ਪਹਿਲਾਂ ਸੰਗਤ ਨਾਲ ਰਲ ਕੇ ਪਿੰਡ ਦਾ ਇਤਿਹਾਸਿਕ ਗੁਰਦੁਆਰਾ 'ਕਿਲਾ ਸਾਹਿਬ' ਲਈ ਪੈਸੇ ਇਕੱਠੇ ਕਰ ਲਏ, ਫਿਰ ਸਰਕਾਰੀ ਬਲ-ਬੂਤੇ ਦੇ ਆਸਰੇ ਸਭ ਨੂੰ ਅਲੱਗ ਕਰ ਕੇ ਹੁਣ ਇਕੱਲਾ ਹੀ ਮਾਲਕ ਬਣਿਆ ਹੋਇਆ ਹੈ। ਕਈ ਹਜ਼ਾਰ ਵੋਟਾਂ ਵਾਲਾ ਸਾਰਾ ਪਿੰਡ ਇਕ ਪਾਸੇ ਹੈ ਅਤੇ ਕੁਝ ਕੁ ਸਭਰਾ ਦੇ ਸਮਰਥਕਾਂ ਦੀ ਚੰਡਾਲ-ਚੌਂਕੜੀ ਇਕ ਪਾਸੇ ਹੈ।

ਮਿਸ਼ਨਰੀ ਕਾਲਜਾਂ ਵਿਚੋਂ ਪੜ੍ਹ ਕੇ ਬਣੇ ਜਥੇਦਾਰ ਨੂੰਹ ਮਾਰਨ ਦੇ ਦੋਸ਼ ਵਿਚ ਜੇਲ੍ਹ ਦੀ ਹਵਾ ਖਾ ਚੁੱਕੇ ਹਨ। ਮਿਸ਼ਨਰੀ ਕਾਲਜ ਜਵੱਦੀ ਦਾ ਟ੍ਰੇਂਡ ਬੰਦਾ ਮਾਈ ਭਾਗੋ ਬ੍ਰਿਗੇਡ ਪਟਿਆਲਾ ਨੇ ਪ੍ਰਚਾਰ ਲਈ ਰੱਖ ਲਿਆ। ਜਦ ਪਤਾ ਲੱਗਾ ਕਿ ਕੁੜੀਆਂ ਨਾਲ ਅੱਖ-ਮਟੱਕੇ ਲਾਉਣ ਲੱਗ ਪਿਆ ਤਾਂ ਛੁੱਟੀ ਕਰ ਦਿੱਤੀ ਗਈ।

ਪਰ ਜਿਸ ਨੇ ਆਪਣਾ ਜੀਵਨ ਸਫ਼ਲਾ ਕਰਨ ਲਈ ਸੰਸਾਰਿਕ ਜ਼ੁੰਮੇਵਾਰੀਆਂ ਨਿਭਾਉਂਦੇ ਹੋਏ ਨਿੱਤਨੇਮ ਕਰਨਾ, ਬਾਣੀ ਪੜ੍ਹਨੀ ਹੈ, ਨਾਮ ਜਪਣਾ ਹੈ ਅਤੇ ਸੇਵਾ ਕਰਨੀ ਹੈ, ਉਸ ਕੋਲ ਇਹਨਾਂ ਫ਼ਾਲਤੂ ਪੜਚੋਲਾਂ ਕਰਨ ਦਾ ਸਮਾਂ ਕਿਥੇ ਹੈ ? ਨਿਰਨੇ ਕਾਲਜੇ ਰੱਬ ਨੂੰ ਟੱਬ ਕਹਿ ਕੇ ਸੰਤਾਂ ਦੇ ਨਾਉਂ 'ਤੇ ਇਕ ਸੌ ਇਕ ਗਾਲ੍ਹ ਕੱਢ ਕੇ ਪਾਣੀ ਪੀਣ ਵਾਲੇ ਤਰਕਵਾਦੀ ਨਾਸਤਿਕਾਂ ਦਾ ਟੋਲਾ ਹੀ ਇਹ ਕਰ ਸਕਦਾ ਹੈ ਅਤੇ ਮਿਸ਼ਨਰੀ ਕਾਲਜ ਜਵੱਦੀ ਤੋਂ ਪੜ੍ਹਾਉਣ

ਵਾਲੇ ਜਾਂ ਇੰਦਰ ਸਿੰਘ ਘੱਗਾ ਅਤੇ ਸੁਖਵਿੰਦਰ ਸਿੰਘ ਸਭਰਾ, ਇਥੋਂ ਪੜ੍ਹ ਕੇ ਬਣੇ ਪ੍ਰੋਫ਼ੈਸਰਾਂ ਦੀਆਂ ਕਿਤਾਬਾਂ ਤੋਂ ਇਹੀ ਤੱਤ ਪ੍ਰਗਟ ਹੁੰਦਾ ਹੈ।

ਗੁਰਬਾਣੀ ਦੱਸ ਰਹੀ ਹੈ:

**ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ॥**

*(ਅੰਗ ੧੦੯੯)*

ਅਰਥ—ਬੇਦਾਂ ਦਾ ਸੰਪੂਰਨ ਪਾਠ ਤਾਂ ਕਰਦੇ ਹਨ ਪਰ ਜੋ ਇਸ ਦਾ ਤੱਤ ਸਾਰ ਉਪਦੇਸ਼ (ਵੇਦਾ ਮਹਿ ਨਾਮੁ ਉਤਮ) ਨੂੰ ਨਹੀਂ ਦੇਖਦੇ, ਜੋ ਕਿ ਮਿਸ਼ਨਰੀ ਕਾਲਜ ਵਾਲਿਆਂ ਦਾ ਇਹੀ ਹਾਲ ਹੈ।

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥**

*(ਅੰਗ ੧੧੦੩)*

ਅਰਥ—(ਹੇ ਭਾਈ!) ਬੇਦ ਅਤੇ ਪੁਰਾਨ ਪੜ੍ਹਨ ਦਾ ਕੀ ਫ਼ਾਇਦਾ ਮਾਨੋ ਗਧੇ ਉੱਪਰ ਚੰਦਨ ਦਾ ਭਾਰ ਲੱਦਿਆ ਹੈ ਕਿਉਂਕਿ ਰਾਮ ਨਾਮ ਜਪਣ ਦਾ ਭੇਦ ਨਹੀਂ ਜਾਣਿਆ। ਇਸ ਲਈ ਪਾਰ-ਉਤਾਰਾ ਕਿਸ ਤਰ੍ਹਾਂ ਹੋਵੇਗਾ?

ਮਿਸ਼ਨਰੀਆਂ ਵਾਂਗ ਈਰਖਾ ਵਿਚ ਆ ਕੇ ਜਦ ਸਮੇਂ ਦਾ ਕਾਜ਼ੀ ਜਾਂ ਮੁੱਲਾਂ ਹਿੰਦੂਆਂ ਨੂੰ ਕਾਫ਼ਰ ਕਹਿੰਦਾ ਸੀ ਅਤੇ ਹਿੰਦੂ ਮੁਸਲਮਾਨਾਂ ਨੂੰ ਮਲੇਛ ਕਹਿ ਕੇ ਕੁਰਾਨ ਆਦਿ ਦਾ ਖੰਡਨ ਕਰਦੇ ਸੀ।

ਕਬੀਰ ਸਾਹਿਬ ਨੇ ਕਹਿ ਦਿੱਤਾ:

**ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥**
**ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ॥**

*(ਅੰਗ ੧੩੫੦)*

ਅਰਥ—(ਹੇ ਹਿੰਦੂ ਅਤੇ ਮੁਸਲਮਾਨ ਭਰਾਵੋ!) ਬੇਦਾਂ ਅਤੇ ਕੁਰਾਨ ਆਦਿਕ (ਇਕ ਦੂਜੇ ਦੀਆਂ ਧਾਰਮਿਕ ਪੁਸਤਕਾਂ) ਨੂੰ ਝੂਠਾ ਨਾ ਕਹੋ। ਝੂਠਾ ਤਾਂ ਉਹ ਹੈ ਜੋ ਇਹਨਾਂ ਨੂੰ ਵਿਚਾਰਦਾ ਨਹੀਂ। ਹੇ ਮੁੱਲਾਂ! ਜਦ ਤੂੰ ਕਹਿੰਦਾ ਹੈਂ ਕਿ ਸਭ ਵਿਚ ਇਕ ਖ਼ੁਦਾ ਹੈ ਤਾਂ ਫਿਰ ਮੁਰਗੀ ਨੂੰ ਕਿਉਂ ਮਾਰਦਾ ਹੈਂ (ਕੀ ਮੁਰਗੀ ਵਿਚ ਖ਼ੁਦਾ ਨਹੀਂ ਹੈ)?

ਇਹੀ ਸਵਾਲ ਅਸੀਂ ਮਿਸ਼ਨਰੀਆਂ ਨੂੰ ਪੁੱਛਦੇ ਹਾਂ, ਜਦ ਕਹਿੰਦੇ ਹੋ:

**ਸਭ ਮਹਿ ਜੋਤ ਜੋਤ ਹੈ ਸੋਇ॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥**

*(ਅੰਗ ੬੬੩*

ਫਿਰ ਤੁਹਾਨੂੰ ਬ੍ਰਾਹਮਣ ਵਿਚ ਉਹ ਜੋਤ ਕਿਉਂ ਨਹੀਂ ਦਿਸਦੀ ਅਤੇ ਬ੍ਰਾਹਮਣ ਸ਼ੈਤਾਨ ਨਜ਼ਰ ਆਉਂਦਾ ਹੈ। ਕੀ ਤੁਸੀਂ ਗੁਰੂ ਸਾਹਿਬ ਵਾਲਾ ਦੱਸਿਆ ਦਇਆ, ਧਰਮ, ਸਤਿ, ਸੰਤੋਖ ਦਾ ਜਨੇਊ ਪਾਇਆ ਹੋਇਆ ਹੈ ? ਕੀ ਸਾਰੇ ਮਿਸ਼ਨਰੀ ਕਾਲਜ ਵਾਲੇ ਆਸਾ ਦੀ ਵਾਰ ਵਿਚ ਦਰਜ ਸੂਤਕ ਤੋਂ ਪਵਿੱਤਰ ਹਨ ?

ਜਦ ਅਸੀਂ ਗੁਰਬਾਣੀ ਦਾ ਵਿਚਾਰ ਨਾਲ ਪਾਠ ਕਰਦੇ ਹਾਂ ਤਾਂ ਸਨਾਤਨ ਧਰਮਾਂ ਦੇ ਗ੍ਰੰਥਾਂ ਵਿਚ ਆਏ ਪਰਮੇਸ਼ਰ ਦੇ ਅਨੇਕਾਂ ਨਾਮਾਂ ਨੂੰ ਗੁਰਬਾਣੀ ਪ੍ਰਵਾਨ ਕਰਦੀ ਹੈ। ਅਨੇਕਾਂ ਨਾਮ ਅਤੇ ਸ਼ਬਦਾਵਲੀ ਵਾਲੇ ਅੱਖਰ :

ਓਅੰਕਾਰ, ਸੈਭੰ (ਸੰਭੂ), ਸਦ, ਚਿਤ, ਅਨੰਦ, ਹਰਿ, ਕੇਸ਼ਵ ਆਦਿ ਰਜੋ, ਤਮੋ, ਸਤੋ ਤ੍ਰਿਗੁਣੀ ਮਾਇਆ ਨੂੰ ਗੁਰਬਾਣੀ ਪ੍ਰਵਾਨ ਕਰਦੀ ਹੈ।

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**

*(ਅੰਗ ੧੧੨੩)*

**ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥**
**ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ ॥੩॥**
**ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥**
**ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥**

*(ਅੰਗ ੯੯੯)*

ਇਸੇ ਤਰ੍ਹਾਂ ਸਨਾਤਨ ਧਰਮ ਦੇ ਆਵਾ-ਗਵਣ, ਜੀਵ ਆਤਮਾ ਦਾ ਪਰਲੋਕ ਵਿਚ ਜਾ ਕੇ ਕਰਮਾਂ ਦਾ ਲੇਖਾ-ਜੋਖਾ, ਧਰਮਰਾਜ, ਜਮਦੂਤ, ਨਰਕ, ਸਵਰਗ ਅਤੇ ਕਰਮਾਂ ਦੇ ਫ਼ਲ ਨੂੰ ਗੁਰਮਤਿ ਕਬੂਲਦੀ ਹੈ। ਪਰ ਪਰਮੇਸ਼ਰ ਦੀ ਆਰਾਧਨਾ ਨਾਲ ਕਰਮ ਨਾਸ਼ ਹੁੰਦੇ ਹਨ। ਇਹ ਗੁਰਮਤਿ ਵਿਚਾਰਧਾਰਾ ਹੈ। ਕਾਇਆ ਦੇ ਪੰਜ ਤੱਤ, ਗਿਆਨ ਇੰਦਰੇ, ਕਰਮ ਇੰਦਰੇ, ਨੌਂ ਦਰਵਾਜ਼ੇ, ਦਸਮ ਦੁਆਰ, ਮਨ, ਬੁੱਧ, ਚਿੱਤ, ਅਹੰਕਾਰ, ਅੰਤਹਕਰਣ, ਚਾਰੇ ਖਾਣੀਆਂ, ਚਾਰੇ ਬਾਣੀਆਂ ਨੂੰ ਬਾਣੀ ਮਾਨਤਾ ਦਿੰਦੀ ਹੈ।

**ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥**

*(ਅੰਗ ੫੯੬)*

**ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥**

*(ਅੰਗ ੧੧੦੯)*

ਚਾਰ ਖਾਣੀਆਂ :

1. ਅੰਡੇ ਨਾਲ ਪੈਦਾ ਹੋਣ ਵਾਲੇ, ਪੰਛੀ ਆਦਿ।

2. ਜੇਰ ਨਾਲ ਪੈਦਾ ਹੋਏ, ਪਸ਼ੂ ਅਤੇ ਮਨੁੱਖ ਆਦਿ।

3. ਪਸੀਨੇ ਤੋਂ, ਕੀੜੇ-ਮਕੌੜੇ, ਸਿਓਂਕ ਆਦਿ।

4. ਉਤਭੁਜ, ਧਰਤੀ ਤੋਂ ਪੈਦਾ ਹੋਣ ਵਾਲੀ ਬਨਸਪਤੀ।

ਚਾਰ ਬਾਣੀਆਂ—ਪਰਾ, ਪਸੰਤੀ, ਮੱਧਮਾ, ਬੈਖਰੀ।

ਚਾਰੇ ਖਾਣੀਆਂ, ਚਾਰੇ ਬਾਣੀਆਂ ਨੂੰ ਖੰਡਨ ਕਰਨ ਵਾਲੇ ਮਿਸ਼ਨਰੀ ਅੱਜ ਤਕ ਦੱਸ ਨਹੀਂ ਸਕੇ ਕਿ ਪੰਜਵੀਂ ਖਾਣੀ ਜਾਂ ਬਾਣੀ ਕਿਹੜੀ ਹੈ।

ਸਨਾਤਨ ਧਰਮ ਦੀ ਵਰਨ-ਵੰਡ, ਆਸ਼ਰਮ-ਵੰਡ, ਕਰਮ-ਕਾਂਡ, ਯੱਗ, ਹਵਨ, ਜੋਗ-ਸਾਧਨਾ, ਤਪ-ਸਾਧਨਾ, ਤੀਰਥ ਇਸ਼ਨਾਨ, ਸਗਨ-ਅਪਸਗਨ, ਥਿੱਤ, ਵਾਰਾ ਜਾਂ ਗ੍ਰਹਿਆਂ ਦੀ ਪੂਜਾ, ਪਸ਼ੂ, ਪੰਖੀ, ਦਰਖ਼ਤਾਂ ਦੀ ਪੂਜਾ, ਦੇਵੀ, ਦੇਵਤੇ, ਗਰੁੜ ਪੁਰਾਣ ਅਨੁਸਾਰ ਸ੍ਰਾਧ, ਕਿਰਿਆ, ਕਰਮ, ਅਵਤਾਰਵਾਦ ਆਦਿ ਨੂੰ ਗੁਰਮਤਿ ਪੂਰਨ ਤੌਰ ’ਤੇ ਖੰਡਨ ਕਰਦੀ ਹੈ।

ਗੁਰੂ ਸਾਹਿਬ ਨੇ ਬ੍ਰਾਹਮਣ ਦੇ ਕਿਰਦਾਰ ਦੀ ਬਹੁਤ ਭੰਡੀ ਕੀਤੀ ਹੈ, ਜੋ ਬਾਹਰੋਂ ਧਾਰਮਿਕ ਦਿਸਦਾ ਸੀ ਪਰ ਅੰਦਰੋਂ ਹੋਰ ਸੀ। ਇਹੋ ਹਾਲ ਮਿਸ਼ਨਰੀ ਕਾਲਜ ਜਵੱਦੀ ਦੇ ਕਿਤਾਬਾਂ ਲਿਖਣ ਵਾਲੇ ਪ੍ਰੋਫ਼ੈਸਰਾਂ ਦਾ ਹੈ। ਬਾਹਰੋਂ ਦਿੱਖ ਗੁਰੂ ਕੇ ਸਿੱਖਾਂ ਵਾਲੀ ਹੈ ਪਰ ਅੰਦਰੋਂ ਨਾਸਤਿਕਤਾ ਵਾਲੀ ਰੰਗਤ ਇਹਨਾਂ ਦੀਆਂ ਲਿਖਤਾਂ ਤੋਂ ਪ੍ਰਗਟ ਹੋ ਰਹੀ ਹੈ।

ਕੀ ਫ਼ਰਕ ਹੈ ਬ੍ਰਾਹਮਣ ਦੇ ਕਿਰਦਾਰ ਅਤੇ ਮਿਸ਼ਨਰੀ ਕਾਲਜ ਵਾਲਿਆਂ ਵਿਚ ? ਪੈਸੇ ਲੈ ਕੇ ਬ੍ਰਾਹਮਣ ਪੂਜਾ ਕਰਦਾ ਹੈ, ਪੈਸੇ ਲੈ ਕੇ ਹੀ ਮਿਸ਼ਨਰੀ ਗ੍ਰੰਥੀ ਗੁਰਦੁਆਰਿਆਂ ਦੀ ਸੇਵਾ ਕਰਦੇ ਹਨ। ਪੈਸੇ ਲੈ ਕੇ ਬ੍ਰਾਹਮਣ ਮੁੰਡੇ-ਕੁੜੀ ਦੇ ਫੇਰੇ ਕਰਦਾ ਹੈ, ਪੈਸੇ ਲੈ ਕੇ ਹੀ ਮਿਸ਼ਨਰੀ ਕਾਲਜ ਦੇ ਬਣਾਏ ਰਾਗੀ ਲਾਵਾਂ ਪੜ੍ਹਦੇ ਹਨ। ਪੈਸੇ ਲੈ ਕੇ ਬ੍ਰਾਹਮਣ ਮਰਨਾ-ਪਰਨਾ ਕਰਦਾ ਹੈ ਅਤੇ ਪੈਸੇ ਲੈ ਕੇ ਇਹ ਕਰਦੇ ਹਨ। ਕਿਹੜਾ ਮਿਸ਼ਨਰੀ ਹੈ ਜੋ ਪੈਸੇ ਲਏ ਬਗ਼ੈਰ ਅਖੰਡ-ਪਾਠ ਗੁਰਦੁਆਰੇ ਜਾ ਕੇ ਕਰਦਾ ਹੈ ? ਜਦ ਕਿ ਅਖੰਡ ਕੀਰਤਨੀ ਜਥੇ ਦੇ ਸਿੰਘ ਬਗ਼ੈਰ ਪੈਸਿਆਂ ਤੋਂ ਕੀਰਤਨ ਅਤੇ ਮਰਨਾ-ਪਰਨਾ ਕਰਦੇ ਹਨ।

ਪੰਜਾਬ ਵਿਚ ਖਾੜਕੂਵਾਦ ਦੇ ਸਮੇਂ ਜਦ ਕੋਈ ਕੇਸ ਦਾ ਸਿਰ-ਪੈਰ ਨਾ ਲੱਭੇ ਤਾਂ ਪੁਲਿਸ ਵਾਲੇ ਕਹਿ ਦਿੰਦੇ ਸਨ, ਜੀ ਖਾੜਕੂ ਕਰ ਗਏ। ਇਹੋ ਹਾਲ ਮਿਸ਼ਨਰੀ ਕਾਲਜ ਜਵੱਦੀ ਦਾ ਹੈ।

ਸਭ ਨੂੰ ਪਤਾ ਹੈ ਕਿ ਅੰਮ੍ਰਿਤ ਵੇਲੇ ਉੱਠਣ ਲਈ ਸਵੱਖਤੇ ਸੌਣਾ ਪੈਂਦਾ ਹੈ, ਘੱਟ ਖਾਣਾ ਪੈਂਦਾ ਹੈ, ਦੇਰ ਰਾਤ ਦੇ ਟੀ.ਵੀ. ਸੀਰੀਅਲ ਛੱਡਣੇ ਪੈਣਗੇ। ਬੜਾ ਔਖਾ ਕੰਮ ਹੈ, ਸੋ ਕਹਿ ਦਿਓ ਇਹ ਬ੍ਰਾਹਮਣਵਾਦੀ ਹੈ। ਕਰਮ ਇੰਦਰੇ,

ਗਿਆਨ ਇੰਦਰੇ ਸੰਕੋਚ ਕੇ ਧਿਆਨ ਇਕ ਪਾਸੇ ਕਰ ਕੇ ਨਾਮ ਜਪਣਾ ਬੜਾ ਔਖਾ ਕੰਮ ਹੈ।

ਗੁਰੂ ਸਾਹਿਬ ਖ਼ੁਦ ਕਹਿ ਰਹੇ ਹਨ :

**ਆਖਣਿ ਅਉਖਾ ਸਾਚਾ ਨਾਉ ॥**

(*ਅੰਗ ੯*)

ਇਸੇ ਲਈ ਨਾਮ ਜਪਣਾ ਬ੍ਰਾਹਮਣਵਾਦੀ ਐਲਾਨ ਕਰ ਦਿੱਤਾ।

ਆਯੁਰਵੈਦਿਕ ਦੀਆਂ ਸਾਰੀਆਂ ਦਵਾਈਆਂ ਬ੍ਰਾਮਹਣੀ ਗ੍ਰੰਥਾਂ ਅਤੇ ਬ੍ਰਾਹਮਣ ਦੀ ਦੇਣ ਹੈ, ਇਹ ਇਹਨਾਂ ਨੇ ਕਿਉਂ ਨਾ ਛੱਡੇ ?

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਰਾਗਾਂ ਵਿਚੋਂ ਕੇਵਲ ਰਾਗੁ ਆਸਾ, ਮਾਝ, ਤੁਖਾਰੀ ਹੀ ਗੁਰੂ ਸਾਹਿਬ ਦੇ ਬਣਾਏ ਹੋਏ ਹਨ, ਬਾਕੀ ਸਾਰੇ ਬ੍ਰਾਹਮਣੀ ਉਪਜ ਹੈ। ਪੜਤਾਲ ਦੀ ਗਾਇਕੀ ਛੱਡ ਕੇ ਸਾਰੀਆਂ ਤਾਲਾਂ ਅਤੇ ਸਾਜ਼ ਬ੍ਰਾਹਮਣ ਦੀ ਦੇਣ ਹੈ। ਕੀ ਛੱਡ ਦੇਵੋਂਗੇ ?

ਤਾਰਾ ਵਿਗਿਆਨ ਦਾ ਸਭ ਤੋਂ ਪਹਿਲਾ ਵਿਗਿਆਨੀ ਆਰੀਆ ਭੱਟ ਸੀ।

ਕਬੀਰ ਸਾਹਿਬ ਨੇ ਬ੍ਰਾਹਮਣ ਨੂੰ ਟਕੋਰ ਮਾਰੀ ਸੀ :

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥**

(*ਅੰਗ ੩੨੪*)

ਅਰਥ—ਜੇ ਤੂੰ (ਇਸੇ ਲਈ ਪਵਿੱਤਰ ਹੈਂ ਕਿ ਤੂੰ) ਬ੍ਰਾਹਮਣੀ ਦੇ ਪੇਟ ਵਿਚੋਂ ਪੈਦਾ ਹੋਇਆ ਹੈਂ ਤਾਂ ਤੂੰ ਹੋਰ ਰਸਤੇ ਰਾਹੀਂ ਪੈਦਾ ਕਿਉਂ ਨਹੀਂ ਹੋਇਆ ?

ਇਹੋ ਸਵਾਲ ਅਸੀਂ ਮਿਸ਼ਨਰੀਆਂ ਨੂੰ ਕਰਦੇ ਹਾਂ ਕਿ ਜਿਸ ਰਸਤੇ ਰਾਹੀਂ ਬ੍ਰਾਹਮਣੀ ਬੱਚਾ ਪੈਦਾ ਕਰਦੀ ਹੈ, ਕੀ ਤੁਹਾਡੀਆਂ ਇਸਤਰੀਆਂ ਕਿਸੇ ਹੋਰ ਰਸਤੇ ਪੈਦਾ ਕਰਦੀਆਂ ਹਨ ? ਤੁਸੀਂ ਇਹ ਬ੍ਰਾਹਮਣਵਾਦੀ ਕਿਰਿਆ ਭੀ ਛੱਡੋ।

ਗੁਰਬਾਣੀ ਬ੍ਰਾਹਮਣ ਬਾਰੇ ਦੱਸ ਰਹੀ ਹੈ :

**ਬੇਦ ਪੜਹਿ ਪੜਿ ਬਾਦੁ ਵਖਾਣਹਿ ॥**
**ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥**
**ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥**

(*ਅੰਗ ੧੦੫੮*)

ਅਰਥ—ਪੰਡਤ ਜਨ ਵੇਦ ਪੜ੍ਹਦੇ ਹਨ, ਪੜ੍ਹ ਕੇ ਫਿਰ (ਸ਼ਾਸਤਰਾਰਥ) ਦੀਆਂ ਬਹਿਸਾਂ ਕਰਦੇ ਹਨ। ਹਿਰਦੇ ਅੰਦਰ ਪ੍ਰਭੂ ਦਾ ਨਿਵਾਸ ਹੈ। ਉਸ ਨੂੰ

ਸ਼ਬਦ ਦੀ ਕਮਾਈ ਦੁਆਰਾ ਪਹਿਚਾਣਦੇ ਨਹੀਂ। (ਗੁਰੂ ਦੀ ਮੱਤ ਅਨੁਸਾਰ) ਕੋਈ ਗੁਰਮੁਖ ਬਣੇ, ਉਹ ਤਤਸਾਰ ਸਮਝੇ (ਨਾਮ ਜਪੇ) ਉਸ ਨੂੰ ਹੀ ਨਾਮ ਰਸ ਦਾ ਸੁਆਦ ਮਿਲਦਾ ਹੈ।

ਇਹੋ ਗੱਲ ਮਿਸ਼ਨਰੀ ਕਾਲਜ ਜਵੱਦੀ ਵਾਲਿਆਂ ਦੀ ਹੈ। ਹਰ ਗੱਲ ’ਤੇ ਤਰਕ, ਬਹਿਸ ਅਤੇ ਝੂਠ ਦਾ ਸਹਾਰਾ ਲੈ ਕੇ ਖੰਡਨ ਕਰਨ ਦੇ ਵਿਤੰਡਾਵਾਦ ਦੇ ਰਸਤੇ ’ਤੇ ਇਹ ਪਏ ਹੋਏ ਹਨ।

‘ਵਿਰਲੈ ਕਿਨੈ ਵੀਚਾਰਿਆ’ ਨਾਮੀ ਪੁਸਤਕ ਦਾ ਇਹ ਨਿਚੋੜ ਹੈ।

–

# ਝੂਠ ਦੀ ਇੰਤਹਾ (ਹੱਦ)

ਦਰਿਆ ਬਿਆਸ ਦੇ ਕੰਢੇ ਤਰਨਤਾਰਨ ਜ਼ਿਲ੍ਹੇ ਵਿਚ ਖਡੂਰ ਸਾਹਿਬ ਤੋਂ ਤਕਰੀਬਨ 9 ਕਿਲੋਮੀਟਰ ਦੀ ਵਿੱਥ 'ਤੇ ਗੋਂਦਾ ਚੌਧਰੀ ਦੀ ਜ਼ਮੀਨ ਸੀ। ਮਨ ਵਿਚ ਖ਼ਿਆਲ ਆਇਆ ਕਿ ਇਥੇ ਨਗਰ ਵਸਾਇਆ ਜਾਵੇ। ਜੋ ਮਕਾਨ ਦਿਨੇ ਬਣਾਏ ਜਾਣ, ਅਗਲੇ ਦਿਨ ਸਵੇਰੇ ਢੱਠੇ ਮਿਲਣੇ। ਗੋਂਦੇ ਨੇ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਇਸ ਬਾਰੇ ਬੇਨਤੀ ਕੀਤੀ। ਗੁਰੂ ਜੀ ਨੇ ਅਮਰਦਾਸ ਜੀ ਨੂੰ ਗੋਂਦੇ ਨਾਲ ਭੇਜਿਆ ਅਤੇ ਬਚਨ ਕੀਤੇ, ਜਿੰਨੀ ਜਗ੍ਹਾ ਵਿਚ ਸੋਟੀ ਨਾਲ ਲਕੀਰ ਕੱਢ ਦੇਵੋਗੇ, ਕੋਈ ਨੁਕਸਾਨ ਨਹੀਂ ਹੋਵੇਗਾ। ਹੁਕਮ ਮੰਨ ਕੇ (ਗੁਰੂ) ਅਮਰਦਾਸ ਜੀ ਨੇ ਅਰਦਾਸ ਕਰ ਕੇ ਕਾਰ ਕੱਢ ਦਿੱਤੀ ਅਤੇ ਗੋਇੰਦਵਾਲ ਸਾਹਿਬ ਵੱਸੋਂ ਹੋਣ ਨਾਲ ਇਕ ਵੱਡਾ ਪਿੰਡ ਬਣ ਗਿਆ।

ਗੁਰਗੱਦੀ ਪ੍ਰਾਪਤ ਹੋਣ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਇਥੇ ਨਿਵਾਸ ਕੀਤਾ। ਗੁਰੂ ਸਾਹਿਬ ਦੇ ਆਉਣ ਨਾਲ ਸੰਗਤ ਆਉਣ ਲੱਗ ਪਈ ਅਤੇ ਵੱਸੋਂ ਵਿਚ ਵਾਧਾ ਹੋਣ ਨਾਲ ਗੋਇੰਦਵਾਲ ਦੀ ਅਬਾਦੀ ਵਧਦੀ ਗਈ। ਗੋਂਦੇ ਖੱਤਰੀ ਨੇ ਇਹ ਜਾਣ ਕੇ ਕਿ ਇਹ ਨਗਰ ਗੁਰੂ ਸਾਹਿਬ ਦੀ ਕਿਰਪਾ ਸਦਕਾ ਹੀ ਵੱਸਿਆ ਹੈ, ਪਿੰਡ ਦੀ ਧਰਤੀ ਗੁਰੂ ਸਾਹਿਬ ਦੇ ਨਾਉਂ ਸਰਕਾਰੀ ਕਾਗ਼ਜ਼ਾਂ ਵਿਚ ਕਰਵਾ ਦਿੱਤੀ।

ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਗੋਇੰਦਵਾਲ ਇਕ ਤਪਾ ਰਹਿੰਦਾ ਸੀ, ਜਿਸ ਦਾ ਲੋਕ ਬਹੁਤ ਮਾਨ-ਸਨਮਾਨ ਕਰਦੇ ਸਨ, ਪਰ ਗੁਰੂ ਸਾਹਿਬ ਦੇ ਆਉਣ ਨਾਲ ਪਿੰਡ ਵਾਸੀਆਂ ਦੀ ਸ਼ਰਧਾ ਗੁਰੂ ਸਾਹਿਬ ਉੱਪਰ ਟਿਕ ਗਈ। ਇਸ ਲਈ ਤਪਾ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗ ਪਿਆ

ਵੱਸੋਂ ਵਧਣ ਨਾਲ ਧਰਤੀ ਦੀ ਕੀਮਤ ਵਧ ਗਈ। ਗੋਂਦੇ ਦੇ ਮਰਨ ਪਿੱਛੋਂ ਤਪੇ ਨੇ ਗੋਂਦੇ ਦੇ ਪੁੱਤਰਾਂ ਨੂੰ ਗੁਰੂ ਸਾਹਿਬ ਦੇ ਵਿਰੁੱਧ ਭੜਕਾਇਆ ਕਿ ਧਰਤੀ ਤੁਹਾਡੀ ਹੈ, ਗੁਰੂ ਇਥੇ ਆ ਕੇ ਮਾਲਕ ਬਣ ਗਿਆ ਹੈ, ਇਸ ਲਈ ਇਸ ਨੂੰ ਇਥੋਂ ਕੱਢ ਕੇ ਆਪ ਮਾਲਕ ਬਣੋ।

ਗੋਂਦੇ ਦੇ ਪੁੱਤਰ ਨੇ ਲਾਹੌਰ ਜਾ ਕੇ ਅਪੀਲ ਕੀਤੀ ਪਰ ਕੇਸ ਖ਼ਾਰਜ ਹੋ ਗਿਆ। ਫਿਰ ਦਿੱਲੀ ਜਾ ਕੇ ਬਾਦਸ਼ਾਹ ਅਕਬਰ ਅੱਗੇ ਫ਼ਰਿਆਦ ਕੀਤੀ। ਬਾਦਸ਼ਾਹ ਅਕਬਰ ਕਿਉਂਕਿ ਖ਼ੁਦ ਗੋਇੰਦਵਾਲ ਸਾਹਿਬ ਆ ਕੇ ਗੁਰੂ ਸਾਹਿਬ ਨੂੰ ਮਿਲ ਗਿਆ ਸੀ ਅਤੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸੀ। ਦੂਸਰੇ ਜਦ ਉਸ ਨੇ ਸਰਕਾਰੀ ਕਾਗ਼ਜ਼ਾਂ ਵਿਚ ਧਰਤੀ ਗੁਰੂ ਸਾਹਿਬ ਦੇ ਨਾਉਂ ਲੱਗੀ ਦੇਖੀ ਤਾਂ ਗੋਂਦੇ ਦੇ ਪੁੱਤਰਾਂ ਨੂੰ ਫਿਟਕਾਰ ਪਾ ਕੇ ਦਰਬਾਰ ਵਿਚੋਂ ਕੱਢ ਦਿੱਤਾ। ਵਾਪਸ ਗੋਇੰਦਵਾਲ ਸਾਹਿਬ ਆ ਕੇ ਨਮੋਸ਼ੀ ਦਾ ਮਾਰਾ ਗੋਂਦੇ ਦਾ ਪੁੱਤਰ ਮਰ ਗਿਆ।

ਤਪਾ ਫਿਰ ਭੀ ਬਾਜ਼ ਨਾ ਆਇਆ। ਕੋਈ ਨਾ ਕੋਈ ਪੁਆੜਾ ਖੜਾ ਕਰੀ ਰੱਖੇ। ਇਕ ਦਿਨ ਗੁਰੂ ਸਾਹਿਬ ਨੇ ਆਪਣੀ ਮੌਜ ਵਿਚ ਆ ਕੇ ਵੱਡਾ ਲੰਗਰ ਕੀਤਾ ਅਤੇ ਬਾਹਰੋਂ ਆਈ ਸੰਗਤ ਸਮੇਤ ਸਾਰੇ ਪਿੰਡ ਨੂੰ ਲੰਗਰ ਛਕਣ ਦਾ ਨਿਓਂਦਾ ਦਿੱਤਾ।

ਜਦ ਸਾਰੀ ਸੰਗਤ ਨੇ ਲੰਗਰ ਛਕ ਲਿਆ ਅਤੇ ਲੰਗਰ ਫਿਰ ਭੀ ਬਚ ਗਿਆ, ਮਹਾਰਾਜ ਨੇ ਪੁੱਛਿਆ ਕਿ ਭਾਈ ! ਬਾਕੀ ਪਿੰਡ ਛਕ ਗਿਆ ? ਸਿੱਖਾਂ ਨੇ ਉੱਤਰ ਦਿੱਤਾ ਕਿ ਮਹਾਰਾਜ, ਬਾਕੀ ਸਾਰਾ ਪਿੰਡ ਛਕ ਗਿਆ ਪਰ ਤਪਾ ਅਤੇ ਉਸ ਦੇ ਕੁਝ ਸੇਵਕਾਂ ਨੇ ਨਹੀਂ ਛਕਿਆ। ਗੁਰੂ ਸਾਹਿਬਾ ਨੇ ਕਿਹਾ ਕਿ ਐਲਾਨ ਕਰ ਦੇਵੋ ਕਿ ਹੁਣ ਜੋ ਲੰਗਰ ਛਕਣ ਆਵੇਗਾ, ਉਸ ਨੂੰ ਇਕ ਰੁਪਈਆ ਦਿੱਤਾ ਜਾਵੇਗਾ। ਪੈਸੇ ਦੇ ਲਾਲਚ ਵਿਚ ਤਪੇ ਦੇ ਕਈ ਚੇਲੇ ਲੰਗਰ ਛਕ ਗਏ ਪਰ ਕਈ ਫਿਰ ਵੀ ਨਾ ਆਏ। ਫਿਰ ਮਹਾਰਾਜ ਨੇ ਕਹਾ ਦਿੱਤਾ ਕਿ ਹੁਣ ਜੋ ਲੰਗਰ ਛਕਣ ਆਵੇਗਾ, ਉਸ ਨੂੰ ਸੋਨੇ ਦੀ ਇਕ ਮੁਹਰ ਦਿੱਤੀ ਜਾਵੇਗੀ। ਤਪਾ ਆਪ ਤਾਂ ਨਾ ਆਇਆ ਪਰ ਸੋਨੇ ਦੇ ਲਾਲਚ ਵਿਚ ਆਪਣੇ ਪੁੱਤਰ ਨੂੰ ਭੇਜ ਦਿੱਤਾ, ਜੋ ਸਿੱਧੇ ਰਸਤੇ ਨਾ ਆ ਕੇ ਕੰਧ ਟੱਪ ਕੇ ਚੋਰੀ ਸੰਗਤ ਵਿਚ ਆ ਕੇ ਬੈਠ ਗਿਆ।

ਤਪੇ ਦਾ ਪਾਜ ਉਘੇੜਨ ਲਈ ਫਿਰ ਮਹਾਰਾਜ ਖ਼ੁਦ ਕੁਝ ਸਿੱਖਾਂ ਨੂੰ ਨਾਲ ਲੈ ਕੇ ਤਪੇ ਦੇ ਅਸਥਾਨ ’ਤੇ ਚਲੇ ਗਏ ਅਤੇ ਇਕ ਬੰਦਾ ਭੇਜਿਆ ਕਿ ਤਪੇ ਨੂੰ ਬੁਲਾ ਕੇ ਲਿਆਓ। ਜਦ ਅੰਦਰ ਜਾ ਕੇ ਦੇਖਿਆ ਤਾਂ ਤਪਾ ਭੋਰੇ ਵਿਚ ਇਕ ਇਸਤਰੀ ਨਾਲ ਰੰਗ-ਰਲੀਆਂ ਮਨਾ ਰਿਹਾ ਸੀ। ਬੇਸ਼ਰਮ ਹੋ ਕੇ ਜਦ ਬਾਹਰ ਆ ਕੇ ਮਹਾਰਾਜ ਨੂੰ ਖੜੇ ਦੇਖਿਆ ਤਾਂ ਉਥੇ ਹੀ ਨਮੋਸ਼ੀ ਵਿਚ ਮਰ ਗਿਆ। ਮਰਨ ਪਿੱਛੋਂ ਜੋ ਉਸ ਦੀ ਆਤਮਾ ਨਾਲ ਵਰਤਿਆ, ਉਸ ਦਾ ਹਾਲ ਅਤੇ ਇਸ ਸਾਰੀ ਘਟਨਾ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਕਲਮਬੰਦ ਕਰ ਕੇ ਗਉੜੀ

ਕੀ ਵਾਰ ਦੇ ਤੀਹਵੇਂ ਸਲੋਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੩੧੫-੧੬ 'ਤੇ ਦਰਜ ਕੀਤਾ। ਮੂਲ ਪਾਠ ਇਸ ਤਰ੍ਹਾਂ ਹੈ:

ਤਪਾ ਨ ਹੋਵੈ ਅੰਦ੍ਰਹੁ ਲੋਭੀ
ਨਿਤ ਮਾਇਆ ਨੋ ਫਿਰੈ ਜਜਮਾਲਿਆ ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥
ਪੰਚ ਲੋਗ ਸਭਿ ਹਸਣ ਲਗੇ
ਤਪਾ ਲੋਭਿ ਲਹਰਿ ਹੈ ਗਾਲਿਆ ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ ॥
ਸਤ ਪੁਰਖ ਕੀ ਤਪਾ ਨਿੰਦਾ ਕਰੈ
ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ ਮਾਰਿਆ ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥
ਅੰਦਰਿ ਬਹੈ ਤਪਾ ਪਾਪ ਕਮਾਏ ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥
ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ
ਜਿਥੈ ਮਹਾ ਮਹਾਂ ਹਤਿਆਰਿਆ ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ ॥
ਹਰਿ ਕੈ ਦਰਿ ਵਰਤਿਆ
ਸੁ ਨਾਨਕਿ ਆਖਿ ਸੁਣਾਇਆ ॥
ਸੋ ਬੂਝੈ ਜੁ ਦਯਿ ਸਵਾਰਿਆ ॥੧॥

ਇਸ ਸਲੋਕ ਦੀ ਪਹਿਲਾਂ ਦੱਸੀ ਭੂਮਿਕਾ ਪੜ੍ਹ ਕੇ ਪਾਠਕਾਂ ਨੂੰ ਅਰਥ ਸਮਝਣ ਲਈ ਮੁਸ਼ਕਲ ਨਹੀਂ ਹੋਵੇਗੀ। ਗੁਰੂ ਸਾਹਿਬ ਸਪੱਸ਼ਟ ਲਫ਼ਜ਼ਾਂ ਵਿਚ

ਦੱਸ ਰਹੇ ਹਨ ਕਿ ਮਰਨ ਪਿੱਛੋਂ ਤਪੇ ਦੀ ਰੂਹ ਜਦ ਧਰਮਰਾਇ ਦੇ ਪੇਸ਼ ਕੀਤੀ, ਧਰਮਰਾਜ ਨੇ ਜਮਦੂਤਾਂ ਨੂੰ ਕਿਹਾ ਕਿ ਤਪੇ ਦੀ ਰੂਹ (ਜੀਵ ਆਤਮਾ) ਨੂੰ ਉਥੇ ਸੁੱਟ ਦੇਵੋ, ਜਿਥੇ ਵੱਡੇ ਤੋਂ ਵੱਡੇ ਹਤਿਆਰੇ ਪਾਪੀਆਂ ਦੀਆਂ ਆਤਮਾਵਾਂ ਹਨ। ਉਸ ਤੋਂ ਭੀ ਪਰੇ ਸੁੱਟੋ, ਜਿਥੇ ਇਹ ਕਿਸੇ ਦੀ ਨਿਗ੍ਹਾ ਨਾ ਪਵੇ ਕਿਉਂਕਿ ਇਹ ਸਤਿਗੁਰੂ (ਗੁਰੂ ਅਮਰਦਾਸ ਜੀ) ਦਾ ਫਿਟਕਾਰਿਆ ਹੋਇਆ ਹੈ। ਨਾਲ ਹੀ ਗੁਰੂ ਰਾਮਦਾਸ ਜੀ ਪੱਕੀ ਮੁਹਰ ਲਗਾ ਰਹੇ ਹਨ ਕਿ ਭਾਈ! ਪਰਮੇਸ਼ਰ ਦੀ ਦਰਗਾਹ ਵਿਚ ਜੋ ਵਰਤਿਆ, ਮੈਂ ਉਹ ਦੱਸ ਰਿਹਾ ਹਾਂ, ਪਰ ਇਸ 'ਤੇ ਵਿਸ਼ਵਾਸ ਉਹੀ ਕਰੇਗਾ, ਜਿਸ 'ਤੇ ਪਰਮੇਸ਼ਰ ਦੀ ਕਿਰਪਾ ਹੋਵੇਗੀ।

ਕਿਉਂਕਿ ਵਿਗਿਆਨ, ਨਾਸਤਿਕ ਬਿਰਤੀ ਵਾਲੇ ਕਾਮਰੇਡ ਅਤੇ ਮਿਸ਼ਨਰੀ ਪ੍ਰਲੋਕ, ਨਰਕ, ਧਰਮਰਾਜ ਅਤੇ ਜਮਦੂਤ ਆਦਿ ਨੂੰ ਨਹੀਂ ਮੰਨਦੇ, ਇਸ ਲਈ 'ਵਿਰਲੈ ਕਿਨੈ ਵੀਚਾਰਿਆ' ਦੇ ਕਰਤਾ ਪ੍ਰੋ. ਗੁਰਬਚਨ ਸਿੰਘ ਨੇ ਆਪਣੀ ਕਿਤਾਬ ਦੇ ਪੰਨਾ 155 'ਤੇ ਇਸ ਸਲੋਕ ਦੀ ਪਿਸ਼ਟ-ਭੂਮੀ ਦੱਸੇ ਬਗ਼ੈਰ ਅਤੇ ਸਾਰਾ ਸਲੋਕ ਦਿੱਤੇ ਬਗ਼ੈਰ ਕੇਵਲ ਇਹ ਤੁਕਾਂ ਲਿਖ ਕੇ :

**ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ**
**ਏਸੁ ਤਪੇ ਨੋ ਤਿਥੈ ਖੜਿ ਪਾਇਹੁ**
**ਜਿਥੈ ਮਹਾ ਮਹਾਂ ਹਤਿਆਰਿਆ॥**
**ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ**
**ਏਹੁ ਸਤਿਗੁਰਿ ਹੈ ਫਿਟਕਾਰਿਆ॥**

*(ਗਉੜੀ ਕੀ ਵਾਰ ਮਹਲਾ ੫, ਅੰਗ ੩੧੬)*

ਇਹ ਅਰਥ ਕੀਤੇ ਹਨ :

"ਅੱਖਰੀ ਅਰਥਾਂ ਤੋਂ ਇੰਵ ਹੀ ਮਹਿਸੂਸ ਹੁੰਦਾ ਹੈ ਕਿ ਕਿਸੇ ਸਰੀਰ ਵਾਲੇ ਧਰਮਰਾਜ ਨੂੰ ਕਿਹਾ ਗਿਆ ਹੈ ਕਿ ਇਸ ਮਨੁੱਖ ਦੇ ਕੋਈ ਮੱਥੇ ਨਾ ਲੱਗੇ, ਕਿਉਂਕਿ ਇਸ ਦੀ ਬਗਲਿਆਂ ਵਾਲੀ ਬਿਰਤੀ ਹੈ ਭਾਵ ਬਾਹਰੋਂ ਧਰਮੀ ਲੱਗਦਾ ਹੈ, ਪਰ ਆਪਣੇ ਅੰਦਰੋਂ ਕਿਸੇ ਜੀਵ ਦੇ ਸ਼ਿਕਾਰ ਦੀ ਭਾਵਨਾ ਰੱਖੀ ਬੈਠਾ ਹੈ। ਇਸ ਦਾ ਕਾਰਨ ਹੈ ਕਿ ਸਤਿਗੁਰੂ ਨਾਲੋਂ ਟੁੱਟਿਆ ਹੋਇਆ ਹੈ।

ਜੇ ਜ਼ਰਾ ਗਹੁ ਕਰ ਕੇ ਦੇਖੀਏ ਤਾਂ ਇਹੀ ਪਤਾ ਲੱਗਦਾ ਹੈ ਕਿ ਸਾਕਤ ਬਿਰਤੀ ਵਾਲੇ ਮਨੁੱਖ ਤੋਂ ਹਮੇਸ਼ਾਂ ਪਾਸੇ ਰਹਿਣਾ ਚਾਹੀਦਾ ਹੈ, ਨਹੀਂ ਤਾ ਉਸ ਦੇ ਨੀਵੇਂਪਣ ਦਾ ਸੁਭਾਅ ਸਾਡੇ 'ਤੇ ਵੀ ਅਸਰ ਕਰ ਸਕਦਾ ਹੈ।"

**ਹਰਿ ਕੈ ਦਰਿ ਵਰਤਿਆ**
**ਸੁ ਨਾਨਕਿ ਆਖਿ ਸੁਣਾਇਆ॥**

**ਸੋ ਬੂਝੈ ਜੁ ਦਯਿ ਸਵਾਰਿਆ॥੧॥**

*(ਅੰਗ ੩੧੬)*

"ਜੋ ਸਾਡੀ ਚੇਤਨਾ ਵਿਚ ਵਾਪਰ ਰਿਹਾ ਹੈ, ਜਿਸ ਨੂੰ 'ਹਰਿ ਕੈ ਦਰਿ ਵਰਤਿਆ' ਉਹ ਸਾਨੂੰ ਗੁਰੂ ਜੀ ਨੇ ਸਮਝਾ ਦਿੱਤਾ ਹੈ। ਇਸ ਵਿਚ ਇਕ ਅਵਸਥਾ ਵੀ ਰੱਖੀ ਹੈ 'ਸੋ ਬੂਝੈ ਜੁ ਦਯਿ ਸਵਾਰਿਆ'। ਜਿਸ ਨੇ ਸਮਝ ਨੂੰ ਅਪਣਾ ਲਿਆ ਹੈ, ਉਸ ਨੇ ਆਪਣਾ ਆਪ ਸਵਾਰ ਲਿਆ ਹੈ।"

ਪਾਠਕ ਜਨ ਗ਼ੌਰ ਕਰਨ ਕਿ ਜਵੱਦੀ ਮਿਸ਼ਨਰੀ ਕਾਲਜ ਦੇ ਪ੍ਰੋਫ਼ੈਸਰ ਸਾਹਿਬ (ਅੱਜਕਲ੍ਹ ਪ੍ਰਿੰਸੀਪਲ) ਨੇ 'ਆਪਣੀ ਚੇਤਨਤਾ' ਨੂੰ 'ਹਰਿ ਦਾ ਰੂਪ' ਕਹਿ ਕੇ '੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਰੂਪ ਵਾਲੇ ਪਰਮੇਸ਼ਰ ਦਾ ਭੋਗ ਪਾ ਦਿੱਤਾ। ਇਸ ਤੋਂ ਵੱਧ ਕਿਸੇ ਸਬੂਤ ਦੀ ਲੋੜ ਹੈ ਕਿ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ' ਭੇਖੀ ਪਖੰਡੀ ਤੇ ਝੂਠੇ ਨਾਸਤਿਕਾਂ ਦਾ ਟੋਲਾ ਹੈ।

ਪ੍ਰੋਫ਼ੈਸਰ ਸਾਹਿਬ ਨੇ ਕਿਸ ਵਿਆਕਰਨ ਅਨੁਸਾਰ ਜਾਂ ਕੋਸ਼ਕਾਰੀ ਦੇ ਆਧਾਰ 'ਤੇ ਇਹ ਅਰਥ ਕੀਤੇ ਹਨ ?

ਹੁਣ ਇਸੇ ਕਾਲਜ ਵਿਚ ਪੜ੍ਹ ਕੇ, ਇਥੋਂ ਹੀ ਪ੍ਰੋਫ਼ੈਸਰ ਦੀ ਉਪਾਧੀ ਨਾਲ ਨਿਵਾਜੇ, ਪ੍ਰੋ. ਇੰਦਰ ਸਿੰਘ ਘੱਗਾ ਦੀ ਇਸ ਸ਼ਬਦ ਦੀ ਵਿਆਖਿਆ ਅਸੀਂ ਸਿੱਖ ਸੰਗਤਾਂ ਨੂੰ ਪੇਸ਼ ਕਰਦੇ ਹਾਂ।

ਫ਼ਤਹਿ ਪਬਲੀਕੇਸ਼ਨ (ਇੰਦਰ ਸਿੰਘ ਘੱਗਾ ਦੀ ਨਿੱਜੀ) ਵੱਲੋਂ ਪ੍ਰਕਾਸ਼ਿਤ ਆਪਣੀ ਕਿਤਾਬ, ਜਿਸ ਦੇ ਟਾਈਟਲ 'ਤੇ ਲਿਖਿਆ ਹੈ, ੧ੴ ਸਤਿਗੁਰ ਪ੍ਰਸਾਦਿ ਆਵਾਗਵਣ, 84 ਲੱਖ ਜੂਨੀ, ਚਿਤਰ-ਗੁਪਤ, ਜਮਦੂਤ ਅਤੇ ਧਰਮਰਾਜ ਦੀ ਅਸਲੀਅਤ (ਗੁਰਬਾਣੀ ਦੀ ਪਰਖ ਕਸਵੱਟੀ 'ਤੇ)

ਇਸ ਦੇ ਪੰਨਾ 51-52 'ਤੇ ਇੰਵ ਲਿਖਿਆ ਹੈ:

(ਨੋਟ: ਇਸ ਸ਼ਬਦ ਦਾ ਸੰਖੇਪ ਸਾਰ ਉੱਪਰ ਦਿੱਤਾ ਜਾ ਚੁੱਕਾ ਹੈ। ਹੁਣ ਕੇਵਲ 'ਧਰਮਰਾਇ' ਵਾਲੀ ਪੰਕਤੀ 'ਤੇ ਹੀ ਵਿਚਾਰ ਕੀਤੀ ਜਾਵੇਗੀ।

"ਹੇ ਭਾਈ! ਇਨਸਾਫ਼-ਪਸੰਦ ਧਰਮੀ ਸ਼ਖ਼ਸੀਅਤ ਸਤਿਗੁਰੂ ਜੀ ਨੇ (ਗੁਰੂ ਅਮਰਦਾਸ ਜੀ ਵੱਲ ਸੰਕੇਤ ਹੈ) ਸੇਵਕਾਂ (ਸਿੱਖਾਂ) ਨੂੰ ਹੁਕਮ ਦਿੱਤਾ ਕਿ ਇਸ ਪਖੰਡੀ ਤਪੇ ਨੂੰ ਉਥੇ ਸੁੱਟਣਾ ਜਿਥੇ ਮਹਾਂ ਪਾਪੀਆਂ ਤੇ ਕਾਤਲਾਂ ਨੂੰ ਸੁੱਟਿਆ ਜਾਂਦਾ ਹੈ। ਇਸ ਨੂੰ ਸਾਰੇ ਤਿਆਗ ਦਿਓ, ਕੋਈ ਵਿਹਾਰ ਨਾ ਰੱਖੋ ਇਸ ਨਾਲ ਕਿਉਂਕਿ ਇਸ ਨੇ ਸਤਿਗੁਰੂ ਜੀ ਵਿਰੁੱਧ ਕਮੀਨੀਆਂ ਚਾਲਾਂ ਚੱਲੀਆਂ ਸਨ। ਉਹ ਸਾਰੀਆਂ ਸਾਜ਼ਸ਼ਾਂ ਤੁਹਾਡੇ ਸਾਹਮਣੇ ਉਘਾੜ ਦਿੱਤੀਆਂ ਹਨ। ਇਸ ਪਾਪੀ

ਇਨਸਾਨ (ਤਪੇ) ਨੂੰ ਸਤਿਗੁਰੂ ਜੀ ਨੇ ਦੁਰਕਾਰ ਦਿੱਤਾ ਹੈ। ਪਰਮੇਸ਼ਰ ਨੂੰ ਇਸੇ ਤਰ੍ਹਾਂ ਭਾਉਂਦਾ ਸੀ। ਜੋ ਨਿਰੰਕਾਰ ਵੱਲੋਂ ਇਸ ਨੂੰ ਸਜ਼ਾ ਮਿਲਣੀ ਸੀ, ਉਹ ਮਿਲ ਗਈ ਹੈ। ਨਿਰੰਕਾਰ ਦੇ ਅਸੂਲ ਦੀਆਂ ਗੁੱਝੀਆਂ ਵਿਚਾਰਾਂ ਤੁਹਾਨੂੰ ਸਤਿਗੁਰੂ ਸਮਝਾ ਰਿਹਾ ਹੈ। ਇਹਨਾਂ ਡੂੰਘੀਆਂ ਰਜ਼ਮਾਂ ਨੂੰ ਉਹੀ ਮਨੁੱਖ ਸਮਝ ਸਕਦੇ ਹਨ, ਜਿਨ੍ਹਾਂ ਉਪਰ ਕਰਤਾਰ ਦੀ ਅਪਾਰ ਬਖ਼ਸ਼ਸ਼ ਹੈ।"

ਕੀ ਇੰਦਰ ਸਿੰਘ ਘੱਗਾ ਜਾਂ ਇਸ ਦਾ ਕੋਈ ਸਾਥੀ ਉਸ ਵੇਲੇ ਮੌਕੇ 'ਤੇ ਹਾਜ਼ਰ ਸੀ ? ਵਿਆਕਰਨ ਅਨੁਸਾਰ ਸਾਰੀ ਵਾਰਤਾ 'ਅਨਯ ਪੁਰਖ' ਵਿਚ ਲਿਖੀ ਗਈ ਹੈ। ਇਸ ਨੇ ਇਸ ਨੂੰ 'ਉੱਤਮ ਪੁਰਖ' ਵਿਚ ਕਿਵੇਂ ਬਦਲ ਦਿੱਤਾ ? ਅਜਿਹੇ ਗਪੌੜ ਇਸ ਨੇ ਕੈਨੇਡਾ ਜਾ ਕੇ ਗੁਰਦੁਆਰਾ ਸਾਹਿਬ ਛੱਡੇ, ਜਦ ਇਸ ਨੇ ਕਿਹਾ ਕਿ "ਜਦ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਤੱਤੀ ਤਵੀ 'ਤੇ ਬਿਠਾਇਆ, ਉਹ ਬੇਹੋਸ਼ ਹੋ ਗਏ।"

ਪਾਠਕ ਆਪ ਅੰਦਾਜ਼ਾ ਲਾਉਣ ਕਿ ਪਹਿਲਾ ਪ੍ਰੋਫ਼ੈਸਰ ਠੀਕ ਹੈ ਕਿ ਦੂਸਰਾ ਠੀਕ ਹੈ ਜਾਂ ਦੋਨੋਂ ਪ੍ਰੋਫ਼ੈਸਰ ਲਾਟਰੀ ਪਾ ਕੇ ਸੰਗਤਾਂ ਨੂੰ ਦੱਸ ਦੇਣ ਕਿ ਕੌਣ ਠੀਕ ਹੈ ? ਸ਼ਾਇਦ ਇਹਨਾਂ ਦਾ ਫ਼ੈਸਲਾ ਹੋਵੇਗਾ ਕਿ ਲੁਧਿਆਣੇ ਲਈ ਪ੍ਰੋਫ਼ੈਸਰ ਗੁਰਬਚਨ ਸਿੰਘ ਠੀਕ ਹੈ ਅਤੇ ਪਟਿਆਲਾ ਲਈ ਇੰਦਰ ਸਿੰਘ ਘੱਗਾ ਠੀਕ ਹੈ। ਪਰ ਸਹੀ ਸੋਚ ਵਾਲੇ ਸਮਝ ਜਾਣਗੇ ਕਿ ਦੋਨੋਂ ਖ਼ਬਤੀ ਦਿਮਾਗ਼ ਵਾਲੇ ਝੂਠੇ, ਪਖੰਡੀ ਸਿੱਖ ਅਤੇ ਧੁਰੋਂ ਅੰਦਰੋਂ ਨਾਸਤਿਕ ਬਿਰਤੀ ਵਾਲੇ ਹਨ। ਧੌਲੀਆਂ ਦਾੜ੍ਹੀਆਂ ਨਾਲ ਗਾਤਰੇ ਕਿਰਪਾਨਾਂ ਪਾ ਕੇ ਅਤੇ ਬਾਹਰੋਂ ਸਿੱਖੀ ਭੇਖ ਧਾਰ ਕੇ ਇਹਨਾਂ ਨੂੰ ਝੂਠ ਬੋਲਦਿਆਂ ਰਤਾ ਭੀ ਸ਼ਰਮ ਨਹੀਂ ਆਉਂਦੀ।

ਸੰਗਤਾਂ ਦੀ ਜਾਣਕਾਰੀ ਲਈ ਇਸ ਵਿਸ਼ੇ ਦੀ ਇਤਿਹਾਸਿਕ ਘਟਨਾ ਵਾਲਾ ਗੁਰਬਾਣੀ ਵਿਚੋਂ ਇਕ ਹੋਰ ਫ਼ਰਮਾਨ ਲਿਖਣਾ ਠੀਕ ਰਹੇਗਾ।

ਬਾਦਸ਼ਾਹ ਅਕਬਰ ਜਦ ਗੁਰੂ ਅਮਰਦਾਸ ਮਹਾਰਾਜ ਨੂੰ ਮਿਲਣ ਗੋਇੰਦਵਾਲ ਸਾਹਿਬ ਆਇਆ ਤਾਂ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ।

ਪਰਸਪਰ ਗੱਲ ਕਰਦਿਆਂ ਮਹਾਰਾਜ ਨੇ ਅਕਬਰ ਨੂੰ ਤੀਰਥ ਯਾਤਰਾ ਜਾਣ ਵਾਲੇ ਹਿੰਦੂਆਂ ਲਈ ਜਜ਼ੀਆ (ਸਰਕਾਰੀ ਟੈਕਸ) ਮੁਆਫ਼ ਕਰਨ ਲਈ ਕਿਹਾ। ਬਾਦਸ਼ਾਹ ਨੇ ਹਿੰਦੂਆਂ 'ਤੇ ਲੱਗਿਆ ਟੈਕਸ ਤਾਂ ਮੁਆਫ਼ ਨਾ ਕੀਤਾ ਪਰ ਫ਼ਰਮਾਨ ਜਾਰੀ ਕਰ ਦਿੱਤਾ ਕਿ ਗੁਰੂ ਸਾਹਿਬ ਅਤੇ ਨਾਲ ਜਾਣ ਵਾਲੀ ਗੁਰੂ ਦੀ ਸੰਗਤ 'ਤੇ ਕੋਈ ਟੈਕਸ ਨਹੀਂ ਲੱਗੇਗਾ।

ਸ੍ਰੀ ਗੁਰੂ ਅਮਰਦਾਸ ਮਹਾਰਾਜ ਜਦ ਪ੍ਰਚਾਰ ਦੌਰੇ 'ਤੇ ਗੋਇੰਦਵਾਲ

ਸਾਹਿਬ ਤੋਂ ਚੱਲੇ ਤਾਂ ਪਹਿਲਾ ਵੱਡਾ ਪੜਾਅ ਕੁਰੂਕਸ਼ੇਤਰ ਕੀਤਾ। ਇਥੇ ਕਈ ਦਿਨ ਮਹਾਰਾਜ ਰਹੇ, ਸਿੱਖੀ ਵਿਚ ਬਹੁਤ ਵਾਧਾ ਹੋਇਆ। ਜਦ ਮਹਾਰਾਜ ਅੱਗੇ ਹਰਿਦੁਆਰ ਲਈ ਤੁਰੇ ਤਾਂ ਸਿੱਖ ਸੰਗਤ ਦੇ ਨਾਲ ਬਹੁਤ ਸਾਰੇ ਹਿੰਦੂ, ਜੋਗੀ, ਸੰਨਿਆਸੀ, ਦਿਗੰਬਰ ਅਤੇ ਹੋਰ ਮਤਾਂ ਦੇ ਬੰਦੇ ਭੀ ਨਾਲ ਹੋ ਤੁਰੇ।

ਅੱਗੇ ਸਰਕਾਰੀ ਬੰਦੇ ਟੈਕਸ ਲੈਣ ਲਈ ਬੈਠੇ ਸਨ। ਉਹ ਮਹਾਰਾਜ ਕੋਲ ਆਏ ਕਿ ਤੁਹਾਡੇ ਅਤੇ ਤੁਹਾਡੀ ਸੰਗਤ ਲਈ ਤਾਂ ਟੈਕਸ ਦੀ ਮੁਆਫ਼ੀ ਹੈ ਪਰ ਤੁਹਾਡੇ ਨਾਲ ਤਾਂ ਹੋਰ ਬਹੁਤ ਖ਼ਲਕਤ ਹੈ, ਸਾਨੂੰ ਕੀ ਪਤਾ ਲੱਗੇ ਕਿ ਤੁਹਾਡਾ ਸਿੱਖ ਕੌਣ ਹੈ। ਮਹਾਰਾਜ ਨੇ ਉੱਤਰ ਦਿੱਤਾ ਕਿ ਤੁਸੀਂ ਸਭ ਦੇ ਮੂੰਹ ਵੱਲ ਦੇਖੋ, ਜਿਸ ਦੇ ਬੁੱਲ੍ਹ ਫ਼ਰਕਦੇ ਹਨ ਅਤੇ ਵਾਹਿਗੁਰੂ-ਵਾਹਿਗੁਰੂ ਦਾ ਨਾਮ ਜਪ ਰਿਹਾ ਹੈ, ਉਹ ਸਾਡਾ ਸਿੱਖ ਹੈ। ਜਦ ਇਸ ਗੱਲ ਦਾ ਪਤਾ ਲੋਕਾਂ ਨੂੰ ਲੱਗਾ ਤਾਂ ਸਾਰੀ ਖ਼ਲਕਤ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨ ਲੱਗ ਪਈ ਅਤੇ ਟੈਕਸ ਲੈਣ ਵਾਲਿਆਂ ਦੀਆਂ ਪੇਟੀਆਂ ਖ਼ਾਲਮ-ਖ਼ਾਲੀ ਰਹਿ ਗਈਆਂ। ਫਿਰ ਗੁਰੂ ਸਾਹਿਬ ਨੇ ਸਭ ਸੰਗਤ ਨੂੰ ਕਿਹਾ ਕਿ ਭਾਈ! ਜਿਸ ਤਰ੍ਹਾਂ ਇਥੇ ਵਾਹਿਗੁਰੂ ਦਾ ਜਾਪ ਕਰਨ ਨਾਲ ਕੋਈ ਜੁਗਾਤ ਨਹੀਂ ਲੱਗੀ, ਇਸੇ ਤਰ੍ਹਾਂ ਵਾਹਿਗੁਰੂ-ਵਾਹਿਗੁਰੂ ਜਪਣ ਨਾਲ ਧਰਮਰਾਜ ਦੇ ਜਮਦੂਤ ਵੀ ਕੁਝ ਨਹੀਂ ਕਰ ਸਕਣਗੇ। ਸਾਰੀ ਘਟਨਾ ਦਾ ਜ਼ਿਕਰ ਗੁਰੂ ਰਾਮਦਾਸ ਮਹਾਰਾਜ ਨੇ ਤੁਖਾਰੀ ਰਾਤ ਦੇ ਛੰਤ ਵਿਚ ਕੀਤਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੧੧੬-੧੭ 'ਤੇ ਇਸ ਤਰ੍ਹਾਂ ਦਰਜ ਹੈ :

**ਤੁਖਾਰੀ ਮਹਲਾ ੪ ॥**
**ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥**
**ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥**
**ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥**
**ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥**
**ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥**
**ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥੧॥**
**ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥**
**ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥**
**ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥**
**ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥**
**ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥**

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥
ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥
ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ
ਤਿਨ ਕੇ ਕਿਲਵਿਖ ਨਾਸ ਗਵਾਇਆ ॥
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸ ਕਰਿ ਗਏ ਗੋਸਟਿ ਢੋਆ ॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥
ਸਭ ਗੁਰੂ ਗੁਰੂ ਜਗਤੁ ਬੋਲੈ
ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ
ਕਿਨੈ ਆਢੁ ਨ ਦਾਮੁ ਲਇਆ ॥
ਆਢੁ ਦਾਮੁ ਕਿਛੁ ਪਇਆ ਨ ਬੋਲਕ
ਜਾਗਾਤੀਆ ਮੋਹਣ ਮੁੰਦਣਿ ਪਈ ॥
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ
ਸਭ ਭਾਗਿ ਸਤਿਗੁਰ ਪਿਛੈ ਪਈ ॥
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫॥

ਹੁਣ ਅਸੀਂ ਪਾਠਕਾਂ ਨੂੰ ਇਸ ਵਿਸ਼ੇ ਦੇ ਹੋਰ ਪ੍ਰਮਾਣ ਗੁਰਬਾਣੀ ਵਿਚੋਂ ਦਿੰਦੇ ਹਾਂ :

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥

*(ਅੰਗ ੧੪੨੫)*

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ॥

*(ਅੰਗ ੧੪੨੫)*

ਧਰਮ ਰਾਇ ਹੈ ਹਰਿ ਕਾ ਕੀਆ
ਹਰਿ ਜਨ ਸੇਵਕ ਨੇੜਿ ਨ ਆਵੈ॥

*(ਅੰਗ ੫੫੫)*

ਅਫਰਿਓ ਜਮੁ ਮਾਰਿਆ ਨ ਜਾਈ॥
ਗੁਰ ਕੈ ਸਬਦੇ ਨੇੜਿ ਨ ਆਈ॥
ਸਬਦੁ ਸੁਣੇ ਤਾ ਦੂਰਹੁ ਭਾਗੈ
ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ॥

*(ਅੰਗ ੧੦੫੪)*

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥

*(ਅੰਗ ੧੩੮੩)*

ਇਸ ਪ੍ਰਕਰਣ ਦੇ ਪ੍ਰਮਾਣ ਬੇਅੰਤ ਹਨ। ਹੁਣ ਅਸੀਂ ਭਾਈ ਗੁਰਦਾਸ ਜੀ ਦੀ ਗਵਾਹੀ ਪੇਸ਼ ਕਰਦੇ ਹਾਂ। ਇਥੇ ਭਾਈ ਸਾਹਿਬ ਨੇ ਰਾਜਾ ਜਨਕ ਦੇ ਪ੍ਰਲੋਕ ਗਮਨ ਦਾ ਬਿਰਤਾਂਤ ਦਿੱਤਾ ਹੈ:

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।
ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁਖਵਾਸੀ।
ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ।
ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।
ਕਰੇ ਬੇਨਤੀ ਧਰਮਰਾਇ ਹਉ ਸੇਵਕੁ ਠਾਕੁਰੁ ਅਬਿਨਾਸੀ।
ਗਹਿਣੇ ਧਰਿਓਨੁ ਇਕੁ ਨਾਉ ਪਾਪਾ ਨਾਲਿ ਕਰੈ ਨਿਰਜਾਸੀ।
ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।
ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ।
ਮੁਕਤਿ ਜੁਗਤਿ ਨਾਵੈ ਦੀ ਦਾਸੀ॥ *(ਵਾਰ ੧੦/੫)*

ਹੁਣ ਅਸੀਂ ਪਾਠਕਾਂ ਨੂੰ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿਚ ਇਸ ਵਿਸ਼ੇ ਦੇ ਆਏ ਸ਼ਬਦਾਂ ਦੇ ਅਰਥ ਪਾਠਕਾਂ ਨੂੰ

ਪੇਸ਼ ਕਰਦੇ ਹਾਂ।

**ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ**
**ਏਸੁ ਤਪੇ ਨੋ ਤਿਥੈ ਖੜਿ ਪਾਇਹੁ**
**ਜਿਥੈ ਮਹਾ ਮਹਾਂ ਹਤਿਆਰਿਆ॥**
**ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ**
**ਏਹੁ ਸਤਿਗੁਰਿ ਹੈ ਫਿਟਕਾਰਿਆ॥**

ਅਰਥ: ਦਰਪਣ, ਪੰਨਾ 910 (ਛਾਪ ਤੀਜੀ ਵਾਰ)

"ਧਰਮ ਰਾਜ ਨੇ ਆਪਣੇ ਜਮਦੂਤਾਂ ਨੂੰ ਆਖ ਦਿੱਤਾ ਕਿ ਇਸ ਤਪੇ ਨੂੰ ਲੈ ਜਾ ਕੇ ਉਸ ਥਾਂ ਪਾਇਉ ਜਿਥੇ ਵੱਡੇ ਤੋਂ ਵੱਡੇ ਪਾਪੀ (ਪਾਈਦੇ ਹਨ), ਫ਼ੇਰ (ਉਥੇ ਭੀ) ਇਸ ਤਪੇ ਦੇ ਮੂੰਹ ਕੋਈ ਨਾ ਲੱਗਿਉ (ਕਿਉਂਕਿ) ਇਹ ਤਪਾ ਸਤਿਗੁਰੂ ਵੱਲੋਂ ਫਿਟਕਾਰਿਆ ਹੋਇਆ ਹੈ। ਹੇ ਨਾਨਕ! ਜੋ ਇਹ ਕੁਝ ਪ੍ਰਭੂ ਦੀ ਦਰਗਾਹ ਵਿਚ ਵਰਤਿਆ ਹੈ, ਉਹ ਆਖ ਕੇ ਸੁਣਾ ਦਿੱਤਾ ਹੈ। ਇਸ ਗੱਲ ਨੂੰ ਉਹ ਮਨੁੱਖ ਸਮਝਦਾ ਹੈ, ਜਿਸ ਨੂੰ ਖਸਮ ਪ੍ਰਭੂ ਨੇ ਵਿਸਾਰਿਆ ਹੋਇਆ ਹੈ।"

ਦਰਪਣ, ਪੰਨਾ 584

**ਅਵਰ ਕਰਤੂਤਿ ਸਗਲੀ ਜਮੁ ਡਾਨੈ॥**
**ਗੋਵਿੰਦ ਭਜਨ ਬਿਨੁ ਤਿਲ ਨਹੀ ਮਾਨੈ॥**

ਅਰਥ: (ਨਾਮ ਤੋਂ ਬਿਨਾਂ) ਹੋਰ ਸਾਰੀਆਂ ਕਰਤੂਤਾਂ ਨੂੰ ਜਮਰਾਜ ਡੰਨ ਲਾਉਂਦਾ ਹੈ। ਪ੍ਰਭੂ ਦੇ ਭਜਨ ਤੋਂ ਬਿਨਾਂ ਰਤਾ ਭੀ ਨਹੀਂ ਪਤੀਜਦਾ।

**ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥**
**ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥**
**ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥**
**ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥**
**ਲਿਖਿ ਨਾਵੈ ਧਰਮੁ ਬਹਾਲਿਆ॥**

*(ਅੰਗ ੪੬੩)*

ਅਰਥ (ਪ੍ਰੋ. ਸਾਹਿਬ ਸਿੰਘ ਜੀ):

ਹੇ ਨਾਨਕ! ਜੀਵਾਂ ਨੂੰ ਪੈਦਾ ਕਰ ਕੇ ਪਰਮਾਤਮਾ ਨੇ ਧਰਮਰਾਜ ਨੂੰ (ਉਹਨਾਂ ਦੇ ਸਿਰ 'ਤੇ) ਮੁਕੱਰਰ ਕੀਤਾ ਹੈ ਕਿ ਜੀਵਾਂ ਦੇ ਕੀਤੇ ਕਰਮਾ ਦਾ ਲੇਖਾ ਲਿਖਦਾ ਰਹੇ।

ਧਰਮਰਾਜ ਦੀ ਕਚਹਿਰੀ ਵਿਚ ਨਿਰੋਲ ਸੱਚ ਦੁਆਰਾ (ਜੀਵਾਂ ਦੇ ਕਰਮਾਂ ਦਾ) ਨਿਬੇੜਾ ਹੁੰਦਾ ਹੈ (ਭਾਵ ਉਥੇ ਨਿਬੇੜੇ ਦਾ ਮਾਪ-ਤੋਲ 'ਨਿਰੋਲ ਸੱਚ' ਹੈ।

ਜਿਨ੍ਹਾਂ ਦੇ ਪੱਲੇ 'ਸਚ' ਹੁੰਦਾ ਹੈ, ਉਹਨਾਂ ਨੂੰ ਆਦਰ ਮਿਲਦਾ ਹੈ ਤੇ ਮੰਦ-ਕਰਮੀ ਜੀਵ ਚੁਣ ਕੇ ਬਾਹਰ ਕੱਢੇ ਜਾਂਦੇ ਹਨ। ਕੂੜ ਕਰਮ ਕਰਨ ਵਾਲਿਆਂ ਨੂੰ ਉਥੇ ਟਿਕਾਣਾ ਨਹੀਂ ਮਿਲਦਾ। ਕਾਲਾ ਮੂੰਹ ਕਰ ਕੇ ਉਹਨਾਂ ਨੂੰ ਦੋਜ਼ਕ ਵਿਚ ਧੱਕਿਆ ਜਾਂਦਾ ਹੈ। ਹੇ ਪ੍ਰਭੂ! ਜੋ ਤੇਰੇ ਨਾਮ ਵਿਚ ਰੰਗੇ ਹੋਏ ਹਨ, ਉਹ (ਇਥੋਂ) ਬਾਜ਼ੀ ਜਿੱਤ ਕੇ ਜਾਂਦੇ ਹਨ ਤੇ ਠੱਗੀ ਮਾਰਨ ਵਾਲੇ ਬੰਦੇ (ਮਨੁੱਖਾ ਜਨਮ ਦੀ ਬਾਜ਼ੀ) ਹਾਰ ਕੇ ਜਾਂਦੇ ਹਨ। (ਤੂੰ, ਹੇ ਪ੍ਰਭੂ!) ਧਰਮ ਰਾਜ ਨੂੰ (ਜੀਵਾਂ ਦੇ ਕੀਤੇ ਕਰਮਾਂ ਦਾ) ਲੇਖਾ ਲਿਣ ਵਾਸਤੇ (ਉਹਨਾਂ ਦੇ ਉੱਤੇ) ਮੁਕੱਰਰ ਕੀਤਾ ਹੋਇਆ ਹੈ।

**ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥**
**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥**
**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥**
**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥**
**ਮਨਿ ਅੰਧੈ ਜਨਮੁ ਗਵਾਇਆ॥**

*(ਅੰਗ ੪੬੪)*

ਅਰਥ (ਦਰਪਣ, ਪ੍ਰੋ. ਸਾਹਿਬ ਸਿੰਘ ਜੀ):

ਰੱਬ ਆਪ ਜੀ (ਜੀਵ ਰੂਪ ਹੋ ਕੇ) ਪਦਾਰਥਾਂ ਦੇ ਰੰਗ ਮਾਣਦਾ ਹੈ। (ਇਹ ਭੀ ਉਸ ਦੀ ਅਚਰਜ ਕੁਦਰਤ ਹੈ) ਸਰੀਰ ਮਿੱਟੀ ਹੋ ਜਾਂਦਾ ਹੈ (ਤੇ ਅਖ਼ੀਰ ਜੀਵ-ਆਤਮਾ ਰੂਪ) ਭੌਰ (ਸਰੀਰ ਨੂੰ ਛੱਡ ਕੇ) ਤੁਰ ਪੈਂਦਾ ਹੈ। (ਇਸ ਤਰ੍ਹਾਂ) ਦੁਨੀਆਂ ਦੇ ਧੰਧਿਆਂ ਵਿਚ ਵੇੜ੍ਹਿਆ ਹੋਇਆ ਜੀਵ (ਜਦੋਂ ਮਰਦਾ ਹੈ) ਇਸ ਦੇ ਗਲ ਵਿਚ ਸੰਗਲ ਪਾ ਕੇ ਅੱਗੇ ਲਾ ਲਿਆ ਜਾਂਦਾ ਹੈ (ਭਾਵ ਮਾਇਆ ਵੇੜ੍ਹਿਆ ਹੋਇਆ ਜੀਵ) ਜਗਤ ਨੂੰ ਛੱਡਣਾ ਨਹੀਂ ਚਾਹੁੰਦਾ ਤੇ (ਹੰਸੁ ਚਲਸੀ ਡੁੰਮਣਾ)।

ਪ੍ਰਲੋਕ ਵਿਚ ਭਾਵ ਧਰਮਰਾਜ ਦੇ ਦਰਬਾਰ ਵਿਚ ਰੱਬ ਦੀ ਸਿਫ਼ਤ-ਸਲਾਹ ਰੂਪੀ ਕਮਾਈ ਹੀ ਕਬੂਲ ਪੈਂਦੀ ਹੈ। ਉਥੇ (ਜੀਵ ਦੇ ਕਰਮਾਂ) ਦਾ ਹਿਸਾਬ ਚੰਗੀ ਤਰ੍ਹਾਂ (ਇਸ ਨੂੰ) ਸਮਝਾ ਦਿੱਤਾ ਜਾਂਦਾ ਹੈ।

ਮਾਇਆ ਦੇ ਭੋਗਾਂ ਵਿਚ ਫਸੇ ਰਹਿਣ ਦੇ ਕਾਰਨ ਉਥੇ ਮਾਰ ਪੈਂਦੇ ਨੂੰ ਕਿਤੋਂ ਢੋਈ ਨਹੀਂ ਮਿਲਦੀ। ਉਸ ਵੇਲੇ ਕੋਈ ਭੀ ਕੂਕ-ਪੁਕਾਰ ਨਹੀਂ ਸੁਣਦਾ। ਮੂਰਖ ਮਨ (ਵਾਲਾ ਜੀਵ) ਆਪਣਾ ਮਨੁੱਖਾ ਜਨਮ ਅਜਾਈਂ ਗਵਾ ਲੈਂਦਾ ਹੈ।

ਇੰਦਰ ਸਿੰਘ ਘੱਗਾ ਆਪਣੀ ਪੁਸਤਕ 'ਆਵਾਗਵਣ, 84 ਲੱਖ ਜੂਨੀ, ਚਿੱਤਰ-ਗੁਪਤ, ਜਮਦੂਤ ਅਤੇ ਧਰਮਰਾਜ ਦੀ ਅਸਲੀਅਤ' ਦੇ ਪੰਨਾ 63 'ਤੇ ਇੰਜ ਲਿਖਦਾ ਹੈ:

ਵਿਚਾਰ : ਧਰਮਰਾਜ ਜੀਵਾਂ ਦੇ ਕੀਤੇ ਕੰਮਾਂ ਮੁਤਾਬਕ ਫ਼ੈਸਲਾ ਕਰਨ ਵਾਲਾ ਮੰਨਿਆ ਗਿਆ ਹੈ। ਉੱਪਰ ਅਕਾਸ਼ ਵਿਚ ਕਿਤੇ ਅਜਿਹਾ ਥਾਂ, ਮਹਿਲ ਜਾਂ ਨਗਰੀ ਨਹੀਂ ਹੈ, ਜਿਥੇ ਇਹ ਧਰਮਰਾਜ ਕਚਹਿਰੀ ਲਾ ਕੇ ਬੈਠਦਾ ਹੋਵੇ। ਨਿਰੰਕਾਰ ਦਾ ਇਹ ਸ਼ਰੀਕ ਪੈਦਾ ਕੀਤਾ ਗਿਆ ਹੈ। ਕਿੰਨੀ ਅਜੀਬ ਅਤੇ ਹਾਸੋ-ਹੀਣੀ ਕਿਸੇ ਤਰਕ ਤੋਂ ਰਹਿਤ ਗੱਲ ਹੈ ਕਿ ਇਹ ਸੂਰਜ ਦਾ ਪੁੱਤਰ ਹੈ। ਕੀ ਇਹ ਸੰਭਵ ਹੈ ਕਿ ਸੂਰਜ ਮਨੁੱਖੀ ਸਰੀਰ ਧਾਰ ਕੇ ਆਵੇ ਅਤੇ ਕਿਸੇ ਔਰਤ ਨਾਲ ਸੰਜੋਗ ਕਰੇ ? ਕਈ ਕਰੋੜ ਕਿਲੋਮੀਟਰ ਦੂਰੀ ਤੋਂ ਸੂਰਜ ਦੀ ਤਪਸ਼ ਸਹਿਣੀ ਔਖੀ ਹੁੰਦੀ ਹੈ। ਕਿਸੇ ਪਖੰਡੀ, ਫ਼ਰੇਬੀ ਅਤੇ ਝੂਠੇ ਲਿਖਾਰੀ ਦੀ ਲਿਖਤ ਕਹਿ ਰਹੀ ਹੈ ਕਿ ਸੂਰਜ ਨੇ ਸੰਗਿਆ ਨਾਮੀ ਔਰਤ ਨਾਲ ਸੰਜੋਗ ਕੀਤਾ ਤਾਂ ਧਰਮਰਾਜ ਦਾ ਜਨਮ ਹੋਇਆ। ਗੱਲ ਇਥੇ ਹੀ ਮੁੱਕ ਨਹੀਂ ਗਈ, ਧਰਤੀ ਉੱਤੇ ਆ ਕੇ ਇਸ ਨੇ ਕੀ ਕੀਤਾ ? ਇਸ ਦੀ ਲਿਖਤ ਕੋਈ ਹੋਵੇ, ਜੀ ਨਹੀਂ ਕੁਝ ਨਹੀਂ ਮਿਲੇਗਾ। ਧਰਤੀ 'ਤੇ ਮਰਨ ਵਾਲਿਆਂ ਵਿਚੋਂ ਮੌਤ ਭੀ ਧਰਮਰਾਜ ਦੀ ਸਭ ਤੋਂ ਪਹਿਲਾਂ ਹੋਈ। ਸਵਰਗ ਦਾ ਰਾਹ ਭੀ ਇਸ ਨੇ ਲੱਭ ਕੇ ਦਿੱਤਾ। ਵਾਹ ਜੀ ਵਾਹ ! ਬਿਪਰ ਲਿਖਾਰੀ ਜੀ, ਤੁਸੀਂ ਕਮਾਲ ਕਰ ਦਿੱਤੀ।

ਪਾਠਕ ਵੀਰੋ ਭੈਣੋ ! ਇਹ ਧਰਮਰਾਜ ਉੱਪਰ ਕਿਤੇ ਨਹੀਂ ਬੈਠਾ, ਇਸੇ ਧਰਤੀ 'ਤੇ ਲਗਪਗ ਪੰਜ ਹਜ਼ਾਰ ਸਾਲ ਤੋਂ ਤਖ਼ਤ 'ਤੇ ਬੈਠਾ ਹੈ। ਜਨਤਾ ਜਨਾਰਦਨ ਦੀ ਜ਼ਿੰਦਗੀ ਦੇ ਫ਼ੈਸਲੇ ਕਰਦਾ ਆ ਰਿਹਾ ਹੈ। ਇਹ ਫ਼ੈਸਲੇ ਭੀ ਹਮੇਸ਼ਾਂ ਪੱਖਪਾਤੀ ਅਤੇ ਬੇਈਮਾਨੇ ਵਾਲੇ ਹੁੰਦੇ ਹਨ। ਇਹ ਕੋਈ ਹੋਰ ਨਹੀਂ, ਅਸਲ ਵਿਚ ਬ੍ਰਾਹਮਣ ਖ਼ੁਦ ਹੀ ਧਰਮਰਾਜ ਹੈ ਅਤੇ ਖ਼ੁਦ ਹੀ ਜਮਰਾਜ ਹੈ।"

ਪਾਠਕ ਜਨ ਗ਼ੌਰ ਕਰਨ ਕਿ ਗੁਰ ਗਿਆਨ ਪ੍ਰਕਾਸ਼ ਮਿਸ਼ਨਰੀ ਕਾਲਜ ਜਵੱਦੀ ਲੁਧਿਆਣਾ ਦਾ ਪ੍ਰੋ. ਇੰਦਰ ਸਿੰਘ ਘੱਗਾ ਇਹ ਕਹਿੰਦਾ ਹੈ ਅਤੇ ਇਸੇ ਕਾਲਜ ਦਾ ਪ੍ਰੋਫ਼ੈਸਰ ਗੁਰਬਚਨ ਸਿੰਘ ਲਿਖਦਾ ਹੈ ਕਿ ਧਰਮਰਾਜ ਰੱਬੀ ਨਿਯਮਾਵਲੀ ਹੈ (ਪੁਸਤਕ, ਪੰਨਾ 149) ਅਤੇ ਜਿਸ ਪ੍ਰੋ. ਸਾਹਿਬ ਸਿੰਘ ਜੀ ਦੀ ਦੁਹਾਈ ਦੇ ਕੇ ਇਹ ਪੰਥ ਨੂੰ ਬ੍ਰਾਹਮਣਵਾਦੀ ਕਹਿੰਦੇ ਹਨ, ਉਹਨਾਂ ਦੇ ਵਿਚਾਰ ਉੱਪਰ ਪੜ੍ਹ ਲਏ ਹਨ।

**ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ**

ਗੁਰ ਪੂਰੇ ਵਾਹੁ ਵਾਹੁ ਭਾਵੈ ॥
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ
ਤਿਸੁ ਜਮਕੰਕਰੁ ਨੇੜਿ ਨ ਆਵੈ ॥

*(ਅੰਗ ੫੧੫)*

ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥
ਪਰਤਾਪੁ ਤੁਮ੍ਾਰਾ ਦੇਖਿ ਕੈ ਜਮਦੂਤ ਛਡਿ ਜਾਹਿ ॥

*(ਅੰਗ ੮੧੧)*

ਬਿਰਖੈ ਹੇਠਿ ਸਭਿ ਜੰਤ ਇਕਠੇ ॥
ਇਕਿ ਤਤੇ ਇਕਿ ਬੋਲਨਿ ਮਿਠੇ ॥
ਅਸਤੁ ਉਦੋਤੁ ਭਇਆ ਉਠਿ ਚਲੇ
ਜਿਉ ਜਿਉ ਅਉਧ ਵਿਹਾਣੀਆ ॥੧॥
ਪਾਪ ਕਰੇਦੜ ਸਰਪਰ ਮੁਠੇ ॥
ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥
ਸੰਗਿ ਨ ਕੋਈ ਭਈਆ ਬੇਬਾ ॥
ਮਾਲੁ ਜੋਬਨੁ ਧਨੁ ਛੋਡਿ ਵਵੇਸਾ ॥
ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥੩॥
ਖੁਸਿ ਖੁਸਿ ਲੈਦਾ ਵਸਤੁ ਪਰਾਈ ॥
ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥੪॥
ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥
ਬਹੁਤੁ ਸਜਾਇ ਪਇਆ ਦੇਸਿ ਲੰਮੈ ॥
ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥੫॥

*(ਅੰਗ ੧੦੧੯-੨੦)*

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਇਹ ਅਖੌਤੀ ਪ੍ਰੋਫ਼ੈਸਰ ਹੀ ਦੱਸ ਸਕਦੇ ਹਨ ਕਿ ਇਹ ਕਿਸੇ ਬ੍ਰਾਹਮਣੀ ਗ੍ਰੰਥ ਵਿਚੋਂ ਹੈ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਹੈ। ਫਿਰ ਇਹ ਉਪਦੇਸ਼ ਸਰਬ-ਸਾਂਝਾ ਹੈ ਜਾਂ ਕੇਵਲ ਕਿਸੇ ਇਕ ਫ਼ਿਰਕੇ (ਹਿੰਦੂਆਂ) ਨੂੰ ਸਮਝਾਉਣ ਲਈ ਹੈ।

ਇਹ ਕਹਿੰਦੇ ਹਨ ਕਿ ਨਰਕ, ਸੁਰਗ, ਚਿੱਤਰ-ਗੁਪਤ, ਧਰਮਰਾਜ ਸਭ ਮਨੋਕਲਪਿਤ ਚੀਜ਼ਾਂ ਹਨ। ਫਿਰ ਇਹ ਕਹਿੰਦੇ ਹਨ ਕਿ ਗਰੁੜ ਪੁਰਾਣ ਦੀ

ਉਪਜ ਹਨ। ਅਸੀਂ ਪੁੱਛਾਂਗੇ :

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥**

*(ਅੰਗ ੬)*

ਇਥੇ ਪੌਣ, ਪਾਣੀ, ਬੈਸੰਤਰ (ਅੱਗ) ਮਨੋ-ਕਲਪਿਤ ਹੈ ਕਿ ਗੁਰੜ ਪੁਰਾਣ ਵਾਲੀ ਹੈ। ਜੇ ਇਹ ਤਿੰਨ ਚੀਜ਼ਾਂ ਅਸਲੀਅਤ ਹਨ ਫਿਰ ਚੌਥੀ ਚੀਜ਼ 'ਧਰਮਰਾਜਾ' ਮਨੋਕਲਪਿਤ ਕਿਸ ਤਰ੍ਹਾਂ ਹੋ ਗਿਆ ? ਨਾਸਤਿਕ ਕਾਮਰੇਡਾਂ ਲਈ ਤਾਂ ਰੱਬ ਭੀ ਇਕ ਮਨੋਕਲਪਿਤ ਹੈ ਅਤੇ ਤੁਹਾਡੇ ਲਈ ਭੀ ਮਨੋ-ਕਲਪਿਤ ਛਿੱਤਰਾਂ ਤੋਂ ਡਰਦੇ ਸਿੱਧਾ ਨਹੀਂ ਕਹਿੰਦੇ। ਪ੍ਰੋ. ਗੁਰਬਚਨ ਸਿੰਘ ਨੇ ਜ਼ਾਹਰ ਕਰ ਦਿੱਤਾ, ਜਦ ਇਹ ਲਿਖਦਾ ਹੈ :

ਆਤਮਾ ਇਕ ਨਿਯਮ ਹੈ, ਤਾਂ ਜ਼ਾਹਰ ਹੈ ਪਰਮ-ਆਤਮਾ ਭਾਵ ਪਰਮਾਤਮਾ ਇਕ ਵੱਡਾ ਨਿਯਮ ਹੈ।

ਸੰਸਾਰ ਵਿਚ ਕੋਈ ਐਸੀ ਚੀਜ਼ ਹੈ, ਜਿਸ ਦਾ ਨਾਉਂ ਤਾਂ ਹੋਵੇ ਪਰ ਉਹ ਹੋਵੇ ਨਾ। ਚੀਜ਼ ਦੀ ਹੋਂਦ ਪਹਿਲਾਂ ਹੁੰਦੀ ਹੈ, ਨਾਉਂ ਪਿੱਛੋਂ ਧਰੀਦਾ ਹੈ।

ਫ਼ਾਰਸੀ ਦੀ ਕਹਾਵਤ ਹੈ :

'ਜ਼ਿਮੀਂ ਜੁੰਬਸ਼ ਚਿ ਜੁੰਬਸ਼ ਨ ਜੁੰਬਸ ਗੁਲਮੁਹੰਮਦ।' ਭਾਵ ਦੁਨੀਆਂ ਇਧਰ ਤੋਂ ਉਧਰ ਹੋ ਸਕਦੀ ਹੈ, ਪਰ ਗੁਲਮੁਹੰਮਦ ਨਹੀਂ ਹਿੱਲੇਗਾ। ਇਸੇ ਤਰ੍ਹਾਂ ਦੁਨੀਆਂ ਮੰਨ ਜਾਵੇਗੀ ਪਰ ਮਿਸ਼ਨਰੀ ਕਾਲਜ ਜਵੱਦੀ ਨਹੀਂ ਮੰਨੇਗਾ। ਪਰ ਹੁਣ ਤੁਹਾਡੀਆਂ ਇਹ ਝੂਠ 'ਤੇ ਆਧਾਰਿਤ ਲਿਖੀਆਂ ਚਲਾਕੀਆਂ ਚੱਲਣ ਨਹੀਂ ਦਿੱਤੀਆਂ ਜਾਣਗੀਆਂ। ਹੁਣ ਪੰਥ ਤੁਹਾਥੋਂ ਤੁਹਾਡੀ ਹਰ ਚੀਜ਼ ਦਾ ਜਵਾਬ ਮੰਗੇਗਾ।ਕੀ ਤੁਸੀਂ ਇਹਨਾਂ ਗੱਲਾਂ ਦੇ ਸਪੱਸ਼ਟੀਕਰਨ ਲਈ ਦੀਵਾਨ ਹਾਲ ਮੰਜੀ ਸਾਹਿਬ ਸੰਗਤ ਸਾਮ੍ਹਣੇ ਆਉਣ ਲਈ ਤਿਆਰ ਹੋ ? ਅਸੀਂ ਤੁਹਾਨੂੰ 'ਜੀ ਆਇਆਂ' ਆਖਦੇ ਹਾਂ। ਨਹੀਂ, ਫਿਰ ਸੰਗਤਾਂ ਫ਼ੈਸਲਾ ਕਰ ਚੁੱਕੀਆਂ ਹਨ ਕਿ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ਼, ਜਵੱਦੀ, ਲੁਧਿਆਣਾ' ਬੇਈਮਾਨ, ਧੋਖੇਬਾਜ਼ਾਂ ਅਤੇ ਝੂਠਿਆਂ ਦੀ ਸੰਸਥਾ ਹੈ ਅਤੇ ਖ਼ਾਲਸਾ ਪੰਥ ਦੇ ਮੱਥੇ ਦਾ ਕਲੰਕ ਅਤੇ ਨਾਸੂਰ ਹੈ।

–

# ਅੰਧੇ ਅਕਲੀ ਬਾਹਰੇ

'ਵਿਰਲੈ ਕਿਨੈ ਵੀਚਾਰਿਆ' ਨਾਮ ਦੀ ਪੁਤਸਕ ਦੇ ਪੰਨਾ 94-95 'ਤੇ ਭਗਤ ਤ੍ਰਿਲੋਚਨ ਜੀ ਦਾ ਸ਼ਬਦ ਲਿਖਿਆ ਹੈ :

**ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥੧॥**
**ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥**
**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥**
**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥**
**ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥**
**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥**

*(ਅੰਗ ੫੨੬)*

ਕਿਉਂਕਿ ਰੱਬ ਨੂੰ ਨਾ ਮੰਨਣ ਵਾਲੇ ਨਾਸਤਿਕ ਆਵਾ-ਗਵਣ, ਨਰਕ, ਸੁਰਗ, ਲੋਕ-ਪ੍ਰਲੋਕ, ਧਰਮਰਾਜ ਆਦਿ ਨੂੰ ਨਹੀਂ ਮੰਨਦੇ, ਇਸ ਲਈ ਪ੍ਰੋ. ਗੁਰਬਚਨ ਸਿੰਘ ਜੀ ਨੇ ਇਸ ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ :

"ਇਸ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਹਨ :

**ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥**

ਹੇ ਭੈਣ ! (ਮੇਰੇ ਲਈ ਅਰਦਾਸ ਕਰ) ਮੈਨੂੰ ਕਦੇ ਵੀ ਪਰਮਾਤਮਾ ਦਾ ਨਾਮ ਨਾ ਭੁੱਲੇ (ਤਾਂ ਅੰਤ ਵੇਲੇ ਭਾਵ ਜਦੋਂ ਵੀ ਕੋਈ ਕਿਰਦਾਰ ਤੋਂ ਗਿਰਿਆ ਹੋਇਆ ਕੰਮ ਕਰਨ ਲੱਗਾਂ, ਜਿਸ ਨੂੰ ਆਤਮਿਕ ਮੌਤ ਕਿਹਾ ਗਿਆ ਹੈ ਤਾਂ ਮੈਨੂੰ ਉਹ ਪਰਮਾਤਮਾ ਹੀ ਚੇਤੇ ਆਵੇ।"

ਅਸੀਂ ਪੁੱਛਦੇ ਹਾਂ ਕਿ ਮਨੋ-ਕਲਪਿਤ ਅਰਥ ਕਿਸ ਵਿਆਕਰਨ ਜਾਂ

ਕੋਸ਼ਕਾਰੀ ਅਧੀਨ ਕੀਤੇ ਹਨ ?

ਅੰਤਿ ਕਾਲਿ 'ਜੋ' ਲਛਮੀ ਸਿਮਰੈ ਵਿਚ ਲਫ਼ਜ਼ 'ਜੋ' ਅਨਯ ਪੁਰਖ ਦਾ ਲਖਾਇਕ ਹੈ, ਇਸ ਨੂੰ ਪ੍ਰੋਫ਼ੈਸਰ ਸਾਹਿਬ ਨੇ 'ਉੱਤਮ ਪੁਰਖ' ਕਿਸ ਆਧਾਰ 'ਤੇ ਬਣਾ ਦਿੱਤਾ ? ਇਸੇ ਤਰ੍ਹਾਂ ਲਫ਼ਜ਼ 'ਅਉਤਰੈ' (ਜਨਮ ਲੈਂਦਾ ਹੈ) ਅਨਯ ਪੁਰਖ ਦਾ ਲਖਾਇਕ ਹੈ ਪਰ ਪ੍ਰੋਫ਼ੈਸਰ ਸਾਹਿਬ ਨੇ ਉੱਤਮ ਪੁਰਖ ਵਿਚ ਅਰਥ ਕਿਸ ਤਰ੍ਹਾਂ ਕਰ ਦਿੱਤੇ ? ਸਹੀ ਅਰਥ ਹਨ ਕਿ ਅੰਤ ਵੇਲੇ (ਮਰਨ ਵੇਲੇ) ਜੋ ਪ੍ਰਾਣੀ ਮਾਇਆ ਨੂੰ ਯਾਦ ਕਰਦਾ ਹੈ, ਉਹ ਸੱਪ ਦੇ (ਰੂਪ 'ਚ) ਜਨਮ ਲੈਂਦਾ ਹੈ। ਪ੍ਰੋ. ਸਾਹਿਬ ਸਿੰਘ ਜੀ ਦੇ 'ਦਰਪਣ' ਵਿਚ ਇਹੀ ਅਰਥ ਕੀਤੇ ਹਨ।

ਅੱਗੇ ਪ੍ਰੋ. ਗੁਰਬਚਨ ਸਿੰਘ ਨੇ ਇਕ ਹੋਰ ਚਲਾਕੀ ਕੀਤੀ ਹੈ ਕਿ 'ਦਰਪਣ' ਵਿਚ ਇਸ ਸ਼ਬਦ ਦੇ ਅਰਥਾਂ ਪਿੱਛੋਂ ਇਕ ਨੋਟ ਦਿੱਤਾ ਹੈ "ਪ੍ਰੋ. ਸਾਹਿਬ ਸਿੰਘ ਜੀ ਨੇ ਬਹੁਤ ਭਾਵ-ਪੂਰਤ ਫੁੱਟਨੋਟ ਦਿੱਤਾ ਹੈ, ਜੋ ਇਸ ਸ਼ਬਦ ਦੀਆਂ ਕਈ ਹੋਰ ਪਰਤਾਂ ਤਥਾ ਡੂੰਘਾਈਆਂ ਨੂੰ ਖੋਲ੍ਹਦਾ ਹੈ। ਜਿਹਾ ਕਿ 'ਇਹ ਗੱਲ ਬੜੀ ਸਾਦੀ ਜਿਹੀ ਹੈ। ਸ਼ਾਇਦ ਸਾਡੇ ਸੱਜਣ ਨੇ ਧਿਆਨ ਨਹੀਂ ਦਿੱਤਾ। ਭਗਤ ਤ੍ਰਿਲੋਚਨ ਜੀ ਆਪ ਬ੍ਰਾਹਮਣ ਜਾਤੀ ਦੇ ਸਨ ਅਤੇ ਇਸ ਸ਼ਬਦ ਦੇ ਰਾਹੀਂ ਹਿੰਦੂ ਜਾਤੀ ਦੇ ਭਰਾਵਾਂ ਨੂੰ ਸਿੱਖਿਆ ਦੇ ਰਹੇ ਹਨ। ਹਿੰਦੂਆਂ ਵਿਚ ਹਿੰਦੂ ਧਰਮ ਦੇ ਪੁਰਾਣਾਂ ਤੇ ਸ਼ਾਸਤਰਾਂ ਵਾਲੇ ਹੀ ਖ਼ਿਆਲ ਕੁਦਰਤੀ ਤੌਰ 'ਤੇ ਪ੍ਰਚਲਿਤ ਸਨ। ਜੂਨਾਂ ਵਿਚ ਪੈਣ ਬਾਰੇ ਜੋ ਖ਼ਿਆਲ ਆਮ ਹਿੰਦੂ ਜਨਤਾ ਦੇ ਮਨਾਂ ਵਿਚ ਸਮਾਏ ਹੋਏ ਸਨ, ਉਹਨਾਂ ਦਾ ਹੀ ਹਵਾਲਾ ਦੇ ਕੇ ਤ੍ਰਿਲੋਚਨ ਜੀ ਸਮਝਾ ਰਹੇ ਹਨ ਕਿ ਸਾਰੀ ਉਮਰ ਧਨ, ਇਸਤਰੀ, ਪੁੱਤਰ ਤੇ ਮਹਿਲ ਦੇ ਧੰਦਿਆਂ ਵਿਚ ਹੀ ਇਤਨਾ ਖਚਿਤ ਨਾ ਰਹੋ ਕਿ ਮਰਨ ਵੇਲੇ ਭੀ ਸੁਰਤ ਇਹਨਾਂ ਵਿਚ ਹੀ ਟਿਕੀ ਰਹੇ। ਗ੍ਰਿਹਸਤ ਜੀਵਨ ਦੀਆਂ ਜ਼ਿੰਮੇਵਾਰੀਆਂ ਇਸ ਤਰੀਕੇ ਨਾਲ ਨਿਭਾਓ ਕਿ ਕਿਰਤ-ਕਾਰ ਕਰਦਿਆਂ ਦੀ 'ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ' ਤਾਂ ਕਿ ਅੰਤ ਵੇਲੇ ਧਨ, ਇਸਤਰੀ, ਪੁੱਤਰ, ਮਹਿਲ-ਮਾੜੀਆਂ ਵਿਚ ਸੁਰਤ ਭਟਕਣ ਦੀ ਥਾਂ ਮਨ ਪ੍ਰਭੂ ਚਰਨਾਂ ਵਿਚ ਜੁੜੇ। ਸੋ ਭਗਤ ਜੀ ਨੇ ਕੋਈ ਕਿਆਫ਼ਾ ਨਹੀਂ ਲਾਇਆ, ਸਗੋਂ ਹਿੰਦੂ ਜਨਤਾ ਦੇ ਦਿਲਾਂ ਵਿਚ ਸੱਚੇ ਜੀਵਨ ਦਾ ਰਸਤਾ ਦੱਸ ਰਹੇ ਹਨ, ਭਾਵ ਵਰਤਮਾਨ ਜੀਵਨ ਨੂੰ ਸੁਚੱਜਾ ਬਣਾਉਣ ਦੀ ਜਾਚ ਦੱਸ ਰਹੇ ਹਨ।"

ਪ੍ਰੋ. ਗੁਰਬਚਨ ਸਿੰਘ ਨੇ ਜਾਣ-ਬੁੱਝ ਕੇ ਪ੍ਰੋ. ਸਾਹਿਬ ਸਿੰਘ ਜੀ ਦੇ ਇਸ ਨੋਟ ਤੋਂ ਪਹਿਲਾਂ ਦਿੱਤਾ ਵਿਚਾਰ ਨਹੀਂ ਦੱਸਿਆ।

ਉਹ ਵਿਚਾਰ ਇਹ ਸੀ ਕਿ ਉਸ ਵੇਲੇ ਭੀ ਅੱਜ ਵਾਂਗ ਦੁਸ਼-ਪ੍ਰਚਾਰ ਕਰਨ

ਵਾਲੀ ਸੰਸਥਾ (ਸੱਚਖੰਡ ਭਸੌੜ) ਪ੍ਰਚਾਰ ਕਰ ਰਹੀ ਸੀ ਕਿ ਭਗਤ ਬਾਣੀ ਹਿੰਦੂ ਪੌਰਾਣਿਕ ਮਤ ਦਾ ਪੱਖ ਪੂਰਦੀ ਹੈ, ਇਸ ਲਈ ਇਹ ਗੁਰੂ ਗ੍ਰੰਥ ਵਿਚੋਂ ਕੱਢ ਦੇਣੀ ਚਾਹੀਦੀ ਹੈ। ਪ੍ਰੋ. ਸਾਹਿਬ ਸਿੰਘ ਜੀ ਨੇ ਇਹ ਗੱਲ ਲਿਖ ਕੇ ਇਸ ਸ਼ਬਦ ਦੇ ਅਰਥ ਲਿਖਣ ਪਿੱਛੋਂ ਇਹ ਨੋਟ ਦਿੱਤਾ ਹੈ।

ਪਰ ਪ੍ਰੋ. ਸਾਹਿਬ ਸਿੰਘ ਜੀ ਦਾ ਇਹ ਨੋਟ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਲਈ ਦੁਬਿਧਾ ਪੈਦਾ ਕਰਨ ਵਾਲਾ ਹੈ। ਉਹ ਇਹ ਕਿ ਕੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਉਪਦੇਸ਼ ਹਿੰਦੂਆਂ ਲਈ ਹੋਰ, ਸਿੱਖਾਂ ਲਈ ਹੋਰ ਅਤੇ ਮੁਸਲਮਾਨਾਂ ਲਈ ਹੋਰ ਹੈ ? ਪਰ ਗੁਰਬਾਣੀ ਦਾ ਸਪਸ਼ਟ ਫ਼ੈਸਲਾ ਹੈ :

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**

*(ਅੰਗ ੬੪੭)*

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥**
**ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥**

*(ਅੰਗ ੭੪੭-੪੮)*

ਗੁਰੂ ਤੋਂ ਬੇਮੁਖ ਹੋਏ ਬੰਦਿਆਂ ਦਾ ਟੇਢੀਆਂ ਜੂਨਾਂ ਵਿਚ ਆਉਣ ਦੇ ਪ੍ਰਤੱਖ ਇਤਿਹਾਸਿਕ ਪ੍ਰਮਾਣ ਸਾਡੇ ਕੋਲ ਮੌਜੂਦ ਹਨ।

1. ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਤੋਂ ਬੇਮੁਖ ਹੋਏ ਭਾਈ ਮੂਲੇ ਸ਼ਾਹ ਦਾ ਸਹੇ ਦੀ ਜੂਨ ਵਿਚ ਪਏ ਦਾ ਕਲਿਆਣ ਦਸਮੇਸ਼ ਪਿਤਾ ਨੇ ਸ਼ਿਕਾਰ ਕਰ ਕੇ ਕੀਤਾ। ਜਿਸ ਦੀ ਯਾਦ ਵਿਚ ਗੁਰਦੁਆਰਾ ਸ਼ਿਕਾਰ ਘਾਟ ਹਜ਼ੂਰ ਸਾਹਿਬ (ਨੰਦੇੜ) ਹੈ।
2. ਲਾਹੌਰ ਦੇ ਦੁਨੀ ਚੰਦ ਸੇਠ ਦੇ ਪਿਤਾ ਦਾ ਬਘਿਆੜ ਦੀ ਜੂਨ ਵਿਚ ਪੈਣਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਲਿਆਣ ਕਰਨਾ ਇਤਿਹਾਸਿਕ ਘਟਨਾ ਹੈ। ਦੁਨੀ ਚੰਦ ਨੇ ਆਪਣੇ ਪਿਤਾ ਦੇ ਸ੍ਰਾਧ ਲਈ ਬ੍ਰਹਮ ਭੋਜ ਕੀਤਾ ਸੀ ਪਰ ਗੁਰੂ ਸਾਹਿਬ ਨੇ ਦੁਨੀ ਚੰਦ ਨੂੰ ਵਿਖਾ ਦਿੱਤਾ ਕਿ ਇਹ ਬ੍ਰਹਮ ਭੋਜ ਤੇਰੇ ਪਿਤਾ ਨੂੰ ਨਹੀਂ ਪੁੱਜਾ। ਇਸ ਲਈ ਸ੍ਰਾਧ ਆਦਿ ਫ਼ਜ਼ੂਲ ਕਿਰਿਆ ਹੈ।

   **ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥**

   *(ਅੰਗ ੪੭੨)*

3. ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚੌਰ-ਬਰਦਾਰ ਭਾਈ ਕੀਰਤੀਆ ਦੇ ਪਿਤਾ ਦਾ ਰਿੱਛ ਦੀ ਜੂਨ ਵਿਚ ਪਏ ਨੂੰ ਰਿੱਛ ਨਚਾਉਣ ਵਾਲਾ ਜਦ ਗੁਰੂ ਦਰਬਾਰ ਲੈ ਕੇ ਆਇਆ ਤਾਂ ਦਸਮੇਸ਼ ਪਿਤਾ ਨੇ ਕਲਿਆਣ ਕੀਤਾ।

4. ਪਖੰਡੀ ਅਤੇ ਝੂਠੇ ਗੁਰੂ ਦਾ ਸਰਾਲ (ਵੱਡਾ ਸੱਪ) ਦੀ ਜੂਨ ਵਿਚ ਪਏ ਦਾ ਉਧਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤਾ।
5. ਦਮਦਮਾ ਸਾਹਿਬ ਕੋਲ ਗੁਰਦੁਆਰਾ ਤਿੱਤਰਸਰ ਹੈ। ਇਥੇ ਦਸਮੇਸ਼ ਪਿਤਾ ਨੇ ਜਿਉਂਦੇ ਤਿੱਤਰ ਨੂੰ ਫੜ ਕੇ ਖੰਭ ਪੁੱਟ ਕੇ ਆਪਣੇ ਬਾਜ਼ ਨੂੰ ਖੁਆਇਆ। ਸਿੱਖਾਂ ਦੇ ਪੁੱਛਣ 'ਤੇ ਮਹਾਰਾਜ ਨੇ ਦੱਸਿਆ ਕਿ ਤਿੱਤਰ ਪਿਛਲੇ ਜਨਮ ਵਿਚ ਜੱਟ ਸੀ ਅਤੇ ਬਾਜ਼ ਬਾਣੀਆ ਸੀ। ਜੱਟ ਨੇ ਬਾਣੀਏ ਤੋਂ ਪੈਸੇ ਲੈ ਕੇ ਮੋੜੇ ਨਾ ਅਤੇ ਜਦ ਪੰਚਾਇਤ ਇਕੱਠੀ ਹੋਈ, ਗੁਰੂ ਦੇ ਨਾਉਂ ਦੀ ਝੂਠੀ ਸਹੁੰ ਖਾ ਕੇ ਕਹਿ ਦਿੱਤਾ ਕਿ ਮੈਂ ਪੈਸੇ ਨਹੀਂ ਲਏ। ਬਾਣੀਆਂ ਕਹਿਣ ਲੱਗਾ, ਹੁਣ ਤਾਂ ਬਚ ਗਿਆ ਜਦ ਮੇਰੀ ਵਾਰੀ ਆਈ, ਤੈਨੂੰ ਕੱਚੇ ਨੂੰ ਖਾਵਾਂਗਾ।
6. ਪਾਉਂਟਾ ਸਾਹਿਬ ਦੇ ਗੁਰਦੁਆਰਾ ਸਾਹਿਬ ਤੋਂ ਤਕਰੀਬਨ 7-8 ਕਿਲੋਮੀਟਰ ਦੂਰ ਗੁਰਦੁਆਰਾ 'ਸ਼ੇਰਗਾਹ' ਹੈ। ਇਥੇ ਦਸਮੇਸ਼ ਪਿਤਾ ਨੇ ਇਕ ਭਿਆਨਕ ਸ਼ੇਰ ਦਾ ਸ਼ਿਕਾਰ ਤਲਵਾਰ ਨਾਲ ਕੀਤਾ ਸੀ। ਸਿੱਖਾਂ ਦੇ ਪੁੱਛਣ 'ਤੇ ਮਹਾਰਾਜ ਨੇ ਦੱਸਿਆ ਕਿ ਇਹ ਮਹਾਂਭਾਰਤ ਵਾਲਾ 'ਜੈਦਰਥ' ਹੈ ਜਿਸ ਨੇ ਦਰੋਪਦੀ ਨੂੰ ਨਿਰ-ਵਸਤਰ ਕਰਨ ਦੀ ਕੋਸ਼ਸ਼ ਕੀਤੀ ਸੀ ਪਰ ਸਫ਼ਲ ਨਹੀਂ ਹੋਇਆ ਸੀ।

ਇਸ ਤਰ੍ਹਾਂ ਦੇ ਹੋਰ ਅਨੇਕਾਂ ਇਤਿਹਾਸਿਕ ਪ੍ਰਮਾਣ ਮਿਲ ਜਾਣਗੇ, ਪਰ ਨਾਸਤਿਕ ਬੰਦਿਆਂ ਨੂੰ ਤਾਂ ਵਿਗਿਆਨਿਕ ਸਬੂਤ ਚਾਹੀਦੇ ਹਨ। ਉਹਨਾਂ ਲਈ ਤਾਂ ਰੱਬ ਦੀ ਹੋਂਦ ਸਾਬਤ ਕਰਨ ਲਈ ਭੀ ਵਿਗਿਆਨਿਕ ਫ਼ਾਰਮੂਲੇ ਚਾਹੀਦੇ ਹਨ। ਸੋ ਭੇਡ ਦੀ ਖੱਲ ਵਿਚ ਭੇੜੀਏ ਪ੍ਰੋ. ਗੁਰਬਚਨ ਸਿੰਘ ਨੂੰ ਇਹ ਗੱਲਾਂ ਹਜ਼ਮ ਕਿਵੇਂ ਹੋਣ ?

ਪੁਨਰ-ਜਨਮ ਨੂੰ ਤਾਂ ਬਹੁਤ ਸਾਰੇ ਪੱਛਮੀ ਮਤ ਵਾਲੇ ਲੋਕ ਭੀ ਮੰਨਣ ਲੱਗ ਪਏ ਹਨ। ਇਸ ਮਾਮਲੇ ਵਿਚ ਦੋ ਕਿਤਾਬਾਂ ਪੜ੍ਹਨ ਯੋਗ ਹਨ :

1. Life After Life !
2. A World Beyond

Author : Ruth Montgomery.

Publishers : Ballantine Books, Groupe N.Y., U.S.A.

ਇਸੇ ਲੇਖਕ ਦੀਆਂ ਹੋਰ ਪੁਸਤਕਾਂ :

1. Here and After Truth
2. A Serach for Truth

ਸਾਡੇ ਦੇਸ ਵਿਚ ਟੀ.ਵੀ. ਚੈਨਲਾਂ 'ਤੇ ਇਹ ਘਟਨਾਵਾਂ ਦਿਖਾ ਚੁੱਕੇ ਹਨ, ਪਰ ਨਾਸਤਿਕ ਬੰਦੇ ਕਦੇ ਨਹੀਂ ਮੰਨਣਗੇ।

ਕਾਮਰੇਡੀ ਸੋਚ ਅਤੇ ਮਿਸ਼ਨਰੀ ਕਾਲਜ ਅਨੁਸਾਰ, ਕੋਈ ਬੰਦਾ ਉੱਪਰ ਭਰ ਠੱਗੀਆਂ ਮਾਰੇ ਅਤੇ ਨੀਚ ਕਰਮ ਕਰੇ, ਉਹ ਅੰਤ ਸਮੇਂ ਨਾਮ ਕਿਵੇਂ ਲੈ ਸਕਦਾ ਹੈ ?

ਇਸ ਦੇ ਉੱਤਰ ਵਿਚ ਅਸੀਂ ਆਪਣੇ ਵੱਲੋਂ ਕੁਝ ਨਹੀਂ ਕਹਿਣਾ, ਕੇਵਲ ਗੁਰਬਾਣੀ, ਭਗਤ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਦਾ ਹੀ ਹਵਾਲਾ ਦੇਵਾਂਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਲੰਦਰ 'ਅਜਾਮਲ' ਦਾ ਨਾਉਂ ਅਨੇਕਾਂ ਥਾਵਾਂ 'ਤੇ ਮਿਲਦਾ ਹੈ। ਮਹਾਨ ਕੋਸ਼ ਦੇ ਪੰਨਾ 47 ਅਨੁਸਾਰ 'ਅਜਾਮਲ' ਕਨੌਜ ਦੇਸ ਦਾ ਇਕ ਦੁਰਾਚਾਰੀ ਬ੍ਰਾਹਮਣ ਸੀ। ਜਿਸ ਨੇ ਇਕ ਵੇਸਵਾ ਨਾਲ ਵਿਆਹ ਕਰ ਕੇ ਸੱਤ ਪੁੱਤਰ ਪੈਦਾ ਕੀਤੇ ਅਤੇ ਸਭ ਤੋਂ ਛੋਟੇ ਪੁੱਤਰ ਦਾ ਨਾਉਂ ਨਾਰਾਇਣ ਰੱਖਿਆ। ਭਾਗਵਤ ਸਕੰਧ ਦੀ ਕਥਾ ਅਨੁਸਾਰ ਮਰਨ ਵੇਲੇ ਸਭ ਤੋਂ ਪਿਆਰੇ ਛੋਟੇ ਪੁੱਤਰ ਦੀ ਯਾਦ ਆਉਣ ਨਾਲ 'ਨਾਰਾਇਣ, ਨਾਰਾਇਣ' ਕਹਿ ਕੇ ਅਵਾਜ਼ਾਂ ਮਾਰਨ ਲੱਗਾ ਅਤੇ ਅੰਤ ਵੇਲੇ ਸੁਰਤ ਨਿਰੰਕਾਰੀ ਨਾਰਾਇਣ ਵੱਲ ਲੱਗ ਗਈ ਅਤੇ ਮੁਕਤੀ ਪ੍ਰਾਪਤ ਕੀਤੀ।

**ਸੁਣਿ ਸਾਖੀ ਮਨ ਜਪਿ ਪਿਆਰ ॥**
**ਅਜਾਮਲੁ ਉਧਰਿਆ ਕਹਿ ਏਕ ਬਾਰ ॥**

*(ਬਸੰਤ ਮਹਲਾ ੫, ਅੰਗ ੧੧੯੨)*

**ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥**
**ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥**

*(ਰਾਮਕਲੀ ਮਹਲਾ ੯, ਅੰਗ ੯੦੨)*

**ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥**
**ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥**

*(ਅੰਗ ੬੯੨)*

**ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥**
**ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ ॥**

*(ਮ: ੪, ਅੰਗ ੯੮੧)*

ਭਾਈ ਗੁਰਦਾਸ ਜੀ ਨੇ ਇਸ ਬਿਰਤਾਂਤ ਨੂੰ ਵਿਸਤਾਰ ਨਾਲ ਇਸ ਤਰ੍ਹਾਂ ਦੱਸਿਆ ਹੈ :

**ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ।**
**ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।**
**ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।**
**ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।**
**ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।**
**ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।**
**ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।**
**ਜਮ ਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ।**
**ਨਾਇ ਲਏ ਦੁਖੁ ਡੇਰਾ ਢਹਿਆ॥੨੦॥**

*(ਵਾਰ ੧੦/੨੦)*

ਪੁਸਤਕ 'ਵਿਰਲੈ ਕਿਨੈ ਵੀਚਾਰਿਆ' ਦੇ ਲੇਖਕ ਅਨੁਸਾਰ ਹੁਣ ਗੁਰੂ ਸਾਹਿਬ, ਭਗਤ ਕਬੀਰ ਜੀ ਅਤੇ ਭਾਈ ਗੁਰਦਾਸ ਜੀ ਸਮੇਤ ਧਾਰਮਿਕ ਪੁਜਾਰੀ ਵਰਗ ਦੇ ਲੁਟੇਰੇ ਬਣ ਗਏ।

ਓਏ ਕਾਮਰੇਡੋ, ਕੁਝ ਤਾਂ ਸ਼ਰਮ ਹਯਾ ਕਰੋ।

ਉਪਰਲੇ ਗੁਰਬਾਣੀ ਦੇ ਪ੍ਰਮਾਣਾਂ ਤੋਂ ਨਰਕ, ਸੁਰਗ, ਜਮਦੂਤ, ਧਰਮਰਾਜ ਆਦਿ ਸਭ ਕੁਝ ਸਹੀ ਸਾਬਤ ਹੋ ਗਿਆ, ਪਰ ਸਿੱਖੀ ਭੇਖ ਧਾਰ ਕੇ ਪਾਠਕਾਂ ਨੂੰ ਗੁਮਰਾਹ ਕਰਨ ਵਾਲੇ ਕਾਮਰੇਡਾਂ ਨੂੰ ਕਿ ਮਿਸ਼ਨਰੀਆਂ ਨੂੰ ਕੌਣ ਸਮਝਾਵੇ। ਇਹਨਾਂ ਕੋਲ ਸਭ ਗੱਲਾਂ ਦਾ ਇਕੋ ਜਵਾਬ ਹੈ 'ਬ੍ਰਾਹਮਣਵਾਦ'।

–

# ਲੇਖਕ ਦੀ ਦੋਗਲੀ ਨੀਤੀ

'ਵਿਰਲੈ ਕਿਨੈ ਵੀਚਾਰਿਆ' ਨਾਮੀ ਪੁਸਤਕ ਦੇ ਪੰਨਾ 256 'ਤੇ ਸਿਰਲੇਖ ਹੈ, 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ ਹੋਵੇ", ਇਸ ਥਾਂ 'ਤੇ ਇੰਨ-ਬਿੰਨ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਮਰਯਾਦਾ ਵਿਚ ਹੈ, ਸੋ ਲਿਖਿਆ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਲੇਖਕ ਸਿੱਖ ਰਹਿਤ ਮਰਯਾਦਾ ਨੂੰ ਪੂਰਨ ਤੌਰ 'ਤੇ ਸਵੀਕਾਰ ਕਰਦਾ ਹੈ। ਪਰ ਦੂਸਰੇ ਪਾਸੇ ਇਸੇ ਕਿਤਾਬ ਦੇ ਪੰਨਾ 236 'ਤੇ ਲਿਖਦਾ ਹੈ ਕਿ "ਸਿੱਖ ਰਹਿਤ ਮਰਯਾਦਾ ਵਿਚ ਲਿਖਿਆ ਹੈ ਕਿ ਪਹਿਰ ਰਾਤ ਰਹਿੰਦਿਆਂ ਸਿੱਖ ਉੱਠ ਕੇ ਇਸ਼ਨਾਨ ਕਰ ਕੇ ਨਿੱਤਨੇਮ ਉਪਰੰਤ ਵਾਹਿਗੁਰੂ ਨੂੰ ਯਾਦ ਕਰੇ। ਗੱਲ ਕੀ, ਸਿੱਖੀ ਵਿਚ ਸਵੇਰ ਵੇਲੇ ਉੱਠਣ ਨੂੰ ਤਰਜੀਹ ਦਿੱਤੀ ਗਈ ਹੈ।"

ਇਸ ਤੋਂ ਅੱਗੇ ਕਾਮਰੇਡੀ ਚੰਚਲਤਾਈਆਂ ਵਾਲੀ, ਹੁੱਜਤ ਵਾਲੀ ਦਲੀਲ ਦੇ ਕੇ ਅੱਗੇ ਲਿਖਦਾ ਹੈ:

> "ਕੁਝ ਡੇਰਾਵਾਦੀ ਬਿਰਤੀ ਨੇ ਆਮ ਕਿਰਤੀ ਮਨੁੱਖ ਨੂੰ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਹੈ ਕਿ ਅਸੀਂ ਤੁਹਾਡੇ ਭਲੇ ਲਈ ਸਵੇਰੇ ਉੱਠਦੇ ਹਾਂ ਪਰ ਤੁਸੀਂ ਗ੍ਰਿਹਸਤੀ ਸਵੇਰੇ ਉੱਠ ਕੇ ਨਾਮ ਨਹੀਂ ਜਪਦੇ, ਇਸ ਲਈ ਤੁਹਾਡੇ ਲਈ ਅਗਾਂਹ ਜਮ ਡੰਡਾ ਲੈ ਕੇ ਖੜ੍ਹਾ ਇੰਤਜ਼ਾਰ ਕਰ ਰਿਹਾ ਹੈ ਤੇ ਉਹ ਸ਼ਬਦ ਪੜ੍ਹਦੇ ਹਨ:

**ਭਿੰਨੀ ਰੈਨੜੀਐ ਚਾਮਕਨਿ ਤਾਰੇ ॥**
**ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥**
**ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥**
**ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥**
**ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥**
**ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥**

*(ਆਸਾ ਮਹਲਾ ੫ ਛੰਤ, ਅੰਗ ੪੫੯)*

ਇਸ ਤੋਂ ਅੱਗੇ ਪਹਿਲੀਆਂ ਦੋ ਤੁਕਾਂ ਦੇ ਅਰਥ ਇੰਞ ਕੀਤੇ ਹਨ, "ਸ਼ਬਦ ਵਿਚ 'ਭਿੰਨੀ ਰਾਤ' ਭਾਵ ਤ੍ਰੇਲ ਨਾਲ ਭਿੱਜੀ ਹੋਈ ਰਾਤ ਵਿਚ, ਜਿਸ ਤਰ੍ਹਾਂ ਤਾਰੇ ਚਮਕਦੇ ਹਨ, ਇਸੇ ਤਰ੍ਹਾਂ ਵਿਕਾਰਾਂ ਦੇ ਹੱਲਿਆਂ ਤੋਂ ਸੁਚੇਤ ਰਹਿਣ ਵਾਲੇ ਗੁਰਮੁਖਾਂ ਦੇ ਅਸਮਾਨ ਰੂਪੀ ਚਿੱਤ ਵਿਚ (ਵਿਸ਼ਾਲ ਹਿਰਦੇ) ਵਿਚ ਸ਼ੁਭ ਗੁਣਾਂ ਦੇ ਤਾਰੇ ਚਮਕਦੇ ਹਨ। ਸੌਖਿਆਂ ਸਮਝਣ ਲਈ, ਮੇਰੀ ਜ਼ਿੰਦਗੀ ਦੀ ਰਾਤ ਗੁਰੂ ਦੀ ਮੱਤ ਰੂਪੀ ਤ੍ਰੇਲ ਨਾਲ ਭਿੱਜ ਗਈ ਹੈ, ਜਿਸ ਸਦਕਾ ਸ਼ੁਭ ਗੁਣਾਂ ਵਾਲੇ ਤਾਰੇ ਚਮਕ ਰਹੇ ਹਨ। 'ਭਿੰਨੀ ਰਾਤ' ਸ਼ਬਦ ਆ ਗਿਆ ਤਾਂ ਅਸਾਂ ਸਮਝ ਲਿਆ ਕਿ ਕੇਵਲ ਸਵੇਰੇ ਇਕ ਵਾਰ ਜਾਗ ਕੇ ਮੁੜ ਸੌਂ ਜਾਣ ਨੂੰ ਭਿੰਨੀ ਰੈਣ ਕਿਹਾ ਗਿਆ ਹੈ।"

ਜਟਕੀ ਭਾਸ਼ਾ ਵਿਚ ਇਸ ਨੂੰ ਕਿਹਾ ਗਿਆ ਹੈ ਕਿ 'ਨਿਗਾਹੇਂ ਕਹੀਂ ਪੇ ਔਰ ਨਿਸ਼ਾਨਾ ਕਹੀਂ ਪੇ' ਗੱਲ ਸ਼ੁਰੂ ਕੀਤੀ ਸੀ ਰਹਿਤ ਮਰਯਾਦਾ ਦੀ 'ਪਹਿਰ ਰਾਤ' ਦੇ ਉੱਠਣ ਤੋਂ ਅੱਗੇ ਗੱਲ ਡੇਰੇਦਾਰ ਸੰਤਾਂ ਅਤੇ ਕਿਰਤੀ ਮਨੁੱਖਾਂ ਤੋਂ ਘੁਮਾ ਕੇ ਕਿਥੇ ਲਿਜਾ ਵਾੜੀ।

ਇਸ ਗੱਲ ਨੂੰ ਗਹਿਰਾਈ ਨਾਲ ਸੋਚਣ ਤੋਂ ਇਹ ਪ੍ਰਸ਼ਨ ਉੱਠਦੇ ਹਨ:

1. ਕੀ ਰਹਿਤ ਮਰਯਾਦਾ ਡੇਰੇਦਾਰ ਸੰਤਾਂ ਲਈ ਬਣਾਈ ਗਈ ਹੈ?
2. ਕੀ ਸਿੱਖ ਜਗਤ ਵਿਚ ਕੇਵਲ ਡੇਰੇਦਾਰ ਸੰਤ ਹੀ ਪਿਛਲੀ ਰਾਤ ਉੱਠਦੇ ਹਨ? ਗ੍ਰਿਹਸਥੀ ਸਿੱਖ ਨਹੀਂ ਉੱਠਦੇ?
3. ਕੀ ਰਹਿਤ ਮਰਯਾਦਾ ਵਿਚ ਦਰਜ ਇਹ ਗੁਰੂ ਹੁਕਮ ਕਿਸੇ ਬੰਦਾ ਜਾਂ ਕਮੇਟੀ ਦਾ ਬਣਾਇਆ ਹੋਇਆ ਹੈ?
4. ਕੀ ਅੰਮ੍ਰਿਤ ਵੇਲੇ ਉੱਠਣਾ ਵਿਗਿਆਨਿਕ ਤੌਰ 'ਤੇ ਜਾਂ ਸਮਾਜ ਲਈ ਹਾਨੀਕਾਰਕ ਹੈ?
5. ਕੀ ਲੇਖਕ ਦੀ ਕੀਤੀ ਸ਼ਬਦ ਦੀ ਵਿਆਖਿਆ ਦਾ ਇਸ ਪ੍ਰਕਰਣ ਨਾਲ ਕੋਈ ਸੰਬੰਧ ਹੈ?

ਅਸੀਂ ਇਸੇ ਲੜੀ ਕ੍ਰਮ ਅਨੁਸਾਰ ਇਸ ਗੱਲ ਨੂੰ ਅੱਗੇ ਤੋਰਾਂਗੇ:

1. ਰਹਿਤ ਮਰਯਾਦਾ ਵਿਚ ਇਹ ਕਿਤੇ ਨਹੀਂ ਲਿਖਿਆ ਕਿ ਕੇਵਲ ਡੇਰੇਦਾਰ ਸੰਤ ਹੀ ਅੰਮ੍ਰਿਤ ਵੇਲੇ ਉੱਠਣ।
2. ਅਣਗਿਣਤ ਗੁਰੂ ਕੇ ਪਿਆਰੇ ਗ੍ਰਿਹਸਤੀ ਸਿੰਘ ਗ੍ਰਿਹਸਤ ਦੀਆਂ ਜ਼ੁੰਮੇਵਾਰੀਆਂ ਨਿਭਾਉਂਦਿਆਂ, ਧਰਮ ਦੀ ਕਿਰਤ ਕਰਦਿਆਂ ਅੱਜ ਭੀ ਅੰਮ੍ਰਿਤ ਵੇਲੇ ਉੱਠ ਕੇ ਸਿਮਰਨ ਅਤੇ ਨਿੱਤਨੇਮ ਕਰਦੇ ਹਨ।

ਕੇਵਲ ਗੁਰਸਿੱਖ ਹੀ ਨਹੀਂ ਬਲਕਿ ਇਸਲਾਮ ਵਿਚ ਪਹਿਲੀ ਨਮਾਜ਼

ਤਕਰੀਬਨ ਸਵੇਰੇ ਤਿੰਨ ਅਤੇ ਚਾਰ ਵਜੇ ਦੇ ਵਿਚਕਾਰ ਪੜ੍ਹੀ ਜਾਂਦੀ ਹੈ। ਸੰਗੀਤ ਦਾ ਰਿਆਜ਼ ਕਰਨ ਵਾਲੇ, ਜੋਗ ਮੱਤ ਵਾਲੇ, ਡਾਕਟਰੀ ਨੁਕਤੇ ਤੋਂ ਸਵੇਰ ਦੀ ਸੈਰ ਦੀ ਕਰਨ ਵਾਲੇ, ਵਿਦਿਆਰਥੀ ਵਰਗ, ਚਿੰਤਕ ਅਤੇ ਹਰ ਬਹੁਤ ਸਾਰੇ ਬੰਦੇ ਸਵੇਰੇ ਅੰਮ੍ਰਿਤ ਵੇਲੇ ਉੱਠਦੇ ਹਨ। ਮੈਡੀਕਲ ਸਾਇੰਸ ਦਾ ਨਿਰਨਾ ਹੈ:

Early to bed early to rise.

Make an man healthy, wealthy and wise.

ਇਥੋਂ ਤਕ ਕਿ ਨਾਸਤਿਕ ਬੰਦੇ ਭੀ ਇਸ ਵੇਲੇ ਉੱਠ ਕੇ ਇਸ ਦਾ ਫ਼ਾਇਦਾ ਉਠਾਉਂਦੇ ਹਨ। ਕੇਵਲ 'ਭੇਡ ਦੀ ਖੱਲ ਵਾਲੇ ਭੇੜੀਏ, ਸਿੱਖੀ ਭੇਸ ਵਾਲੇ ਕਾਮਰੇਡ ਜਿਨ੍ਹਾਂ ਨੇ ਸਿੱਖੀ ਦੇ ਹਰ ਇਕ ਸਿਧਾਂਤ, ਪਰੰਪਰਾਵਾਂ ਅਤੇ ਧਾਰਨਾ ਦਾ ਖੰਡਨ ਕਰਨ ਦੀ ਕਸਮ ਖਾਧੀ ਹੈ, ਉਹੀ ਪਿਛਲੇ ਪਹਿਰ ਦੇ ਉੱਠਣ ਨੂੰ ਭੰਡਦੇ ਹਨ।

ਅਸੀਂ ਲੇਖਕ ਨੂੰ ਪੁੱਛਦੇ ਹਾਂ ਕਿ ਬਾਕੀ ਗੱਲਾਂ ਲਈ ਤੁਸੀਂ ਮਹਾਨ ਕੋਸ਼ ਦਾ ਹਵਾਲਾ ਦਿੰਦੇ ਹੋ ਪਰ ਪਿਛਲੇ ਪਹਿਰ ਉੱਠਣ ਲਈ ਜੋ ਮਹਾਨ ਕੋਸ਼ ਦੇ ਪੰਨਾ 78 'ਤੇ ਅੰਮ੍ਰਿਤ ਵੇਲੇ ਦੇ ਅਰਥ ਕੀਤੇ ਹਨ, ਤੁਹਾਨੂੰ ਕਿਉਂ ਨਹੀਂ ਦਿਸੇ।

3. ਸਾਰੀ ਸਿੱਖ ਰਹਿਤ ਮਰਯਾਦਾ, ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਭਾਈ ਗੁਰਦਾਸ ਜੀ ਦੀ ਬਾਣੀ ਅਤੇ ਰਹਿਤਨਾਮਿਆਂ ਵਿਚ ਆਏ ਹਵਾਲਿਆਂ 'ਤੇ ਆਧਾਰਿਤ ਹੈ। ਅਸੀਂ ਪ੍ਰੋ. ਗੁਰਬਚਨ ਸਿੰਘ ਅਤੇ ਇਸ ਦੇ ਸਮਰਥਕਾਂ ਨੂੰ ਚੈਲੰਜ ਕਰਦੇ ਹਾਂ ਕਿ ਉੱਪਰ ਦੱਸੇ ਸ੍ਰੋਤਾਂ ਵਿਚ ਜੇ ਕਿਤੇ ਭੀ ਅੰਮ੍ਰਿਤ ਵੇਲੇ ਉੱਠਣ ਦਾ ਖੰਡਨ ਕੀਤਾ ਗਿਆ ਹੈ ਤਾਂ ਉਹ ਪੇਸ਼ ਕਰਨ:

ਗੁਰਬਾਣੀ ਉਪਦੇਸ਼:

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ**
**ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥**

**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ**
**ਸੋ ਗੁਰਸਿਖੁ ਗੁਰੂ ਮਨਿ ਭਾਵੈ ॥**

*(ਅੰਗ ੩੦੫-੦੬)*

ਕਾਮਰੇਡ ਗੁਰਬਚਨ ਸਿੰਘ ਜੀ! ਇਹ ਗੁਰ-ਉਪਦੇਸ਼ ਕੇਵਲ ਡੇਰੇਦਾਰ ਸੰਤਾਂ ਲਈ ਹੈ ਜਾਂ ਸਾਰੇ ਸਿੱਖਾਂ ਲਈ ਹੈ ? ਗੁਰੂ ਸਾਹਿਬ ਸਾਫ਼ ਦੱਸ ਰਹੇ ਹਨ ਕਿ ਪਹਿਲਾਂ ਗੁਰਸਿੱਖ ਨੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਨਾਮ ਜਪਣਾ ਹੈ, ਫਿਰ ਪਹੁ-ਫੁਟਾਲਾ ਹੋਣ 'ਤੇ ਨਿੱਤਨੇਮ (ਬਾਣੀ ਪੜ੍ਹਨਾ) ਕਰਨਾ ਹੈ। ਇਸ ਦਾ ਕੀ ਲਾਭ ਹੋਵੇਗਾ ? ਗੁਰੂ ਸਾਹਿਬ ਆਪ ਦੱਸ ਰਹੇ ਹਨ 'ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ'।

ਉੱਪਰ ਦਿੱਤੇ ਸ਼ਬਦ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ ਵਾਰ ੧੨ਵੀਂ ਪਉੜੀ ੨ ਵਿਚ ਇੰਞ ਕੀਤੀ ਹੈ:

**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।**
**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।**

*(ਵਾਰ ੧੨/੨)*

**ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।**
**ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।**
**ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।**

*(ਵਾਰ ੪੦/੧੧)*

ਤੁਸੀਂ ਇਸ ਵਿਸ਼ੇ 'ਤੇ ਇਹ ਪ੍ਰਮਾਣ ਆਪਣੀ ਕਿਤਾਬ ਵਿਚ ਕਿਉਂ ਨਹੀਂ ਦਿੱਤੇ ਅਤੇ ਪ੍ਰਕਰਣ ਤੋਂ ਬਾਹਰ ਜਾ ਕੇ 'ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ' ਵਾਲਾ ਸ਼ਬਦ ਲੈ ਕੇ ਮਨ-ਘੜਤ ਅਰਥ ਕਿਉਂ ਕੀਤੇ ਹਨ ? ਤੁਸੀਂ ਇਸ ਪ੍ਰਕਰਣ ਲਈ ਪ੍ਰੋ. ਸਾਹਿਬ ਸਿੰਘ ਜੀ ਨੂੰ ਕਿਉਂ ਨਹੀਂ ਪੁੱਛਿਆ ? ਇਸ ਵਿਸ਼ੇ 'ਤੇ ਮਾਝ ਕੀ ਵਾਰ ਦੇ ਸਲੋਕ 'ਸਾਲਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥' (ਅੰਗ 145) ਅਤੇ ਇਸ ਤੋਂ ਅਗਲੇ ਸਲੋਕ:

**ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥**
**ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥**
**ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥**
**ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥**

**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥**
**ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥**

*(ਅੰਗ ੧੪੬)*

ਦੀ ਵਿਆਖਿਆ ਪ੍ਰੋ. ਸਾਹਿਬ ਸਿੰਘ ਜੀ ਦੇ 'ਦਰਪਣ' ਅਨੁਸਾਰ ਪਾਠਕਾਂ ਨਾਲ ਸਾਂਝੀ ਕਿਉਂ ਨਹੀਂ ਕੀਤੀ ? ਜਦ ਕਿ ਤੁਹਾਡੀ ਲਿਖਤ ਤੋਂ ਵਾਰ-ਵਾਰ ਇਹ ਦੱਸਿਆ ਗਿਆ ਹੈ ਕਿ ਕੇਵਲ ਪ੍ਰੋ. ਸਾਹਿਬ ਸਿੰਘ ਜੀ ਨੇ ਹੀ ਸਹੀ ਅਰਥ ਪੰਥ ਨੂੰ ਦੱਸੇ ਹਨ।

ਤੁਸੀਂ ਬਾਕੀ ਸਭ ਜਗ੍ਹਾ ਭਾਈ ਕਾਨ੍ਹ ਸਿੰਘ ਦੇ ਮਹਾਨ ਕੋਸ਼ ਨੂੰ ਵਰਤਿਆ ਹੈ, ਪਰ ਇਸ ਵਿਸ਼ੇ 'ਤੇ ਕਿਉਂ ਨਹੀਂ ਦੇਖਿਆ ? ਮਹਾਨ ਕੋਸ਼ ਦੇ ਪੰਨਾ 78 'ਤੇ ਅਰਥ ਕੀਤੇ ਹਨ : ਅੰਮ੍ਰਿਤ ਵੇਲਾ—ਸੰਗਯਾ—ਰਾਤ ਦੇ ਪਿਛਲੇ ਹਿੱਸੇ ਦੀਆਂ ਪਹੁ ਫੁਟਣ ਤੋਂ ਪਹਿਲਾਂ ਚਾਰ ਘੜੀਆਂ, ਮੋਖ-ਦਾਇਕ, ਮੁਕਤੀ ਵੇਲਾ।

ਤੁਹਾਡੀਆਂ ਛੱਡੀਆਂ ਇਹ ਛੁਰਲੀਆਂ ਕਿ 'ਜਦ ਕੋਈ ਸਵੇਰੇ ਉੱਠਦਾ ਹੈ ਤਾਂ ਪਰਵਾਰ ਸੁੱਤਾ ਪਿਆ ਹੁੰਦਾ ਹੈ ਅਤੇ ਜਾਗਣ ਵਾਲਾ ਖੜਾਕ ਕਰ ਕੇ ਬਾਕੀਆਂ ਨੂੰ ਉੱਠਣ ਲਈ ਮਜਬੂਰ ਕਰਦਾ ਹੈ ਅਤੇ ਜਦ ਪਰਵਾਰ ਉੱਠਦਾ ਹੈ, ਉਹ ਸੌਂ ਜਾਂਦਾ ਹੈ' ਅਸੀਂ ਖ਼ੂਬ ਸਮਝਦੇ ਹਾਂ, ਗੁਰੂ ਸਾਹਿਬ ਦਾ ਸਵੇਰੇ ਉੱਠਣ ਦਾ ਹੁਕਮ ਕੇਵਲ ਇਕ ਲਈ ਹੈ ਜਾਂ ਸਾਰੇ ਪਰਵਾਰ ਲਈ ਹੈ ? ਜੇ ਸਾਰੇ ਪਰਵਾਰ ਲਈ ਹੈ ਤਾਂ ਫਿਰ ਸਾਰੇ ਕਿਉਂ ਨਾ ਉੱਠਣ ? ਫਿਰ ਪਰਵਾਰ ਦਾ ਦੂਜਾ ਬੰਦਾ ਅੱਧੀ ਰਾਤ ਤਕ ਟੀ.ਵੀ. ਸੀਰੀਅਲ ਦੇਖ ਕੇ ਨਾ ਆਪ ਸਵਖਤੇ ਸੌਂਦਾ ਹੈ ਨਾ ਹੋਰਨਾਂ ਨੂੰ ਸੌਣ ਦਿੰਦਾ ਹੈ, ਉਹ ਤੁਹਾਨੂੰ ਕਿਉਂ ਨਹੀਂ ਰੜਕਿਆ, ਕੇਵਲ ਸਵਖਤੇ ਉੱਠਣ ਵਾਲਾ ਸਿੱਖ ਹੀ ਕਿਉਂ ਚੁਭਦਾ ਹੈ ? ਇਹ ਇਸ ਲਈ ਕਿ ਸਿੱਖੀ ਭੇਸ ਵਿਚ ਘੁਸਪੈਠ ਕਰਨ ਵਾਲੇ ਕਾਮਰੇਡਾਂ ਨੂੰ ਰਹਿਤਵਾਨ ਗੁਰਸਿੱਖਾਂ ਨੂੰ ਭੰਡਣ ਲਈ ਮਨਘੜਤ ਬਹਾਨੇ ਬਣਾ ਕੇ ਚੁੰਝਾਂ ਮਾਰਨ ਦੀ ਆਦਤ ਹੈ ਅਤੇ ਇਹੋ ਕੁਝ ਤੁਹਾਡੀ ਕਲਮ ਕਰ ਰਹੀ ਹੈ।

ਅੰਮ੍ਰਿਤ ਵੇਲੇ ਉੱਠਣ ਲਈ ਤੁਹਾਡੇ ਇਹ ਵਿਚਾਰ ਅਸਾਡੇ ਲਈ ਕੋਈ ਨਵੇ ਨਹੀਂ ਹਨ ਕਿਉਂਕਿ ਤੁਹਾਡੀ ਕਿਤਾਬ 2010 ਵਿਚ ਛਪੀ ਹੈ, 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦੇ ਅਖੌਤੀ ਲੇਖਕ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ ਆਪਣੀ ਚੌਥੀ ਕਿਤਾਬ ਦੇ ਪੰਨਾ 222 'ਤੇ ਇੰਜ ਲਿਖਿਆ ਹੈ, "ਕੋਈ ਵੀ ਸਮਾਂ ਆਪਣੇ ਆਪ ਵਿਚ ਅੰਮ੍ਰਿਤ ਵੇਲਾ ਨਹੀਂ ਹੋ ਸਕਦਾ।

ਗੁਰਬਾਣੀ ਦੇ ਕਿਸੇ ਵੀ ਸ਼ਬਦ ਵਿਚੋਂ ਇਸ ਗੱਲ ਦਾ ਭਰੋਸਾ ਨਜ਼ਰ ਨਹੀਂ ਆਉਂਦਾ ਕਿ ਪਿਛਲੀ ਰਾਤ ਦੇ ਸਮੇਂ ਵਿਚ ਅਜਿਹੀ ਕਰਾਮਾਤੀ ਸ਼ਕਤੀ ਹੈ

ਕਿ ਉਹ ਉਸ ਸਮੇਂ ਜਾਗਣ ਵਾਲੇ ਸਾਰੇ ਹੀ ਉੱਚੇ ਆਚਰਨ ਵਾਲੇ ਬਣ ਜਾਂਦੇ ਹਨ।”

ਅਸੀਂ ਆਪਣੀ ਕਿਤਾਬ ‘ਸਭ ਦੁਸ਼ਟ ਝਖ ਮਾਰਾ’ ਵਿਚ ‘ਅੰਮ੍ਰਿਤ ਵੇਲਾ’ ਦੇ ਸਿਰਲੇਖ ਹੇਠ ਪੰਨਾ 105 ਤਕ ਵਿਸਤਾਰ ਸਹਿਤ ਉੱਤਰ ਦਿੱਤਾ ਹੈ। 2005 ਵਿਚ ਛਪੀ ਸਾਡੀ ਇਸ ਕਿਤਾਬ ਦਾ ਉੱਤਰ ਅੱਜ ਤਕ ਕਾਲਾ ਅਫ਼ਗ਼ਾਨਾ ਜਾਂ ਉਸ ਦਾ ਸਮਰਥਕ ਨਹੀਂ ਦੇ ਸਕਿਆ।

ਪ੍ਰੋ. ਗੁਰਬਚਨ ਸਿੰਘ ਜੀ! ਤੁਹਾਨੂੰ ‘ਸਦਾ ਜਾਗਣ’ ਤੋਂ ਅਸਾਂ ਕਦ ਰੋਕਿਆ ਹੈ। ਸਭ ਤੋਂ ਪਹਿਲਾਂ ਤਾਂ ਕਾਲਾ ਅਫ਼ਗ਼ਾਨਾ ਨੇ ਸਦਾ ਜਾਗਣਾ ਅਪਣਾਇਆ। ਇਸ ਲਈ ਕੈਨੇਡਾ ਦੀ ਵਿਕਟੋਰੀਆ ਕੋਰਟ ਨੇ 68 ਸਾਲ ਦੀ ਉਮਰ ਵਿਚ ਇਕ ਬੀਬੀ ਨਾਲ ਅਨੈਤਿਕਤਾ ਦੇ ਵਿਵਹਾਰ ਲਈ 4000 ਕੈਨੇਡੀਅਨ ਡਾਲਰ ਜੁਰਮਾਨਾ ਕੀਤਾ। ਫਿਰ ਇੰਦਰ ਸਿੰਘ ਘੱਗਾ ਦੀ ਜਾਗ ਖੁੱਲ੍ਹੀ ਅਤੇ ਉਸ ਨੇ ਕੈਨੇਡਾ ਦੀ ਗੁਰਦੁਆਰਾ ਸਾਹਿਬ ਦੀ ਸਟੇਜ ’ਤੇ ਐਲਾਨ ਕਰ ਦਿੱਤਾ ਕਿ ਜਦ ਗੁਰੂ ਅਰਜਨ ਦੇਵ ਮਹਾਰਾਜ ਨੂੰ ਤਵੀ ’ਤੇ ਬਿਠਾਇਆ, ਉਹ ਬੇਹੋਸ਼ ਹੋ ਗਏ ਅਤੇ ਸੰਗਤਾਂ ਨੇ ਉਸ ਦੀ ਉਥੇ ਹੀ ਚੰਗੀ ਸੇਵਾ ਕੀਤੀ। ਫਿਰ ਦੁਬਾਰਾ ਘਰ ਆ ਕੇ ਕਈ ਪ੍ਰੇਮੀ ਉਸ ਨੂੰ ਲੱਡੂ ਜਲੇਬੀਆਂ ਛਕਾ ਕੇ ਗਏ। ਇਸ ਪਿੱਛੋਂ ਹੁਣ ਸਰਬਜੀਤ ਸਿੰਘ ਧੂੰਦਾ ਨੇ ਆਪ ਜਾਗ ਕੇ ਜਾਗਦੇ ਰਹੋ ਦਾ ਹੋਕਾ ਦਿੱਤਾ ਅਤੇ ਅਕਾਲ ਤਖ਼ਤ ਸਾਹਿਬ ਤੋਂ ਲਿਖਤੀ ਮੁਆਫ਼ੀ ਮੰਗਣੀ ਪਈ। ਤੁਹਾਡੀ ਜਾਗੋ ਤੁਹਾਨੂੰ ਹੀ ਮੁਬਾਰਕ, ਅਸੀਂ ਸੁੱਤੇ ਹੀ ਠੀਕ ਹਾਂ।

ਸਾਡੀ ਜਾਣਕਾਰੀ ਅਨੁਸਾਰ ਇਕ ਦਿਨ ਅੰਮ੍ਰਿਤ ਵੇਲੇ ਉੱਠ ਕੇ ਪ੍ਰੋ. ਗੁਰਬਚਨ ਸਿੰਘ ਜੀ ਗੁਰਦੁਆਰਾ ਸਾਹਿਬ ਚਲੇ ਗਏ। ਉਥੇ ਇਹਨਾਂ ਦੀ ਅੱਖ ਲੱਗ ਗਈ ਅਤੇ ਇਕ ਚੂਹਾ ਇਹਨਾਂ ਦੇ ਪਜਾਮੇ ਵਿਚ ਵੜ ਗਿਆ ਜਦ ਚੂਹੇ ਨੇ ਜ਼ੋਰ ਦੀ ਦੰਦੀ ਵੱਢੀ ਤਾਂ ਇਹਨਾਂ ਦੀ ਅੱਖ ਖੁੱਲ੍ਹ ਗਈ ਅਤੇ ਹਸਪਤਾਲ ਇਹਨਾਂ ਨੂੰ ਟੀਕੇ ਲਗਵਾਣੇ ਪਏ। ਉਸ ਦਿਨ ਤੋਂ ਇਹਨਾਂ ਨੇ ਅੰਮ੍ਰਿਤ ਵੇਲੇ ਦੇ ਖ਼ਿਲਾਫ਼ ਹੈਦਰੀ ਝੰਡਾ ਚੁੱਕ ਲਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਰਾਗਾਂ ਵਿਚੋਂ ਆਸਾ ਰਾਗੁ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣਾ ਸਿਰਜਿਆ ਹੋਇਆ ਹੈ। ਭਾਰਤੀ ਸ਼ਾਸਤਰੀ ਸੰਗੀਤ ਵਿਚ ਇਸ ਰਾਗ ਦਾ ਕਿਤੇ ਜ਼ਿਕਰ ਨਹੀਂ। ਇਹ ਆਦਿ ਕਾਲ ਤੋਂ ਕੇਵਲ ਗੁਰੂ ਘਰਾਂ ਵਿਚ ਗਾਇਆ ਜਾਂਦਾ ਹੈ। ਸ਼ਾਸਤਰੀ ਸੰਗੀਤ ਵਿਚ ਇਸ ਨਾਲ ਮਿਲਦਾ ਜੁਲਦਾ ‘ਆਸਾਵਰੀ’ ਰਾਗੁ ਹੈ। ਆਸਾ ਰਾਗੁ ਵਿਚ ਸੁਰਾਂ ‘ਰ’ ਅਤੇ ‘ਧ’ ਸ਼ੁੱਧ ਰੂਪ ਵਿਚ ਲੱਗਦੀਆਂ ਹਨ ਜਦ ਕਿ ਆਸਾਵਰੀ ਵਿਚ ਇਹ

ਦੋਨੋਂ ਸੁਰਾਂ ਕੋਮਲ ਲੱਗਦੀਆਂ ਹਨ। ਗੁਰੂ ਨਾਨਕ ਦੇਵ ਮਹਾਰਾਜ ਦੀ ਪ੍ਰਮੁੱਖ ਬਾਣੀ ਵਾਰ ਆਸਾ ਇਸੇ ਰਾਗੁ ਵਿਚ ਹੈ ਅਤੇ ਇਸ ਦੇ ਗਾਉਣ ਦਾ ਸਮਾਂ ਰਾਤ ਦੇ ਪਿਛਲੇ ਪਹਿਰ ਤੋਂ ਸੂਰਜ ਦੀ ਟਿੱਕੀ ਨਿਕਲਣ ਤਕ ਹੈ ਤੇ ਗੁਰੂ ਨਾਨਕ ਦੇਵ ਮਹਾਰਾਜ ਦੇ ਸਮੇਂ ਤੋਂ ਇਸ ਬਾਣੀ ਦਾ ਕੀਰਤਨ ਨਿਰੰਤਰ ਹੁਣ ਤਕ ਗੁਰਦੁਆਰਿਆਂ ਵਿਚ ਹੋ ਰਿਹਾ ਹੈ। ਤੁਸੀਂ ਦੱਸੋ, ਜੋ ਸਿੱਖ ਅੰਮ੍ਰਿਤ ਵੇਲੇ ਨਹੀਂ ਉੱਠੇਗਾ ਤਾਂ ਇਸ ਬਾਣੀ ਦਾ ਕੀਰਤਨ ਕਿਸ ਤਰ੍ਹਾਂ ਸੁਣ ਸਕੇਗਾ ?

ਕਾਫ਼ੀ ਦੇਰ ਦੀ ਗੱਲ ਹੈ, ਇੰਗਲੈਂਡ ਦੀ ਸੰਗਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖ ਕੇ ਭੇਜਿਆ ਕਿ ਸਾਡੇ ਜ਼ਿੰਦਗੀ ਦਾ ਤੌਰ ਤਰੀਕਾ ਐਸਾ ਹੈ ਕਿ ਅਸੀਂ ਸਵੇਰੇ ਨਹੀਂ ਉੱਠ ਸਕਦੇ। ਸੋ ਸਾਨੂੰ ਦੱਸੋ ਕਿ ਰਾਤ ਨੂੰ ਵਾਰ ਆਸਾ ਦਾ ਕੀਰਤਨ ਕਰ ਲਈਏ। ਸ਼੍ਰੋਮਣੀ ਕਮੇਟੀ ਵੱਲੋ ਜਵਾਬ ਲਿਖ ਕੇ ਭੇਜਿਆ ਗਿਆ ਕਿ ਰਾਤ ਨੂੰ ਕਾਨੜੇ ਦੀ ਵਾਰ ਜਾਂ ਕੋਈ ਹੋਰ ਵਾਰ ਗਾ ਸਕਦੇ ਹੋ, ਆਸਾ ਦੀ ਵਾਰ ਦਾ ਕੀਰਤਨ ਸਵੇਰੇ ਹੀ ਹੋ ਸਕਦਾ ਹੈ। ਸੋ ਪਿਆਰੇ ਲੇਖਕ ਜੀ, ਤੁਸੀਂ ਤੰਗ-ਮੂਹਰੀ ਵਾਲਾ ਪਜਾਮਾ ਪਾ ਕੇ ਗੁਰਦੁਆਰਾ ਸਾਹਿਬ ਆਇਆ ਕਰੋ ਅਤੇ ਆ ਕੇ ਸੌਂਇਆ ਨਾ ਕਰੋ। ਇਹੀ ਠੀਕ ਰਹੇਗਾ ਪਰ ਮੂਰਖਤਾ ਅਧੀਨ ਅੰਮ੍ਰਿਤ ਵੇਲੇ ਨਾ ਉੱਠਣ ਦਾ ਭੰਡੀ ਪ੍ਰਚਾਰ ਨਾ ਕਰੋ।

–

# ਗੁਰਮਤਿ ਗਿਆਨ ਪ੍ਰਕਾਸ਼ ਕਿ ਪਦਾਰਥਿਕ ਗਿਆਨ ਪ੍ਰਕਾਸ਼

ਸੰਸਾਰ ਵਿਚ ਆਦਿ ਕਾਲ ਤੋਂ ਚਿੰਤਨ ਦੀਆਂ ਦੋ ਪ੍ਰਣਾਲੀਆਂ ਚਲੀਆਂ ਆ ਰਹੀਆਂ ਹਨ, ਇਕ ਗਿਆਨ ਜਾਂ ਬ੍ਰਹਮ ਗਿਆਨ ਅਤੇ ਦੂਸਰੀ ਵਿਗਿਆਨ ਦੀ। ਗਿਆਨ (ਬ੍ਰਹਮ ਗਿਆਨ), ਪਰਮੇਸ਼ਰ (ਬ੍ਰਹਮ), ਜੀਵ, ਆਤਮਾ, ਮਨ, ਬੁੱਧੀ, ਚਿੱਤ ਨਾਲ ਸੰਬੰਧਿਤ ਵਿਸ਼ਿਆਂ ਦੀ ਖੋਜ ਨਾਲ ਤੁਅੱਲਕ ਰੱਖਦਾ ਹੈ। ਵਿਗਿਆਨ ਸਥੂਲ ਪਦਾਰਥਾਂ, ਸਰੀਰ ਆਦਿ ਨਾਲ ਸੰਬੰਧਿਤ ਵਿਸ਼ਿਆਂ ਦੀ ਜਾਣਕਾਰੀ ਲਈ ਹੁੰਦਾ ਹੈ।

ਪਰਮਾਤਮਾ (ਬ੍ਰਹਮ) ਸੂਖ਼ਸ਼ਮ ਅਤੇ ਅਦ੍ਰਿਸ਼ਟ ਹੈ, ਇਸ ਲਈ ਇਸ ਨੂੰ ਸਥੂਲ ਵਸੀਲਿਆਂ ਨਾਲ ਲੱਭਣਾ ਅਸੰਭਵ ਹੈ। ਬੇਅੰਤ ਹੋਣ ਕਰਕੇ ਇਸ ਬਾਰੇ ਪੂਰਾ ਭੇਦ ਕੋਈ ਨਹੀਂ ਪਾ ਸਕਦਾ। ਹਾਂ, ਸੰਸਾਰ ਵਿਚ ਇਸ ਪਾਸੇ ਖੋਜ ਕਰਨ ਵਾਲੇ ਪੀਰਾਂ, ਪੈਗ਼ੰਬਰਾਂ, ਰਿਸ਼ੀਆਂ, ਮੁਨੀਆਂ ਅਤੇ ਗੁਰੂਆਂ ਨੇ ਆਪਣੀ ਵਿੱਤ ਅਨੁਸਾਰ ਲੱਭਤਾ ਪ੍ਰਾਪਤ ਕਰ ਕੇ ਧਾਰਮਿਕ ਗ੍ਰੰਥਾਂ ਵਿਚ ਕੁਝ ਲਿਖਿਆ ਹੈ ਪਰ ਸਭ ਨੇ ਅਖ਼ੀਰ ਤੱਤ ਕੱਢਿਆ ਹੈ ਕਿ ਉਹ ਅਗੰਮ, ਅਨਾਦੀ, ਲਾ-ਇੰਤਹਾ, ਅਗੋਚਰ ਅਤੇ ਸਥੂਲ ਇੰਦਰਿਆਂ ਦੀ ਪਹੁੰਚ ਤੋਂ ਬਾਹਰ ਹੈ।

ਇਸ ਦੇ ਉਲਟ ਪਦਾਰਥ ਦੀ ਜਾਣਕਾਰੀ, ਸਾਡੇ ਸਰੀਰ ਦੇ ਇੰਦਰਿਆਂ, ਗੰਧ, ਸਪਰਸ਼ ਆਦਿ ਤੋਂ ਮਿਲਦੀ ਹੈ ਅਤੇ ਸਾਰੇ ਪਦਾਰਥ ਕੁਦਰਤ ਦੇ ਬਣਾਏ ਨਿਯਮ ਅਨੁਸਾਰ ਪੈਦਾ ਅਤੇ ਖ਼ਤਮ ਹੁੰਦੇ ਹਨ। ਸੋ ਪਦਾਰਥ ਦਾ ਭੇਦ ਪਾਉਣ ਲਈ ਇਹਨਾਂ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਨਾਲ ਮਿਲਦੀ ਹੈ।

ਸਿਆਣਿਆਂ ਮਹਾਂਪੁਰਖਾਂ ਅਤੇ ਵਿਗਿਆਨੀਆਂ ਨੇ ਨਿਰਨਾ ਕੀਤਾ ਹੈ ਕਿ ਪਦਾਰਥ ਦੀ ਜਾਣਕਾਰੀ ਲਈ ਕਿਉਂ, ਕੀ ਅਤੇ ਕਿੱਦਾਂ ਦੇ ਅਸਾਰੇ ਹੁੰਦਾ ਹੈ। ਪਰ ਅਧਿਆਤਮਿਕ ਖੇਤਰ ਵਿਚ ਬ੍ਰਹਮ ਦਾ ਗਿਆਨ, ਪਰਮੇਸ਼ਰ ਇਕ ਰਹੱਸ ਹੋਣ ਕਾਰਣ, ਦੁਨਿਆਵੀ ਮਾਪ-ਤੋਲ ਵਾਲੀਆਂ ਚਤੁਰਾਈਆਂ, ਸਿਆਣਪਾਂ ਨਾਲ ਨਹੀਂ ਪਾ ਸਕਦੇ :

**ਰੇ ਜਨ ਮਨੁ ਮਾਧਉ ਸਿਉ ਲਾਈਐ॥**
**ਚਤੁਰਾਈ ਨ ਚਤੁਰਭੁਜੁ ਪਾਈਐ॥**

*(ਅੰਗ ੩੨੪)*

**ਮਨ ਕੀ ਮਤਿ ਤਿਆਗਹੁ ਹਰਿ ਜਨ**
**ਹੁਕਮੁ ਬੂਝਿ ਸੁਖੁ ਪਾਈਐ ਰੇ॥**

*(ਅੰਗ ੨੦੯)*

**ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ॥**
**ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ॥**

*(ਅੰਗ ੨੮੧)*

**ਧੰਨੈ ਸੇਵਿਆ ਬਾਲ ਬੁਧਿ॥**

*(ਅੰਗ ੧੧੯੨)*

ਪਦਾਰਥ ਦਾ ਅੰਤ ਪਾਇਆ ਜਾ ਸਕਦਾ ਹੈ, ਪਰਮੇਸ਼ਰ ਦਾ ਅੰਤ ਪਾਉਣਾ ਮੂਰਖਤਾ ਹੈ। ਪਰ ਹਾਂ, ਪਰਮੇਸ਼ਰ ਦਾ ਭਜਨ ਕਰ-ਕਰ ਕੇ ਪਰਮੇਸ਼ਰ ਦੀ ਰਜ਼ਾ ਦਾ ਅਨੁਸਾਰੀ ਬਣ ਕੇ ਮਨੁੱਖ ਉਸ ਨਾਲ ਇਕ-ਮਿਕ ਹੋ ਸਕਦਾ ਹੈ। ਇਹੀ ਵਿਚਾਰ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਜਪੁ ਜੀ ਸਾਹਿਬ ਦਾ ਟੀਕਾ ਕਰਦੇ ਹੋਏ ਸ਼ੁਰੂ ਵਿਚ 'ਜਪੁ ਜੀ ਦਾ ਸਮੁੱਚਾ ਭਾਵ' ਦੇ ਸਿਰਲੇਖ ਹੇਠ ਦਿੱਤਾ ਹੈ।

ਪਦਾਰਥ ਦੇ ਗਿਆਨ ਦੀ ਪ੍ਰਾਪਤੀ ਲਈ ਸਾਨੂੰ 'ਕਿਉਂ, ਕੀ ਅਤੇ ਕਿੱਦਾਂ' ਦਾ ਸਹਾਰਾ ਲੈਣਾ ਪੈਂਦਾ ਹੈ ਪਰ ਪਰਮੇਸ਼ਰ ਦੇ ਰਸਤੇ ਤੁਰਨ ਲਈ 'ਭਲਾ ਜੀ, ਭੁੱਲਾ ਜੀ ਅਤੇ ਭਾਣਾ ਜੀ' ਦਾ ਸਬਕ ਸਿੱਖਣਾ ਪੈਂਦਾ ਹੈ।

ਵਿਗਿਆਨ ਦਾ ਸੋਮਾ ਬੁੱਧੀ ਹੈ ਅਤੇ ਪਰਮਾਤਮਾ ਭਾਵਨਾ ਅਧੀਨ ਹੈ ਜੋ ਹਿਰਦੇ ਵਿਚ ਪ੍ਰਗਟ ਹੁੰਦੀ ਹੈ। ਵਿਗਿਆਨ ਦੀ ਪ੍ਰਾਪਤੀ ਦਾ ਫ਼ਲ ਪਦਾਰਥਿਕ ਸੁਖ, ਹਉਮੈ, ਈਰਖਾ, ਦਵੈਤ ਆਦਿ ਹੈ ਜੋ ਭਟਕਣਾ ਅਤੇ ਸਾੜਾ ਪੈਦਾ ਕਰਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਫ਼ਲ ਮਾਨਸਿਕ ਸ਼ਾਤੀ, ਸਥਿਰਤਾ, ਹਲੀਮੀ, ਨਿਮਰਤਾ, ਸਭ ਨਾਲ ਭਰਾਤਰੀ-ਭਾਵ ਅਤੇ ਪਰਉਪਕਾਰ ਆਦਿ ਦਾ ਉਮਾਹ ਪੈਦਾ ਕਰਦਾ ਹੈ। ਵਿਗਿਆਨ ਦਾ ਆਧਾਰ ਤਰਕ ਹੈ ਅਤੇ ਬ੍ਰਹਮ ਗਿਆਨ ਸ਼ਰਧਾ ਅਤੇ ਵਿਸ਼ਵਾਸ ਦੇ ਆਸਰੇ ਖੜਦਾ ਹੈ। ਸੋ ਦੋਨੋਂ ਵੱਖ-ਵੱਖ ਜੀਵਨ-ਸ਼ੈਲੀਆਂ ਹਨ।

ਜੇ ਪਦਾਰਥਿਕ ਸੋਚ ਮਨ 'ਤੇ ਭਾਰੂ ਹੈ ਅਤੇ ਇਸ ਬਿਰਤੀ ਵਾਲੀ ਕਸਵੱਟੀ ਨਾਲ ਬ੍ਰਹਮ ਗਿਆਨ ਦੀ ਜੀਵਨ ਸ਼ੈਲੀ ਨੂੰ ਪਰਖਣ ਦੀ ਕੋਸ਼ਸ਼ ਕਰਾਂਗੇ ਤਾਂ ਕਦੇ ਭੀ ਨਤੀਜਾ ਸਹੀ ਨਹੀਂ ਨਿਕਲੇਗਾ। 'ਵਿਰਲੈ ਕਿਨੈ ਵੀਚਾਰਿਆ' ਦੀ

ਪੁਸਤਕ ਦੀ ਪੜਚੋਲ ਜਦੋਂ ਅਸੀਂ ਇਸ ਪੱਖ ਤੋਂ ਕਰਾਂਗੇ ਤਾਂ ਸਹਿਜੇ ਹੀ ਪਤਾ ਚੱਲ ਜਾਵੇਗਾ ਕਿ ਲੇਖਕ ਅਣਜਾਣੇ ਜਾਂ ਜਾਣ-ਬੁੱਝ ਕੇ ਖੋਟੀ ਨੀਅਤ ਨਾਲ ਬ੍ਰਹਮ ਗਿਆਨ ਪ੍ਰਦਾਨ ਕਰਨ ਵਾਲੀ ਗੁਰਬਾਣੀ ਨੂੰ ਗ਼ਲਤ ਕਸਵੱਟੀ ਵਰਤ ਕੇ ਅਤੇ ਗ਼ਲਤ ਸਿੱਟੇ ਕੱਢ ਕੇ ਪਾਠਕਾਂ ਨੂੰ ਗੁਮਰਾਹ ਕਰ ਰਿਹਾ ਹੈ। ਇਸੇ ਲਈ 95% ਵਿਗਿਆਨੀ ਨਾਸਤਿਕ ਹਨ। 'ਮੁਝੇ ਭਗਵਾਨ ਕੋ ਦੇਖਨੇ ਕੀ ਕਭੀ ਜ਼ਰੂਰਤ ਨਹੀਂ ਪੜੀ ਔਰ ਨਾ ਹੀ ਮੁਝੇ ਇਸ ਮੇਂ ਵਿਸ਼ਵਾਸ ਹੈ' ਇਹ ਵਿਚਾਰ ਵਿਗਿਆਨੀਆਂ ਦੇ ਟੀ.ਵੀ. 'ਤੇ ਅਸੀਂ ਰੋਜ਼ ਸੁਣਦੇ ਹਾਂ। ਇਸ ਸੰਬੰਧ ਵਿਚ 'ਵਿਰਲੈ ਕਿਨੈ ਵੀਚਾਰਿਆ' ਪੁਸਤਕ ਵਿਚੋਂ ਕੁਝ ਕੁ ਉਦਾਹਰਨਾਂ ਇਹ ਹਨ :

1. ਗੁਰਮਤਿ ਨੂੰ ਸਮਝਣ ਲਈ ਫਿਜ਼ਿਕਸ, ਜੌਗਰਫ਼ੀ, ਜੀਵ-ਵਿਗਿਆਨ, ਰਾਜਨੀਤੀ, ਅਰਥ-ਸ਼ਾਸਤਰ, ਕੈਮਿਸਟਰੀ ਅਤੇ ਅੱਜ ਦੀ ਨਵੀਂ ਤੋਂ ਨਵੀਂ ਤਕਨੀਕ ਦਾ ਮੁੱਢਲਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। (ਪੰਨਾ 27)

   ਅਸੀਂ ਲੇਖਕ ਤੋਂ ਪੁੱਛਦੇ ਹਾਂ, ਕੱਪੜੇ ਬੁਣਨ ਵਾਲਾ ਜੁਲਾਹਾ ਕਬੀਰ, ਜੁੱਤੀਆਂ ਗੰਢਣ ਵਾਲਾ ਰਵਿਦਾਸ, ਜਾਨਵਰਾਂ ਦਾ ਮਾਸ ਵੇਚਣ ਵਾਲਾ ਕਸਾਈ ਸਧਨਾ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਨੇ ਉੱਪਰ ਦੱਸੀ ਵਿਦਿਆ ਕਿਵੇਂ, ਕਿਥੇ ਅਤੇ ਕਿਸ ਕੋਲੋਂ ਪੜ੍ਹੀ ? ਜਦ ਕਿ ਉਸ ਸਮੇਂ ਸ਼ੂਦਰਾਂ ਲਈ ਪੜ੍ਹਾਈ ਦੇ ਸਭ ਦਰਵਾਜ਼ੇ ਬੰਦ ਸਨ। ਜੇ ਬਾਣੀ ਰਚਣ ਵਾਲਿਆਂ ਨੂੰ ਫਿਜ਼ਿਕਸ, ਕੈਮਿਸਟਰੀ ਪੜ੍ਹਨ ਦੀ ਲੋੜ ਨਹੀਂ ਤਾਂ ਸਮਝਣ ਲਈ ਭੀ ਲੋੜ ਨਹੀਂ। ਇਸ ਦੀ ਲੋੜ ਨਾਸਤਿਕਾਂ ਲਈ ਹੈ।

2. ਡਾ. ਜਤਿੰਦਰ ਸਿੰਘ ਜੀ, ਐਮ.ਡੀ. ਅਮਰੀਕਾ ਵਾਲਿਆਂ ਨੇ ਸੌਖਿਆਂ ਸ਼ਬਦਾਂ ਵਿਚ ਸਮਝਾਇਆ ਹੈ ਕਿ ਜਿਸ ਤਰ੍ਹਾਂ ਕੋਈ ਮੋਟਰ-ਗੱਡੀ ਜਾਂ ਮੋਟਰ-ਸਾਈਕਲ ਦਾ ਜਦੋਂ ਨਵਾਂ ਢਾਂਚਾ ਤਿਆਰ ਹੁੰਦਾ ਹੈ ਤਾਂ ਉਸ ਵਿਚ ਤੇਲ ਪਾ ਕੇ ਉਸ ਨੂੰ ਸਟਾਰਟ ਕਰ ਲਿਆ ਜਾਂਦਾ ਹੈ ਤਾਂ ਉਹ ਇਕ ਜਾਨਦਾਰ ਚੀਜ਼ ਬਣ ਜਾਂਦੀ ਹੈ। ਤੇਲ ਤੇ ਹਵਾ ਦੇ ਪ੍ਰੈਸ਼ਰ ਨਾਲ ਮੋਟਰ-ਗੱਡੀ ਇਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਣ ਦੀ ਸਮਰੱਥਾ ਰੱਖਦੀ ਹੈ। (ਪੰਨਾ 49)

   ਸਮਾਧਾਨ : ਗਲ ਘੁੱਟ ਕੇ ਮਰਨ ਵਾਲਾ ਬੰਦਾ ਲਿਆ ਕੇ ਅਸੀਂ ਡਾਕਟਰ ਸਾਹਿਬ ਕੋਲ ਲਿਆ ਰੱਖਦੇ ਹਾਂ, ਉਹ ਹਵਾ ਦਾ ਵੱਡਾ ਪੰਪ ਮਾਰ ਕੇ ਜਿਊਂਦਾ ਕਰ ਦੇਣਗੇ ?

3. ਅੱਜ ਦੀ ਮੈਡੀਕਲ ਖੋਜ ਇਹ ਆਖਦੀ ਹੈ ਕਿ ਬੱਚਾ ਪੈਦਾ ਕਰਨ ਲਈ

ਮਨੁੱਖ ਦੇ ਪਾਸ ਇਕ 'ਐਕਸ' ਅਤੇ ਦੂਜਾ 'ਵਾਈ' ਰੂਪ ਦੋ ਤੱਤ ਹਨ। ਪਰ ਮਾਂ ਦੇ ਪਾਸ ਕੇਵਲ ਇਕ ਤੱਤ 'ਐਕਸ' ਹੀ ਹੈ। ਸਿੱਧੇ ਸ਼ਬਦਾਂ ਵਿਚ ਮਾਂ ਨੇ ਜ਼ਮੀਨ ਹੀ ਦੇਣੀ ਹੈ। 'ਪੁਰਖ ਮਹਿ ਨਾਰ' ਮਨੁੱਖ ਦੇ 'ਐਕਸ' ਰੂਪੀ ਤੱਤ ਰਾਹੀਂ ਨਾਰੀ ਦਾ ਰੂਪ ਬਣਦਾ ਹੈ ਅਤੇ 'ਵਾਈ' ਤੱਤ ਰਾਹੀਂ ਪੁਰਸ਼ ਦਾ ਰੂਪ ਸਾਕਾਰ ਹੋਣ ਵਿਚ ਦੇਰੀ ਨਹੀਂ ਲੱਗਦੀ। ਦੂਜੇ ਪਾਸੇ 'ਨਾਰਿ ਮਹਿ ਪੁਰਖਾ' ਇਸਤਰੀ ਨੇ ਕੇਵਲ 'ਐਕਸ' ਤੱਤ ਰਾਹੀਂ ਜ਼ਮੀਨ ਹੀ ਦੇਣੀ ਹੈ। ਪਰ ਜੇ 'ਵਾਈ' ਤੱਤ ਆਪਣੀ ਮਿਹਨਤ ਵਿਚ ਸਫ਼ਲ ਹੁੰਦਾ ਹੈ ਤਾ ਕੁਦਰਤੀ ਪੁਰਸ਼ ਦਾ ਢਾਂਚਾ ਦੁਨੀਆਂ ਵਿਚ ਦੇਖਣ ਨੂੰ ਮਿਲੇਗਾ। (ਪੰਨਾ 45)

ਲੇਖਕ ਨੇ ਇਹ ਲਿਖ ਕੇ ਤੱਤ ਕੱਢਿਆ ਹੈ ਕਿ "ਕੋਈ ਚੀਜ਼ (ਜੀਵ ਆਤਮਾ ਬਾਹਰੋਂ ਆ ਕੇ ਪ੍ਰਵੇਸ਼ ਨਹੀਂ ਕਰਦੀ, ਇਸ ਲਹੀ ਧਾਰਮਿਕ ਆਗੂਆਂ ਦੇ ਧਾਰਮਿਕ ਗ੍ਰੰਥਾਂ ਵਿਚ ਲਿਖੇ ਕਿ ਸਰੀਰ ਵਿਚ ਆਤਮਾ ਆਉਂਦੀ ਹੈ ਤਾਂ ਬੱਚਾ ਪੈਦਾ ਹੁੰਦਾ ਹੈ ਅਤੇ ਆਤਮਾ ਜਾਣ ਨਾਲ ਮਰ ਜਾਂਦਾ ਹੈ, ਸਭ ਗਪੌੜ ਹਨ ਅਤੇ ਭੁਲੇਖੇ ਪਾ ਕੇ ਲੋਕਾਂ ਨੂੰ ਲੁੱਟਣ ਦੇ ਢਕਵੰਜ ਹਨ।"

ਇਸ 'ਤੇ ਮੈਡੀਕਲ ਸਾਇੰਸ ਰਾਹੀਂ ਹੀ ਡੂੰਘੀ ਵਿਚਾਰ ਕੀਤੀ ਜਾਵੇਗੀ। ਪਹਿਲੀ ਗੱਲ ਤਾਂ ਇਹ ਕਿ ਜੋ ਖਾਣਾ ਪੁਰਸ਼ ਖਾਂਦਾ ਹੈ, ਉਹੋ ਖਾਣਾ ਇਸਤਰੀ ਖਾਂਦੀ ਹੈ। ਸਰੀਰ ਅੰਦਰ ਪਾਚਨ ਕਿਰਿਆ ਦੋਨਾਂ ਦੀ ਇਕ ਹੈ, ਦਿਲ, ਫੇਫੜੇ, ਜਿਗਰ, ਦਿਮਾਗ਼ ਸਭ ਇਕੋ ਜਿਹੇ ਹਨ। ਫਿਰ ਪੁਰਸ਼ ਦੇ ਹੀ ਅੰਦਰ ਵੀਰਜ ਕਿਉਂ ਬਣਦਾ ਹੈ ਅਤੇ ਇਸਤਰੀ ਦੇ ਮਹੀਨੇ ਵਿਚ ਇਕ ਅੰਡਾ ਕਿਉਂ ਬਣਦਾ ਹੈ ? ਫਿਰ ਪੁਰਸ਼ ਕੋਲ ਹੀ ਦੋਨੋਂ ਐਕਸ ਅਤੇ ਵਾਈ ਤੱਤ ਕਿਉਂ ਹਨ, ਇਸਤਰੀ ਕੋਲ ਕਿਉਂ ਨਹੀਂ ?

ਲੇਖਕ ਜੀ ਕਹਿਣਗੇ ਕਿ ਦੋਨਾਂ ਵਿਚ ਅੱਡ-ਅੱਡ ਹਾਰਮੋਨ ਬਣਦੇ ਹਨ। ਸਾਡਾ ਫਿਰ ਇਹੀ ਸਵਾਲ ਹੈ ਕਿ ਖਾਣਾ ਇਕੋ, ਪਾਚਨ ਕਿਰਿਆ ਇਕੋ, ਜੀਵਨ-ਸ਼ੈਲੀ ਇਕੋ, ਖਾਣਾ, ਪੀਣਾ, ਹੱਸਣਾ, ਸੌਣਾ ਇਕੋ, ਫਿਰ ਅੱਡ-ਅੱਡ ਹਾਰਮੋਨ ਕਿਉਂ ਬਣਦੇ ਹਨ ?

ਦੂਸਰਾ ਸਵਾਲ, ਸਾਇੰਸ ਦਾ ਹੀ ਬਣਾਇਆ ਹੋਇਆ ਨਿਯਮ ਹੈ ਕਿ "Opposit pole attract and equal pole repell each other" ਇਸੇ ਨਿਯਮ ਅਨੁਸਾਰ ਇਸਤਰੀ ਦੀ ਪੁਰਸ਼ ਲਈ ਖਿੱਚ ਹੈ ਅਤੇ ਸੌਂਕਣ ਲਈ ਈਰਖਾ ਹੈ। ਸਾਰੀ ਕੁਦਰਤ ਵਿਚ ਇਹੀ ਨਿਯਮ ਚੱਲ ਰਿਹਾ ਹੈ। ਫਿਰ ਇਸਤਰੀ ਦਾ 'ਐਕਸ' ਤੱਤ ਪੁਰਸ਼ ਦੇ 'ਵਾਈ' ਤੱਤ ਨਾਲ ਮਿਲ ਕੇ ਪੁਰਸ਼ ਬਣਨਾ ਤਾਂ ਠੀਕ

ਹੈ ਪਰ ਪੁਰਸ਼ ਦੇ 'ਐਕਸ' ਤੱਤ ਦਾ ਇਸਤਰੀ ਦੇ 'ਐਕਸ' ਤੱਤ ਨਾਲ ਮਿਲਾਪ ਹੋਣਾ ਤਾਂ ਸਾਇੰਸ ਦੇ ਨਿਯਮ ਦੇ ਹੀ ਉਲਟ ਹੈ। ਇਸ ਤਰ੍ਹਾਂ ਲੜਕੀ ਕਦੇ ਪੈਦਾ ਹੀ ਨਹੀਂ ਹੋ ਸਕਦੀ। ਜਾਂ ਤਾਂ ਲੇਖਕ ਦਾ ਵਿਗਿਆਨ ਝੂਠਾ ਹੈ ਜਾਂ ਫਿਰ ਲੇਖਕ ਝੂਠਾ ਸਾਬਤ ਹੋ ਗਿਆ।

ਇਸ ਤੋਂ ਅੱਗੇ ਫਿਰ ਪ੍ਰਸ਼ਨ ਖੜਾ ਹੁੰਦਾ ਹੈ ਕਿ ਸੰਸਾਰ ਦਾ ਪਹਿਲਾ ਮਨੁੱਖ (ਬਾਬਾ ਆਦਮ) ਕਿਸ ਦੇ 'ਐਕਸ' ਤੱਤ ਤੋਂ ਬਣਿਆ ਅਤੇ ਇਸਤਰੀ ਕਿਸ ਦੇ 'ਵਾਈ' ਤੱਤ ਤੋਂ ਬਣੀ:

**ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ॥**

*(ਅੰਗ ੮੭੯)*

ਇਸ ਤੁਕ ਦੇ ਅਰਥ ਪ੍ਰੋ. ਸਾਹਿਬ ਸਿੰਘ ਜੀ ਨੇ ਇੰਞ ਕੀਤੇ ਹਨ:

"ਹੇ ਪਰਮਾਤਮਾ ਨਾਲ ਡੂੰਘੀ ਸਾਂਝ ਰੱਖਣ ਵਾਲੇ! ਵੇਖ ਅਚਰਜ ਖੇਡ ਕਿ ਮਨੁੱਖਾਂ ਦੇ ਵੀਰਜ ਤੋਂ ਇਸਤਰੀਆਂ ਪੈਦਾ ਹੁੰਦੀਆਂ ਹਨ ਤੇ ਇਸਤਰੀਆਂ ਮਨੁੱਖ ਪੈਦਾ ਕਰਦੀਆਂ ਹਨ। ਪਰਮਾਤਮਾ ਦੀ ਕਹਾਣੀ ਬਿਆਨ ਨਹੀਂ ਕੀਤੀ ਜਾ ਸਕਦੀ।"

ਪ੍ਰੋ. ਸਾਹਿਬ ਸਿੰਘ ਜੀ ਨੂੰ ਇਸ ਖੇਡ ਵਿਚ ਵਡਿਆਈ ਪਰਮੇਸ਼ਰ ਦੀ ਦਿਸਦੀ ਹੈ, ਪਰ ਕਿਤਾਬ ਦੇ ਕਰਤਾ ਨੂੰ ਮੈਡੀਕਲ ਸਾਇੰਸ ਉੱਤਮ ਭਾਸਦੀ ਹੈ।

ਭਾਈ ਗੁਰਬਚਨ ਸਿੰਘ ਨੇ ਗੱਲ ਨੂੰ ਕਿਸ ਤਰ੍ਹਾਂ ਘੁਮਾਇਆ, ਦਾਦ ਦੇਣੀ ਪਵੇਗੀ। ਗੱਲ ਕਰਨ ਦਾ ਇਹੀ ਕਾਮਰੇਡੀ ਪੈਂਤੜਾ ਕਹਾਉਂਦਾ ਹੈ।

ਜਿਸ ਤਰ੍ਹਾਂ ਭਾਵ ਅਰਥਾਂ ਵਿਚ ਇਸ ਨੇ ਜਨਮ-ਮਰਨ ਨੂੰ ਲਿਆ ਹੈ।

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**

*(ਅੰਗ ੧੪੨)*

ਉਸੇ ਤਰ੍ਹਾਂ ਜੇ ਦੇਖੀਏ, ਗੁਰਬਾਣੀ ਅਨੁਸਾਰ ਪੁਰਖ ਕੌਣ ਹੈ ਅਤੇ ਇਸਤਰੀ ਕੌਣ ਹੈ? ਗੁਰਬਾਣੀ ਵਿਚ ਦਰਜ ਹੈ:

**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥**
**ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ॥**

*(ਅੰਗ ੫੯੧-੯੨)*

ਅਸੀਂ ਹੁਣ ਭਾਈ ਗੁਰਬਚਨ ਸਿੰਘ ਨੂੰ ਪੁੱਛਦੇ ਹਾਂ ਕਿ ਤੁਹਾਡੇ 'ਐਕਸ' ਤੱਤ ਅਤੇ 'ਵਾਈ' ਤੱਤ ਕਿਧਰ ਚਲੇ ਗਏ? ਪਰਮਾਤਮਾ ਕਿਸ ਦੇ 'ਐਕਸ' ਤੇ 'ਵਾਈ' ਤੱਤ ਤੋਂ ਬਣਿਆ ਹੈ? ਇਸ ਤੋਂ ਅੱਗੇ 'ਸਭਿ ਘਟ ਭੋਗਵੈ' ਅਤੇ

ਫਿਰ 'ਅਲਿਪਤੁ ਰਹੈ' ਵਿਗਿਆਨਿਕ ਤੌਰ 'ਤੇ ਕਿਵੇਂ ਸਿੱਧ ਕਰੋਗੇ ? ਇਸ ਤੋਂ ਅੱਗੇ :

**ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥**

*(ਅੰਗ ੫੯੨)*

ਹੁਣ ਤੁਹਾਡੇ 'ਐਕਸ', 'ਵਾਈ' ਤੱਤ ਕਿਧਰ ਗਏ ? ਸਾਰੀ ਕਿਤਾਬ ਵਿਚ ਭਾਈ ਗੁਰਬਚਨ ਸਿੰਘ ਨੇ ਇਹੀ ਕੀਤਾ ਹੈ, ਕਦੇ-ਕਦੇ ਝੋਟੇ ਦੀ ਪਿੱਠ 'ਤੇ, ਕਦੇ ਮੱਝ ਦੇ ਥਣਾਂ ਹੇਠ।

ਮੈਡੀਕਲ ਸਾਇੰਸ ਰਾਹੀਂ ਗੁਰਬਾਣੀ ਅਰਥ ਕਰਨ ਵਾਲੇ ਭਾਈ ਗੁਰਬਚਨ ਸਿੰਘ ਨੂੰ ਅਸੀਂ ਪੁੱਛਦੇ ਹਾਂ ਕਿ ਗੁਰਬਾਣੀ ਕਹਿ ਰਹੀ ਹੈ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**

*(ਅੰਗ ੬੮੪)*

ਮੈਡੀਕਲ ਸਾਇੰਸ ਵਾਲੇ ਆਖਦੇ ਹਨ ਕਿ ਅਸੀਂ ਸਾਰਾ ਸਰੀਰ ਪਾੜ ਕੇ ਦੇਖ ਲਿਆ, ਐਮ.ਆਰ.ਆਈ. ਕਰ ਲਈ, ਸਕੈਨਿੰਗ ਕਰ ਲਈ, ਦਿਲ, ਫੇਫੜੇ, ਗੁਰਦੇ, ਜਿਗਰ, ਦਿਮਾਗ਼, ਹੱਡੀਆਂ, ਚਰਬੀ, ਮਿੱਝ, ਲਹੂ ਅੰਦਰ ਰੱਬ ਕਿਤੇ ਨਹੀਂ ਲੱਭਾ। ਹੁਣ ਭਾਈ ਗੁਰਬਚਨ ਸਿੰਘ ਹੀ ਦੱਸਣ ਕਿ ਮੈਡੀਕਲ ਸਾਇੰਸ ਝੂਠੀ ਹੈ ਕਿ ਗੁਰਬਾਣੀ ਝੂਠੀ ਹੈ ?

ਜੇ ਲੇਖਕ ਦੇ 'ਐਕਸ, ਵਾਈ' ਵਾਲੇ ਤੱਤਾਂ ਨੂੰ ਹੀ ਮੰਨ ਲਿਆ ਜਾਵੇ ਤਾਂ ਸਭ ਨੂੰ ਪਤਾ ਹੈ ਕਿ ਧਰਤੀ ਵਿਚ ਦਾਣੇ ਕਣਕ ਦੇ ਹੋਣ ਤਾਂ ਕਣਕ ਜੰਮੇਗੀ ਅਤੇ ਛੋਲੇ ਪਾਈਏ ਤਾਂ ਛੋਲੇ ਜੰਮਣਗੇ। ਪਰ ਅਸੀਂ ਦੇਖਦੇ ਹਾਂ ਕਿ ਇਕ ਵਿਚ ਪੁਰਸ਼ ਦੇ ਐਕਸ, ਵਾਈ ਤੱਤ ਅਤੇ ਮਾਂ ਰੂਪੀ ਧਰਤੀ ਭੀ ਉਹੋ ਹੈ ਫਿਰ ਕੀ ਕਾਰਨ ਕਿ ਉਸੇ ਪੁਰਸ਼ ਦੇ ਵੀਰਜ ਤੋਂ ਕਦੇ ਸੰਤ ਬਣਦਾ ਹੈ, ਕਦੇ ਚੋਰ। ਇਥੋਂ ਤਕ ਕਿ ਜੌੜੇ ਬੱਚੇ ਜੰਮਿਆਂ ਦੀ ਸ਼ਕਲ ਤਾਂ ਕਾਫ਼ੀ ਹੱਦ ਤਕ ਮਿਲਦੀ ਹੈ, ਪਰ ਸੁਭਾਅ ਅੱਡ-ਅੱਡ ਕਿਉਂ ਹੁੰਦੇ ਹਨ ? ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਤਿੰਨੇ ਪੁੱਤਰਾਂ ਦਾ ਸੁਭਾਅ ਅੱਡ-ਅੱਡ ਕਿਉਂ ਸੀ ? ਜਦ ਕਿ ਸਭ ਲਈ ਉਸੇ ਪੁਰਸ਼ ਦਾ ਵੀਰਜ ਅਤੇ ਉਹੋ ਮਾਂ ਰੂਪ ਧਰਤੀ ਸੀ। ਪਟਿਆਲੇ ਸ. ਰਣਜੀਤ ਸਿੰਘ ਸਰਕਾਰੀਆ, ਸੁਪਰੀਮ ਕੋਰਟ ਦਾ ਜੱਜ ਰਿਟਾਇਰ ਹੋਇਆ ਅਤੇ ਸਕਾ ਵੱਡਾ ਭਰਾ ਮੱਝਾਂ ਪਾਲ ਕੇ ਗੁਜ਼ਾਰਾ ਕਰਦਾ ਸੀ। ਇਕੋ ਜਾਤੀ ਦੇ

ਪਸ਼ੂਆਂ 'ਤੇ ਭੀ ਇਹੋ ਗੱਲ ਢੁਕਦੀ ਹੈ। ਨਾ ਕਿਸੇ ਦੋ ਦੀ ਸ਼ਕਲ ਮਿਲਦੀ ਹੈ, ਨਾ ਕਿਸੇ ਦੋ ਦੀ ਅਕਲ ਮਿਲਦੀ ਹੈ ਅਤੇ ਇਹੋ ਹਾਲ ਮਨੁੱਖਾਂ ਦਾ ਹੈ।

ਭਾਈ ਗੁਰਬਚਨ ਸਿੰਘ ਨੇ ਹਰ ਥਾਂ ਗੁਰਬਾਣੀ ਨੂੰ ਸਾਇੰਸ ਦੇ ਝਰੋਖੇ ਵਿਚੋਂ ਦੇਖ ਕੇ ਕਾਮਰੇਡੀ ਰੰਗ ਚਾੜ੍ਹ ਕੇ ਵਿਆਖਿਆ ਕੀਤੀ ਹੈ। ਇਹੀ ਹਾਲ ਇੰਦਰ ਸਿੰਘ ਘੱਗਾ ਅਤੇ ਇਥੋਂ ਪੜ੍ਹ ਕੇ ਆਲਮ ਫ਼ਾਜ਼ਲ ਬਣ ਕੇ ਪੰਜਾਬ ਪੁਲਿਸ ਦੇ ਰਿਟਾਇਰਡ ਸਿਪਾਹੀ ਸੁਖਵਿੰਦਰ ਸਿੰਘ ਸਭਰਾ ਦੀਆਂ ਲਿਖਤਾਂ ਤੋਂ ਸਿੱਧ ਹੁੰਦਾ ਹੈ।

ਗੁਰਬਾਣੀ ਦੱਸ ਰਹੀ ਹੈ:

**ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ॥**
**ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ॥**

*(ਅੰਗ ੫੮੦)*

ਅਰਥ (ਦਰਪਣ): ਹੇ ਪ੍ਰਭੂ! ਤੂੰ ਸ੍ਰਿਸ਼ਟੀ ਪੇਦਾ ਕੀਤੀ ਹੈ (ਜੀਵਾਂ ਨੂੰ) ਦੁੱਖ ਅਤੇ ਸੁਖ ਦੇਣ ਵਾਲਾ ਭੀ ਤੂੰ ਹੀ ਹੈਂ। ਜਗਤ ਵਿਚ ਇਸਤਰੀ ਅਤੇ ਮਰਦ ਭੀ ਤੂੰ ਪੈਦਾ ਕੀਤੇ ਹਨ। ਮਾਇਆ ਰੂਪੀ ਜ਼ਹਿਰ ਤੇ ਪਿਆਰ ਭੀ ਤੂੰ ਬਣਾਇਆ ਹੈ। ਜੀਵ ਉਤਪਤੀ ਦੀਆਂ ਚਾਰੇ ਖਾਣੀਆਂ ਅਤੇ ਜੀਵਾਂ ਦੀਆਂ ਬੋਲੀਆਂ ਭੀ ਤੇਰੀਆਂ ਹੀ ਰਚੀਆਂ ਹੋਈਆਂ ਹਨ।

ਹੁਣ ਭਾਈ ਗੁਰਬਚਨ ਸਿੰਘ ਜਾਂ ਇਹਨਾਂ ਦੇ ਮਾਰਗ ਦਰਸ਼ਕ ਡਾਕਟਰ ਸਾਹਿਬ ਦੱਸਣ ਕਿ ਪਰਮਾਤਮਾ ਕੋਲ 'ਐਕਸ' ਅਤੇ 'ਵਾਈ' ਤੱਤ ਕਿਵੇਂ ਅਤੇ ਕਿਥੋਂ ਆਏ? ਫਿਰ ਕੀ ਪਰਮਾਤਮਾ ਸ੍ਰਿਸ਼ਟੀ ਪੈਦਾ ਕਰ ਕੇ ਸੌਂ ਗਿਆ? ਜਾਂ ਹੁਣ ਉਤਪਤੀ ਕਰਨੀ ਛੱਡ ਕੇ ਕਿਸੇ ਹੋਰ ਕੰਮ ਲੱਗ ਗਿਆ?

ਕਬੀਰ ਸਾਹਿਬ ਦੱਸ ਰਹੇ ਹਨ:

**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥**
**ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥**

*(ਅੰਗ ੧੨੫੨)*

ਸਿਪਾਹੀ ਬੁੱਧੀ ਵਾਲੇ, 'ਸੰਤਾਂ ਦੇ ਕੌਤਕ' ਨਾਮੀ ਪੁਸਤਕ ਦੇ ਲੇਖਕ ਸੁਖਵਿੰਦਰ ਸਿੰਘ ਸਭਰਾ ਜੋ ਕਿ ਗੁਰਮਤਿ ਗਿਆਨ ਮਿਸ਼ਨਰੀ ਯੂਨੀਵਰਸਿਟੀ ਜਵੱਦੀ ਦਾ ਹੀ ਟ੍ਰੇਂਡ ਕੀਤਾ ਹੋਇਆ ਹੈ, ਨੇ ਆਪਣੀ ਪੁਤਸਕ ਵਿਚ ਇਸ ਤੁਕ ਦੇ ਅਰਥ ਕੀਤੇ ਹਨ:

"ਅਸਚਰਜ ਖੇਡ ਹੈ ਬੰਦੇ ਅੰਦਰ ਵੀਰਜ ਹੈ। ਇਸ ਵੀਰਜ ਤੋਂ ਜ਼ਨਾਨੀਆਂ ਵੀ ਬਣ ਜਾਂਦੀਆਂ ਹਨ ਅਤੇ ਜ਼ਨਾਨੀਆਂ ਅੰਦਰੋਂ ਪੁਰਸ਼ ਪੈਦਾ ਹੋ ਜਾਂਦੇ ਹਨ।

ਸੁਮੇਲ ਹੋਣ ਕਰਕੇ ਇਹ ਹੋ ਰਿਹਾ ਹੈ।

ਇਹੀ ਅਰਥ ਭਾਈ ਗੁਰਬਚਨ ਸਿੰਘ ਕਰ ਰਿਹਾ ਹੈ ਅਤੇ ਲਗਪਗ ਇਹੀ ਅਰਥ ਕਿਸੇ ਹੋਰ ਅੰਦਾਜ਼ ਵਿਚ ਪ੍ਰੋ. ਸਾਹਿਬ ਸਿੰਘ ਜੀ ਨੇ ਕੀਤੇ ਹਨ।

ਜੇ ਵਿਚਾਰ ਕੇ ਵੇਖਿਆ ਜਾਵੇ ਤਾਂ ਇਸ ਵਿਚ ਅਸਚਰਜਤਾ ਵਾਲੀ ਕਿਹੜੀ ਗੱਲ ਹੈ, ਸਾਰੇ ਪਸ਼ੂ-ਪੰਛੀਆਂ ਦੇ ਬੱਚੇ ਇਸੇ ਨਿਯਮ ਨਾਲ ਪੈਦਾ ਹੋ ਰਹੇ ਹਨ। ਕਦੇ ਦੇਖਿਆ ਨਹੀਂ, ਕਿਸੇ ਬਾਂਦਰੀ ਨੇ ਪੁਰਸ਼ ਪੈਦਾ ਕੀਤਾ ਹੋਵੇ ਜਾਂ ਕਿਸੇ ਪਸ਼ੂ ਦੇ ਵੀਰਜ ਤੋਂ ਇਸਤਰੀ ਪੈਦਾ ਹੋਈ ਹੋਵੇ।

ਪਰ ਅਖ਼ਬਾਰਾਂ ਵਿਚ ਅਨੇਕਾਂ ਵਾਰ ਪੜ੍ਹਨ ਨੂੰ ਮਿਲਦਾ ਹੈ ਕਿ ਕਿਸੇ ਇਸਤਰੀ ਅੰਦਰ ਪੁਰਸ਼ ਦਾ ਜਣਨ ਅੰਗ ਵਿਕਸਿਤ ਹੋ ਰਿਹਾ ਹੈ। ਡਾਕਟਰਾਂ ਨੇ ਅਪਰੇਸ਼ਨ ਕਰ ਕੇ ਉਸ ਨੂੰ ਪੁਰਸ਼ ਬਣਾ ਦਿੱਤਾ। ਇਸੇ ਤਰ੍ਹਾਂ ਪੁਰਸ਼ ਦੇ ਲਿੰਗ ਬਦਲਣ ਦੀਆਂ ਖ਼ਬਰਾਂ ਆਮ ਪੜ੍ਹਨ ਨੂੰ ਮਿਲ ਜਾਂਦੀਆਂ ਹਨ। 2010 ਵਿਚ ਜ਼ੀ. ਟੀ.ਵੀ. ’ਤੇ ਮੱਧ ਪ੍ਰਦੇਸ਼ ਦੀ ਇਕ ਲੜਕੀ, ਜੋ ਪੁਰਸ਼ ਬਣ ਗਈ ਅਤੇ ਮੰਦਰ ਵਿਚ ਪੁਜਾਰੀ ਦੀ ਸੇਵਾ ਨਿਭਾ ਰਹੀ ਸੀ, ਉਸ ਦੀ ਵਿਥਿਆ ਦਿਖਾਈ ਗਈ ਸੀ। ਇਸੇ ਤਰ੍ਹਾਂ ਅਮਰੀਕਾ, ਇੰਗਲੈਂਡ ਅਤੇ ਹੋਰ ਦੇਸ਼ਾਂ ਦੇ ਤਕਰੀਬਨ ਚਾਲੀ ਕੇਸ ਇਸੇ ਤਰ੍ਹਾਂ ਦੇ ਦਿਖਾਏ ਸਨ।

ਇਹੀ ਪਰਮੇਸ਼ਰ ਦੀ ਅਚਰਜ ਖੇਡ ਹੈ। ਜਿਸ ਬਾਰੇ ਕਬੀਰ ਸਾਹਿਬ ਕਹਿ ਰਹੇ ਹਨ। ਅਜਿਹੀ ਇਕ ਸਾਖੀ ਗੁਰੂ ਨਾਨਕ ਦੇਵ ਮਹਾਰਾਜ ਜੀ ਨਾਲ ਸੰਬੰਧਿਤ ਹੈ। ਭਾਈ ਭੂਮੀਆ ਦਾ ਕਲਿਆਣ ਕਰਨ ਜਦ ਗੁਰੂ ਸਾਹਿਬ ਉਸ ਇਲਾਕੇ (ਨਾਨਕਿਆਣਾ ਸਾਹਿਬ ਸੰਗਰੂਰ) ਵਿਚ ਗਏ ਤਾਂ ਉਸ ਇਲਾਕੇ ਦੇ ਰਾਜੇ ਦੇ ਇਕੋ ਲੜਕੀ ਸੀ, ਲੜਕਾ ਕੋਈ ਨਹੀਂ ਸੀ। ਭੂਮੀਏ ਦਾ ਜੀਵਨ ਪਲਟੀ ਦੇਖ ਕੇ ਰਾਜਾ ਗੁਰੂ ਸਾਹਿਬ ਦਾ ਸਿੱਖ ਬਣਿਆ। ਲੜਕਾ ਨਾ ਹੋਣ ਕਰਕੇ ਰਾਜੇ ਨੇ ਲੜਕੀ ਦਾ ਪਾਲਣ ਪੋਸ਼ਣ ਲੜਕਾ ਸਮਝ ਕੇ ਲੜਕੇ ਵਾਂਗ ਕੀਤਾ। ਜਦ ਲੜਕੀ ਜਵਾਨ ਹੋਈ ਤਾਂ ਸ਼ਾਦੀ ਕਰਨੀ ਸੀ। ਸੋ ਰਾਜਾ ਚਿੰਤਤ ਹੋਇਆ ਕਿ ਹੁਣ ਕੀ ਕਰੇ ? ਅਖ਼ੀਰ ਮਹਾਰਾਜ ਨੂੰ ਬੇਨਤੀ ਕੀਤੀ, ਮਹਾਰਾਜ ਦੀ ਕਿਰਪਾ ਸਦਕਾ ਲੜਕੀ ਦੇ ਅੰਗ ਪੁਰਸ਼ਾਂ ਵਾਲੇ ਵਿਕਸਿਤ ਹੋ ਗਏ।

ਪਰ ਵਿਗਿਆਨ ਦੇ ਪੁਜਾਰੀਆਂ ਨੂੰ ਇਹ ਗੱਲਾਂ ਕਿਵੇਂ ਹਜ਼ਮ ਹੋਣ। ਇਸ ਲਈ ਅੰਧ-ਵਿਸ਼ਵਾਸ ਬ੍ਰਾਹਮਣਵਾਦ ਕਹਿ ਕੇ ਇਹਨਾਂ ਸਾਖੀਆਂ ’ਤੇ ਹੜਤਾਲ ਫੇਰ ਦਿੱਤੀ। ਸ਼ਾਇਦ ਪ੍ਰੋਫ਼ੈਸਰ ਸਾਹਿਬ ਸਿੰਘ ’ਤੇ ਭੀ ਇਹੀ ਗੱਲ ਭਾਰੂ ਸੀ। ਇਸ ਲਈ ਬਹੁਤ ਸਾਰੀਆਂ ਸਾਖੀਆਂ ਨੂੰ ਵਿਗਿਆਨ ਦੀ ਕਸਵੱਟੀ ’ਤੇ ਪਰਖ ਕੇ ਝੂਠਾ ਕਹਿ ਦਿੱਤਾ।

ਇਹ ਤਾਂ 540 ਸਾਲ ਪੁਰਾਣੀ ਗੱਲ ਹੈ, 2003 ਵਿਚ ਸਭ ਦੇ ਸਾਹਮਣੇ ਗੁਜਰਾਤ ਨਿਵਾਸੀ ਵਾਸੂ ਭਾਰਦਵਾਜ, ਜਿਸ ਨੂੰ ਹੱਡੀਆਂ ਦਾ ਕੈਂਸਰ ਸੀ ਅਤੇ ਡਾਕਟਰਾਂ ਨੇ ਕਹਿ ਦਿੱਤਾ ਸੀ ਕਿ ਅੰਤ ਆ ਗਿਆ ਹੈ, ਜੋ ਕਰਨਾ ਹੈ ਕਰ ਲਵੋ। ਉਹ ਹਰਿਮੰਦਰ ਸਾਹਿਬ ਆ ਕੇ ਅਖੰਡ-ਪਾਠ ਸੁਣ ਕੇ ਨੌਂ-ਬਰ-ਨੌਂ ਹੋ ਗਿਆ। ਉਸ ਨੇ ਆਪ ਟੀ.ਵੀ. 'ਤੇ ਆ ਕੇ ਆਪਣੀ ਵਿਥਿਆ ਸੁਣਾਈ, ਆਪਣੀਆਂ ਸਾਰੀਆਂ ਮੈਡੀਕਲ ਰਿਪੋਰਟਾਂ ਦਿਖਾਈਆਂ, ਤਰਕਸ਼ੀਲ ਅਤੇ ਵਿਗਿਆਨ ਨੂੰ ਪਰਨਾਏ ਮਿਸ਼ਨਰੀ ਕਾਲਜਾਂ ਦੇ ਪੜ੍ਹੇ ਇਸ ਨੂੰ ਪਖੰਡ, ਅੰਧ-ਵਿਸ਼ਵਾਸ ਅਤੇ ਝੂਠ ਆਖਦੇ ਹਨ। ਪ੍ਰਚਾਰ ਕਰ ਰਹੇ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਤ ਸਮਾਜ ਵਾਸੂ ਭਾਰਦਵਾਜ ਨੂੰ ਪੈਸੇ ਦੇ ਕੇ ਉਸ ਕੋਲੋਂ ਕਹਾ ਰਿਹਾ ਹੈ। ਸਾਰੀ ਵਾਰਤਾ ਦਾ ਨਿਰਨਾ ਇਹ ਹੈ ਕਿ ਜਵੱਦੀ ਵਾਲਾ ਮਿਸ਼ਨਰੀ ਕਾਲਜ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ' ਨਹੀਂ ਬਲਕਿ ਪਦਾਰਥਿਕ ਗਿਆਨ ਰਾਹੀਂ ਗੁਰਬਾਣੀ ਦਾ ਮੁਲੱਮਾ ਚੜ੍ਹਾ ਕੇ ਕਾਮਰੇਡੀ ਸੋਚ ਪੈਦਾ ਕਰਨ ਦਾ ਕਾਲਜ ਹੈ।

–

# ਜਾਣਹੁ ਜੋਤ ਨਾ ਪੂਛਹੁ ਜਾਤੀ...

ਚਾਰ ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਮਾਈ ਭਾਗੋ ਬ੍ਰਿਗੇਡ ਪਟਿਆਲਾ ਦੀ ਮੁਖੀ ਡਾਕਟਰ ਕੁਲਵੰਤ ਕੌਰ ਜੀ ਨੇ ਆਪਣੀ ਸੰਸਥਾ ਵੱਲੋਂ ਵਿਸਾਖੀ ਦਾ ਦਿਹਾੜਾ ਮਨਾਉਣ ਲਈ ਸੰਗਤ ਇਕੱਠੀ ਕਰਨੀ ਸੀ। ਇਸੇ ਸੰਬੰਧ ਵਿਚ ਸਿੱਖੀ ਸਰੂਪ ਵਾਲਾ ਬਹੁਜਨ ਸਮਾਜ ਪਾਰਟੀ ਦਾ ਇਕ ਨੇਤਾ ਭੀ ਬੁਲਾਇਆ ਗਿਆ।

ਹੋਰ ਵਕਤਿਆਂ ਤੋਂ ਪਿੱਛੋਂ ਜਦ ਨੇਤਾ ਜੀ ਦੀ ਵਾਰੀ ਆਈ ਤਾਂ ਆਪਣੇ ਰਟੇ-ਰਟਾਏ ਵਿਚਾਰ ਪੇਸ਼ ਕਰਨ ਪਿੱਛੋਂ ਅਸਲੀ ਗੱਲ 'ਤੇ ਆ ਗਿਆ ਕਿ 'ਗੁਰੂ ਸਾਹਿਬ ਨੇ ਤਾਂ ਜਾਤ-ਪਾਤ ਨੂੰ ਖ਼ਤਮ ਕਰਨ ਦੀ ਪੂਰੀ ਕੋਸ਼ਸ਼ ਕੀਤੀ, ਪਰ ਸਿੱਖਾਂ ਵਿਚ ਅਜੇ ਵੀ ਪੂਰੇ ਜੋਬਨ 'ਤੇ ਹੈ। ਹਰ ਜਗ੍ਹਾ ਪਛੜੀਆਂ ਸ਼੍ਰੇਣੀਆਂ ਤੋਂ ਸਜੇ ਸਿੰਘਾਂ ਨਾਲ ਵਿਤਕਰਾ ਹੋ ਰਿਹਾ ਹੈ।'

ਲੈਕਚਰ ਦੀ ਸਮਾਪਤੀ ਪਿੱਛੋਂ ਸੰਚਾਲਕ ਨੇ ਕਿਹਾ ਕਿ ਜੇ ਕਿਸੇ ਨੇ ਇਸ ਬਾਰੇ ਕੋਈ ਪ੍ਰਸ਼ਨ ਕਰਨਾ ਹੋਵੇ ਤਾਂ ਕਰ ਸਕਦਾ ਹੈ। ਮੈਂ ਉੱਠ ਕੇ ਪੁੱਛਿਆ 'ਭਾਈ, ਤੁਹਾਡੇ ਨਾਲ ਕੀ ਵਿਤਕਰਾ ਹੁੰਦਾ ਹੈ ?' ਤਾਂ ਉਸ ਨੇ ਦੱਸਿਆ ਕਿ ਮੈਂ ਫਲਾਣੇ ਪਿੰਡ ਜਾ ਕੇ ਲੰਗਰ ਵਰਤਾਉਣ ਲੱਗਾ, ਮੇਰੇ ਹੱਥੋਂ ਦਾਲ ਦੀ ਬਾਲਟੀ ਫੜ ਲਈ, ਫਲਾਣੀ ਥਾਂ ਇਹ ਹੋਇਆ, ਫਲਾਣੀ ਥਾਂ ਉਹ ਹੋਇਆ।

ਮੈਂ ਇਹ ਉਦਾਹਰਨ ਦਿੱਤੀ ਕਿ ਸਵਰਗਵਾਸੀ ਬਾਬੂ ਜਗਜੀਵਨ ਰਾਮ ਜੀ, ਰੱਖਿਆ ਮੰਤਰੀ ਨੂੰ ਇਕ ਵਾਰ ਸਰਕਾਰੀ ਦੌਰੇ 'ਤੇ ਬਨਾਰਸ ਹਿੰਦੂ ਯੂਨੀਵਰਸਿਟੀ ਜਾਣਾ ਪੈ ਗਿਆ। ਪ੍ਰੋਗਰਾਮ ਪਿੱਛੋਂ ਉਹ ਯੂਨੀਵਰਸਿਟੀ ਵਿਚ ਬਣੇ ਮੰਦਰ ਵਿਚ ਚਲੇ ਗਏ। ਭਾਰਤ ਦੇ ਰੱਖਿਆ ਮੰਤਰੀ ਹੋਣ ਦੇ ਨਾਤੇ ਮੰਦਰ ਦੇ ਪੁਜਾਰੀ ਅਤੇ ਪ੍ਰਬੰਧਕ ਉਹਨਾਂ ਨੂੰ ਮੰਦਰ ਵਿਚ ਵੜਨ ਤੋਂ ਰੋਕ ਤਾਂ ਨਾ ਸਕੇ ਪਰ ਉਹਨਾਂ ਦੇ ਜਾਣ ਪਿੱਛੋਂ ਇਕ ਹਫ਼ਤਾ ਉਹ ਮੰਦਰ ਨੂੰ ਗੰਗਾ ਜਲ ਨਾਲ ਧੋ ਕੇ ਪਵਿੱਤਰ ਕਰਦੇ ਰਹੇ। ਕੀ ਕਿਸੇ ਗੁਰਦੁਆਰੇ ਵਿਚ ਇਸ ਤਰ੍ਹਾਂ ਹੋਇਆ ਹੈ ?

ਮਿਸਲ ਕਾਲ ਤੋਂ ਲੈ ਕੇ ਮਹਾਰਾਜ ਰਣਜੀਤ ਸਿੰਘ ਦੇ ਕਾਲ ਤਕ ਕੋਈ ਘਟਨਾ ਦੱਸੋ, ਜਿਥੇ ਵਿਤਕਰਾ ਹੋਇਆ ਹੋਵੇ। ਭਾਈ ਮਨੀ ਸਿੰਘ ਵੇਲੇ ਜਿਹੜੇ

ਪੰਜ ਜਥਿਆਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਨਿਸ਼ਾਨ ਬਖ਼ਸ਼ੇ ਗਏ ਸਨ, ਉਹਨਾਂ ਵਿਚੋਂ ਇਕ ਜਥੇਦਾਰ ਬਾਬਾ ਬੀਰ ਸਿੰਘ ਪਛੜੀਆਂ ਸ਼੍ਰੇਣੀਆਂ ਵਿਚੋਂ ਸੀ ਅਤੇ ਇਸ ਦੀ ਕਮਾਨ ਹੇਠ 2200 ਸਵਾਰ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਇਕ ਪੂਰੀ ਰਜਮੈਂਟ ਇਹਨਾਂ ਦੀ ਸੀ।

ਮਹਾਰਾਜਾ ਰਣਜੀਤ ਸਿੰਘ ਤੋਂ ਪਿੱਛੋਂ ਧਾਰਮਿਕ ਅਤੇ ਰਾਜਨੀਤਿਕ ਦੋਨੋਂ ਪੱਖਾਂ ਤੋਂ ਗਿਰਾਵਟ ਆ ਗਈ। ਫਿਰ ਸਿੰਘ ਸਭਾ ਲਹਿਰ ਵੇਲੇ, ਗਿਆਨੀ ਦਿੱਤ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਜੀ ਭੀ ਪਛੜੀਆਂ ਸ਼੍ਰੇਣੀਆਂ ਵਿਚੋਂ ਸਨ, ਸਿਵਾਏ ਗੁਰੂ ਵੰਸ਼ਜ ਬੇਦੀ ਬਾਬਿਆਂ ਅਤੇ ਉਹਨਾਂ ਦੇ ਪਿੱਛ-ਲੱਗਾਂ ਨੂੰ ਛੱਡ ਕੇ ਸਾਰਾ ਪੰਥ ਇਹਨਾਂ ਦਾ ਸਤਿਕਾਰ ਕਰਦਾ ਸੀ। ਗੁਰੂ ਦੇ ਪਿਆਰ ਵਾਲੇ ਭਾਈ ਕਾਨ੍ਹ ਸਿੰਘ ਜੀ ਨਾਭਾ, ਭਾਈ ਵੀਰ ਸਿੰਘ ਜੀ, ਭਾਈ ਜੋਧ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਕਿਸੇ ਨੂੰ ਜਾਤ ਕਰਕੇ ਨਹੀਂ ਦੁਰਕਾਰਿਆ। ਬਾਬਾ ਰਾਮ ਸਿੰਘ ਨਾਮਧਾਰੀ ਬਾਬਾ ਸਿੰਘ ਵਰਗੀਆਂ ਸਤਿਕਾਰ ਹਸਤੀਆਂ ਭੀ ਰਾਮਗੜ੍ਹੀਆ ਸਨ।

ਦੇਸ਼ ਆਜ਼ਾਦ ਹੋਣ ਪਿੱਛੋਂ ਜਦ ਭਾਰਤ ਸਰਕਾਰ ਨੇ ਦਲਿਤਾਂ ਨੂੰ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਅਤੇ ਹੋਰ ਸਹੂਲਤਾਂ ਦੇਣ ਦਾ ਕਨੂੰਨ ਬਣਾਇਆ ਤਾਂ ਪਹਿਲਾਂ ਉਹ ਕੇਵਲ ਹਿੰਦੂ ਦਲਿਤਾਂ ਲਈ ਸੀ। ਮਾਸਟਰ ਤਾਰਾ ਸਿੰਘ ਜੀ ਦੇ ਅੰਦੋਲਨ ਕਰਨ ਮਗਰੋਂ ਹੀ ਸਿੱਖ ਦਲਿਤਾਂ ਨੂੰ ਇਹ ਸਹੂਲਤਾਂ ਪ੍ਰਾਪਤ ਹੋਈਆਂ। ਇਸ ਕਰਕੇ ਪਛੜੀਆਂ ਸ਼੍ਰੇਣੀਆਂ ਦੇ ਸਿੱਖ ਉੱਚ ਪਦਵੀਆਂ ’ਤੇ ਬਿਰਾਜਮਾਨ ਹਨ।

ਸ਼ਾਹੀ ਖ਼ਾਨਦਾਨਾਂ ਦੇ ਸਰਦਾਰ ਹਰਬੰਸ ਸਿੰਘ ਅਟਾਰੀ, ਸੈਂਟਰਲ ਯਤੀਮਖ਼ਾਨਾ ਦੇ ਬੱਚਿਆਂ ਨੂੰ ਛੁੱਟੀ ਵਾਲੇ ਦਿਨ ਆਪ ਕੇਸੀਂ ਇਸ਼ਨਾਨ ਕਰਾਉਂਦੇ ਰਹੇ ਅਤੇ ਪਿਆਰ ਕਰਦੇ ਰਹੇ ਹਨ। ਪਟਿਆਲੇ ਮਹਾਰਾਜਾ ਅਮਰਿੰਦਰ ਸਿੰਘ ਦੇ ਨਾਨਾ ਜੀ ਸਰਦਾਰ ਹਰਚੰਦ ਸਿੰਘ ਜੇਜੀ, ਸੇਵਾ ਸਿੰਘ ਠੀਕਰੀਵਾਲਾ ਦੇ ਜੀਵਨ ਪੜ੍ਹ ਕੇ ਦੇਖੋ ਕਿ ਕਿਸ ਤਰ੍ਹਾਂ ਵਿਵਹਾਰ ਕਰਦੇ ਸਨ। ਸਰਦਾਰ ਹਰਚੰਦ ਸਿੰਘ ਜੇਜੀ ਦੀ ਕੋਠੀ ਕੰਮ ਕਰਨ ਵਾਲੇ ਨੌਕਰ, ਚਾਕਰ, ਲਾਂਗਰੀ ਸਭ ਅੰਮ੍ਰਿਤਧਾਰੀ ਸਨ। ਉਹਨਾਂ ਦੇ ਪਿੰਡ ‘ਚੂੜਲ’ ਹਵੇਲੀ ਦੇ ਨਾਲ ਹੀ ਗੁਰਦੁਆਰਾ ਸੀ, ਸਭ ਨੌਕਰਾਂ ਨੂੰ ਹੁਕਮ ਸੀ ਕਿ ਪਹਿਲਾਂ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਆਓ, ਫਿਰ ਕੰਮ ਸ਼ੁਰੂ ਕਰਨਾ।

ਸੰਨ 1950 ਦੇ ਕਰੀਬ ਦਿੱਲੀ ਗੁਰਦੁਆਰਾ ਸੀਸਗੰਜ ਵਿਚ ਸ਼੍ਰੋਮਣੀ ਰਾਗੀ ਭਾਈ ਸੰਤਾ ਸਿੰਘ ਮਜ਼ਹਬੀ ਸਿੱਖ ਸਨ। ਸਾਰਾ ਸਿੱਖ ਜਗਤ ਉਹਨਾਂ

ਦਾ ਸਤਿਕਾਰ ਕਰਦਾ ਸੀ। ਇਹਨਾਂ ਦੇ ਬਾਕੀ ਚਾਰ-ਪੰਜ ਭਰਾ ਅੱਜ ਭੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕੀਰਤਨ ਕਰਦੇ ਹਨ। ਸਾਡੇ ਆਪਣੇ ਘਰ, ਜਗੀਰਦਾਰ ਸਰਦਾਰ ਹੋਣ ਦੇ ਬਾਵਜੂਦ ਪਿਤਾ ਜੀ ਮੇਰੇ ਪਿੰਡ ਦੇ ਦਲਿਤ ਬੱਚਿਆਂ ਨੂੰ ਸਾਡੇ ਬਰਾਬਰ ਬਿਠਾ ਕੇ ਪੜ੍ਹਾਉਂਦੇ ਰਹੇ ਹਨ।

ਹੁਣ ਦੇ ਹਾਲਾਤ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਿਹੜਾ ਗੁਰਦੁਆਰਾ ਹੈ ਜਿਥੇ ਗ੍ਰੰਥੀ, ਸੇਵਾਦਾਰ ਜਾਂ ਰਾਗੀ ਦਲਿਤ ਵਰਗ ਦੇ ਨਹੀਂ ਹਨ ? ਪਿੰਡਾਂ ਵਿਚ ਭੀ ਅਣਗਿਣਤ ਗੁਰਦੁਆਰਿਆਂ ਦੇ ਗ੍ਰੰਥੀ ਦੀ ਸੇਵਾ ਕਰਨ ਵਾਲੇ ਦਲਿਤ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਸਰਕਾਰ ਵਾਂਗ ਇਹਨਾਂ ਲਈ ਕੋਟਾ ਸਿਸਟਮ ਨਹੀਂ ਅਪਣਾਇਆ।

ਫਿਰ ਮੈਂ ਨੇਤਾ ਜੀ ਨੂੰ ਸਵਾਲ ਪੁੱਛਿਆ ਕਿ ਤੁਸੀਂ ਦੂਸਰਿਆਂ ’ਤੇ ਇਲਜ਼ਾਮ ਲਗਾਉਂਦੇ ਹੋ, ਕੀ ਤੁਸੀਂ ਆਪਸ ਵਿਚ ਵਿਤਕਰਾ ਨਹੀਂ ਕਰਦੇ ? ਕੀ ਕੋਈ ਰਵਿਦਾਸੀਆ ਸਿੱਖ ਬਾਲਮੀਕੀ ਜਾਂ ਸਾਂਹਸੀ ਨੂੰ ਆਪਣੀ ਲੜਕੀ ਦੇਣ ਲਈ ਤਿਆਰ ਹੈ ? ਪਛੜੀਆਂ ਜਾਤੀਆਂ ਵਿਚੋਂ ਬਣੇ ਜੱਜ, ਪੁਲਿਸ ਜਰਨੈਲ ਜਾਂ ਡਾਕਟਰ ਗ਼ਰੀਬ ਦਲਿਤਾਂ ਨਾਲ ਬਰਾਬਰ ਦਾ ਪਿਆਰ ਕਰਦੇ ਹਨ ?

ਜਦ ਤੁਸੀਂ ਗੁਰਦੁਆਰਾ ਸਾਹਿਬ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਲੈਣਾ ਹੋਵੇ, ਕਿਰਪਾਨ ਦਿਖਾ ਕੇ ਕਹਿੰਦੇ ਹੋ ਕਿ ਅਸੀਂ ਗੁਰੂ ਕੇ ਸਿੱਖ ਹਾਂ ਅਤੇ ਜਦ ਨੌਕਰੀ ਲੈਣੀ ਹੋਵੇ ਤਾਂ ਫਿਰ ਕਹਿ ਦਿੰਦੇ ਹੋ ਕਿ ਅਸੀਂ ਰਵਿਦਾਸੀਏ ਹਾਂ, ਇਹ ਕਿਹੜਾ ਇਨਸਾਫ਼ ਹੈ ? ਹੁਣ ਇਹਨਾਂ ਦਾ ਅੱਧੇ ਨਾਲੋਂ ਜ਼ਿਆਦਾ ਵਰਗ ਗੁਰੂ ਘਰ ਨਾਲੋਂ ਨਾਤਾ ਤੋੜ ਕੇ ਪੂਰਨ ਤੌਰ ’ਤੇ ਗੁਰੂ ਰਵਿਦਾਸ ਨਾਲ ਜੁੜ ਗਿਆ ਹੈ। ਜੇ ਗੁਰੂ ਨਾਨਕ ਦੇਵ ਮਹਾਰਾਜ ਜਾਂ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਦਿਹਾੜਾ ਮਨਾਉਣਾ ਹੋਵੇ ਤਾਂ ਪੰਜ ਰੁਪਏ ਦੇਣਗੇ ਅਤੇ ਜੇ ਭਗਤ ਰਵਿਦਾਸ ਜੀ ਦਾ ਦਿਹਾੜਾ ਮਨਾਉਣਾ ਹੋਵੇ ਤਾਂ ਵਿੱਤ ਅਨੁਸਾਰ ਦਸ, ਪੰਜਾਹ ਜਾਂ ਸੌ ਰੁਪਈਏ ਦੇਣਗੇ।

ਬਾਕੀ ਤਾਂ ਹਰ ਥਾਂ ’ਤੇ ਵਿਤਕਰਾ ਕਿਸੇ ਨਾ ਕਿਸੇ ਰੂਪ ਵਿਚ ਹੈ, ਬੱਸ ਸ਼ਰਾਬ ਦੇ ਅਹਾਤਿਆਂ ਵਿਚ, ਜੁਆਰੀ ਅਤੇ ਜਾਂ ਸਮਗਲਿੰਗ ਦੇ ਧੰਧੇ ਵਿਚ ਕੋਈ ਜਾਤ-ਪਾਤ ਨਹੀਂ ਪੁੱਛਦਾ। ਤੁਹਾਨੂੰ ਚਾਹੀਦਾ ਹੈ ਕਿ ਇਸੇ ਦਾ ਪ੍ਰਚਾਰ ਹੋਵੇ।

ਹੁਣ ਖੁੱਲ੍ਹਮ-ਖੁੱਲ੍ਹਾ ਪ੍ਰਚਾਰ ਹੋ ਰਿਹਾ ਹੈ ਕਿ “ਗੁਰੂ ਤਾਂ ਰਵਿਦਾਸ ਜੀ ਸੀ, ਸਿੱਖ ਗੁਰੂਆਂ ਨੇ ਉਹਨਾਂ ਦੀ ਬਾਣੀ ਹਥਿਆ ਕੇ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ

ਦਿੱਤੀ।" ਕੁਝ ਇਹ ਭੀ ਪ੍ਰਚਾਰ ਕਰ ਰਹੇ ਹਨ ਕਿ ਸਿੱਖ ਗੁਰੂਆਂ ਨੇ ਕੇਵਲ ਜ਼ਬਾਨੀ ਕਲਾਮੀ ਹੀ 'ਸਭ ਮਹਿ ਜੋਤ ਜੋਤ ਹੈ ਸੋਇ' ਦਾ ਨਾਅਰਾ ਲਾਇਆ ਹੈ, ਕਿਸੇ ਗੁਰੂ ਨੇ ਦਲਿਤ ਵਰਗ ਵਿਚ ਸ਼ਾਦੀ ਨਹੀਂ ਕਰਵਾਈ ਅਤੇ ਨਾ ਹੀ ਕਿਸੇ ਦਲਿਤ ਨੂੰ ਆਪਣਾ ਰਿਸ਼ਤੇਦਾਰ ਬਣਾਇਆ।

ਭਗਤ ਰਵਿਦਾਸ ਜੀ ਦੇ ਕਿਸੇ ਸ਼ਬਦ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਉਹਨਾਂ ਨੇ ਮੂਰਤੀ ਪੂਜਾ ਦਾ ਸਮਰਥਨ ਕੀਤਾ ਹੋਵੇ ਪਰ ਹੁਣ ਹਰ ਇਕ ਰਵਿਦਾਸ ਜੀ ਦੇ ਨਾਂ 'ਤੇ ਬਣਾਏ ਮੰਦਰਾਂ ਵਿਚ ਮੂਰਤੀ ਬਿਰਾਜਮਾਨ ਹੈ।

ਕੋਈ ਇਤਿਹਾਸਿਕ ਪ੍ਰਮਾਣ ਨਹੀਂ ਮਿਲਦਾ ਕਿ ਰਵਿਦਾਸ ਜੀ ਨੇ ਕੋਈ ਵੱਖਰਾ ਧਰਮ ਚਲਾਇਆ ਹੋਵੇ। ਹਰ ਇਕ ਧਰਮ ਦੀ ਪਛਾਣ ਉਸ ਦੇ ਧਾਰਮਿਕ ਗ੍ਰੰਥ, ਉਸ ਦੀ ਰਹਿਤ ਅਤੇ ਝੰਡੇ ਤੋਂ ਹੁੰਦੀ ਹੈ। ਪਿਛਲੀ ਸਦੀ ਦੇ ਅੱਧ ਤਕ ਇਹ ਸਭ ਚੀਜ਼ਾਂ ਗ਼ਾਇਬ ਸੀ ਅਤੇ ਹੁਣ ਇਹ ਇਕ ਦਮ ਪ੍ਰਗਟ ਹੋ ਗਈਆਂ ਹਨ।

ਇਸ ਦਾ ਅੱਗੇ ਨੂੰ ਕੀ ਅਸਰ ਪਵੇਗਾ, ਇਸ ਦਾ ਕਿਸੇ ਨੂੰ ਫ਼ਿਕਰ ਨਹੀਂ ਹੈ। ਅੱਜ ਰਵਿਦਾਸ ਜੀ ਦੇ ਨਾਂ 'ਤੇ ਇਹ ਹੋਇਆ ਹੈ, ਕੱਲ੍ਹ ਨੂੰ ਭਗਤ ਸੈਣ ਜੀ ਦੇ ਸੇਵਕ ਤਿਆਰ ਬੈਠੇ ਹਨ। ਫਿਰ ਕਬੀਰ-ਪੰਥੀ ਅਤੇ ਜੱਟ ਕਿਵੇਂ ਪਿੱਛੇ ਰਹਿ ਸਕਦੇ ਹਨ ? ਪੰਥ ਫਾੜੀਆਂ-ਫਾੜੀਆਂ ਹੋ ਜਾਏਗਾ।

ਅਖੌਤੀ ਪ੍ਰੋ਼ਫ਼ੈਸਰ ਨੇ ਆਪਣੇ ਕਿਤਾਬ 'ਵਿਰਲੈ ਕਿਨੈ ਵੀਚਾਰਿਆ' ਦੇ ਪੰਨਾ 267 'ਤੇ ਇੰਵ ਲਿਖਿਆ ਹੈ:

> ਜਿਸ ਜਾਤ-ਪਾਤ ਨੂੰ ਗੁਰੂ ਜੀ ਨੇ ਖ਼ਤਮ ਕੀਤਾ ਸੀ, ਉਸ ਦਾ ਸਰੂਪ ਅੱਜ ਸਾਡੀਆਂ ਵੱਖਰੀਆਂ-ਵੱਖਰੀਆਂ ਜਥੇਬੰਦੀਆਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਅੱਜ ਸਿੱਖ ਹੀ ਸਿੱਖ ਨੂੰ ਨਫ਼ਰਤ ਨਾਲ ਦੇਖ ਰਿਹਾ ਹੈ।

ਪਰ ਹੁਣ ਮੁਸ਼ਕਲ ਇਹ ਹੈ ਕਿ ਸਿੱਖ ਦੀ ਪਛਾਣ ਕਿਸ ਤਰ੍ਹਾਂ ਹੋਵੇ ? ਕੂਕੇ ਕਹਿੰਦੇ ਹਨ, ਅਸੀਂ ਸਿੱਖ ਹਾਂ। ਰਾਧਾ ਸੁਆਮੀ ਕਹਿੰਦੇ ਹਨ, ਸਿੱਖੀ ਦਾ ਅਸਲੀ ਪ੍ਰਚਾਰ ਅਸੀਂ ਕਰ ਰਹੇ ਹਾਂ। ਨਿਰੰਕਾਰੀ ਕਹਿੰਦੇ ਹਨ, ਸਾਡਾ ਬਾਬਾ ਨਾਨਕ ਨਿਰੰਕਾਰੀ ਸੀ, ਇਸ ਲਈ ਅਸੀਂ ਹੀ ਬਾਬੇ ਨਾਨਕ ਦੇ ਵਾਰਸ ਹਾਂ। ਇਸੇ ਤਰ੍ਹਾਂ ਕਾਮਰੇਡ ਸਭ 'ਤੇ ਪੋਚਾ ਫੇਰ ਕੇ ਦਾਹਵਾ ਕਰ ਰਹੇ ਹਨ ਕਿ ਗੁਰੂ ਨਾਨਕ ਦਾ ਫ਼ਲਸਫ਼ਾ ਕੇਵਲ ਅਸੀਂ ਹੀ ਸਮਝਿਆ ਹੈ। ਕੀ ਕਾਰਣ ਹੈ ਕਿ ਅਖੌਤੀ ਪ੍ਰੋ਼ਫ਼ੈਸਰ ਨੇ ਸਾਰੀ ਕਿਤਾਬ ਵਿਚ ਇਹਨਾਂ ਬਾਰੇ ਇਕ ਲਾਈਨ ਭੀ ਨਹੀਂ ਲਿਖੀ। ਪੰਥ ਦਰਦੀ ਹੋਣ ਦਾ ਬੁਰਕਾ ਪਾ ਕੇ ਸਾਰੀ ਕਿਤਾਬ ਵਿਚ ਕੇਵਲ ਸਿੱਖੀ

ਪਰੰਪਰਾਵਾਂ ਨਾਲ ਖਿਲਵਾੜ ਕੀਤਾ ਹੈ ਅਤੇ ਪਿਛਲੇ 350 ਸਾਲਾਂ ਦੇ ਪ੍ਰਵਾਨਿਤ ਸਿਧਾਂਤਾਂ ਦਾ ਖੰਡਨ ਕੀਤਾ ਹੈ।

ਸਿੱਖੀ ਸਿਧਾਂਤ ਨੂੰ ਸਮਝਣ ਵਾਲੇ, ਗੁਰਬਾਣੀ ਨੂੰ ਵਿਚਾਰ ਨਾਲ ਪੜ੍ਹ ਕੇ ਖ਼ਾਲਸਾ ਪੰਥ ਦੇ ਅਸਲੀ ਵਾਰਸ ਬਣਨ ਵਾਲੇ ਅਤੇ ਸਾਰੇ ਪੰਥ ਨੂੰ ਬ੍ਰਾਹਮਣਵਾਦੀ ਕਹਿਣ ਵਾਲੇ ਕਾਮਰੇਡੀ ਟੋਲੇ ਦੇ ਇਸ ਪਖੰਡੀ ਲੇਖਕ ਨੇ ਆਪਣੀ ਸਾਰੀ ਕਿਤਾਬ ਵਿਚ ਇਕ ਲਾਈਨ ਭੀ ਇਸ ਬਾਰੇ ਨਹੀਂ ਲਿਖੀ ਕਿਉਂਕਿ ਇਹਨਾਂ ਨੂੰ ਰੱਤੀ ਭਰ ਭੀ ਪੰਥ ਨਾਲ ਹਮਦਰਦੀ ਨਹੀਂ। ਬਲਕਿ ਸਾਰੀ ਕਿਤਾਬ ਗੁਰਬਾਣੀ ਅਰਥਾਂ ਨੂੰ ਤਰੋੜ-ਮਰੋੜ ਕੇ ਅਰਥਾਂ ਨਾਲ ਨਾਸਤਿਕਤਾ ਦਾ ਰੰਗ ਚਾੜ੍ਹਿਆ ਹੈ ਅਤੇ ਇਸ ਨੂੰ ਇਕ ਮੁੱਦਾ ਬਣਾ ਕੇ ਪੰਥ ਦੀ ਭੰਡੀ ਕੀਤੀ ਹੈ। ਆਖ਼ਰਕਾਰ ਹੁਣ ਦੇ ਪੰਥਕ ਢਾਂਚੇ ਨੂੰ ਭੰਡਣ ਲਈ ਕੋਈ ਨੁਕਤਾ ਤਾਂ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਸਿੱਖੀ ਦਾ ਝੰਡਾ ਬਰਦਾਰ ਹੋਣ ਦਾ ਪੱਜ ਪਾਇਆ ਹੈ।

–

# ਕੋਈ ਹਰਿਆ ਬੂਟੁ ਰਹਿਓ ਰੀ

ਜਦ ਕੋਈ ਮੌਸਮ, ਗਰਮੀ ਜਾਂ ਸਰਦੀ ਚਰਮ ਸੀਮਾ 'ਤੇ ਹੋਵੇ ਤਾਂ ਪੂਰਨ ਤੌਰ 'ਤੇ ਇਸ ਦੇ ਪ੍ਰਭਾਵ ਤੋਂ ਬਚਣਾ ਬਹੁਤ ਮੁਸ਼ਕਲ ਹੈ। ਜਿੰਨਾ ਮਰਜ਼ੀ ਪਰਹੇਜ਼ ਕਰੋ ਜਾਂ ਸੰਭਾਲ ਕੇ ਰਹੋ, ਕਿਤੇ ਨਾ ਕਿਤੇ ਉਕਾਈ ਰਹਿ ਜਾਂਦੀ ਅਤੇ ਬੇ-ਮਾਲੂਮੇ ਹੀ ਮੌਸਮ ਆਪਣਾ ਵਾਰ ਕਰ ਜਾਂਦਾ ਹੈ। ਉਸ ਵੇਲੇ ਭਾਵੇਂ ਇਸ ਦਾ ਅਹਿਸਾਸ ਨਾ ਭੀ ਹੋਵੇ ਪਰ ਬਾਅਦ ਵਿਚ ਪ੍ਰਗਟ ਹੋ ਜਾਂਦਾ ਹੈ ਅਤੇ ਕਈ ਵਾਰੀ ਅਜਿਹਾ ਵਾਰ ਹੁੰਦਾ ਹੈ, ਇਸ ਦੇ ਦੂਰਗਾਮੀ ਪਰਿਣਾਮ ਭੁਗਤਣੇ ਪੈਂਦੇ ਹਨ।

1930 ਦੇ ਆਸ-ਪਾਸ 'ਪ੍ਰੀਤਲੜੀ' ਦਾ ਮਾਸਿਕ ਰਸਾਲਾ ਪੰਜਾਬੀ ਵਿਚ ਛਪਣਾ ਸ਼ੁਰੂ ਹੋਇਆ। ਪਹਿਲਾਂ ਇਹ ਨੌਸ਼ਹਿਰਾ (ਪਾਕਿਸਤਾਨ) ਜਿਥੇ ਬਾਬਾ ਫੂਲਾ ਸਿੰਘ ਅਕਾਲੀ ਦੀ ਸਮਾਧ ਹੈ, ਉਥੋਂ ਛਪਣ ਲੱਗਾ। ਫਿਰ ਇਹ ਅੰਮ੍ਰਿਤਸਰ ਲਾਗੇ ਪ੍ਰੀਤ ਨਗਰ ਤੋਂ ਪ੍ਰਕਾਸ਼ਿਤ ਹੋਣ ਲੱਗਾ। ਇਸ ਦੇ ਸੰਚਾਲਕ ਸ. ਗੁਰਬਖ਼ਸ਼ ਸਿੰਘ ਉਰਫ਼ 'ਦਾਰ ਜੀ' ਗੁਰਸਿੱਖੀ ਮਾਹੌਲ ਵਿਚ ਪੈਦਾ ਹੋਏ ਸੀ। ਇੰਜੀਨੀਅਰਿੰਗ ਦੀ ਪੜ੍ਹਾਈ ਲਈ ਵਿਦੇਸ਼ ਚਲੇ ਗਏ ਅਤੇ ਪਰਮਾਰਥੀ ਗਿਆਨ ਤੋਂ ਉਲਟ ਪਦਾਰਥਿਕ ਵਿਗਿਆਨ ਵੱਲ ਉਲਾਰੂ ਹੋ ਗਏ।

ਇਹ ਪਹਿਲਾਂ ਫ਼ੌਜ ਵਿਚ ਇੰਜੀਨੀਅਰ ਦੇ ਤੌਰ 'ਤੇ ਨੌਕਰੀ ਕਰਨ ਲੱਗੇ, ਫਿਰ ਪੱਤਰਕਾਰੀ ਵੱਲ ਰੁਝਾਨ ਹੋਣ ਪਿੱਛੋਂ ਪੂਰਨ ਤੌਰ 'ਤੇ ਵਿਦਵਤਾ ਦੇ ਖੇਤਰ ਨੂੰ ਸਮਰਪਿਤ ਹੋ ਗਏ। ਪ੍ਰਗਤੀਸ਼ੀਲ ਇੰਜੀਨੀਅਰ ਹੋਣ ਦੇ ਨਾਤੇ ਇਹ ਪਹਿਲੀ ਵਾਰ ਪੰਜਾਬ ਵਿਚ ਖੇਤੀ ਲਈ ਟ੍ਰੈਕਟਰ ਲੈ ਕੇ ਆਏ ਪਰ ਖੇਤੀ ਖੇਤਰ ਵਿਚ ਕਾਮਯਾਬ ਨਾ ਹੋ ਸਕੇ।

ਆਪਣੇ ਵਿਦੇਸ਼ੀ ਦੌਰੇ ਸਮੇਂ ਇਹ ਸਾਬਤ-ਸੂਰਤ ਰਹੇ ਅਤੇ ਕਈ ਵਾਰੀ ਸਿੱਖ ਆਦਰਸ਼ ਲਈ ਪਹਿਰੇਦਾਰੀ ਭੀ ਕਰਦੇ ਰਹੇ। ਇਸ ਸਮੇਂ ਦੇਸ ਦੇ ਸੁਤੰਤਰਤਾ ਦੀ ਲਹਿਰ ਨਾਲ ਗ਼ਦਰੀ ਬਾਬਿਆਂ ਰਾਹੀਂ ਕਮਿਊਨਿਸਟ ਵਿਚਾਰਧਾਰਾ ਪੰਜਾਬ ਵਿਚ ਪ੍ਰਵੇਸ਼ ਕਰ ਚੁੱਕੀ ਸੀ। ਇਸ ਲਈ ਗੁਰਬਖ਼ਸ਼ ਸਿੰਘ ਜੀ ਨੇ ਕਮਿਊਨਿਸਟ ਵਿਚਾਰਧਾਰਾ ਅਪਣਾ ਲਈ।

ਸਮੇਂ ਦੇ ਮਾਹੌਲ ਤੋਂ ਵੱਖ ਹੋ ਕੇ ਇਹਨਾਂ ਨੇ ਸਾਹਿਤਿਕ ਖੇਤਰ ਵਿਚ

ਅਧਿਆਤਮਵਾਦ ਤੋਂ ਕਿਨਾਰਾ ਕਰ ਕੇ ਸਮਾਜ ਨੂੰ ਪਦਾਰਥਿਕ ਗਿਆਨ ਵੱਲ ਰੁਚਿਤ ਕੀਤਾ। ਵਿਗਿਆਨ ਦੀ ਕਸਵੱਟੀ ਨਾਲ ਤਰਕ-ਸੰਗਤ ਸ਼ੈਲੀ ਵਾਲੀ ਇਹਨਾਂ ਦੀ ਤੇਜ਼-ਤਰਾਰ ਕਲਮ ਨੇ ਜਲਦੀ ਹੀ ਵਿਦਿਅਕ ਖੇਤਰਾਂ ਵਿਚ ਆਪਣੀ ਜਗ੍ਹਾ ਬਣਾ ਲਈ। ਇਹਨਾਂ ਦੀ ਕਿਤਾਬ 'ਅਣਵਿਆਹੀ ਮਾਂ' ਨੌਜਵਾਨ ਵਰਗ ਵਿਚ ਬਹੁਤ ਪ੍ਰਵਾਨ ਹੋਈ।

ਧਾਰਮਿਕ ਖੇਤਰ ਵਿਚ ਇਹਨਾਂ ਨੇ ਪਹਿਲੀ ਵਾਰ ਗੁਰੂ ਸਾਹਿਬਾਂ ਨੂੰ ਮਨੁੱਖੀ ਧਰਾਤਲ 'ਤੇ ਪੇਸ਼ ਕਰ ਕੇ 'ਪਰਮ ਮਨੁੱਖ' ਨਾਂ ਦੀ ਕਿਤਾਬ ਲਿਖੀ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਰੋਪੀ ਦਾ ਸ਼ਿਕਾਰ ਹੋਈ। ਉਸ ਸਮੇਂ ਦੇ ਧਾਰਮਿਕ ਬਿਰਤੀ ਵਾਲੇ ਵਿਦਵਾਨਾਂ ਦੇ ਵਿਰੋਧ ਦੇ ਬਾਵਜੂਦ ਇਹਨਾਂ ਦੀ ਲਿਖਣ ਸ਼ੈਲੀ ਵਿਚ ਕੋਈ ਬਦਲਾਵ ਨਾ ਆਇਆ। ਇਹਨਾਂ ਦੀ ਵਿਗਿਆਨਿਕ ਦ੍ਰਿਸ਼ਟੀਕੋਣ ਵਾਲੀ ਲਿਖਣ-ਸ਼ੈਲੀ ਨੇ ਸਕੂਲੀ ਮਾਸਟਰਾਂ, ਕਾਲਜ ਦੇ ਪ੍ਰੋਫ਼ੈਸਰਾਂ ਅਤੇ ਵਿਦਿਆਰਥੀ ਵਰਗ ਦਾ ਮਨ ਮੋਹ ਲਿਆ ਅਤੇ ਇਹਨਾਂ ਵਿਚੋਂ ਅਧਿਕਤਰ ਸਿੱਖੀ ਰਹਿਤ ਤੋਂ ਮੂੰਹ ਫੇਰ ਗਏ। ਇਸ ਲਈ ਜਿਹੜੀਆਂ ਤਰਕਾਂ ਅਖੌਤੀ ਮਿਸ਼ਨਰੀ ਕਾਲਜਾਂ ਵਾਲੇ ਅੱਜ ਸਿੱਖ ਹਿਤਿਹਾਸ ਜਾਂ ਧਾਰਮਿਕ ਵਿਸ਼ਵਾਸਾਂ 'ਤੇ ਮਾਰ ਰਹੇ ਹਨ, ਉਹ ਨਵੀਂ ਪਨੀਰੀ ਵਾਸਤੇ ਨਵੀਆਂ ਹੋਣਗੀਆਂ ਪਰ ਸਾਡੇ ਵਾਸਤੇ ਨਹੀਂ ਕਿਉਂਕਿ ਅਸੀਂ ਬਚਪਨ ਤੋਂ ਪ੍ਰੀਤਲੜੀ ਵਿਚ ਸਭ ਕੁਝ ਪੜ੍ਹਦੇ ਰਹੇ ਹਾਂ।

ਇਕ ਪਾਸੇ ਪ੍ਰੀਤਲੜੀ ਦਾ ਪ੍ਰਚਾਰ, ਦੂਸਰੇ ਪਾਸੇ ਰਾਜਨੀਤਿਕ ਮਾਹੌਲ ਵਿਚ ਵੀ ਉਸ ਵੇਲੇ ਕਮਿਊਸਿਟ ਆਪਣੇ ਪ੍ਰਚਾਰ ਵਿਚ ਬਹੁਤ ਤਤਪਰ ਸੀ ਅਤੇ ਇਹਨਾਂ ਵਿਚੋਂ ਅੱਸੀ ਫ਼ੀਸਦੀ ਸਿੱਖੀ ਮਾਹੌਲ ਵਿਚ ਪਲੇ ਹੋਏ ਸਨ, ਜੋ ਬਾਹਰੋਂ ਦੇਖਣ ਨੂੰ ਗੁਰਸਿੱਖ ਹੀ ਲਗਦੇ ਸਨ। ਇਸ ਲਈ ਇਹਨਾਂ ਨੇ ਸਿੱਖ ਇਤਿਹਾਸ ਅਤੇ ਸਿੱਖੀ ਸਿਧਾਂਤ ਨੂੰ ਕਮਿਊਨਿਜ਼ਮ ਦੀ ਪੁੱਠ ਚਾੜ੍ਹ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ, ਜੋ ਹੁਣ ਤਕ ਨਿਰੰਤਰ ਜਾਰੀ ਹੈ।

ਅਜਿਹੇ ਮਾਹੌਲ ਵਿਚ ਪ੍ਰੋ. ਸਾਹਿਬ ਸਿੰਘ ਜੀ ਕਿਸ ਤਰ੍ਹਾਂ ਬਚ ਸਕਦੇ ਸਨ। ਇਸ ਲਈ ਪ੍ਰੋ. ਸਾਹਿਬ ਸਿੰਘ ਜੀ ਦੇ ਪੂਰੇ ਸੰਜਮ ਵਿਚ ਰਹਿਣ ਦੇ ਬਾਵਜੂਦ ਉਹਨਾਂ ਦੇ ਲਿਖੇ ਗੁਰ ਇਤਿਹਾਸ, ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਅਰਥਾਂ ਵਿਚ ਤਰਕ ਦੇ ਰੂਪ ਵਿਚ 'ਪ੍ਰੀਤਲੜੀ' ਦੀ ਝਲਕ ਸਾਫ਼ ਦਿਸ ਪੈਂਦੀ ਹੈ।

ਇਕ ਪਾਸੇ ਭਾਈ ਵੀਰ ਸਿੰਘ ਜੀ ਦਾ ਲਿਖਿਆ ਗੁਰੂ ਨਾਨਕ ਚਮਤਕਾਰ (ਦੋ ਭਾਗ), ਕਲਗੀਧਰ ਚਮਤਕਾਰ ਜਾਂ ਹੋਰ ਰਚਨਾਵਾਂ ਹਨ, ਜੋ ਪਾਠਕ ਦੇ ਹਿਰਦੇ ਵਿਚ ਗੁਰੂ ਲਈ ਸ਼ਰਧਾ, ਪਿਆਰ ਅਤੇ ਵਲਵਲਾ ਪੈਦਾ ਕਰਦਾ ਹੈ,

ਦੂਸਰੇ ਪਾਸੇ ਪ੍ਰੋ. ਸਾਹਿਬ ਸਿੰਘ ਜੀ ਦੇ ਲਿਖੇ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਹਨ, ਜੋ ਨਿਰੋਲ ਸਰਕਾਰੀ ਰੋਜ਼ਨਾਮਚੇ ਤੋਂ ਵੱਧ ਕੁਝ ਭੀ ਨਹੀਂ।

ਪ੍ਰੋ. ਸਾਹਿਬ ਸਿੰਘ ਜੀ ਨੇ ਪੁਰਜ਼ੋਰ ਦਲੀਲ ਨਾਲ ਕਿਹਾ ਹੈ ਕਿ ਗੁਰੂ ਨਾਨਕ ਦੇਵ ਮਹਾਰਾਜ ਆਪਣੀਆਂ ਉਦਾਸੀਆਂ ਵੇਲੇ ਜਗ੍ਹਾ-ਜਗ੍ਹਾ ਤੋਂ ਭਗਤ ਬਾਣੀ ਇਕੱਠੀ ਕਰਦੇ ਰਹੇ ਅਤੇ ਹਰ ਵੇਲੇ ਜਦੋਂ ਕੋਈ ਸ਼ਬਦ ਉਚਾਰਨ ਕੀਤਾ ਤਾਂ ਉਹ ਲਿਖ ਲੈਂਦੇ ਸੀ ਅਤੇ ਕਰਤਾਰਪੁਰ ਦੇ ਨਿਵਾਸ ਵੇਲੇ ਉਸ ਨੂੰ ਇਕ ਪੋਥੀ ਦੀ ਸ਼ਕਲ ਦਿੱਤੀ।

ਆਪਣੀ ਵਿਚਾਰਧਾਰਾ ਦੀ ਪ੍ਰੋੜ੍ਹਤਾ ਲਈ ਉਹ ਭਾਈ ਗੁਰਦਾਸ ਜੀ ਦੀ ਬਗ਼ਦਾਦ ਫੇਰੀ ਵਾਲੀ ਪਉੜੀ ਵਰਤਦੇ ਹਨ:

**ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।**
**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।**

*(ਵਾਰ ੧/੩੨)*

ਕਿ ਜਦ ਗੁਰੂ ਸਾਹਿਬ ਮੱਕੇ ਗਏ ਤਾਂ ਗੁਰਬਾਣੀ ਦੀ ਪੋਥੀ ਉਹਨਾਂ ਕੋਲ ਸੀ। ਫਿਰ ਜਦ ਮੱਕੇ ਵਿਚ ਗੋਸ਼ਟ ਹੋਈ ਤਾਂ ਭਾਈ ਸਾਹਿਬ ਲਿਖਦੇ ਹਨ:

**ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।**
**ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।**
**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?**
**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।**

*(ਵਾਰ ੧-੩੩)*

ਪ੍ਰੋ. ਸਾਹਿਬ ਸਿੰਘ ਦੀ ਬਦੌਲਤ ਜੋ ਅਰਥ ਹੁਣ ਪ੍ਰਚਲਿਤ ਹੋ ਗਏ ਕਿ ਮੁਸਲਮਾਨਾਂ ਨੇ ਕਿਹਾ ਕਿ ਜੋ ਕਿਤਾਬ ਤੁਹਾਡੀ ਹੈ, ਉਸ ਅਨੁਸਾਰ ਹਿੰਦੂ ਵੱਡਾ ਹੈ ਕਿ ਮੁਸਲਮਾਨ ? ਕਿਉਂਕਿ ਇਕ ਆਮ ਬੰਦਾ ਇੰਨਾ ਵੱਡਾ ਸਫ਼ਰ ਤਹਿ ਕਰ ਕੇ ਆਪਣੇ ਲਿਖੇ ਬੋਲ ਯਾਦ ਨਹੀਂ ਰੱਖ ਸਕਦਾ ਸੋ ਸ਼ਾਇਦ ਇਸੇ ਆਧਾਰ 'ਤੇ ਪ੍ਰੋ. ਸਾਹਿਬ ਸਿੰਘ ਜੀ ਨੇ ਇਹ ਪ੍ਰਚਾਰ ਕੀਤਾ। ਪਰ ਪਿੰਡਾਂ ਵਿਚ ਅਜੇ ਵੀ ਕਈ ਸੱਤਰ-ਅੱਸੀ ਸਾਲ ਦੇ ਬਜ਼ੁਰਗ ਅਤੇ ਮਾਈਆਂ ਮਿਲ ਜਾਣਗੀਆਂ, ਜਿਨ੍ਹਾਂ ਨੂੰ ਆਪਣੀ ਜ਼ਿੰਦਗੀ ਦੀ ਛੋਟੀ ਤੋਂ ਛੋਟੀ ਘਟਨਾ ਹੁਣ ਤਕ ਜ਼ਬਾਨੀ ਯਾਦ ਹੈ। ਪ੍ਰੋਫ਼ੈਸਰ ਸਾਹਿਬ ਭੁੱਲ ਗਏ ਕਿ ਦਮਦਮਾ ਸਾਹਿਬ ਦਸਮੇਸ਼ ਪਿਤਾ ਨੇ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਮਨੀ ਸਿੰਘ ਜੀ ਰਾਹੀਂ ਲਿਖਵਾ ਦਿੱਤਾ। ਉਹ ਇਹ ਭੀ ਭੁੱਲ ਗਏ ਕਿ ਜਦ ਲਿਖਣ ਸਮੱਗਰੀ ਉਪਲਬਧ ਨਹੀਂ ਸੀ ਤਾਂ ਧਾਰਮਿਕ ਗ੍ਰੰਥ (ਵੇਦ) ਲੋਕਾਂ ਨੂੰ ਜ਼ਬਾਨੀ ਯਾਦ ਸਨ ਅਤੇ ਸੀਨਾ-ਬਸੀਨਾ ਅੱਗੇ ਚੱਲਦੇ

ਰਹੇ।

ਫਿਰ ਇਹ ਭੀ ਕਿਤੇ ਲਿਖਿਆ ਨਹੀਂ ਮਿਲਦਾ ਕਿ ਗੁਰੂ ਸਾਹਿਬ ਕੋਈ ਲਿਖਣ ਵਾਲੀ ਵਹੀ, ਕਲਮ, ਦਵਾਤ ਸੁਲਤਾਨਪੁਰ ਲੋਧੀ ਤੋਂ ਨਾਲ ਲੈ ਕੇ ਚੱਲੇ ਹੋਣ। ਵਹੀ ਤਾਂ ਲਿਜਾ ਸਕਦੇ ਸਨ ਪਰ ਕਲਮ ਜਾਂ ਦਵਾਤ ਦੀ ਸਿਆਹੀ ਖ਼ਤਮ ਹੋਣ ਵਾਲੀ ਚੀਜ਼ ਹੈ, ਕਿਤੇ ਭੀ ਲਿਖਿਆ ਨਹੀਂ ਮਿਲਦਾ ਕਿ ਗੁਰੂ ਸਾਹਿਬ ਨੇ ਕਦੇ ਕਿਸੇ ਕੋਲੋਂ ਇਹ ਚੀਜ਼ਾਂ ਮੰਗਗਵਾਈਆਂ ਹੋਣ। 'ਆਸਾ ਹਥਿ ਕਿਤਾਬ ਕਛਿ' ਬਾਰੇ ਇਹ ਵਿਚਾਰ ਹੈ ਕਿਉਂਕਿ ਮੱਕਾ ਸ਼ਹਿਰ ਅੰਦਰ ਕੋਈ ਗ਼ੈਰ ਮੁਸਲਿਮ ਅੱਜ ਭੀ ਦਾਖ਼ਲ ਨਹੀਂ ਹੋ ਸਕਦਾ। ਇਸ ਲਈ ਗੁਰੂ ਸਾਹਿਬ ਨੂੰ ਮੁਸਲਮਾਨਾਂ ਵਾਲਾ ਭੇਖ ਧਾਰ ਕੇ, ਜਿਸ ਤਰ੍ਹਾਂ ਮੁਸਲਮਾਨ 'ਕੁਰਾਨ ਸ਼ਰੀਫ਼' ਨੂੰ ਕੱਛ (ਬਗਲ) ਵਿਚ ਲੈ ਲੈਂਦੇ ਹਨ, ਕੋਈ ਕਿਤਾਬ ਰੱਖਣੀ ਪਈ। ਜੋ ਗੁਰੂ 'ਸ਼ਬਦ' ਨੂੰ ਗੁਰੂ ਅਤੇ ਪਰਮੇਸ਼ਰ ਸਮਝਦਾ ਹੋਵੇ ਅਤੇ :

**ਪੋਥੀ ਪਰਮੇਸਰ ਕਾ ਥਾਨੁ ॥** *(ਅੰਗ ੧੨੨੬)*

ਕਹਿ ਰਿਹਾ ਹੋਵੇ, ਉਹ ਕਦੇ ਆਪ ਕਿਤਾਬ ਵਾਂਗ ਬਗਲ ਵਿਚ ਰੱਖ ਸਕਦਾ ਹੈ ? ਬਿਲਕੁਲ ਨਹੀਂ :

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?**

ਦੀ ਸ਼ਬਦਾਵਲੀ ਤੋਂ ਪਤਾ ਚੱਲਦਾ ਹੈ ਕਿ ਮੁਸਲਮਾਨਾਂ ਕੋਲ ਜੋ ਕਿਤਾਬ ਸੀ (ਕੁਰਾਨ ਸ਼ਰੀਫ਼) ਉਸ ਨੂੰ ਖੋਲ੍ਹ ਕੇ ਅਤੇ ਵਰਕੇ ਉਲਟਾ ਕੇ (ਫਰੋਲ ਕੇ) ਪੁੱਛਦੇ ਹਨ ਕਿ ਇਥੇ ਮੁਸਲਮਾਨ ਵੱਡਾ ਲਿਖਿਆ ਹੈ, ਤੁਸੀਂ ਦੱਸੋ ਕਿ ਵੱਡਾ ਕੌਣ ਹੈ ? ਜੇ ਗੁਰੂ ਸਾਹਿਬ ਨੂੰ ਕਿਤਾਬ ਖੋਲ੍ਹ ਕੇ ਪੁੱਛਣਾ ਹੁੰਦਾ ਤਾਂ ਲਿਖਿਆ ਹੁੰਦਾ :

**ਆਖਣ ਖੋਲੁ ਕਿਤਾਬ ਨੂੰ**

ਇਸ ਹੁਣ ਦੇ ਪ੍ਰਚਾਰੇ ਜਾ ਰਹੇ ਅਰਥ ਕਿਸੇ ਤਰ੍ਹਾਂ ਭੀ ਠੀਕ ਨਹੀਂ ਮੰਨੇ ਜਾ ਸਕਦੇ।

ਜਦ ਅਸੀਂ ਪ੍ਰੋ. ਸਾਹਿਬ ਦੇ 'ਦਰਪਣ' 'ਤੇ ਝਾਤ ਪਾਉਂਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਭਗਤ ਨਾਮਦੇਵ ਜੀ ਦਾ ਸ਼ਬਦ ਹੈ :

**ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥**
**ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥**
**ਰੀ ਬਾਈ ਬੇਢੀ ਦੇਨੁ ਨ ਜਾਈ ॥**
**ਦੇਖੁ ਬੇਢੀ ਰਹਿਓ ਸਮਾਈ ॥**
**ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥**
**ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥**

**ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥**
**ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥**
**ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥**
**ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥**
**ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥**

*(ਅੰਗ ੬੫੭)*

ਪ੍ਰੋ. ਸਾਹਿਬ ਸਿੰਘ ਜੀ ਨੇ ਇਸ ਸ਼ਬਦ ਦੇ ਅਰਥ ਤਾਂ ਵਿਆਕਰਨ ਅਨੁਸਾਰ ਠੀਕ ਕਰ ਦਿੱਤੇ, ਜਿਸ ਤੋਂ ਸਾਫ਼ ਪਤਾ ਚੱਲਦਾ ਹੈ ਕਿ ਰੱਬ ਨੇ ਪ੍ਰਗਟ ਹੋ ਕੇ ਛਪਰੀ ਬਣਾ ਦਿੱਤੀ। ਪਰ ਸਾਡੇ ਵਿਦਵਾਨ ਕਾਮਰੇਡੀ ਰੰਗ ਵਿਚ ਆ ਗਏ ਅਤੇ ਅਰਥ ਕਰ ਕੇ ਇਹ ਲਿਖ ਦਿੱਤਾ :

> 'ਨੋਟ : ਇਹ ਗੱਲ ਜਗਤ ਵਿਚ ਆਮ ਦੇਖਣ ਨੂੰ ਮਿਲਦੀ ਹੈ ਕਿ ਨਿਰੇ ਪੈਸੇ ਲੈ ਕੇ ਕੰਮ ਕਰਨ ਵਾਲਿਆਂ ਨਾਲੋਂ ਉਹ ਮਨੁੱਖ ਵਧੀਕ ਖਿੱਚ ਅਤੇ ਸ਼ੌਂਕ ਨਾਲ ਕੰਮ ਕਰਦੇ ਹਨ ਜੋ ਪਿਆਰ ਲਗਨ ਨਾਲ ਕਰਦੇ ਹਨ। ਸੰਨ 1922-23 ਵਿਚ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਦੀ ਜੋ ਕਾਰ ਸੇਵਾ ਪ੍ਰੇਮ-ਆਸਰੇ ਸੋਨੇ ਦੇ ਚੂੜੇ ਵਾਲੀਆਂ ਬੀਬੀਆਂ ਨੇ ਦਿਨਾਂ ਵਿਚ ਹੀ ਸਿਰੇ ਚਾੜ੍ਹ ਦਿੱਤੀ ਸੀ, ਉਹ ਮਜ਼ਦੂਰੀ ਲੈ ਕੇ ਕੰਮ ਕਰਨ ਵਾਲੇ ਮੋਟੇ-ਤਕੜੇ ਮਨੁੱਖ ਮਹੀਨਿਆਂ ਵਿਚ ਨਾ ਮੁਕਾਉਂਦੇ।
>
> ਨਾਮਦੇਵ ਜੀ ਮਾਇਆ ਵੱਲੋਂ ਗ਼ਰੀਬ ਸਨ, ਪਰ ਪ੍ਰਭੂ-ਪਿਆਰ ਵਿਚ ਰੰਗੇ ਹੋਏ ਸਨ। ਇਕ ਵਾਰੀ ਉਹਨਾਂ ਦਾ ਘਰ ਢਹਿ ਗਿਆ, ਭਗਤ ਨਾਲ ਰੱਬ ਦੀ ਸਾਂਝ ਰੱਖਣ ਵਾਲੇ ਕਿਸੇ ਪਿਆਰੇ ਹਿਰਦੇ ਵਾਲੇ ਨੇ ਆ ਕੇ ਬੜੀ ਰੀਝ ਨਾਲ ਉਹ ਘਰ ਮੁੜ ਬਣਾ ਦਿੱਤਾ। ਜਿਥੇ ਪ੍ਰੇਮ ਹੈ, ਉਥੇ ਰੱਬ ਆਪ ਹੈ। ਸਤਿਸੰਗੀ ਜੋ ਇਕ-ਦੂਜੇ ਦਾ ਕੰਮ ਕਰਦੇ ਹਨ, ਪ੍ਰੇਮ ਦੇ ਖਿੱਚੇ ਕਰਦੇ ਹਨ, ਪ੍ਰੇਮ ਦੇ ਸੋਮੇ ਪ੍ਰਭੂ ਦੇ ਪ੍ਰੇਰੇ ਹੋਏ ਕਰਦੇ ਹਨ। ਉਹਨਾਂ ਪ੍ਰੇਮੀ ਜਿਊੜਿਆਂ ਵਿਚ ਪ੍ਰਭੂ ਆਪ ਬੈਠਾ ਉਹ ਕੰਮ ਕਰਦਾ ਹੈ। ਸੋ ਇਹ ਕੁਦਰਤੀ ਗੱਲ ਹੈ ਕਿ ਉਹ ਕੰਮ ਹੋਰਨਾਂ ਲੋਕਾਂ ਦੇ ਕੰਮਾਂ ਨਾਲੋਂ ਵਧੀਕ ਚੰਗਾ ਤੇ ਸੋਹਣਾ ਬਣੇ। ਨਾਮਦੇਵ ਜੀ ਦੀ ਗੁਆਂਢਣ ਦੇ ਮਨ ਵਿਚ ਰੀਝ ਆਈ ਕਿ ਉਸ ਤਰਖਾਣ ਦਾ ਪਤਾ ਕਰੇ ਜਿਸ ਨੇ ਨਾਮਦੇਵ ਦਾ ਕੋਠਾ ਬਣਾਇਆ ਸੀ।

ਪ੍ਰੋ.ਫ਼ੈਸਰ ਸਾਹਿਬ ਦੇ ਇਸ ਨੋਟ 'ਤੇ ਵਿਚਾਰ ਕਰਦਿਆਂ ਅਨੇਕਾਂ ਗੰਭੀਰ ਸ਼ੰਕੇ ਉਤਪੰਨ ਹੁੰਦੇ ਹਨ :

1. ਜਿਸ ਸਤਿਸੰਗੀ ਨੇ ਪ੍ਰਭੂ-ਪਿਆਰ ਵਿਚ ਆ ਕੇ ਭਗਤ ਨਾਮਦੇਵ ਜੀ ਦਾ ਛੱਪਰ ਬਣਾਇਆ, ਉਹ ਪਹਿਲੀ ਵਾਰ ਤਾਂ ਆਇਆ ਨਹੀਂ ਹੋਵੇਗਾ, ਪਹਿਲਾਂ ਭੀ ਕਈ ਵਾਰ ਭਗਤ ਜੀ ਕੋਲ ਆਇਆ ਹੋਵੇਗਾ।
2. ਕੀ ਭਗਤ ਜੀ ਉਸ ਦਾ ਨਾਮ ਨਹੀਂ ਜਾਣਦੇ ਸੀ ? ਜੇ ਜਾਣਦੇ ਸੀ ਤਾਂ ਉਹਨਾਂ ਨੇ ਪੜੋਸਣ ਨੂੰ ਉਸ ਦਾ ਨਾਉਂ ਅਤੇ ਪਤਾ ਕਿਉਂ ਨਹੀਂ ਦੱਸਿਆ, ਉਹ ਸਰਬ-ਵਿਆਪਕ ਬੇਢੀ ਦਾ ਨਾਮ ਕਿਉਂ ਲੈ ਰਹੇ ਹਨ ?
3. ਕੀ ਭਗਤ ਨਾਮਦੇਵ ਜੀ ਨੇ ਪੜੋਸਣ ਨੂੰ ਝੂਠ ਬੋਲਿਆ ਕਿ ਛੱਪਰ ਤਾਂ ਸਤਿਸੰਗੀ ਨੇ ਬਣਾਈ ਪਰ ਸ਼ਬਦ ਰਾਹੀਂ ਕਹਿ ਰਹੇ ਹਨ ਕਿ ਪਰਮੇਸ਼ਰ ਨੇ ਛੰਨ ਬਣਾਈ ਹੈ।
4. ਕੀ ਪੜੋਸਣ ਉਸ ਬੇਢੀ ਨਾਲ ਸਿੱਧਾ ਸੰਪਰਕ ਆਪ ਨਹੀਂ ਕਰ ਸਕਦੀ ਸੀ, ਜੋ ਨਾਮਦੇਵ ਜੀ ਤੋਂ ਪੁੱਛਦੀ ਹੈ।
5. ਜਿਹੜਾ ਸਤਿਸੰਗੀ ਕਈ ਵਾਰ ਭਗਤ ਜੀ ਕੋਲ ਆਇਆ ਹੋਵੇ, ਪੜੋਸਣ ਲਈ ਉਹ ਓਪਰਾ ਕਿਵੇਂ ਹੋ ਸਕਦਾ ਹੈ ?
6. ਕੀ ਪ੍ਰੋ.ਫ਼ੈਸਰ ਸਾਹਿਬ ਛੰਨ ਬਣਾਉਣ ਵੇਲੇ ਮੌਕੇ 'ਤੇ ਮੌਜੂਦ ਸੀ ? ਜੋ ਡੰਕੇ ਦੀ ਚੋਟ 'ਤੇ ਆਪਣਾ ਇਹ ਨਿਰਨਾ ਦੇ ਰਹੇ ਹਨ।

ਤੱਤਸਾਰ ਗੱਲ ਇਹ ਹੈ ਕਿ ਦਰਪਣ ਦੇ ਕਰਤਾ ਨੇ ਆਪਣੀ ਵਿਦਵਤਾ ਦੇ ਬਲ-ਬੂਤੇ ਕਾਮਰੇਡੀ ਰੰਗ ਬਿਖੇਰਿਆ ਹੈ। ਵਿਦਵਾਨ ਜੀ ਭੁੱਲ ਗਏ ਗੁਰਬਾਣੀ ਦਾ ਫ਼ਰਮਾਨ :

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ॥**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥**
**ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥**
**ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥**

*(ਅੰਗ ੪੦੩)*

ਦਰਪਣ ਕਰਤਾ ਜੀ ਨੇ ਗੁਰਬਾਣੀ ਦੇ ਪਾਵਨ ਬਚਨ ਨਜ਼ਰ-ਅੰਦਾਜ਼ ਕਰ ਦਿੱਤੇ :

**ਸੰਤਾ ਕੇ ਕਾਰਜਿ ਆਪਿ ਖਲੋਇਆ**

ਹਰਿ ਕੰਮੁ ਕਰਾਵਣਿ ਆਇਆ ਰਾਮ॥
ਧਰਤਿ ਸੁਹਾਵੀ ਤਾਲੁ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥

(ਅੰਗ ੭੮੩)

ਦਰਪਣ ਕਰਤਾ ਜੀ ਨੇ ਭਾਈ ਗੁਰਦਾਸ ਜੀ ਨੂੰ ਝੂਠਾ ਸਾਬਤ ਕਰ ਦਿੱਤਾ, ਜੋ ਲਿਖਦੇ ਹਨ:

ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।
ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।
ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।

(ਵਾਰ ੧੦/੧੬)

ਪ੍ਰੋ. ਸਾਹਿਬ ਸਿੰਘ ਦੇ ਦਰਪਣ ਨੇ ਭਗਤ ਕਬੀਰ ਜੀ ਭੀ ਝੂਠੇ ਸਾਬਤ ਕਰ ਦਿੱਤੇ। ਕਬੀਰ ਸਾਹਿਬ ਦੱਸ ਰਹੇ ਹਨ:

ਕਾਢਿ ਖੜਗੁ ਕੋਪਿਓ ਰਿਸਾਇ॥
ਤੁਝ ਰਾਖਨਹਾਰੋ ਮੋਹਿ ਬਤਾਇ॥
ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥
ਹਰਨਾਖਸੁ ਛੇਦਿਓ ਨਖ ਬਿਦਾਰ॥੪॥
ਓਇ ਪਰਮ ਪੁਰਖ ਦੇਵਾਧਿ ਦੇਵ॥
ਭਗਤਿ ਹੇਤਿ ਨਰਸਿੰਘ ਭੇਵ॥

(ਅੰਗ ੧੧੯੪)

ਇਸੇ ਗੱਲ ਨੂੰ ਭਾਈ ਗੁਰਦਾਸ ਜੀ ਲਿਖਦੇ ਹਨ:

ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
ਥੰਮ੍ਹੁ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
ਜੈ ਜੈ ਕਾਰ ਕਰਨਿ ਬ੍ਰਹਮਾਦਿ॥

(ਵਾਰ ੧੦/੨)

ਇਸੇ ਘਟਨਾ ਨੂੰ ਤੀਸਰੇ ਗੁਰਦੇਵ ਨੇ ਇੰਞ ਬਿਆਨ ਕੀਤਾ ਹੈ:

ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ॥
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ॥

**ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ॥**
**ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ॥**

*(ਅੰਗ ੧੧੩੩)*

**ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥**

*(ਅੰਗ ੧੩੫੬)*

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਇਸ ਸਲੋਕ ਦੇ ਇੰਞ ਅਰਥ ਕਰਦੇ ਹਨ:

ਜਿਹੜਾ ਬੰਦਾ ਸਤਿਗੁਰੂ ਦੇ ਉਪਦੇਸ਼ ਤੋਂ ਸੱਖਣਾ ਹੈ, ਉਸ ਭੈੜੀ ਬੁੱਧੀ ਵਾਲੇ ਦਾ ਜੀਵਨ ਫਿਟਕਾਰ ਯੋਗ ਹੈ। ਉਹ ਮੂਰਖ ਕੁੱਤੇ, ਸੂਰ, ਖੋਤੇ, ਕਾਂ, ਸੱਪ ਦੇ ਬਰਾਬਰ ਜਾਣੋ।

ਪ੍ਰੋ. ਸਾਹਿਬ ਸਿੰਘ ਜੀ ਨੇ ਦਰਪਣ ਵਿਚ ਇਸ ਸਲੋਕ ਦੇ ਉੱਪਰ ਲਿਖੇ ਅਰਥ ਕੀਤੇ ਹਨ ਜਦ ਕਿ ਬਾਕੀ ਸਭ ਨੇ 'ਗੁਰ ਮੰਤ੍ਰ ਹੀਣਸ੍' ਦੇ ਅਰਥ ਗੁਰ-ਦੀਖਿਆ ਦੇ ਕੀਤੇ ਹਨ। ਮਹਾਨ ਕੋਸ਼ ਦੇ ਪੰਨਾ 520 'ਤੇ ਗੁਰ ਦੀਖਿਆ ਦੇ ਇਹ ਅਰਥ ਕੀਤੇ ਹਨ:

ਗੁਰ ਦੀਖਾ
ਗੁਰ ਦੀਖਿਆ
ਗੁਰ ਦੀਖਯਾ
ਗੁਰ ਦੀਛਾ
] ਸੰਗਯਾ—ਗੁਰੂ ਦੁਆਰਾ ਮੰਤ੍ਰ ਉਪਦੇਸ਼ ਲੈਣ ਦੀ ਕਿਰਿਆ

ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਧਾਰਨ ਦੀ ਕਿਰਿਆ ਅਥਵਾ ਖੰਡੇ ਦਾ ਪਹੁਲ ਛਕਣ ਦੀ ਕਿਰਿਆ ਜੋ ਦਸਮੇਸ਼ ਜੀ ਤੋਂ ਪਹਿਲਾਂ ਚਰਨ ਪਾਹੁਲ ਦੇ ਰੂਪ ਵਿਚ ਸੀ।

ਦਰਪਣ ਕਰਤਾ ਨੇ 'ਗੁਰ ਉਪਦੇਸ਼ ਤੋਂ ਸੱਖਣਾ' ਕਹਿ ਕੇ ਅਰਥਾਂ ਦਾ ਮੂੰਹ-ਮੁਹਾਂਦਰਾ ਹੀ ਬਦਲ ਦਿੱਤਾ ਅਤੇ ਇਹ ਅਰਥ ਕਾਮਰੇਡਾਂ ਨੂੰ ਫਿੱਟ ਬੈਠਦੇ ਹਨ। ਇਸੇ ਲਈ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਇੰਞ ਲਿਖਦਾ ਹੈ:

> ਇਹ ਕਿਹਾ ਜਾਦਾ ਹੈ ਕਿ (ਵਾਹਿਗੁਰੂ) ਗੁਰੂ ਮੰਤਰ ਕੇਵਲ ਅੰਮ੍ਰਿਤ ਛਕਣ ਸਮੇਂ ਹੀ ਪ੍ਰਾਪਤ ਹੋ ਸਕਦਾ ਹੈ। ਹਾਲਾਂਕਿ ਸਿੱਖ ਰਹਿਤ ਮਰਯਾਦਾ ਦੁਆਰਾ ਗੁਰ-ਪੰਥ ਵੱਲੋਂ ਵਾਹਿਗੁਰੂ ਮੰਦਰ ਦੇ ਉਪਦੇਸ਼ ਦੀ ਪ੍ਰਾਪਤੀ ਸਮੂਹ ਸਿੱਖ ਜਗਤ ਨੂੰ ਹੋ ਚੁੱਕੀ ਹੈ। ਗੁਰਬਾਣੀ ਨੂੰ ਆਪਣੀ ਵਿਓਂਤ ਨਾਲ ਵਰਤਣ ਲਈ ਗੁਰਮਤਿ ਦਾ ਅਸਲ ਨਿਸ਼ਾਨਾ ਵਿਗਾੜਨ ਗਿੱਝੇ ਹੋਏ ਹੇਠ ਲਿਖੇ ਗੁਰ-ਫ਼ਰਮਾਨ ਨੂੰ ਹੋਰ

ਵੀ ਵੱਧ ਤਕਰਮਈ ਦੁਖਾਵੇਂ ਸ਼ਬਦਾਂ ਵਿਚ ਵਰਤਦੇ ਹੋਏ ਕਿਹਾ ਜਾ ਰਿਹਾ ਹੈ ਕਿ ਗੁਰ-ਮੰਤਰ ਤੋਂ ਸੱਖਣੇ ਮਨੁੱਖ ਨੂੰ ਸਤਿਗੁਰੂ ਨੇ ਕੁੱਤਾ, ਸੂਰ ਅਤੇ ਖੋਤਾ ਕਿਹਾ ਹੈ।

ਅੱਗੇ ਕਾਲਾ ਅਫ਼ਗਾਨਾ ਨੇ ਸਲੋਕ ਲਿਖ ਕੇ ਦਰਪਣ ਵਾਲੇ ਅਰਥ ਦਿੱਤੇ ਹਨ।

ਸੋ ਸਿੱਧ ਹੋ ਗਿਆ ਕਿ ਦਰਪਣ ਦੇ ਅਰਥਾਂ ਨੇ ਕਾਮਰੇਡਾਂ ਨੂੰ ਖੰਡਾ-ਪਹੁਲ ਨੂੰ ਖੰਡਣ ਦਾ ਅਧਿਕਾਰ ਦੇ ਦਿੱਤਾ।

**ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ**
**ੴ ਸਤਿਗੁਰ ਪ੍ਰਸਾਦਿ ॥**
**ਧਨਿ ਧੰਨਿ ਓ ਰਾਮ ਬੇਨੁ ਬਾਜੈ ॥**
**ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥**
**ਧਨਿ ਧਨਿ ਮੇਘਾ ਰੋਮਾਵਲੀ ॥**
**ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥**
**ਧਨਿ ਧਨਿ ਤੂ ਮਾਤਾ ਦੇਵਕੀ ॥**
**ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥**
**ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥**
**ਜਹ ਖੇਲੈ ਸ੍ਰੀ ਨਾਰਾਇਨਾ ॥੩॥**
**ਬੇਨੁ ਬਜਾਵੈ ਗੋਧਨੁ ਚਰੈ ॥**
**ਨਾਮੇ ਕਾ ਸੁਆਮੀ ਆਨਦ ਕਰੈ ॥੪॥**

*(ਅੰਗ ੯੮੮)*

ਸਪੱਸ਼ਟ ਲਫ਼ਜ਼ਾਂ ਵਿਚ ਇਹ ਸ਼ਬਦ ਕ੍ਰਿਸ਼ਨ ਜੀ (ਦੁਆਪਰ ਦੇ ਅਵਤਾਰ) ਦੀ ਉਸਤਤ ਵਿਚ ਨਾਮਦੇਵ ਜੀ ਨੇ ਉਚਾਰਨ ਕੀਤਾ ਹੈ। ਪ੍ਰੋ. ਸਾਹਿਬ ਸਿੰਘ ਜੀ ਨੇ ਦਰਪਣ ਵਿਚ ਇਸ ਸ਼ਬਦ ਤੇ ਅੱਖਰੀ ਅਰਥ ਹੀ ਕੀਤੇ ਹਨ।

ਜਿਹੜੇ ਅਖੌਤੀ ਮਿਸ਼ਨਰੀਏ ਇਹ ਕਹਿੰਦੇ ਨਹੀਂ ਥੱਕਦੇ ਕਿ ਗੁਰੂ ਸਾਹਿਬ ਤਥਾ ਭਗਤ ਜਨਾਂ ਨੇ ਬ੍ਰਾਹਮਣੀ ਸ਼ਬਦਾਵਲੀ ਵਿਚ ਗਿਆਨ ਦਿੱਤਾ ਹੈ, ਭਾਵ ਅਰਥ ਹੋਰ ਹਨ, ਉਹਨਾਂ ਕੋਲ ਇਸ ਦਾ ਕੀ ਜਵਾਬ ਹੈ ? ਕੀ ਪ੍ਰੋ. ਸਾਹਿਬ ਸਿੰਘ ਜੀ ਨੂੰ ਇਸ ਸ਼ਬਦ ਦੇ ਭਾਵ ਅਰਥਾਂ ਦਾ ਪਤਾ ਨਹੀਂ ਸੀ ?

ਅੱਗੇ ਪ੍ਰੋ. ਸਾਹਿਬ ਸਿੰਘ ਨੇ ਲੰਮਾ ਨੋਟ ਦਿੱਤਾ ਹੈ "ਇਨਸਾਨੀ ਸੁਭਾਅ ਵਿਚ ਇਹ ਕੁਦਰਤੀ ਕੌਤਕ ਹੈ ਕਿ ਮਨੁੱਖ ਨੂੰ ਆਪਣੇ ਕਿਸੇ ਅਤਿ ਪਿਆਰੇ ਨਾਲ ਸੰਬੰਧ ਰੱਖਣ ਵਾਲੀਆਂ ਚੀਜ਼ਾਂ ਪਿਆਰੀਆਂ ਲੱਗਦੀਆਂ ਹਨ। ਭਾਈ

ਗੁਰਦਾਸ ਜੀ ਲਿਖਦੇ ਹਨ :

**ਲੈਲੇ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ।**
**ਕੁਤੇ ਦੀ ਪੈਰੀ ਪਵੈ ਹੜਿ ਹੜਿ ਹਸੈ ਲੋਕ ਵਿਡਾਣਾ।**

*ਵਾਰ (੩੭/੩੧)*

ਜਿਹੜੇ ਗੁਰੂ ਪਿਆਰ ਤੋਂ ਸੱਖਣੇ ਅਖੌਤੀ ਮਿਸ਼ਨਰੀਆਂ ਦੇ ਮੁਖੀ ਪ੍ਰਚਾਰਕ ਗੁਰੂ ਦੇ ਪਿਆਰੇ ਸਿੱਖਾਂ ਨੂੰ ਗੁਰੂ ਸਾਹਿਬ ਦੇ ਅਸਤਰ, ਸ਼ਸਤਰ, ਬਸਤਰ ਜਾਂ ਹੋਰ ਨਿਸ਼ਾਨੀਆਂ ਨੂੰ ਮੱਥੇ ਟੇਕਦਿਆਂ ਨੂੰ ਜਾਂ ਹੋਰ ਤਰੀਕੇ ਨਾਲ ਸਤਿਕਾਰ ਕਰਦਿਆਂ ਨੂੰ ਬ੍ਰਾਹਮਣਵਾਦੀ, ਅੰਧ-ਵਿਸ਼ਵਾਸੀ ਮੂਰਖ ਅਤੇ ਜਾਹਲ ਆਖਦੇ ਹਨ, ਉਹਨਾਂ ਨੂੰ ਹੁਣ ਕੀ ਕਿਹਾ ਜਾਵੇ ?

ਗੁਰੂ ਸਾਹਿਬ ਦੇ ਪਵਿੱਤਰ ਹੱਥਾਂ ਨਾਲ ਰਚੇ ਸਰੋਵਰਾਂ ਦੇ ਇਸ਼ਨਾਨ ਕਰਨ ਅਤੇ ਚੁਲ੍ਹਾ ਲੈਣ ਵਾਲੇ ਗੁਰਸਿੱਖਾਂ ਨੂੰ ਗਾਲ੍ਹਾਂ ਕੱਢਣ ਵਾਲਿਆ ਨੂੰ ਕੀ ਕਿਹਾ ਜਾਵੇ ? ਇਹੋ ਕਹਾਂਗੇ ਕਿ ਤਰਕਵਾਦ ਦੇ ਤਰੱਕੇ ਹੋਏ ਮਨਾਂ ਵਾਲੇ ਅੰਦਰੋਂ ਖੋਖਲੇ ਅਤੇ ਵਤਿੰਡਾਵਾਦ ਪੈਦਾ ਕਰਨ ਵਾਲੇ ਹਨ।

ਇਸ ਤੋਂ ਅਗਲਾ ਪ੍ਰੋ. ਸਾਹਿਬ ਸਿੰਘ ਜੀ ਦਾ ਨੋਟ ਖ਼ਾਸ ਧਿਆਨ ਮੰਗਦਾ ਹੈ :

> ਹਿੰਦੂ ਮਤ ਵਿਚ ਉਂਝ ਤਾਂ ਅਵਤਾਰਾਂ ਦਾ ਜ਼ਿਕਰ ਆਉਂਦਾ ਹੈ, ਪਰ ਅਸਲ ਵਿਚ ਦੋ ਹੀ ਉੱਘੇ ਅਵਤਾਰ ਹਨ, ਜਿਨ੍ਹਾਂ ਨੂੰ ਸੁਣ ਵੇਖ ਕੇ ਮੂੰਹੋਂ ਵਾਹ-ਵਾਹ ਨਿਕਲ ਕਸਦੀ ਹੈ ਤੇ ਉਹਨਾਂ ਦੇ ਕਾਦਰ ਕਰਤਾਰ ਦਾ ਚੇਤਾ ਪਿਆਰ ਨਾਲ ਆ ਸਕਦਾ ਹੈ। ਇਹ ਹਨ ਸ੍ਰੀ ਰਾਮਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ। ਇਹ ਮਨੁੱਖਾਂ ਵਿਚ ਆ ਕੇ ਮਨੁੱਖਾਂ ਵਾਂਗ ਦੁੱਖ-ਸੁਖ ਸਹਾਰਦੇ ਰਹੇ ਤੇ ਇਨਸਾਨੀ ਦਿਲ ਤੇ ਤਾਊਸ ਦੀਆਂ ਪਿਆਰ-ਤਰਬਾਂ ਹਿਲਾਂਦੇ ਰਹੇ।

(ਨੋਟ : ਪਰ ਜਦ ਭਾਈ ਗੁਰਦਾਸ ਜੀ ਇਹਨਾਂ ਪਿਆਰ ਤਰਬਾਂ ਦਾ ਵਿਸਤਾਰ ਕਰਦੇ ਹਨ ਤਾਂ ਮਿਸ਼ਨਰੀਆਂ ਲਈ ਉਹ ਬ੍ਰਾਮਹਣਵਾਦੀ ਬਣ ਜਾਂਦੇ ਹਨ।)

> ਇਹਨਾਂ ਦੋਹਾਂ ਵਿਚੋਂ ਕ੍ਰਿਸ਼ਨ ਜੀ ਦੇ ਜੀਵਨ ਵਿਚ ਪਿਆਰ ਦੇ ਕੌਤਕ ਵਧੀਕ ਮਿਲਦੇ ਹਨ। ਸ੍ਰੀ ਰਾਮ ਚੰਦਰ ਜੀ ਤਾਂ ਰਾਜ ਮਹਿਲਾਂ ਵਿਚ ਜੰਮੇ, ਪਲੇ ਤੇ ਮੁੜ ਭੀ ਇਹਨਾਂ ਨੇ ਰਾਜ ਹੀ ਕੀਤਾ, ਪਰ ਕ੍ਰਿਸ਼ਨ ਜੀ ਦਾ ਜਨਮ ਦੁੱਖਾਂ ਤੋਂ ਸ਼ੁਰੂ ਹੋਇਆ, ਗ਼ਰੀਬ ਗੁਆਲਣਾਂ ਵਿਚ ਪਲੇ, ਗੁਆਲਿਆਂ ਨਾਲ ਰਲ ਕੇ ਇਹਨਾਂ

ਗਊਆਂ ਚਾਰੀਆਂ ਅਤੇ ਬੰਸਰੀ ਵਜਾਈ। ਗ਼ਰੀਬਾਂ ਨਾਲ ਰਲ-ਮਿਲ ਰਹਿਣ ਵਾਲਾ ਹੀ ਗ਼ਰੀਬਾਂ ਨੂੰ ਪਿਆਰਾ ਲੱਗ ਸਕਦਾ ਹੈ।

ਪ੍ਰੋ. ਸਾਹਿਬ ਸਿੰਘ ਜੀ ਦੀ ਇਹ ਟਿੱਪਣੀ ਪੂਰਨ ਤੌਰ ’ਤੇ ਕਮਿਊਨਿਜ਼ਮ ਵਿਚਾਰਧਾਰਾ ਦਾ ਪੱਖ ਪੂਰਨ ਵਾਲੀ ਹੈ। ਪ੍ਰੋ. ਸਾਹਿਬ ਸਿੰਘ ਦਾ ਨਿੱਜੀ ਜੀਵਨ ਭੀ ਅਤਿ ਦੀ ਗ਼ਰੀਬੀ ਵਿਚੋਂ ਗੁਜ਼ਰਿਆ ਸੀ। ਇਸ ਲਈ ‘ਦਰਪਣ’ ਵਿਚ ਐਸਾ ਰੰਗ ਬਿਖੇਰਿਆ ਕਿ ਕਾਮਰੇਡ ਗੱਜ-ਵੱਜ ਕੇ ਕਹਿੰਦੇ ਹਨ ਕਿ ਅਸੀਂ ਸਿਰਫ਼ ਪ੍ਰੋ. ਸਾਹਿਬ ਸਿੰਘ ਦੇ ਦਰਪਣ ਦੇ ਅਰਥ ਹੀ ਪ੍ਰਵਾਨ ਕਰਾਂਗੇ।

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਾਰੇ ਦਿਸ਼ਾਂਵਾਂ ਵਿਚ ਹਜ਼ਾਰਾਂ ਮੀਲਾਂ ਪੈਦਲ ਸਫ਼ਰ ਕੀਤਾ। ਕਿਸ ਲਈ ? ਲੋਕਾਂ ਨੂੰ ਸਤਿ ਦਾ ਮਾਰਗ ਦੱਸਣ ਲਈ। ਇਸ ਸਫ਼ਰ ਵਿਚ ਚੋਰਾਂ, ਡਾਕੂਆਂ, ਪਖੰਡੀਆਂ, ਧਾਰਮਿਕ ਅਸਥਾਨਾਂ ਦੇ ਮੁਖੀਆਂ ਨੂੰ ਮਿਲੇ, ਗੋਸ਼ਟੀਆਂ ਕੀਤੀਆਂ, ਹਰ ਡਰਾਵੇ ਝੱਲੇ, ਦੁਖੀਆਂ ਦੇ ਦਰਦ ਵੰਡਾਏ। ਇਹ ਕਦੇ ਹੋ ਨਹੀਂ ਸਕਦਾ, ਗੁਰੂ ਸਾਹਿਬ ਨੇ ਇਹਨਾਂ ਬਾਰੇ ਕੋਈ ਸ਼ਬਦ ਨਾ ਉਚਾਰੇ ਅਤੇ ਗਾਏ ਹੋਣ ਅਤੇ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਾ ਹੋਣ।

ਅਜਿਹੇ ਮੌਕਿਆਂ ’ਤੇ ਜਿਸ ਤਰ੍ਹਾਂ ਹੋਇਆ, ਜਨਮਸਾਖੀਆਂ ਵਿਚ ਦਰਜ ਹੈ, “ਬਾਬੇ ਆਖਿਆ ਮਰਦਾਨਿਆ ਰਬਾਬ ਛੇੜ ਬਾਣੀ ਆਈ ਹੈ” ਗੁਰੂ ਬਾਬਾ ਜੀ ਨੇ ਬਾਣੀ ਦਾ ਸ਼ਬਦ ਗਾਇਨ ਕਰਨਾ, ਜਿਸ ਦਾ ਅਸਰ ਸ੍ਰੋਤਿਆਂ ’ਤੇ ਪੈਣਾ ਅਤੇ ਮਹਾਰਾਜ ਦੇ ਚਰਨ ਪਰਸ ਕੇ, ਉਪਦੇਸ਼ ਲੈ ਕੇ ਜਨਮ ਸਫ਼ਲਾ ਕਰਨਾ।

ਪਰ ਪ੍ਰੋ. ਸਾਹਿਬ ਸਿੰਘ ਜੀ ਨੇ ਜਿਸ ਤਰ੍ਹਾਂ ਇਕ ਆਮ ਕਵੀ ਦਰਿਆ ਦੇ ਕੰਢੇ ਬੈਠ ਕੇ ਜਾਂ ਕਸ਼ਮੀਰ ਦੀ ਇਕਾਂਤ ਵਿਚ ਬੈਠ ਕੇ ਕੋਈ ਕਵਿਤਾ ਲਿਖਦਾ ਹੈ, ਬਾਣੀ ਪੇਸ਼ ਕੀਤੀ ਹੈ।

ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ, ਜਿਨ੍ਹਾਂ ਦਾ ਵਰਣਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਅਤੇ ਪੰਥ ਪ੍ਰਵਾਨਿਤ ਹਨ, ਸਭ ’ਤੇ ਹੜਤਾਲ ਫੇਰ ਦਿੱਤੀ ਅਤੇ ਦਰਪਣ ਵਿਚ ਅਰਥ ਕਰਨ ਲੱਗਿਆਂ ਸ਼ਬਦ ਦਾ ਮੂੰਹ-ਮੁਹਾਂਦਰਾ ਹੀ ਬਦਲ ਦਿੱਤਾ। ਮਿਸਾਲ ਦੇ ਤੌਰ ’ਤੇ ਸਭ ਟੀਕਾਕਾਰਾਂ ਨੇ ਧਨਾਸਰੀ ਰਾਗ ਦਾ ਹੇਠਲਾ ਸ਼ਬਦ ਇਕ ਪਖੰਡੀ ਬ੍ਰਾਹਮਣ ਪ੍ਰਤੀ ਉਚਾਰਨ ਕੀਤਾ ਲਿਖ ਕੇ ਉਥਾਨਕਾ ਲਿਖੀ ਹੈ ਜੋ ਬਹੁਤ ਢੁਕਵੀਂ ਅਤੇ ਅਸਰਦਾਇਕ ਹੈ ਪਰ ਦਰਪਣ ਕਰਤਾ ਨੇ ਇਸ ਨੂੰ ਹੋਰ ਰੰਗ ਦਿੱਤਾ ਹੈ :

**ਧਨਾਸਰੀ ਮਹਲਾ ੧ ਘਰੁ ੩**
**ੴ ਸਤਿਗੁਰ ਪ੍ਰਸਾਦਿ॥**
**ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥**
**ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ॥੧॥**
**ਕਲ ਮਹਿ ਰਾਮ ਨਾਮੁ ਸਾਰੁ॥**
**ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ॥੧॥ ਰਹਾਉ॥**
**ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥**
**ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ॥੨॥**
**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥੩॥**
**ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥**
**ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥੪॥**

*(ਅੰਗ ੬੬੨-੬੩)*

ਸਾਰੇ ਟੀਕਾਕਾਰਾਂ ਨੇ ਇਥੇ ਆਏ ਲਫ਼ਜ਼ 'ਕਲ ਮਹਿ' ਦੇ ਅਰਥ 'ਕਲਜੁਗ ਦੇ ਸਮੇਂ' ਕੀਤੇ ਹਨ ਪਰ ਪ੍ਰੋ. ਸਾਹਿਬ ਸਿੰਘ ਜੀ ਨੇ ਅਰਥ ਕੀਤੇ ਹਨ 'ਇਸ ਮਨੁੱਖਾ ਜਨਮ' ਅਤੇ ਪਦ ਅਰਥ ਵਿਚ ਟਿੱਪਣੀ ਲਿਖੀ ਹੈ 'ਗੁਰਬਾਣੀ ਵਿਚ ਜੁਗਾਂ ਦੀ ਵੰਡ ਪ੍ਰਵਾਨ ਨਹੀਂ ਕੀਤੀ।'

ਜਿਸ ਤਰ੍ਹਾਂ ਡੇਰੇਦਾਰ ਸੰਤਾਂ ਦੇ ਚੇਲੇ ਕਹਿੰਦੇ ਹਨ 'ਬਾਬਾ ਜੀ ਦੇ ਬ੍ਰਹਮਵਾਦ ਸਰਬ ਸ੍ਰੇਸ਼ਠ ਹਨ, ਉਸੇ ਤਰ੍ਹਾਂ ਮਿਸ਼ਨਰੀ ਕਾਲਜ ਵਾਲੇ ਆਖਦੇ ਹਨ, ਸਾਡੇ ਬਾਬਾ ਜੀ (ਪ੍ਰੋ. ਸਾਹਿਬ ਸਿੰਘ ਜੀ) ਦੇ ਵਾਕ ਤਿੰਨ ਕਾਲ ਸਤਿ ਹਨ। ਪੰਜਾਬੀ ਵਿਚ ਇਸ ਨੂੰ ਕਹਿੰਦੇ ਹਨ:

**ਜਿਹੜੇ ਰੋਗ ਨਾਲ ਮਰ ਗਈ ਬੱਕਰੀ**
**ਸੋਈ ਰੋਗ ਪਠੋਰੀ ਨੂੰ।**

ਸਾਡੀ ਇਸ ਵੱਡੀ ਲਿਖਤ ਦਾ ਸਾਰੰਸ਼ ਹੈ:

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ**
**ਕੋਈ ਹਰਿਆ ਬੂਟੁ ਰਹਿਓ ਰੀ॥**

*(ਅੰਗ ੩੮੪)*

ਇਸ ਲਈ ਮਿਸ਼ਨਰੀਆਂ ਨੇ ਬੀਬੀ ਰਜਨੀ, ਮਾਤਾ ਸੁਲੱਖਣੀ ਆਦਿ ਅਤੇ ਸਾਖੀਆਂ ਤੋਂ ਇਲਾਵਾ ਪੰਜਾ ਸਾਹਿਬ, ਰੀਠਾ ਸਾਹਿਬ ਜਾਂ ਮੱਕਾ ਘੁੰਮਣ ਦੀਆਂ ਸਾਖੀਆਂ ਨੂੰ ਬ੍ਰਾਹਮਣਵਾਦੀ ਕਹਿ ਕੇ ਸਭ ਅੰਧ-ਵਿਸ਼ਵਾਸ ਦੇ ਖਾਰੇ ਸਮੁੰਦਰ

ਵਿਚ ਡੋਬ ਦਿੱਤਾ। ਇਸ ਤਰ੍ਹਾਂ ਫਿਰ ਇਹਨਾਂ ਦੀਆਂ ਲਿਖਤਾਂ ਵਿਚ 'ਬ੍ਰਾਹਮਣਵਾਦ ਦਾ ਨਕਲੀ ਭੂਤ' ਖੜ੍ਹਾ ਕਰ ਕੇ ਸਾਡੇ ਪੰਥ ਤੋਂ ਨਿਆਰਾ ਪੰਥ ਅਸਲੀ ਅਤੇ ਖ਼ਾਲਸ ਪੰਥ ਮਿਸ਼ਨਰੀ ਪੰਥ ਪ੍ਰਗਟ ਹੋ ਗਿਆ।

ਇਸ ਸਾਰੇ ਕਾਰੇ ਦੇ ਪਿੱਛੇ ਅਸਲੀ ਰਾਜ਼ ਕੀ ਸੀ, ਪ੍ਰੋ. ਸਾਹਿਬ ਸਿੰਘ ਜੀ ਦੀ ਮਾਨਸਿਕਤਾ 'ਤੇ ਕਾਮਰੇਡੀ ਵਿਚਾਰਧਾਰਾ ਦਾ ਪਰਛਾਵਾਂ।'

ਇਸੇ ਲਈ ਜਦ ਪ੍ਰੋ. ਸਾਹਿਬ ਸਿੰਘ ਜੀ ਆਪਣੇ 'ਦਰਪਣ' ਦਾ ਖਰੜਾ ਮਾਸਟਰ ਤਾਰਾ ਸਿੰਘ ਜੀ ਕੋਲ, ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਛਪਵਾਉਣ ਲਈ ਲੈ ਕੇ ਗਏ ਤਾਂ ਮਾਸਟਰ ਜੀ ਨੇ ਸਾਫ਼ ਇਨਕਾਰ ਕਰ ਦਿੱਤਾ। ਜਦ ਕਿ ਪ੍ਰਿੰਸੀਪਲ ਤੇਜਾ ਸਿੰਘ ਜੀ ਦਾ ਲਿਖਿਆ ਚਾਰ ਜਿਲਦਾਂ ਦਾ 'ਸ਼ਬਦਾਰਥ' 1940 ਤੋਂ ਲਗਾਤਾਰ ਛਾਪਿਆ ਜਾ ਰਿਹਾ ਹੈ ਅਤੇ ਇਹ ਵਿਆਕਰਨ ਅਨੁਸਾਰ ਹੈ।

ਇਕ ਪਾਸੇ ਪ੍ਰੋ. ਸਾਹਿਬ ਸਿੰਘ ਦਾ ਅਰੰਭਿਕ ਜੀਵਨ ਮਾਇਕ ਕਠਿਨਾਈਆਂ ਵਿਚ ਗੁਜ਼ਰਿਆ, ਦੂਸਰੇ ਪਾਸੇ ਸਰੀਰਿਕ ਪੱਖੋਂ ਭੀ ਕਈ ਬੀਮਾਰੀਆਂ ਦਾ ਸ਼ਿਕਾਰ ਰਹੇ। ਅੰਤ ਵੇਲੇ ਭੀ 'ਪਾਰਕਿਸਨ' ਦੀ ਲਾ-ਇਲਾਜ ਬੀਮਾਰੀ ਨਾਲ ਕਈ ਸਾਲ ਜੂਝਦੇ ਰਹੇ। ਸੋ ਮਿਸ਼ਨਰੀ ਕਾਲਜ ਵਾਲਿਆਂ ਨੇ ਤੱਤ ਕੱਢਿਆ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦੇ ਬਾਵਜੂਦ ਪ੍ਰੋ. ਸਾਹਿਬ ਸਿੰਘ ਦਾ ਕੋਈ ਰੋਗ ਠੀਕ ਨਹੀਂ ਹੋਇਆ ਤਾਂ ਹੋਰ ਕਿਸੇ ਦਾ ਕਿਵੇਂ ਹੋ ਸਕਦਾ ਹੈ ? ਇਸ ਲਈ ਗੁਰਬਾਣੀ ਦੇ ਪਾਠ ਨਾਲ ਸਰੀਰਿਕ ਬੀਮਾਰੀਆਂ ਦੂਰ ਹੋਣ ਦੀਆਂ ਜੋ ਖ਼ਬਰਾਂ ਅਖ਼ਬਾਰਾਂ ਵਿਚ ਆਉਂਦੀਆਂ ਹਨ, ਸਭ ਝੂਠੀਆਂ ਅਫ਼ਵਾਹਾਂ ਹਨ।

ਇਹਨਾਂ ਗੱਲਾਂ ਦਾ ਸਭ ਤੋਂ ਜ਼ਿਆਦਾ ਅਸਰ ਪ੍ਰੋ. ਸਾਹਿਬ ਸਿੰਘ ਜੀ ਦੇ ਪਰਵਾਰ 'ਤੇ ਪਿਆ। ਇਸ ਲਈ ਉਹਨਾਂ ਦਾ ਸਪੁੱਤਰ ਡਾ. ਦਲਜੀਤ ਸਿੰਘ (ਅੰਮ੍ਰਿਤਸਰ ਵਿਚ ਪ੍ਰਸਿੱਧ ਅੱਖਾਂ ਦਾ ਡਾਕਟਰ) ਪੂਰਨ ਤੌਰ 'ਤੇ ਪੱਕਾ ਨਾਸਤਿਕ ਹੈ। ਜਿਸ ਦਾ ਕਿ ਉਹਨਾਂ ਦੀ ਕਿਤਾਬ 'ਸੱਚ ਦੀ ਭਾਲ' ਪੜ੍ਹ ਕੇ ਪਤਾ ਲੱਗ ਜਾਂਦਾ ਹੈ।

ਜਿਹੜੇ ਵਿਚਾਰ ਪ੍ਰੋ. ਸਾਹਿਬ ਸਿੰਘ ਜੀ 'ਦਰਪਣ' ਵਿਚ ਬੜੇ ਸੰਜਮ ਨਾਲ ਜਾਂ ਡਰ-ਡਰ ਕੇ ਕਹਿ ਰਹੇ ਹਨ, ਮਿਸ਼ਨਰੀ ਕਾਲਜਾਂ ਦੇ ਸੰਚਾਲਕ ਗੱਜ-ਵੱਜ ਕੇ ਉਹ ਗੱਲਾਂ ਸ਼ਰੇਆਮ ਕਹਿ ਰਹੇ ਹਨ। ਉਥੇ ਨਾਲ ਹੀ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ' ਦੇ ਸੰਚਾਲਕ ਅਤੇ ਇੰਦਰ ਸਿੰਘ ਘੱਗਾ ਅਤੇ ਇਸ ਦੇ ਸਮਰਥਕ ਸਾਰੇ ਹੱਦ-ਬੰਨੇ ਟੱਪ ਕੇ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਪੂਰਨ

ਤੌਰ 'ਤੇ ਕਾਮਰੇਡੀ ਚਾਸ਼ਨੀ ਚੜ੍ਹ ਕੇ ਪੇਸ਼ ਕਰਨ ਵਿਚ ਫ਼ਖ਼ਰ ਮਹਿਸੂਸ ਕਰ ਰਹੇ ਹਨ। ਅਖੌਤੀ ਪ੍ਰੋ. ਸਰਬਜੀਤ ਸਿੰਘ ਧੂੰਧਾ ਨੂੰ ਕੀ ਪਤਾ ਨਹੀਂ ਸੀ ਕਿ ਕੈਨੇਡਾ ਵਿਚ ਉਸ ਦੇ ਕੂੜ ਪ੍ਰਚਾਰ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣਾ ਪਵੇਗਾ। ਪਤਾ ਹੋਣ ਦੇ ਬਾਵਜੂਦ ਉਸ ਨੇ ਸਭ ਕੁਝ ਕੀਤਾ ਹੈ। ਕੀ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਮੰਗਣ ਪਿੱਛੋਂ ਹੁਣ ਉਹ ਬਦਲ ਜਾਏਗਾ ? ਬਿਲਕੁਲ ਨਹੀਂ, ਹਰਗ਼ਿਜ਼ ਨਹੀਂ ਬਦਲੇਗਾ।

ਪ੍ਰੋ. ਸਾਹਿਬ ਸਿੰਘ ਜੀ ਨੇ ਜੋ ਬੀਜ ਬੀਜਿਆ, ਉਸ ਦੇ ਬਣੇ ਬਿਰਖ (ਬਿਰਛ) ਮਿਸ਼ਨਰੀ ਕਾਲਜ ਹਨ ਅਤੇ ਉਸ ਬਿਰਖ ਦੇ ਉੱਤਮ ਫ਼ਲ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ, ਇੰਦਰ ਸਿੰਘ ਘੱਗਾ, ਪ੍ਰੋ. ਗੁਰਬਚਨ ਸਿੰਘ, ਸੁਖਵਿੰਦਰ ਸਿੰਘ ਸਭਰਾ ਅਤੇ ਪ੍ਰੋ. ਸਰਬਜੀਤ ਸਿੰਘ ਧੂੰਧਾ ਹਨ ਕਿਉਂਕਿ ਇਹਨਾਂ ਨੇ ਮਿਸ਼ਨਰੀ ਕਾਲਜ ਨੂੰ ਪਾਣੀ ਦੇ ਕੇ ਸਰਸਬਜ਼ ਕਰਨ ਵਾਲੇ ਅਧਿਕਾਂਸ਼ ਵਿਅਕਤੀ ਕਾਮਰੇਡੀ ਸੋਚ ਵਿਚ ਰੰਗੇ ਹੋਏ ਸਨ।

–

# ਨਾਮ ਜਪਣਾ ਕੀ ਹੈ ?

ਜੇ ਮੈਂ ਬਾਜ਼ਾਰ ਵਿਚ ਜਾ ਰਿਹਾ ਹਾਂ ਅਤੇ ਕੋਈ ਮੇਰਾ ਨਾਉਂ ਲੈ ਕੇ ਅਵਾਜ਼ ਮਾਰੇ, ਜੇ ਮੈਂ ਉਹ ਅਵਾਜ਼ ਸੁਣੀ ਹੈ ਤਾਂ ਫ਼ੌਰਨ ਅਵਾਜ਼ ਦੇਣ ਵਾਲੇ ਵੱਲ ਦੇਖਾਂਗਾ। ਜੇ ਅਵਾਜ਼ ਮਾਰਨ ਵਾਲੇ ਦਾ ਧਿਆਨ ਕਿਸੇ ਹੋਰ ਪਾਸੇ ਹੈ, ਮੈਂ ਸਮਝਾਂਗਾ ਕਿ ਉਹ ਕਿਸੇ ਹੋਰ ਨੂੰ ਅਵਾਜ਼ ਦੇ ਰਿਹਾ ਹੈ। ਇਸ ਲਈ ਅਵਾਜ਼ ਤੋਂ ਪ੍ਰਭਾਵਿਤ ਨਹੀਂ ਹੋਵਾਂਗਾ। ਅਸੀਂ ਕਿਤੇ ਹੋਈਏ, ਕਿਸੇ ਹਾਲਤ ਵਿਚ ਹੋਈਏ, ਜੇ ਮਨ-ਚਿੱਤ ਇਕਾਗਰ ਕਰ ਕੇ ਪਰਮੇਸ਼ਰ ਨੂੰ ਅਵਾਜ਼ ਮਾਰੀਏ ਭਾਵ ਉਸ ਨੂੰ ਕਿਸੇ ਨਾਉਂ ਨਾਲ ਪੁਕਾਰੀਏ ਤਾਂ ਉਹ ਅੰਤਰਜਾਮੀ ਅਤੇ ਹਰ ਥਾਂ ਵਿਆਪਕ ਹੋਣ ਕਰਕੇ ਸਾਡੀ ਅਵਾਜ਼ ਸੁਣਦਾ ਹੈ ਅਤੇ ਸਾਡੇ ਵੱਲ ਆਕਰਸ਼ਿਤ ਹੁੰਦਾ ਹੈ।

ਜਦ ਅਸੀਂ ਨਾਮ ਲੈ ਕੇ ਅਵਾਜ਼ ਮਾਰਦੇ ਹਾਂ ਤਾਂ ਪਰਮਾਤਮਾ ਦਾ ਸਿੱਧਾ ਰਾਬਤਾ ਸਾਡੇ ਨਾਲ ਕਾਇਮ ਹੋ ਜਾਂਦਾ ਹੈ। ਜਦ ਇਕ ਮਨ, ਇਕ ਚਿੱਤ ਹੋ ਕੇ ਸ਼ਰਧਾ ਨਾਲ ਉਸ ਨੂੰ ਬੁਲਾਉਂਦੇ ਹਾਂ ਤਾਂ ਸਾਰੀਆਂ ਵਿੱਥਾਂ, ਦੂਰੀਆਂ ਮਿਟ ਜਾਂਦੀਆਂ ਹਨ। ਇਸ ਨੂੰ ਗੁਰਬਾਣੀ ਨੇ ਦੱਸਿਆ ਹੈ:

**ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥**

*(ਅੰਗ ੭੩੪)*

**ਹਰਿ ਸਿਮਰਨਿ ਕੀਓ ਸਗਲ ਅਕਾਰਾ॥**
**ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥**

*(ਅੰਗ ੨੬੩)*

ਪਹਿਲਾਂ ਪਹਿਲ ਗਿਆਨ ਇੰਦਰੇ ਅਤੇ ਕਰਮ ਇੰਦਰੇ ਸਾਧ ਕੇ ਹੀ ਕਰਨੀ ਪੈਂਦੀ ਹੈ। ਪਰ ਫਿਰ ਇਹ ਸਾਡੇ ਸੁਭਾਅ ਦਾ ਅੰਗ ਬਣ ਜਾਂਦਾ ਹੈ, ਜਿਸ ਬਾਰੇ ਕਿਹਾ ਗਿਆ ਹੈ ਕਿ ਹਿਰਦੇ ਵਿਚ ਲਹਿ ਗਿਆ। ਜਿਨ੍ਹਾਂ ਗੁਰੂ ਦੇ ਪਿਆਰਿਆਂ ਨੇ ਇੰਞ ਕੀਤਾ ਹੈ, ਉਹਨਾਂ ਮਹਿਸੂਸ ਕੀਤਾ ਕਿ ਕੋਈ ਸਰੀਰਿਕ ਕਿਰਿਆ ਇਸ ਵਿਚ ਵਿਘਨ ਨਹੀਂ ਪਾ ਸਕਦੀ ਅਤੇ ਇਹ ਆਪਣੇ ਆਪ ਹੁੰਦਾ ਰਹਿੰਦਾ ਹੈ। ਬਸ਼ਰਤੇ ਕਿ ਅਸੀਂ ਮਨ ਇਕਾਗਰ ਕਰ ਕੇ ਕਰੀਏ।

ਦੂਸਰੇ ਲਫ਼ਜ਼ਾਂ ਵਿਚ ਇੰਞ ਕਰਨ ਨਾਲ ਸਾਡਾ ਮਨ ਪ੍ਰਭੂ ਦੀ ਹਜ਼ੂਰੀ ਵਿਚ ਰਹਿ ਕੇ ਪਰਮੇਸ਼ਰ ਦੀ ਸੰਗਤ ਕਰ ਰਿਹਾ ਹੁੰਦਾ ਹੈ। ਇਹ ਇਕ ਅਟੱਲ ਸਚਾਈ ਹੈ ਕਿ ਸਾਡਾ ਮਨ ਜਿਸ ਦੀ ਸੰਗਤ ਕਰ ਰਿਹਾ ਹੋਵੇ, ਉਸ ਦੇ ਗੁਣ, ਸੁਭਾਅ ਸਾਡੇ ਮਨ ਨੂੰ ਪ੍ਰਭਾਵਿਤ ਕਰਦੇ ਹਨ। ਵਕੀਲ ਦੀ ਸੰਗਤ ਕਰ ਕੇ ਸਾਡੀ ਬੋਲੀ, ਸ਼ੈਲੀ ਵਕੀਲਾਂ ਵਾਲੀ ਬਣ ਜਾਵੇਗੀ ਅਤੇ ਕਨੂੰਨੀ ਦਾਓ-ਪੇਚ ਸਿੱਖ ਜਾਵਾਂਗੇ। ਸ਼ਿਕਾਰੀਆਂ ਦੀ ਸੰਗਤ ਨਾਲ ਸ਼ਿਕਾਰੀ ਵਾਲਾ ਸੁਭਾਅ ਬਣ ਜਾਵੇਗਾ, ਚੋਰਾਂ ਦੀ ਸੰਗਤ ਵਿਚ ਚੋਰ ਅਤੇ ਗੁਰਮੁਖਾਂ ਦੀ ਸੰਗਤ ਨਾਲ ਗੁਰਮਤਿ ਦੇ ਧਾਰਨੀ ਬਣ ਜਾਵਾਂਗੇ।

ਨਾਲ ਹੀ ਇਹ ਭੀ ਕੁਦਰਤੀ ਨਿਯਮ ਹੈ ਕਿ ਜਿਸ ਨਾਲ ਅਸੀਂ ਮਨ ਦੀ ਸਾਂਝ ਪਾ ਲਈਏ, ਉਸ ਨਾਲ ਸਾਡਾ ਪਿਆਰ ਪੈ ਜਾਂਦਾ ਹੈ ਅਤੇ ਸਾਨੂੰ ਉਹ ਪਿਆਰ ਨਾਲ ਵਾਰ-ਵਾਰ ਯਾਦ ਆਉਂਦਾ ਹੈ। ਇਹ ਦੋਨੋਂ ਚੀਜ਼ਾਂ ਇਕ ਦੂਜੇ ਦੀਆਂ ਪੂਰਕ ਹਨ।

ਹੁਣ ਤਕ ਦੀ ਵਿਚਾਰ ਦਾ ਸਿੱਟਾ ਇਸ ਤਰ੍ਹਾਂ ਕਹਿ ਸਕਦੇ ਹਾਂ:

1. ਨਾਮ ਲੈਣਾ ਕਿਸੇ ਆਪਣੇ ਨੂੰ ਅਵਾਜ਼ ਮਾਰਨਾ ਹੈ।
2. ਅੰਤਰਜਾਮੀ ਪਰਮੇਸ਼ਰ ਦਾ ਨਾਉਂ ਲੈਣ ਨਾਲ ਸਾਡਾ ਸਿੱਧਾ ਰਿਸ਼ਤਾ ਪਰਮੇਸ਼ਰ ਨਾਲ ਪੈ ਜਾਂਦਾ ਹੈ।
3. ਵਾਰ-ਵਾਰ ਨਾਉਂ ਲੈਣ ਨਾਲ ਇਹ ਸਾਡੇ ਮਨ ਦੇ ਅੰਤਹਿਕਰਨ ਵਿਚ ਲਹਿ ਕੇ ਸਾਡੇ ਸੁਭਾਅ ਦਾ ਅੰਗ ਬਣ ਜਾਦਾ ਹੈ।
4. ਇਕ ਮਨ, ਇਕ ਚਿੱਤ ਕਰ ਰਕੇ ਨਾਉਂ ਲੈਣ ਨਾਲ ਅਸੀਂ ਪਰਮੇਸ਼ਰ ਦੀ ਹਜ਼ੂਰੀ ਵਿਚ ਮਨ ਕਰਕੇ ਪਰਮਾਤਮਾ ਦੀ ਸੰਗਤ ਕਰ ਰਹੇ ਹੁੰਦੇ ਹਾਂ।
5. ਜਿਸ ਦਾ ਨਾਉਂ ਲੈ ਕੇ ਅਵਾਜ਼ਾਂ ਮਾਰੀਏ ਅਤੇ ਸੰਗਤ ਕਰੀਏ, ਉਸ ਦੀ ਯਾਦ ਹਿਰਦੇ ਵਿਚ ਬੈਠ ਜਾਂਦੀ ਹੈ ਅਤੇ ਉਸ ਦੇ ਗੁਣ ਸਾਡੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ।

**ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥**

*(ਅੰਗ ੬੬੭)*

**ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ॥**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥**

*(ਅੰਗ ੩੯੭)*

6. ਜਿਥੇ ਪਿਆਰ ਹੈ, ਉਥੇ ਯਾਦ ਹੈ ਅਤੇ ਯਾਦ ਨਾਲ ਪਿਆਰ ਵਧਦਾ ਹੈ। ਪਿਆਰ ਇਕ ਅਜ਼ੀਮ ਸ਼ਕਤੀ ਹੈ ਜਿਸ ਅੱਗੇ ਦੇਸ-ਕਾਲ ਦੀ ਵਿੱਥ

ਮਿਟ ਜਾਂਦੀ ਹੈ ਅਤੇ ਪਿਆਰ ਨਾਲ ਅਸੀਂ ਇਕ ਦੂਸਰੇ ਦੇ ਵੱਸ ਵਿਚ ਆ ਕੇ ਹਰ ਚੀਜ਼ ਕੁਰਬਾਨ ਕਰਨ ਲਈ ਤਿਆਰ ਹੋ ਜਾਂਦੇ ਹਾਂ।

ਜੇ ਸਾਡਾ ਕਿਸੇ ਨਾਲ ਪਿਆਰ ਹੈ ਤਾਂ ਉਹ ਅਮਰੀਕਾ ਬੈਠਾ ਭੀ ਸਾਡੇ ਕੋਲ ਅਤੇ ਜੇ ਪਿਆਰ ਨਹੀਂ ਤਾਂ ਕੋਲ ਬੈਠਾ ਭੀ ਸਾਥੋਂ ਕੋਹਾਂ ਦੂਰ ਹੈ।

**ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ॥**
**ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥**

*(ਅੰਗ ੭੯੧)*

ਅਰਥ : (ਸਰੀਰਿਕ ਤੌਰ 'ਤੇ) ਮਿਲਣ ਨਾਲ ਮਿਲਿਆ ਹੋਇਆ ਜੇ ਕੋਈ ਹੋਵੇ ਤਾਂ ਨਹੀਂ ਮਿਲ ਸਕਦਾ ਪਰ ਜੇ (ਪਿਆਰ ਦੀ ਖਿੱਚ ਨਾਲ) ਜੋ ਮਿਲਿਆ ਹੋਇਆ ਹੈ ਉਸੇ ਨੂੰ ਹੀ ਮਿਲਿਆ ਹੋਇਆ ਕਹਿ ਸਕਦੇ ਹਾਂ। ਇਸੇ ਸੰਦਰਭ ਵਿਚ ਇਸਤਰੀ ਪੁਰਸ਼ ਦੇ ਮਿਲਾਪ ਨੂੰ ਗੁਰਬਾਣੀ ਵਿਚ ਇੰਞ ਬਿਆਨ ਕੀਤਾ ਹੈ :

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥**

*(ਅੰਗ ੭੮੮)*

ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੰਸਾਰ ਆਗਮਨ ਤੋਂ ਪਹਿਲਾਂ ਜੋ ਸਾਧਨ ਪ੍ਰਭੂ ਮਿਲਾਪ ਲਈ ਲੋਕਾਂ ਨੇ ਅਪਣਾਏ ਸਨ, ਜਪ, ਤਪ, ਸੰਜਮ, ਬਰਤ, ਪੂਜਾ, ਅਰਚਨਾ, ਦਾਨ, ਪੁੰਨ ਅਤੇ ਹੋਮ ਯੱਗ ਆਦਿ ਇਹਨਾਂ ਸਾਰਿਆਂ ਦਾ ਬਹੁਤਾ ਸੰਬੰਧ ਸਰੀਰ ਨਾਲ ਸੀ।

ਇਸ ਲਈ ਇਹ ਪ੍ਰਭੂ ਮਿਲਾਪ ਲਈ ਸਾਰਥਕ ਸਿੱਧ ਨਹੀਂ ਸਨ। ਇਸ ਲਈ ਮਹਾਰਾਜ ਨੇ ਕਹਿ ਦਿੱਤਾ :

**ਹਰਿ ਬਿਨੁ ਅਵਰ ਕ੍ਰਿਆ ਬਿਰਥੇ॥**
**ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ॥੧॥ ਰਹਾਉ॥**
**ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ॥**
**ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ॥੧॥**
**ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ॥**
**ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ॥੨॥**
**ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥**
**ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥੩॥**
**ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ॥**

**ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥**

*(ਅੰਗ ੨੧੬)*

ਅਰਥ : ਪਰਮੇਸ਼ਰ ਦੇ ਨਾਮ ਬਿਨਾਂ ਹੋਰ ਸਭ ਕਰਮ ਬਿਰਥੇ ਹਨ। ਜਪ, ਤਪ, ਸੰਜਮ ਵਾਲੇ ਕਰਮ ਕਮਾਉਣ ਵਾਲਿਆਂ (ਦੇ ਫ਼ਲ) ਇਥੇ ਹੀ ਲੁੱਟ ਲਏ ਜਾਂਦੇ ਹਨ (ਹੰਕਾਰ ਕਰਨ ਕਰਕੇ)। ਵਰਤ, ਨੇਮ, ਸੰਜਮ (ਜੋ ਕੋਈ ਕਰਦਾ ਹੈ) ਉਸ ਦਾ ਅੱਧੀ ਕੌਡੀ ਵੀ ਮੁੱਲ (ਦਰਗਾਹ ਵਿਚ) ਨਹੀਂ ਮਿਲਦਾ। (ਹੇ ਭਾਈ !) ਅੱਗੇ (ਦਰਗਾਹ ਵਿਚ) ਦਾ ਵਰਤਾਰਾ ਹੋਰ ਹੈ, ਉਥੇ ਇਹ ਕਰਮ ਕੰਮ ਨਹੀਂ ਆਉਂਦੇ। ਤੀਰਥਾਂ 'ਤੇ ਨਹਾਉਣ ਵਾਲੇ ਅਤੇ ਧਰਤੀ 'ਤੇ ਭ੍ਰਮਣ ਕਰਨ ਵਾਲੇ ਨੂੰ ਅੱਗੇ (ਦਰਗਾਹ ਵਿਚ) ਕੋਈ ਜਗ੍ਹਾ ਨਹੀਂ ਮਿਲਦੀ।

ਉਥੇ (ਦਰਗਾਹ ਵਿਚ) ਇਹਨਾਂ ਵਿਧੀਆਂ ਨਾਲ ਕੀਤੇ ਕੰਮ ਕੋਈ ਕੰਮ ਨਹੀਂ ਆਉਂਦੇ। ਇਹ ਕਰਮ ਕਰਨ ਵਾਲਾ ਕੇਵਲ ਲੋਕਾਂ ਵਿਚ ਆਪਣੀਆਂ ਗੱਲਾਂ ਨਾਲ ਲੋਕਾਂ ਵਿਚ ਕੇਵਲ ਆਪਣੀ ਪੈਂਠ ਬਣਾ ਸਕਦਾ ਹੈ ਭਾਵ ਲੋਕਾਂ ਦੀ ਵਾਹ-ਵਾਹ ਖੱਟ ਸਕਦਾ ਹੈ।

(ਕੇਵਲ) ਮੂੰਹ ਤੋਂ ਚਾਰੇ ਵੇਦ (ਧਰਮ ਗ੍ਰੰਥ) ਪੜ੍ਹਨ ਵਾਲਾ ਅੱਗੇ (ਪਰਮੇਸ਼ਰ ਦੇ ਮਹਿਲ) ਦੀ ਪ੍ਰਾਪਤੀ ਨਹੀਂ ਕਰ ਸਕਦਾ (ਕਿਉਂਕਿ ਜੇ ਇਹਨਾਂ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ ਵਾਲਾ) (ਸੁਧਾਖਰ) ਪਰਮੇਸ਼ਰ ਨੂੰ ਨਹੀਂ ਜਾਣਦਾ (ਹਿਰਦੇ ਵਿਚ ਨਹੀਂ ਵਸਾਉਂਦਾ) ਤਾਂ ਸਮਝੋ, ਉਹ ਝੱਖ ਹੀ ਮਾਰ ਰਿਹਾ ਹੈ।

ਕਹਿੰਦੇ ਹਨ (ਪੰਚਮ ਪਿਤਾ) ਕਿ ਮੈਂ ਤੱਤ ਵਿਚਾਰ ਕੇ ਇਹ ਗੱਲ ਸਭ ਨੂੰ ਦੱਸ ਰਿਹਾ ਹਾਂ ਜੋ (ਇਸ ਬਚਨ ਨੂੰ) ਕਮਾਵੇਗਾ ਭਾਵ ਮੰਨ ਕੇ ਅਮਲ ਕਰੇਗਾ, ਉਸ ਦਾ ਪਾਰ-ਉਤਾਰਾ ਹੋ ਜਾਵੇਗਾ। (ਉਹ ਗੱਲ ਇਹ ਹੈ ਕਿ) ਗੁਰੂ ਦੀ ਸੇਵਾ ਕਰੋ, ਨਾਮ ਜਪੋ ਅਤੇ ਮਨ ਤੋਂ ਅਹੰਕਾਰ ਕੱਢੋ।

ਗੁਰੂ ਸਾਹਿਬ ਨੇ ਇਹ ਤੱਤ ਵਿਚਾਰ ਕਿਉਂ ਦੱਸਿਆ ? ਕਿਉਂਕਿ ਧਾਰਮਿਕ ਗ੍ਰੰਥਾਂ ਦੇ ਪਾਠ ਨੂੰ ਛੱਡ ਕੇ ਉਪਰ ਦੱਸੇ ਸਾਰੇ ਕੰਮਾਂ ਦਾ ਸੰਬੰਧ ਸਰੀਰ ਨਾਲ ਹੈ। ਜਦ ਕਿ ਅਸੀਂ ਸਭ ਕੰਮ ਮਨ ਦੇ ਅਧੀਨ ਕਰਦੇ ਹਾਂ। ਸਰੀਰ ਸਾਡੀ ਜ਼ਿੰਦਗੀ ਚਲਾਉਣ ਲਈ ਇਕ ਔਜ਼ਾਰ ਦਾ ਕੰਮ ਕਰਦਾ ਹੈ। ਪੈਰ ਉਹੀ ਹਨ, ਮਨ ਵਿਚ ਵਿਚਾਰ ਆਇਆ ਕਿ ਗੁਰਦੁਆਰੇ ਜਾਣਾ ਹੈ, ਪੈਰ ਗੁਰਦੁਅਰੇ ਵੱਲ ਲੈ ਤੁਰੇ ਅਤੇ ਜਦ ਮਨ ਵਿਚ ਫੁਰਨਾ ਹੋਇਆ ਕਿ ਠੇਕੇ ਜਾਣਾ ਹੈ ਤਾਂ ਪੈਰ ਠੇਕੇ ਲੈ ਗਏ। ਇਸੇ ਤਰ੍ਹਾਂ ਬਾਕੀ ਸਾਰੀ ਕਿਰਿਆ ਹੈ।

ਧਾਰਮਿਕ ਗ੍ਰੰਥ ਪੜ੍ਹਨ ਲਈ ਇਸ ਲਈ ਕਿਹਾ ਹੈ ਕਿ ਧਰਮ ਗ੍ਰੰਥ ਪੜ੍ਹ ਕੇ ਕੇਵਲ ਗੋਸ਼ਟੀਆਂ, ਬਹਿਸਾਂ ਹੀ ਕੀਤੀਆਂ ਜਾਣ ਅਤੇ ਜੋ ਗ੍ਰੰਥਾਂ ਵਿਚ

ਲਿਖਿਆ ਹੈ, ਪੜ੍ਹ ਕੇ ਵਿਚਾਰਿਆ ਨਾ ਜਾਵੇ ਅਤੇ ਕਮਾਇਆ ਨਾ ਜਾਵੇ ਤਾਂ ਕੋਈ ਸਫ਼ਲਤਾ ਨਹੀਂ ਮਿਲੇਗੀ। ਦੂਸਰੀ ਗੱਲ ਇਹ ਕਿ ਸਨਾਤਨ ਧਰਮ ਦੇ ਧਾਰਮਿਕ ਗ੍ਰੰਥਾਂ ਵਿਚ ਬਹੁਤੀ ਗੱਲ ਸਮਾਜਿਕ ਢਾਂਚੇ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਵਿਸ਼ੇਸ਼ ਧਿਆਨ ਦੇ ਕੇ ਹੋਰ ਗੱਲਾਂ ਦਾ ਵਿਸਤਾਰ ਤਾਂ ਹੈ ਪਰ ਪਰਮੇਸ਼ਰੀ ਮਿਲਾਪ ਲਈ ਨਾਮ ਜਪਣ ਲਈ ਲੇਸ ਮਾਤਰ ਹੈ। ਪਰ ਜੋ ਹੈ ਉਸ ਦੀ ਸਾਰ ਨਹੀਂ ਰੱਖਦੇ। ਇਸੇ ਲਈ ਗੁਰੂ ਸਾਹਿਬ ਨੇ ਕਹਿ ਦਿੱਤਾ:

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

*(ਅੰਗ ੯੧੯)*

ਫਿਰ ਜਿਸ ਚੀਜ਼ ਦਾ ਸਮਾਂ ਹੋਵੇ, ਉਹੋ ਸਮੇਂ ਸਿਰ ਫਲਦੀ ਹੈ, ਜਿਸ ਬਾਬਤ ਗੁਰਬਾਣੀ ਦੱਸ ਰਹੀ ਹੈ:

**ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥**
**ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ**
**ਮਤੁ ਕੋ ਧਰਹੁ ਗੁਮਾਨਾ ॥੧॥**
**ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥**
**ਇਹ ਬਾਣੀ ਜੋ ਜੀਅਹੁ ਜਾਣੈ**
**ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥**
**ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥**
**ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ**
**ਕਲਿ ਮਹਿ ਕੀਰਤਿ ਹਰਿ ਨਾਮਾ ॥੨॥**
**ਜੁਗਿ ਜੁਗਿ ਆਪੋ ਆਪਣਾ ਧਰਮੁ ਹੈ**
**ਸੋਧਿ ਦੇਖਹੁ ਬੇਦ ਪੁਰਾਨਾ ॥**
**ਗੁਰਮੁਖਿ ਜਿਨੀ ਧਿਆਇਆ ਹਰਿ ਹਰਿ**
**ਜਗਿ ਤੇ ਪੂਰੇ ਪਰਵਾਨਾ ॥੩॥**
**ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥**
**ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥**

*(ਅੰਗ ੭੯੭-੯੮)*

ਇਸ ਲਈ ਗੁਰੂ ਸਾਹਿਬ ਨੇ ਦੱਸਿਆ ਕਿ ਹੁਣ ਕਲਿਜੁਗ ਦਾ ਸਮਾਂ ਹੈ, ਇਸੇ ਸਮੇਂ ਹੋਰ ਕੋਈ ਕਰਮ-ਧਰਮ ਨਹੀਂ ਕੇਵਲ ਪਰਮੇਸ਼ਰ ਦੇ ਨਾਮ ਨਾਲ ਜੁੜਿਆਂ ਹੀ ਪਰਮੇਸ਼ਰ ਦੀ ਦਰਗਾਹ ਵਿਚ ਪ੍ਰਵਾਨ ਪੈਂਦਾ ਹੈ:

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥**

**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥**

*(ਅੰਗ ੩੪੬)*

ਅਰਥ—ਸਤਿਜੁਗ ਦੇ ਸਮੇਂ ਸੱਚ ਬੋਲਣ, ਸੱਚੇ ਆਚਾਰ ਨਾਲ ਪਰਮੇਸ਼ਰ ਦੇ ਦਰ ਪ੍ਰਵਾਨਗੀ ਸੀ, ਤ੍ਰੇਤੇ ਜੁਗ ਵਿਚ ਹੋਮ ਯੱਗ ਆਦਿ ਪ੍ਰਚਲਿਤ ਸਨ, ਦੁਆਪਰ ਜੁਗ ਵਿਚ ਪੂਜਾ ਅਰਚਨਾ ਬੰਦਨਾ ਦਾ ਰਾਜ ਸੀ ਪਰ ਕਲਜੁਗ ਵਿਚ ਕੇਵਲ 'ਨਾਮ' ਹੀ ਜੀਵਨ ਆਧਾਰ ਹੈ:

**ਕਲਜੁਗ ਮਹਿ ਬਹੁ ਕਰਮ ਕਮਾਹਿ॥**
**ਨਾ ਰੁਤਿ ਨ ਕਰਮ ਥਾਇ ਪਾਹਿ॥੧॥**
**ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥**
**ਗੁਰਮੁਖਿ ਸਾਚਾ ਲਗੈ ਪਿਆਰੁ॥੧॥ ਰਹਾਉ॥...**
**ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ॥**
**ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ॥੪॥**

*(ਅੰਗ ੧੧੨੯-੩੦)*

**ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥**
**ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥**
**ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥**
**ਮਨ ਰੁਤਿ ਨਾਮ ਰੇ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ॥੨॥**

*(ਅੰਗ ੧੧੮੫)*

ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਹਰ ਅੰਗ ਨਾਮ ਜਪਣ ਦੀ ਪ੍ਰੇਰਨਾ ਦੇ ਰਿਹਾ ਹੈ। ਨਾਮ ਜਪਣ ਦਾ ਫ਼ਾਇਦਾ ਅਤੇ ਨਾ ਜਪਣ ਦਾ ਨੁਕਸਾਨ ਭੀ ਦੱਸ ਰਿਹਾ ਹੈ। ਇਸੇ ਤਰ੍ਹਾਂ ਬਾਣੀ ਜਪਣ ਵਾਲੇ ਦੀ ਵਡਿਆਈ ਦੱਸ ਰਹੀ ਹੈ:

**ਨਾਮੁ ਲੈਤ ਪ੍ਰਭੁ ਕਹੈ ਸਾਬਾਸਿ॥**

*(ਅੰਗ ੧੧੪੨)*

ਅਤੇ ਨਾਮ ਵਿਸਾਰ ਕੇ ਹੋਰ ਕਰਮ ਕਰਨ ਵਾਲਿਆਂ ਲਈ ਫਿਟਕਾਰਾਂ ਪਾਈਆਂ ਹਨ:

**ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ॥**

*(ਅੰਗ ੧੨੨੫)*

ਇਹ ਭੀ ਸਭ ਨੂੰ ਪਤਾ ਹੈ ਕਿ ਪੈਰਾਂ ਨਾਲ, ਹੱਥਾਂ ਨਾਲ ਜਾਂ ਨੱਕ ਆਦਿ ਨਾਲ ਨਾਮ ਨਹੀਂ ਜਪਿਆ ਜਾ ਸਕਦਾ। ਨਾਮ ਜਪਣਾ ਜੀਭ ਨਾਲ ਹੈ ਅਤੇ

ਸੁਣਨ ਲਈ ਕੰਨ ਹਨ। ਜਿਸ ਲਈ ਬਾਣੀ ਦੱਸ ਰਹੀ ਹੈ:

**ਰਸਨਾ ਜਪਤੀ ਤੂਹੀ ਤੂਹੀ॥**
**ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥**

*(ਅੰਗ ੧੨੧੫)*

**ਰਸਨਾ ਜਪੀਐ ਏਕੁ ਨਾਮ॥**
**ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ॥**

*(ਅੰਗ ੨੧੧)*

ਦੁਨੀਆਂ ਦੇ ਸਿਆਣਿਆਂ ਨੇ ਕਿਸੇ ਚੀਜ਼ ਨੂੰ ਮਨ ਵਿਚ ਵਸਾਉਣ ਲਈ ਵਾਰ-ਵਾਰ ਦੇ ਦੁਹਰਾਓ ਨੂੰ ਉੱਤਮ ਮੰਨਿਆ ਹੈ। ਸੰਗੀਤ ਦੀਆਂ ਸੱਤ ਸੁਰਾਂ ਸਾ, ਰੇ, ਗਾ, ਮਾ, ਪਾ, ਧਾ, ਨੀ ਦਾ ਕੋਈ ਅਰਥ ਨਹੀਂ, ਪਰ ਇਸ ਦੇ ਵਾਰ-ਵਾਰ ਦੁਹਰਾਓ ਕਰਨ ਨਾਲ ਬੰਦੇ ਮਨ ਵਿਚ ਸੁਰ ਗਿਆਨ ਹੋ ਜਾਂਦਾ ਹੈ। ਗਲਾ ਸਾਫ਼ ਹੋ ਜਾਂਦਾ ਹੈ ਅਤੇ ਸੰਗੀਤਕਾਰ ਸੁੰਦਰ ਰਾਗ ਅਲਾਪਦਾ ਹੈ।

ਤਬਲੇ ਦੇ ਬੋਲ ਧਾ ਧਿੰ, ਧਿੰ, ਧਾ, ਧਾ, ਧਿੰ, ਧਿੰ, ਧਾ, ਧਾ, ਧਿੰ, ਤਿੰ, ਤਾ, ਤਾ, ਤਿੰ, ਧਿੰ, ਧਾ ਦਾ ਕੋਈ ਮਤਲਬ ਨਹੀਂ ਪਰ ਤਬਲਾ ਵਾਦਕ ਛੇ-ਛੇ ਘੰਟੇ ਇਹਨਾਂ ਬੋਲਾਂ ਨੂੰ ਤਬਲੇ ਨਾਲ ਬੋਲ ਕੇ ਸਫ਼ਲ ਤਬਲਾਬਾਜ਼ ਬਣਦਾ ਹੈ ਅਤੇ ਵਾਰ-ਵਾਰ ਦੇ ਦੁਹਰਾਓ ਤੇ 'ਸਮ' 'ਤੇ ਥਾਪ ਦਿੰਦਾ ਹੈ ਤਾਂ ਅਜੀਬ ਰਸ ਵਿਚ ਝੂਮਦਾ ਹੈ।

ਇਸੇ ਤਰ੍ਹਾਂ ਸੈਨਿਕ ਟੁਕੜੀਆਂ ਭਰਤੀ ਹੋਣ ਤੋਂ ਲੈ ਕੇ ਰਿਟਾਇਰਮੈਂਟ ਤਕ ਲੈਫ਼ਟ-ਰਾਈਟ ਕਰ ਕੇ ਚੱਲਦੀਆਂ ਹਨ। ਕਦਮ ਮਿਲਣ ਨਾਲ ਦੋ ਟੁਕੜੀਆਂ ਅੱਡ-ਅੱਡ ਦਿਸ਼ਾ ਵਿਚ ਮੀਲਾਂ ਦਾ ਪੈਂਡਾ ਤਹਿ ਕਰ ਕੇ ਜਦ ਮਿਲਦੀਆਂ ਹਨ ਤਾਂ ਕਦਮ ਮਿਲਿਆ ਹੁੰਦਾ ਹੈ।

ਇਸੇ ਲਈ ਮਹਾਰਾਜ ਨੇ ਸਾਨੂੰ ਵਾਰ-ਵਾਰ ਵਾਹਿਗੁਰੂ ਮੰਤਰ ਦੇ ਜਪਣ ਲਈ ਕਿਹਾ ਹੈ ਤਾ ਜੋ ਹਿਰਦੇ ਵਿਚ ਵੱਸ ਜਾਵੇ:

**ਬਾਰੰ ਬਾਰ ਬਾਰ ਪ੍ਰਭੁ ਜਪੀਐ॥**
**ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥**

*(ਅੰਗ ੨੮੬)*

**ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥**
**ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥**

*(ਅੰਗ ੨੯੫)*

ਅਤੇ ਜਿਨ੍ਹਾਂ ਨੇ ਗੁਰੂ ਦੀ ਮੱਤ ਅਨੁਸਾਰ ਨਾਮ ਜਪਿਆ ਹੈ, ਉਹ ਹਰਿ-ਹਰਿ

ਕਰਦੇ ਹਰਿ ਦਾ ਰੂਪ ਹੀ ਹੋ ਗਏ :

**ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥**

*(ਅੰਗ ੬੬੭*

ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਨੇ ਗੁਰੂ ਸਾਹਿਬਾਨ ਦੇ ਵੱਖ-ਵੱਖ ਸਮੇਂ ਦੇਸ ਦੇ ਅਲੱਗ-ਅਲੱਗ ਹਿੱਸਿਆਂ ਦੀ ਸੰਗਤ ਵੱਲ ਲਿਖੇ ਹੁਕਮਨਾਮੇ ਇਕੱਤਰ ਕਰ ਕੇ ਇਕ ਕਿਤਾਬ 'ਹੁਕਮਨਾਮੇ' ਲਿਖੀ ਹੈ, ਜਿਸ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਵਿਚ ਦਿੱਤੇ ਸਾਰੇ ਹੁਕਮਨਾਮਿਆਂ ਵਿਚ ਗੁਰੂ ਸਾਹਿਬ ਦਾ ਪਹਿਲਾ ਹੁਕਮ ਦਰਜ ਹੈ :

**ਗੁਰੂ ਗੁਰੂ ਜਪਨਾ ਜਨਮ ਸਵਰਗੁ।**

ਹਰ ਵਾਰੀ ਅਸੀਂ ਅਰਦਾਸ ਵਿਚ ਮੰਗ ਕਰਦੇ ਹਾਂ 'ਪ੍ਰਿਥਮੇ ਸਰਬੱਤ ਖ਼ਾਲਸਾ ਜੀ ਕੀ ਅਰਦਾਸ ਹੈ, ਸਰਬੱਤ ਖ਼ਾਲਸਾ ਜੀ ਕੋ ਵਾਹਿਗੁਰੂ-ਵਾਹਿਗੁਰੂ ਨਾਮ ਚਿੱਤ ਆਵੈ ਚਿੱਤ ਆਵਨ ਦਾ ਸਦਕਾ ਸਰਬ ਸੁਖ ਹੋਵੇ' ਅਤੇ ਅਰਦਾਸ ਦੇ ਹਰ ਬੰਦ ਪਿੱਛੋਂ ਕਹਿੰਦੇ ਹਾਂ 'ਬੋਲੋ ਜੀ ਵਾਹਿਗੁਰੂ'।

ਅਤੇ ਇਹ ਐਸੀ ਦਵਾਈ ਹੈ ਜਿਸ ਨੂੰ ਪਿਛਲੇ ਪੰਜ ਸੌ ਸਾਲ ਤੋਂ ਵਰਤ ਕੇ ਬੇਅੰਤ ਗੁਰੂ ਪਿਆਰਿਆਂ ਨੇ ਤਨ-ਮਨ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਕੇ ਜਨਮ ਸਫ਼ਲਾ ਕੀਤਾ ਹੈ।

ਪਰ ਪਿਛਲੇ ਪੰਜਾਹ ਕੁ ਸਾਲਾਂ ਤੋਂ ਨਾਸਤਿਕਤਾ ਦੀ ਮਾਰ ਵਿਚ ਰੁੜ੍ਹੇ ਦਾੜ੍ਹੀ-ਕੇਸਾਂ ਵਾਲੇ ਕਾਮਰੇਡਾਂ ਅਤੇ ਕੁਝ ਕੁ ਅਖੌਤੀ ਸਿੱਖ ਮਿਸ਼ਨਰੀ ਕਾਲਜਾਂ ਦੀਆਂ ਸੰਸਥਾਵਾਂ ਨੇ ਤੋਤਾ-ਰਟਨ ਦੀ ਸੰਗਯਾ ਦੇ ਕੇ ਅਤੇ ਬ੍ਰਾਹਮਣਵਾਦੀ ਕਿਰਿਆ ਆਖ ਕੇ 'ਗੁਰਮੁਖਿ ਨਾਮੁ ਦਾਨੁ ਇਸਨਾਨ' ਦੇ ਉੱਤਮ ਕਰਮ ਨੂੰ ਭੰਡਣ ਦਾ ਹੈਦਰੀ ਝੰਡਾ ਚੁੱਕ ਰੱਖਿਆ ਹੈ। ਇਹਨਾਂ ਵਿਚੋਂ ਸਭ ਤੋਂ ਮੋਹਰੀ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ ਜਵੱਦੀ, ਲੁਧਿਆਣਾ' ਹੈ।

ਕਾਮਰੇਡਾਂ ਨੇ ਤਾਂ ਪੰਜਾਬੀ ਅਕੈਡਮੀ ਲੁਧਿਆਣਾ ਵਿਚ ਸੈਮੀਨਾਰ ਕਰ ਕੇ ਆਪਣਾ ਫ਼ੈਸਲਾ ਸੁਣਾ ਦਿੱਤਾ ਕਿ 'ਵਾਹਿਗੁਰੂ' ਸ਼ਬਦ ਗੁਰਬਾਣੀ ਵਿਚ ਕਿਤੇ ਨਹੀਂ ਆਇਆ, ਇਹ ਕੇਵਲ ਭੱਟਾਂ ਦੀ ਬਾਣੀ ਵਿਚ ਹੈ, ਇਸ ਲਈ ਖ਼ਾਲਸੇ ਦਾ ਗੁਰਮੰਤਰ ਨਹੀਂ ਹੋ ਸਕਦਾ।

ਅਖੌਤੀ ਮਿਸ਼ਨਰੀਆਂ ਨੇ ਤੱਤ ਕੱਢਿਆ ਕਿ ਕਿ ਬਾਣੀ ਹੀ ਨਾਮ ਹੈ। ਵੱਖਰਾ ਨਾਮ ਜਪਣਾ ਬ੍ਰਾਹਮਣਵਾਦੀ ਕਰਮ ਹੈ ਜਦ ਕਿ ਭਾਈ ਗੁਰਦਾਸ ਜੀ ਲਿਖਦੇ ਹਨ :

**ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ।**

*(ਵਾਰ ੧੩/੨)*

**ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।**

*(ਵਾਰ ੧੨/੧੭)*

ਤੱਤ-ਵੇਤਾ, ਅਨੁਭਵੀ ਮਹਾਂਪੁਰਸ਼ਾਂ, ਗੁਰੂ ਕੇ ਪਿਆਰਿਆ ਨੇ ਤੱਤ ਕੱਢੇ ਹਨ ਕਿ 'ਗੁਰਬਾਣੀ ਗੁਰਦੇਵ ਮਾਤਾ ਦੀ ਮਿੱਠੀ ਗੋਦ ਹੈ।' ਬੱਚੇ ਨੂੰ ਜੋ ਮਰਜ਼ੀ ਦੇਵੋ ਪਰ ਜੋ ਆਨੰਦ ਉਸ ਨੂੰ ਮਾਂ ਦੀ ਗੋਦ ਵਿਚ ਬੈਠ ਕੇ ਮਿਲਦਾ ਹੈ, ਉਹ ਕਿਤੇ ਨਹੀਂ ਮਿਲ ਸਕਦਾ।

'ਵਾਹਿਗੁਰੂ' ਰੂਪੀ ਨਾਮ ਗੁਰਦੇਵ ਪਿਤਾ ਦੀ ਉਂਗਲ ਹੈ। ਬੱਚਾ ਬਾਪ ਦੀ ਉਂਗਲ ਫੜ ਕੇ ਮੇਲਾ ਦੇਖਣ ਜਾਂਦਾ ਹੈ, ਜਦ ਤਕ ਉਂਗਲ ਫੜੀ ਹੈ, ਅਨੰਦ ਮਾਣਦਾ ਹੈ ਅਤੇ ਜਦ ਉਂਗਲ ਛੱਡ ਦਿੰਦਾ ਹੈ, ਮੇਲੇ ਵਿਚ ਗੁਆਚ ਕੇ ਦੁਖੀ ਹੁੰਦਾ ਹੈ।

ਸੋ ਨਾਮ ਅਤੇ ਬਾਣੀ ਦੋਨੋਂ ਚੀਜ਼ਾਂ ਗੁਰਸਿੱਖ ਦੀ ਜਿੰਦ-ਜਾਨ ਹਨ। ਦੂਸਰੀ ਗੱਲ ਹੈ ਕਿ ਬਾਣੀ ਪੜ੍ਹਿਆ-ਲਿਖਿਆ ਬੰਦਾ ਹੀ ਪੜ੍ਹ ਸਕਦਾ ਹੈ, ਅਨਪੜ੍ਹ ਕੀ ਕਰੇ ? ਜਿਸ ਲਈ ਗੁਰਬਾਣੀ ਦੱਸ ਰਹੀ ਹੈ :

**ਜੋ ਪ੍ਰਾਣੀ ਗੋਵਿੰਦੁ ਧਿਆਵੈ ॥**
**ਪੜਿਆ ਅਣਪੜਿਆ ਪਰਮ ਗਤਿ ਪਾਵੈ ॥**

*(ਅੰਗ ੧੯੭)*

ਦੂਸਰੀ ਗੱਲ ਅਖੌਤੀ ਮਿਸ਼ਨਰੀ ਬੜੇ ਜ਼ੋਰ-ਸ਼ੋਰ ਨਾਲ ਕਹਿੰਦੇ ਹਨ ਕਿ ਨਾਮ ਜਪਣ ਦੀ ਕੋਈ ਲੋੜ ਲਹੀਂ। ਪਰਮਾਤਮਾ ਦੇ ਗੁਣ ਅਸੀਂ ਮਨ ਵਿਚ ਵਸਾਉਣੇ ਹਨ। ਅਸੀਂ ਕਹਿ ਸਕਦੇ ਹਾਂ ਕਿ ਪਿਛਲੇ ਪੰਜਾਹ ਸਾਲਾਂ ਵਿਚ ਅਣਗਿਣਤ ਮਿਸ਼ਨਰੀ ਕਾਲਜ ਵਾਲਿਆਂ ਦੇ ਹਿਰਦਿਆਂ ਵਿਚ ਪਰਮਾਤਮਾ ਦੇ ਗੁਣ ਵੱਸ ਗਏ ਹੋਣਗੇ। ਪਰਮਾਤਮਾ ਦੇ ਬੇਅੰਤ ਗੁਣਾਂ ਵਿਚੋਂ ਮੋਟੇ-ਮੋਟੇ ਗੁਣ ਇਹ ਹਨ :

1. ਪੈਦਾ ਕਰਦਾ ਹੈ ਅਤੇ ਮਾਰਦਾ ਹੈ।
2. ਅਕ੍ਰਿਤਘਣਾਂ ਨੂੰ ਭੀ ਪਾਲਦਾ ਹੈ।
3. ਵੱਡੇ ਤੋਂ ਵੱਡੇ ਪਾਪੀਆਂ ਨੂੰ ਭੀ ਬਖ਼ਸ਼ ਦਿੰਦਾ ਹੈ।
4. ਹੰਕਾਰੀਆਂ ਨੂੰ ਦੰਡ ਦਿੰਦਾ ਹੈ ਅਤੇ ਅਨਾਥਾਂ ਦੀ ਬਾਂਹ ਫੜਦਾ ਹੈ।
5. ਰਾਜਿਆਂ ਨੂੰ ਭਿਖਾਰੀ ਅਤੇ ਮੰਗਤਿਆਂ ਨੂੰ ਰਾਜਾ ਬਣਾ ਦਿੰਦਾ ਹੈ।

ਲੱਖਾਂ ਦੀ ਗਿਣਤੀ ਵਿਚ ਫੈਲੇ ਮਿਸ਼ਨਰੀਆਂ ਵਿਚੋਂ ਕੋਈ ਇਕ ਹੀ ਕੱਢੋ

ਜੋ ਇਹ ਕਰ ਸਕਦਾ ਹੋਵੇ। ਕੋਈ ਹੈ?

ਮਿਸ਼ਨਰੀ ਕਾਲਜਾਂ ਦੀਆਂ ਸਟਾਲਾਂ ਉੱਪਰ ਕਿਤਾਬਾਂ ਪਈਆਂ ਹਨ, 'ਸਿਮਰਨ ਕਿਵੇਂ ਕਰੀਏ?' ਪਰ ਦੋ ਸਾਲਾ ਕੋਰਸ ਕਰਨ ਵਾਲੇ ਅਤੇ ਮਿਸ਼ਨਰੀ ਕਾਲਜਾਂ ਵਿਚ ਪੜ੍ਹਨ ਵਾਲੇ ਸਾਡੇ ਨਾਲ ਬਹਿਸਾਂ ਕਰ ਕੇ ਪੁੱਛਦੇ ਹਨ, 'ਤੁਹਾਨੂੰ ਵਾਹਿਗੁਰੂ-ਵਾਹਿਗੁਰੂ ਕਰ ਕੇ ਕੀ ਮਿਲੇਗਾ'?

ਨਿਰੀਆਂ ਚੰਚਲਤਾਈਆਂ, ਤਰਕਵਾਦੀ ਦਲੀਲਾਂ ਅਤੇ ਬਹਿਸਾਂ ਤੋਂ ਸਿਵਾਏ ਇਹਨਾਂ ਕੋਲ ਕੁਝ ਭੀ ਨਹੀਂ ਹੈ, ਜਦ ਕਿ ਗੁਰਬਾਣੀ ਦਾ ਉਪਦੇਸ਼ ਹੈ:

**ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ॥**
**ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ॥**
**ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ॥**
**ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ॥**
**ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ॥**
**ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ॥**

*(ਅੰਗ ੭੦੫)*

ਅਰਥ—ਜੋ ਪਰਮੇਸ਼ਰ ਦਾ ਨਾਮ ਨਹੀਂ ਜਪਦੇ, ਹੋਰ ਅਨੇਕਾਂ ਕੰਮ ਕਰਦੇ ਹਨ, ਮਰਨ ਪਿੱਛੋਂ ਅਣਗਿਣਤ ਜੂਨਾਂ ਵਿਚ ਪੈ ਕੇ ਵਾਰ-ਵਾਰ ਮਰਦੇ ਅਤੇ ਜੰਮਦੇ ਹਨ। ਕਦੇ ਪਸ਼ੂ, ਕਦੇ ਪੰਛੀ, ਪੱਥਰ, ਬਿਰਛ ਬਣਦੇ ਹਨ, ਕੋਈ ਗਿਣਤੀ ਹੀ ਨਹੀਂ। ਜੈਸਾ ਕਰਮ ਦਾ ਬੀਜ ਬੀਜਦੇ ਹਨ, ਵੈਸਾ ਫ਼ਲ ਪਾਉਂਦੇ ਹਨ। ਹੀਰੇ ਵਰਗਾ ਜਨਮ ਜੂਏ ਵਿਚ ਹਾਰ ਜਾਂਦੇ ਹਨ। ਦੱਸ ਰਹੇ ਹਨ ਗੁਰੂ ਸਾਹਿਬ ਕਿ ਭਰਮਦੇ ਰਹਿੰਦੇ ਹਨ, ਟਿਕਾਣਾ ਨਹੀਂ ਮਿਲਦਾ।

ਅਰਦਾਸ ਕਰੀਏ:

**ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ॥**
**ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ॥੧॥**
**ਗੁਰਸਿਖ ਮੀਤ ਚਲਹੁ ਗੁਰ ਚਾਲੀ॥**
**ਜੋ ਗੁਰੁ ਕਹੈ ਸੋਈ ਭਲ ਮਾਨਹੁ**
**ਹਰਿ ਹਰਿ ਕਥਾ ਨਿਰਾਲੀ॥੧॥ ਰਹਾਉ॥**
**ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ॥**
**ਸਤਗੁਰੁ ਸੇਵਿ ਖਰਚੁ ਹਰਿ ਬਾਧਹੁ**
**ਮਤ ਜਾਣਹੁ ਆਜੁ ਕਿ ਕਾਲ੍ਹੀ॥੨॥**

ਹਰਿ ਕੇ ਸੰਤ ਜਪਹੁ ਹਰਿ ਜਪਣਾ
ਹਰਿ ਸੰਤੁ ਚਲੈ ਹਰਿ ਨਾਲੀ ॥
ਜਿਨ ਹਰਿ ਜਪਿਆ ਸੇ ਹਰਿ ਹੋਏ
ਹਰਿ ਮਿਲਿਆ ਕੇਲ ਕੇਲਾਲੀ ॥੩॥
ਹਰਿ ਹਰਿ ਜਪਨੁ ਜਪਿ ਲੋਚ ਲੋੁਚਾਨੀ
ਹਰਿ ਕਿਰਪਾ ਕਰਿ ਬਨਵਾਲੀ ॥
ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ
ਹਮ ਸਾਧ ਜਨਾ ਪਗ ਰਾਲੀ ॥੪॥

*(ਅੰਗ ੬੬੭-੬੮)*

ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥
ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥

*(ਅੰਗ ੫੨੮)*

(ਧ੍ਰਕਟੀ—ਧਿਰਕਾਰਿਆ ਹੋਇਆ।)

# ਸਿੱਖਾਂ ਨੂੰ ਅਕਲ ਨਹੀਂ ਆਈ

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੇ ਨਾਉਂ ਹੇਠ ਛਪੀਆਂ ਕਿਤਾਬਾਂ 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' (ਦਸ ਭਾਗ), ਇੰਦਰ ਸਿੰਘ ਘੱਗਾ ਦੀਆਂ ਲਿਖੀਆਂ ਕਿਤਾਬਾਂ, ਸੁਖਵਿੰਦਰ ਸਿੰਘ ਸਭਰਾ ਦੀਆਂ ਲਿਖੀਆਂ 'ਸੰਤਾਂ ਦੇ ਕੌਤਕ' (ਛੇ ਭਾਗ) ਅਤੇ 'ਵਿਰਲੈ ਕਿਨੈ ਵੀਚਾਰਿਆ' ਲੇਖਕ ਪ੍ਰੋ. ਗੁਰਬਚਨ ਸਿੰਘ (ਥਾਈਲੈਂਡ) ਨੂੰ ਧਿਆਨ ਨਾਲ ਪੜ੍ਹੀਏ ਤਾਂ ਇਹਨਾਂ ਦੇ ਕੱਢੇ ਤੱਤ ਹੇਠ ਲਿਖੇ ਅਨੁਸਾਰ ਮਿਲਦੇ ਹਨ :

1. ਸਾਰਾ ਸਿੱਖ ਜਗਤ ਬ੍ਰਾਹਮਣਵਾਦੀ ਕਰਮ-ਕਾਂਡ ਵਿਚ ਫਸਿਆ ਹੋਇਆ ਨਜ਼ਰ ਆਉਂਦਾ ਹੈ।
2. ਸਿੱਖ ਮਿਸ਼ਨਰੀ ਕਾਲਜਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਦਾ ਲਿਖਿਆ ਸਾਰਾ ਸਿੱਖ ਇਤਿਹਾਸ ਅਤੇ ਗੁਰਬਾਣੀ ਵਿਆਖਿਆ ਬ੍ਰਾਹਮਣਵਾਦੀ ਰੰਗ ਵਿਚ ਰੰਗੀ ਹੋਈ ਹੈ।
3. ਸਾਰਾ ਸਿੱਖ ਜਗਤ ਅੱਜ ਕਰਮ-ਕਾਡਾਂ ਵਿਚ ਫਸ ਕੇ ਰਹਿ ਗਿਆ ਹੈ, ਗੁਰਬਾਣੀ ਦੀ ਵਿਚਾਰ ਨਜ਼ਰ ਨਹੀਂ ਆਉਂਦੀ।
4. ਬ੍ਰਾਹਮਣਾਂ ਵਾਂਗ ਸਿੱਖ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਕਰਦੇ ਹਨ ਪਰ ਵਿਚਾਰ ਕੇ ਬਾਣੀ ਨਹੀਂ ਪੜ੍ਹਦੇ।
5. ਹਰ ਧਰਮ ਦੇ ਪੁਜਾਰੀ ਵਰਗ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾ ਕੇ ਸਵਰਗ ਦੇ ਲਾਰੇ ਲਾ ਕੇ ਅਤੇ ਨਰਕ ਦੇ ਡਰਾਵੇ ਦੇ ਕੇ ਲੁੱਟਿਆ ਹੈ।

ਇਹਨਾਂ ਤੱਥਾਂ 'ਤੇ ਵਿਚਾਰ ਕਰਦਿਆਂ ਮੈਨੂੰ ਇਕ ਘਟਨਾ ਯਾਦ ਆ ਗਈ। ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਸਪੁੱਤਰ ਭਾਈ ਭਗਵੰਤ ਸਿੰਘ ਉਰਫ਼ 'ਹਰਿ ਜੀ' ਬਾਪੂ ਜੀ ਦੇ ਹਮ-ਜਮਾਤੀ ਸਨ। ਇਕ ਦਿਨ ਪਟਿਆਲੇ, ਮਾਡਲ ਟਾਊਨ ਸਾਡੇ ਘਰ ਬਾਪੂ ਜੀ ਨੂੰ ਮਿਲਣ ਆਏ ਅਤੇ ਕਹਿਣ ਲੱਗੇ, "ਬਾਈ ਜੀ ! ਤੁਹਾਨੂੰ ਇਕ ਮਜ਼ੇਦਾਰ ਗੱਲ ਸੁਣਾਉਂਦਾ ਹਾਂ। ਇਕ ਦਿਨ ਨਾਭੇ ਦੇ ਪੰਜ-ਸੱਤ ਬਾਣੀਏ ਕੱਛ (ਬਗਲ) ਵਿਚ ਇਕ ਅਖ਼ਬਾਰ ਲੈ ਕੇ ਸਵੇਰੇ-ਸਵੇਰੇ

ਮੈਨੂੰ ਮਿਲਣ ਆਏ। ਆ ਕੇ ਮੈਨੂੰ ਕਹਿਣ ਲੱਗੇ, 'ਸਰਦਾਰ ਜੀ! ਦੁਨੀਆਂ ਨੂੰ ਅਕਲ ਆ ਜਾਵੇਗੀ ਪਰ ਸਿੱਖਾਂ ਨੂੰ ਅਕਲ ਨਹੀਂ ਆਉਣੀ।' ਮੈਂ ਪੁੱਛਿਆ, 'ਤੁਹਾਨੂੰ ਤਕਲੀਫ਼ ਕੀ ਹੋ ਗਈ?' ਉਹਨਾਂ ਨੇ ਅਖ਼ਬਾਰ ਮੇਰੇ ਅੱਗੇ ਰੱਖਿਆ ਅਤੇ ਕਹਿਣ ਲੱਗੇ, 'ਆਹ ਦੇਖੋ! ਜਿਸ ਨੂੰ ਤੁਸੀਂ ਪ੍ਰਗਟ ਗੁਰਾਂ ਦੀ ਦੇਹ ਆਖਦੇ ਹੋ, ਉਸ ਦੀ ਹਜ਼ੂਰੀ ਅੰਦਰ ਹੀ ਅਕਾਲੀਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਮੁੱਕੋ-ਮੁੱਕੀ ਹੋ ਗਏ।'

ਮੈਂ ਕਿਹਾ, 'ਬੱਸ, ਇਸੇ ਗੱਲ ਨੇ ਤੁਹਾਨੂੰ ਪਰੇਸ਼ਾਨ ਕਰ ਦਿੱਤਾ। ਓਹ ਭਲਿਓ-ਮਾਣਸੋ, ਗੁਰੂ ਸਾਹਿਬ ਅਨੰਦਪੁਰ ਸਾਹਿਬ ਤੋਂ ਬਾਹਰ ਚਰਨ ਗੰਗਾ ਵਿਚ ਜ ਕੇ ਹੋਲਾ-ਮਹੱਲਾ ਖੇਡਦੇ ਰਹੇ ਅਤੇ ਇਹਨਾਂ ਨੇ ਅੰਮ੍ਰਿਤਸਰ ਹੀ ਗੁਰੂ ਦੀ ਹਜ਼ੂਰੀ ਵਿਚ ਹੋਲਾ-ਮਹੱਲਾ ਖੇਡ ਲਿਆ, ਇਸ ਵਿਚ ਕੀ ਆਖ਼ਰ ਆ ਗਈ?'

ਫਿਰ ਮੈਂ ਕਿਹਾ ਕਿ ਮੇਰੀ ਨੇਕ ਸਲਾਹ ਮੰਨੋ, ਤੁਸੀਂ ਦੋਨੋਂ ਵੇਲੇ ਸਵੇਰੇ ਅਤੇ ਸ਼ਾਮ ਪਰਮੇਸ਼ਰ ਅੱਗੇ ਅਰਦਾਸ ਕਰੋ ਕਿ ਸਿੱਖਾਂ ਨੂੰ ਅਕਲ ਨਾ ਆਵੇ, ਤੁਹਾਡੀ ਭਲਾਈ ਇਸੇ ਵਿਚ ਹੈ।' ਹੈਰਾਨ ਹੋ ਕੇ ਉਹ ਪੁੱਛਣ ਲੱਗੇ, 'ਇਹ ਕਿਉਂ?'

ਮੈਂ ਉੱਤਰ ਦਿੱਤਾ, 'ਸਾਡੇ ਇਕੋ ਬੰਦੇ (ਗਿਆਨੀ ਕਰਤਾਰ ਸਿੰਘ) ਨੂੰ ਅਕਲ ਆਈ ਹੈ ਅਤੇ ਉਸ ਨੇ ਤੁਹਾਡੀ ਚਕਰੀ ਭੁਆ ਰੱਖੀ ਹੈ, ਜੇ ਸਾਰਿਆਂ ਨੂੰ ਅਕਲ ਆ ਗਈ, ਫਿਰ ਤੁਸੀਂ ਪੰਜਾਬੋਂ ਬਾਹਰ ਹੋ ਜਾਵੇਗੋ। ਇਸ ਲਈ ਤੁਹਾਡੀ ਭਲਾਈ ਇਸੇ ਵਿਚ ਹੈ ਕਿ ਸਿੱਖਾਂ ਨੂੰ ਅਕਲ ਨਾ ਆਵੇ।'

ਮੇਰੀ ਵੀ ਇਹਨਾਂ ਵੀਰਾਂ ਨੂੰ ਇਹੀ ਸਲਾਹ ਹੈ ਕਿ ਇਹ ਭੀ ਇਹੀ ਅਰਦਾਸ ਕਰਨ ਕਿ ਸਿੱਖ ਕਰਮ-ਕਾਂਡ ਵਿਚ ਫਸੇ ਰਹਿਣ। ਇਸੇ ਵਿਚ ਇਹਨਾਂ ਦੀ ਭਨਾਈ ਹੈ ਕਿਉਂਕਿ ਪੰਥ ਵਿਚੋਂ ਮੇਰੇ ਵਰਗੇ ਕੁਝ ਕੁ ਸਿੱਖਾਂ ਨੂੰ ਹੀ ਗੁਰੂ ਮਹਾਰਾਜ ਨੇ ਬਾਣੀ ਦੀ ਵਿਚਾਰ ਬਖ਼ਸ਼ੀ ਹੈ ਤੇ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਸਿੱਖੀ ਅਕਾਸ਼ ਗੰਗਾ ਦੇ ਧਰੂ ਤਾਰੇ ਤੋਂ ਬੋਦੀ ਵਾਲਾ ਤਾਰਾ ਬਣਾ ਦਿੱਤਾ ਹੈ ਅਤੇ ਸੁਖਵਿੰਦਰ ਸਿੰਘ ਸਭਰਾ ਦੇ ਘੱਗਰਾ ਪੁਆ ਦਿੱਤਾ। ਸੋਚੋ! ਜੇ ਬਾਕੀ ਭੀ ਬਾਣੀ ਵਿਚਾਰ ਕੇ ਪੜ੍ਹਨ ਲੱਗ ਪਏ ਫਿਰ ਤੁਹਾਡਾ ਤੋਰੀ-ਫੁਲਕਾ ਕਿਵੇਂ ਚੱਲੂ? ਸਿੱਖੀ ਪ੍ਰਚਾਰ ਦੇ ਨਾਉਂ 'ਤੇ ਜਿਹੜਾ ਪੈਸਾ ਤੁਹਾਨੂੰ ਵਿਦੇਸ਼ਾਂ ਤੋਂ ਆਉਂਦਾ ਹੈ, ਕੌਣ ਭੇਜੂ? ਇਸੇ ਲਈ ਇਹ ਸਾਰੇ ਬਾਹਰੋਂ ਤਾਂ ਬਲਿਊ ਸਟਾਰ ਉਪਰੇਸ਼ਨ ਦੇ ਹੇਜ ਵਿਚ ਕੀਰਨੇ ਪਾਉਂਦੇ ਹਨ, ਪਰ ਅੰਦਰੋਂ ਖ਼ੁਸ਼ ਹਨ ਅਤੇ ਆਪਸ ਵਿਚ ਗੱਲਾਂ ਕਰਦੇ ਹਨ, "ਚੰਗਾ ਹੋਇਆ, ਭਿੰਡਰਾਂਵਾਲਾ ਮਰ ਗਿਆ, ਨਹੀਂ ਤਾਂ ਪਤਾ ਨਹੀਂ ਘੜੇ ਵਿਚੋਂ ਪਰਚੀ ਕਦ ਸਾਡੇ ਨਾਉਂ ਦੀ ਨਿਕਲ ਆਉਂਦੀ।

ਜਦ ਤਕ ਗੁਰੂ ਦਾ ਉਹ ਬੱਗਾ ਸ਼ੇਰ ਜਿਊਂਦਾ ਰਿਹਾ, ਤਦ ਤਕ ਇਹ ਵਿਗਿਆਨਿਕ ਧਰਮ ਦੇ ਠੇਕੇਦਾਰ ਅਤੇ ਤੱਤ ਗੁਰਮਤਿ ਪਰਵਾਰ ਕਦੇ ਕੰਨ ਵਿਚ ਪਾਇਆਂ ਰੜਕਿਆ ਨਹੀਂ ਸੀ, ਘੱਗਾ, ਸਭਰਾ ਕਦੇ ਕੁਸਕੇ ਨਹੀਂ ਸਨ। ਬੱਸ, ਉਸ ਦੇ ਅੱਖਾਂ ਮੀਚਦਿਆਂ ਹੀ ਇਹ ਚੂਹੇ ਖੁੱਡਾਂ ਵਿਚੋਂ ਨਿਕਲ ਕੇ ਕਲੋਲਾਂ ਕਰਨ ਲੱਗ ਪਏ। ਪੰਥ ਪ੍ਰਵਾਨਿਤ ਮਹਾਂਪੁਰਸ਼ਾਂ ਨੂੰ ਭੰਡਣ ਲੱਗ ਪਏ।

ਇਕ ਪਾਸੇ ਆਪਣੀਆਂ ਲਿਖਤਾਂ ਨੂੰ ਸ਼ਿੰਗਾਰਨ ਲਈ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦੇ ਹਵਾਲੇ ਦਿੰਦੇ ਹਨ, ਦੂਸਰੇ ਪਾਸੇ ਭਾਈ ਮਨੀ ਸਿੰਘ ਜੀ ਵਰਗੇ ਮਹਾਂਪੁਰਸ਼ ਨੂੰ ਸ੍ਰੀ ਦਸਮ ਗ੍ਰੰਥ ਦੀਆਂ ਬਾਣੀਆਂ ਦਾ ਸੰਕਲਨ ਕਰਨ ਲਈ ਉਹਨਾਂ ਨੂੰ ਮੂਰਖ, ਅੰਧ-ਵਿਸ਼ਵਾਸੀ ਅਤੇ ਜਾਹਲ (ਪਰਚੀਆਂ ਪਾ ਕੇ ਫ਼ੈਸਲਾ ਕਰਨ ਨੂੰ) ਸਾਬਤ ਕਰਦੇ ਹਨ। ਫਿਰ ਜਿਸ ਧਾਰਮਿਕ ਪ੍ਰਚਾਰ ਨੇ ਮਾਣ-ਮੱਤੇ ਇਤਿਹਾਸਿਕ ਨਾਇਕ ਪੈਦਾ ਕੀਤੇ, ਉਸ ਪ੍ਰਚਾਰ ਨੂੰ ਬ੍ਰਾਹਮਣਵਾਦੀ ਆਖਦੇ ਹਨ।

ਹੁਣ ਆਪਾਂ ਇਹਨਾਂ ਦੇ ਹਰ ਧਰਮ ਦੇ ਪੁਜਾਰੀ ਵਰਗ ਦੀ ਲੁੱਟ ਦੀ ਗੱਲ ਕਰ ਲਈਏ।

ਈਸਾਈ ਧਰਮ ਦਾ ਕੋਈ ਚਰਚ ਕਿਸੇ ਪਾਦਰੀ ਦੀ ਨਿੱਜੀ ਜਾਇਦਾਦ ਨਹੀਂ। ਇਹਨਾਂ ਦੀ ਧਾਰਮਿਕ ਪੁਸਤਕ ਬਾਈਬਲ ਪੜ੍ਹਨ ਦੀ ਸਭ ਨੂੰ ਖੁੱਲ੍ਹ ਹੈ। ਚਰਚ ਵਿਚ ਸਭ ਦੇ ਸਾਮ੍ਹਣੇ ਬਾਈਬਲ ਵਿਚੋਂ ਕੋਈ ਲਾਈਨ ਜਾਂ ਪੈਰਾ ਪੜ੍ਹ ਕੇ ਉਸ ਦਾ ਭਾਵ ਬੈਠੇ ਸ੍ਰੋਤਿਆਂ ਨੂੰ ਵਕਤਾ ਦੱਸਦਾ ਹੈ। ਚਰਚ ਵਿਚ ਗੁਰਦੁਆਰਿਆਂ, ਮੰਦਰਾਂ ਵਾਂਗ ਕੋਈ ਚੜ੍ਹਾਵਾ ਨਹੀਂ ਚੜ੍ਹਦਾ। ਫਿਰ ਇਥੇ ਪੁਜਾਰੀ ਦੀ ਲੁੱਟ ਦਾ ਕੀ ਸਵਾਲ ਹੈ?

ਇਸਲਾਮ ਅੰਦਰ ਮਸਜਦ ਦਾ ਇਮਾਮ ਬਣਨ ਲਈ ਬਾਕਾਇਦਾ ਪੰਜ ਸਾਲ ਦਾ ਕੋਰਸ ਕਰਨਾ ਪੈਂਦਾ ਹੈ। ਹਿੰਦੁਸਤਾਨ ਵਿਚ ਏਸ਼ੀਆ ਦਾ ਸਭ ਤੋਂ ਵੱਡਾ ਇਸਲਾਮਿਕ ਸਕੂਲ ਦੇਓਬੰਦ, ਮੇਰਠ ਕੋਲ ਉੱਤਰ ਪ੍ਰਦੇਸ਼ ਵਿਚ ਹੈ। ਕੋਈ ਮਸਜਦ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਅਤੇ ਨਾ ਹੀ ਇਥੇ ਕੋਈ ਚੜ੍ਹਾਵਾ ਚੜ੍ਹਦਾ ਹੈ। ਹਰ ਵੱਡੀ ਮਸਜਦ ਲਈ ਟ੍ਰਸਟ ਬਣੇ ਹੋਏ ਹਨ ਅਤੇ ਕਾਲੋਨੀਆਂ ਵਿਚ ਬਣੀਆਂ ਕਮੇਟੀਆਂ ਮਸਜਦ ਦੇ ਇਮਾਮ ਨੂੰ ਤਨਖ਼ਾਹ ਦਿੰਦੀਆਂ ਹਨ।

ਬੋਧੀਆਂ ਦੇ ਬੋਧ-ਮੱਠ ਵਿਚਲੇ ਧਾਰਮਿਕ ਆਗੂਆਂ ਦਾ ਨਾਉਂ ਭੀ ਭਿਖਸ਼ੂ ਹੈ। ਪਿਛਲੇ ਜ਼ਮਾਨੇ ਵਿਚ ਇਹ ਬੋਧ-ਭਿਖਸ਼ੂ ਕੇਵਲ ਇਕ ਘਰ ਅੱਗੇ ਜਾ ਕੇ ਅਵਾਜ਼ ਦਿੰਦੇ ਸੀ ਅਤੇ ਜੋ ਮਿਲ ਗਿਆ, ਉਹ ਲੈ ਕੇ ਗੁਜ਼ਾਰਾ ਕਰਦੇ ਸਨ, ਬਾਕੀ ਸਾਰਾ ਦਿਨ ਸਾਧਨਾ ਕਰਦੇ ਸਨ।

ਜੈਨ ਧਰਮ ਦੇ ਧਾਰਮਿਕ ਆਗੂਆਂ ਦਾ ਤਾਂ ਜੀਵਨ ਹੀ ਅਤਿ ਦਰਜੇ ਦੇ ਤਿਆਗ ਵਾਲਾ ਹੈ। ਇਹਨਾਂ ਦੇ ਇਕ ਵਰਗ ਦੇ ਧਾਰਮਿਕ ਜੈਨ-ਮੁਨੀ ਤਾਂ ਕੱਪੜੇ ਭੀ ਨਹੀਂ ਪਾਉਂਦੇ, ਅਲਫ਼ ਨੰਗੇ ਰਹਿੰਦੇ ਹਨ, ਜੋ ਕਿ ਟੀ.ਵੀ. ਦੇ ਆਸਥਾ ਚੈਨਲ 'ਤੇ ਦੇਖੇ ਜਾ ਸਕਦੇ ਹਨ। ਇਸ ਲਈ ਇਹਨਾਂ ਦੀ ਲੁੱਟ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਸਿੱਖ ਜਗਤ ਦੇ ਇਤਿਹਾਸਿਕ ਗੁਰਦੁਆਰਿਆਂ ਦੇ ਧਰਮ ਪ੍ਰਚਾਰਕ, ਗ੍ਰੰਥੀ, ਕਥਾ-ਵਾਚਕ, ਕੀਰਤਨੀਏ ਭੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਪੰਜਾਬ ਤੋਂ ਬਾਹਰ ਬਣੇ ਟ੍ਰਸਟਾਂ ਤੇ ਤਨਖ਼ਾਹਦਾਰ ਨੌਕਰ ਹਨ। ਲੋਕਲ ਕਾਲੋਨੀਆਂ ਵਿਚ ਬਣੇ ਗੁਰਦੁਆਰੇ ਭੀ ਲੋਕਲ ਕਮੇਟੀਆਂ ਦੇ ਅਧੀਨ ਹਨ। ਇਥੇ ਜੋ ਚੜ੍ਹਾਵਾ ਚੜ੍ਹਦਾ ਹੈ, ਕਮੇਟੀ ਕੋਲ ਜਾਂਦਾ ਹੈ ਨਾ ਕਿ ਗ੍ਰੰਥੀ ਕੋਲ।

ਕੇਵਲ ਸਨਾਤਨ ਧਰਮ ਦੇ ਮੰਦਰ (ਪੁਰਾਣੇ) ਹੀ ਪੁਜਾਰੀ ਵਰਗ ਦੀ ਨਿੱਜੀ ਜਾਇਦਾਦ ਹਨ ਅਤੇ ਧਾਰਮਿਕ ਗ੍ਰੰਥ ਭੀ ਬ੍ਰਾਹਮਣ ਦੀ ਨਿੱਜੀ ਜਾਇਦਾਦ ਵਾਂਗ ਹਨ।

ਸੋ ਕਿਤਾਬ ਦੇ ਲੇਖਕ ਦਾ ਇਹ ਇਲਜ਼ਾਮ ਸਿੱਖ ਜਗਤ ਲਈ ਅਤੇ ਹੋਰ ਧਰਮਾਂ ਲਈ ਕੋਰੇ ਝੂਠ ਦੇ ਪੁਲੰਦੇ ਤੋਂ ਸਿਵਾਏ ਕੁਝ ਭੀ ਨਹੀਂ।

ਪਰ ਲੇਖਕ ਨੇ ਚਲਾਕੀ ਨਾਲ ਸਨਾਤਨ ਧਰਮ ਦੇ ਵਿਸ਼ਵਾਸਾਂ ਅਤੇ ਪਰੰਪਰਾਵਾਂ ਨੂੰ ਸਿੱਖੀ ਨਾਲ ਰਲ-ਗੱਡ ਕਰ ਕੇ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਪਾਠਕ ਨੂੰ ਜਾਪੇ ਕਿ ਸਭ ਸਿੱਖੀ ਪਰੰਪਰਾਵਾਂ ਹਨ। ਦੂਸਰੀ ਵੱਡੀ ਗੱਲ ਇਹ ਹੈ ਕਿ ਇਹਨਾਂ ਦੀਆਂ ਕਿਤਾਬਾਂ ਤੋਂ ਪ੍ਰਗਟ ਹੁੰਦਾ ਹੈ ਕਿ ਇਹਨਾਂ ਦਾ ਕਿਸੇ ਧਰਮ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ ਹੈ, ਇਹ ਵਿਗਿਆਨ ਦੇ ਸਿੱਖ ਹਨ ਅਤੇ ਪੂਰੇ ਨਾਸਤਿਕਤਾ ਮੱਤ ਦੇ ਪ੍ਰਚਾਰਕ ਹਨ ਪਰ ਬਾਹਰੋਂ ਭੇਸ ਸਿੱਖੀ ਵਾਲਾ ਧਾਰਨ ਕੀਤਾ ਹੋਇਆ ਹੈ, ਕੇਵਲ ਇਕ ਛਲਾਵਾ ਹੈ ਜੋ ਕਿ ਇਹਨਾਂ ਦੀ ਗੁਰਬਾਣੀ ਦੀ ਕੀਤੀ ਵਿਆਖਿਆ ਤੋਂ ਪ੍ਰਗਟ ਹੋ ਜਾਂਦਾ ਹੈ ਅਤੇ ਅਸੀਂ ਥਾਂ-ਪਰ-ਥਾਂ ਇਹ ਸਚਾਈ ਇਸ ਕਿਤਾਬ ਅਤੇ ਪਹਿਲੀਆਂ ਕਿਤਾਬਾਂ ਵਿਚ ਪ੍ਰਗਟ ਕਰ ਦਿੱਤੀ ਹੈ।

–

# ਕਿਤਾਬ ਦਾ ਸਭ ਤੋਂ ਵੱਡਾ ਝੂਠ

ਪ੍ਰੋਫ਼ੈਸਰ ਗੁਰਬਚਨ ਸਿੰਘ ਜੀ ਆਪਣੀ ਕਿਤਾਬ ਦੇ ਪੰਨਾ 249 ’ਤੇ ਲਿਖਦੇ ਹਨ :

> ਬੁੱਧ-ਮਤ ਦੇ ਪ੍ਰਚਾਰ ਸੰਬੰਧੀ 1983 ਈ. ਨੂੰ ਬਹੁਤ ਵੱਡਾ ਪ੍ਰਚਾਰ ਸੰਮੇਲਨ ਹੋਇਆ, ਜਿਸ ਵਿਚ ਵਿਚਾਰਾਂ ਹੋਈਆਂ ਕਿ ਬੁੱਧ-ਮਤ ਦੀ ਵਿਚਾਰਧਾਰਾ ਨੂੰ ਕਿਵੇਂ ਦੁਨੀਆਂ ਤਕ ਪਹੁੰਚਾਇਆ ਜਾਵੇ। ਉਦੋਂ ਤਕ ਬੁੱਧ-ਮਤ ਦਾ ਪ੍ਰਚਾਰ ਕਰਨ ਲਈ ਬ੍ਰਾਹਮਣ ਪ੍ਰਚਾਰਕ ਪੂਰੀ ਤਰ੍ਹਾਂ ਘੁਸਪੈਠ ਕਰ ਚੁੱਕਾ ਸੀ। ਇਸ ਮੌਕੇ ’ਤੇ ਬ੍ਰਾਹਮਣ ਪ੍ਰਚਾਰਕ ਅਸ਼ਵਾ ਘੋਸ਼ ਨੇ ਇਸ ਸੰਮੇਲਨ ਦੀ ਪ੍ਰਧਾਨਗੀ ਕਰਦਿਆਂ ਅਤੇ ਅੰਦਰ ਖਾਤੇ ਬੁੱਧ-ਮਤ ਦੀ ਜੜ੍ਹੀਂ ਤੇਲ ਦਿੰਦਿਆਂ ਹੋਇਆਂ ਅਸ਼ਟ ਮਾਰਗ ਦੇ ਪਵਿੱਤਰ ਸਿਧਾਂਤਾਂ ਨੂੰ ਹਨੇਰੀ ਕੋਠੜੀ ਵਿਚ ਸੁੱਟਦਿਆਂ ਮਹਾਤਮਾ ਬੁੱਧ ਜੀ ਦੀਆਂ ਮੂਰਤੀਆਂ ਨੂੰ ਮੰਦਰਾਂ ਵਿਚ ਸਥਾਪਿਤ ਕਰਨ ਦੀ ਤਜਵੀਜ਼ ਪ੍ਰਵਾਨ ਕਰਵਾ ਲਈ। ਅੱਜ ਮਹਾਤਮਾ ਬੁੱਧ ਦੀ ਸਿੱਖਿਆ ਪੁਸਤਕਾਂ ਵਿਚ ਤਾਂ ਦੇਖੀ ਜਾ ਸਕਦੀ ਹੈ ਪਰ ਮੰਦਰਾਂ ਵਿਚੋਂ ਮਹਿੰਗੇ ਭਾਅ ਦੇ ਨੀਲਮ ਦੇ ਬੁੱਤ ਤੇ ਤਸਵੀਰਾਂ ਮਿਲਣਗੀਆਂ, ਅਸ਼ਟ ਮਾਰਗ ਨੂੰ ਸਮਝਣਾ ਦੂਰ ਦੀ ਬਾਤ ਹੋ ਗਈ ਹੈ।

ਬੁੱਧ-ਮਤ ਨੂੰ ਸਥਾਪਿਤ ਹੋਇਆਂ ਤਕਰੀਬਨ ਦੋ ਹਜ਼ਾਰ ਸਾਲ ਹੋ ਗਏ ਹਨ। ਭਾਰਤ ਤੋਂ ਇਲਾਵਾ ਮਲਾਇਆ, ਬਰਮਾ, ਚੀਨ, ਜਾਪਾਨ, ਸ੍ਰੀਲੰਕਾ ਤਕ ਫੈਲਿਆ ਹੋਇਆ ਹੈ। ਕੋਈ ਜ਼ਮਾਨਾ ਸੀ ਕਿ ਕਾਬਲ, ਅਫ਼ਗ਼ਾਨਿਸਤਾਨ, ਈਰਾਨ ਤਕ ਇਹ ਧਰਮ ਫੈਲਿਆ ਹੋਇਆ ਸੀ। ਇਸਲਾਮਿਕ ਹਮਲਾਵਰਾਂ ਕਾਰਨ ਇਹ ਅਫ਼ਗ਼ਾਨਿਸਤਾਨ ਤੇ ਈਰਾਨ ਵਿਚੋਂ ਖ਼ਤਮ ਹੋ ਗਿਆ। ਸ਼ੰਕਰਾਚਾਰੀਆ ਨੇ ਰਾਜਪੂਤ ਰਾਜਿਆਂ ਨਾਲ ਮਿਲ ਕੇ ਹਿੰਦੁਸਤਾਨ ਵਿਚੋਂ ਇਸ ਨੂੰ ਬਾਹਰ ਧੱਕ ਦਿੱਤਾ। ਫਿਰ ਭੀ ਦੁਨੀਆਂ ਦੇ ਵੱਡੇ ਧਰਮਾਂ ਵਿਚ ਇਸ ਦਾ ਤੀਸਰਾ ਅਸਥਾਨ ਹੈ। ਹਜ਼ਾਰਾਂ ਸਾਲ ਪੁਰਾਣੇ ਬੋਧ-ਮੱਠਾਂ ਵਿਚ ਮਹਾਤਮਾ ਬੁੱਧ

ਦੀਆਂ ਮੂਰਤੀਆਂ ਸਥਾਪਿਤ ਹੋਈਆਂ ਦੇਖੀਆਂ ਜਾ ਸਕਦੀਆਂ ਹਨ। ਜਦ ਕਿ 1500 ਸਾਲ ਪੁਰਾਣੀ, ਪਹਾੜੀ ਵਿਚ ਖਣ ਕੇ ਬਣਾਈ ਅਫ਼ਗ਼ਾਨਿਸਤਾਨ ਵਿਚ ਮਹਾਤਮਾ ਬੁੱਧ ਜੀ ਦੀ 183 ਫੁੱਟ ਉੱਚੀ ਮੂਰਤੀ ਤਾਲਿਬਾਨਾਂ ਨੇ 1990 ਵਿਚ ਤੋੜ ਕੇ ਬੇਹੁਰਮਤੀ ਕੀਤੀ ਹੈ ਅਤੇ ਸੰਸਾਰ ਭਰ ਦੇ ਬੁੱਧੀਜੀਵੀਆਂ ਨੇ ਇਸ ਦੀ ਨਿੰਦਾ ਕੀਤੀ ਹੈ।

ਫਿਰ ਜੇ ਅੱਗੇ ਇਸ ਲਿਖਤ ਦੀ ਪੜਚੋਲ ਕਰੀਏ, ਕੀ ਈਸਾਈਆਂ ਦੇ ਚਰਚਾਂ ਵਿਚ, ਕਿਸੇ ਬ੍ਰਾਹਮਣ ਪ੍ਰਚਾਰਕ ਨੇ ਘੁਸਪੈਠ ਕਰਨ ਨਾਲ ਹਜ਼ਰਤ ਈਸਾਜੀ ਦੀਆਂ ਮੂਰਤੀਆਂ ਸਥਾਪਿਤ ਹੋ ਗਈਆਂ ?

ਸਮਝਦਾਰ ਬੰਦੇ ਲਈ ਲੇਖਕ ਦਾ ਟੋਭੇ ਦੇ ਕੰਢੇ ਮਾਰਿਆ ਗਪੌੜ ਹੈ ਅਤੇ ਸਾਹਿਤਿਕ ਜਾਂ ਇਤਿਹਾਸਿਕ ਖੇਤਰ ਦੇ ਗਿਆਨੀਆਂ ਲਈ ਸਭ ਤੋਂ ਵੱਡਾ ਝੂਠ ਹੈ। ਨਾਲ ਹੀ ਇਸ ਗੱਲ ਨੇ ਅਖੌਤੀ ਪ੍ਰੋਫ਼ੈਸਰ ਸਾਹਿਬ ਦੀ ਬੌਧਿਕਤਾ ਦਾ ਦਿਵਾਲਾ ਕੱਢ ਦਿੱਤਾ। ਮਹਾਤਮਾ ਬੁੱਧ ਜੀ ਦੇ ਸੰਸਾਰ ਤਿਆਗਣ ਤੋਂ ਤਕਰੀਬਨ 500 ਸਾਲ ਪਿੱਛੋਂ ਬੋਧ-ਮੱਠ ਵਿਚ ਕੇਵਲ ਬੁੱਧ ਜੀ ਦੇ ਆਦਮ-ਕੱਦ ਬੁੱਧ ਸਥਾਪਿਤ ਹੋ ਗਏ।

ਫਿਰ ਭੀ ਬੁੱਧ-ਮਤ ਦੇ ਪ੍ਰਚਾਰਕ ਜਾਂ ਵਿਦਵਾਨਾਂ ਨੇ ਜੋ ਸਾਹਿਤ ਰਚਿਆ ਜਾਂ ਹੁਣ ਰਚ ਰਹੇ ਹਨ, ਉਸ ਦੀ ਇਹ ਕਲਪਨਾ ਭੀ ਨਹੀਂ ਕਰ ਸਕਦੇ। ਮੂਰਤੀਆਂ ਸਥਾਪਿਤ ਹੋਣ ਦੇ ਬਾਵਜੂਦ ਅੱਜ ਤਕ ਕਿਸੇ ਬੋਧ-ਮਤ ਦੇ ਵਿਦਵਾਨ ਨੇ ਬੋਧੀਆਂ ਨੂੰ ਬ੍ਰਾਹਮਣਵਾਦੀ ਨਹੀਂ ਕਿਹਾ। ਅਖੌਤੀ ਸਿੱਖ ਮਿਸ਼ਨਰੀਆਂ ਦੀ ਕੋਈ ਭੀ ਕਿਤਾਬ ਸਿੱਖਾਂ ਨੂੰ ਬ੍ਰਾਹਮਣਵਾਦੀ ਕਹੇ ਬਗ਼ੈਰ ਪੂਰੀ ਨਹੀਂ ਹੁੰਦੀ। ਇਸ ਪਿੱਛੇ ਭੀ ਕੋਈ ਗਹਿਰੀ ਸਾਜ਼ਸ਼ ਕੰਮ ਕਰ ਰਹੀ ਹੈ, ਸ਼ਾਇਦ ਹਿੰਦੂ-ਸਿੱਖਾਂ ਵਿਚ ਨਫ਼ਰਤ ਫੈਲਾ ਕੇ ਦੰਗੇ-ਫ਼ਸਾਦ ਕਰਨ ਉਪਰੰਤ ਦੁਬਾਰਾ ਬਲਿਊ ਸਟਾਰ ਕਰਵਾਉਣ ਲਈ ਮਾਹੌਲ ਸਿਰਜਣਾ ਭੀ ਹੋ ਸਕਦਾ ਹੈ।

–

# ਬਾਣੀ ਵਿਰਲਉ ਬੀਚਾਰਸੀ

'ਵਿਰਲੈ ਕਿਨੈ ਵੀਚਾਰਿਆ' ਦਾ ਲੇਖਕ ਆਪਣੇ ਮਿੱਤਰ ਅਰਵਿੰਦਰ ਸਿੰਘ ਨਾਲ ਮਈ 2008 ਵਿਚ ਇਕ ਘਰ ਗਿਆ, ਉਥੇ ਦੇਖਿਆ ਕਿ ਕੁਝ ਵੀਰ ਚੱਕਰ, ਕਿਰਪਾਨਾਂ, ਢਾਲਾਂ, ਤੀਰ, ਖੰਡੇ ਅਤੇ ਬਰਛਿਆਂ ਨੂੰ ਕੱਚੀ ਲੱਸੀ ਨਾਲ ਧੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸਜਾ ਰਹੇ ਹਨ। ਦੂਸਰੇ ਘਰ ਗਿਆ, ਉਥੇ ਦੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਗੁਰੂ ਨਾਨਕ ਸਾਹਿਬ ਦੀ ਤਸਵੀਰ ਤੋਂ ਇਲਾਵਾ ਕਿਸੇ ਸੰਤ ਦੀ ਫ਼ੋਟੋ ਪਈ ਸੀ। ਇਥੇ ਕੀਰਤਨ ਕਥਾ ਨੂੰ ਛੱਡ ਕੇ ਲੋਕ ਗੀਤਾਂ ਦੀ ਧਾਰਨਾ 'ਤੇ ਵੱਖ-ਵੱਖ ਪ੍ਰਕਾਰ ਦੀਆਂ ਬੋਲੀਆਂ ਪਾਈਆਂ ਜਾ ਰਹੀਆਂ ਸਨ।

ਤੀਸਰੇ ਘਰ ਵਿਚ ਗਿਆ, ਉਥੇ ਦੇਖਿਆ ਕਿ ਗੁਰਬਾਣੀ ਨੂੰ ਛੱਡ ਕੇ ਵਾਹਿਗੁਰੂ ਦਾ ਜਾਪ ਕਦੇ ਹੌਲੀ, ਕਦੇ ਬਹੁਤ ਤੇਜ਼ ਕੀਤਾ ਜਾ ਰਿਹਾ ਸੀ ਅਤੇ ਨਾਲ ਹੀ ਸਰੀਰ ਭੀ ਹਿੱਲ ਰਹੇ ਸਨ। ਇਥੇ ਪਤਾ ਲੱਗਿਆ ਕਿ ਜਿਸ ਨੇ ਅੰਮ੍ਰਿਤ ਨਹੀਂ ਛਕਿਆ, ਉਸ ਨੂੰ ਲੰਗਰ ਤਿਆਰ ਕਰਨ ਸਮੇਂ ਨੇੜੇ ਨਹੀਂ ਆਉਣ ਦਿੱਤਾ ਜਾਂਦਾ।

*(ਵਿਰਲੈ ਕਿਨੈ ਵੀਚਾਰਿਆ, ਪੰਨੇ ੨੬੨-੬੩)*

ਸ੍ਰੀ ਅਖੰਡ-ਪਾਠ, ਕੀਰਤਨ ਦਰਬਾਰ, ਸੁਖਮਨੀ ਸਾਹਿਬ ਦੀਆਂ ਲੜੀਆਂ, ਪ੍ਰਭਾਤ ਫੇਰੀਆਂ, ਝੂਮ-ਝੂਮ ਕੇ ਰੈਣ-ਸਬਾਈਆਂ ਤਾਂ ਸਾਰੇ ਹੀ ਕਰਦੇ ਹਨ, ਪਰ ਗੁਰਬਾਣੀ ਨੂੰ ਕੋਈ ਵਿਰਲਾ ਹੀ ਵਿਚਾਰਨ ਦੀ ਗੱਲ ਕਰੇਗਾ।

*(ਪੰਨਾ ੨੬੧)*

ਉੱਪਰਲੀ ਨਜ਼ਰ ਨਾਲ ਲੇਖਕ ਦੀਆਂ ਇਹ ਗੱਲਾਂ ਬਹੁਤ ਸੁੰਦਰ, ਸਿਧਾਂਤਿਕ ਅਤੇ ਗੁਰਮਤਿ ਅਨੁਕੂਲ ਹਨ। ਲੇਖਕ ਨੇ ਸਿੱਟਾ ਕੱਢਿਆ ਹੈ ਕਿ ਗੁਰਬਾਣੀ ਦੀ ਵਿਚਾਰ ਤੋਂ ਬਿਨਾਂ ਉਪਰਲੀਆਂ ਗੱਲਾਂ ਤੋਂ ਇਲਾਵਾ ਲੰਗਰ ਅਤੇ ਹੋਰ ਹਰ ਪ੍ਰਕਾਰ ਦੀ ਸੇਵਾ ਮਨ ਵਿਚ ਅਹੰਕਾਰ ਪੈਦਾ ਕਰਦੀ ਹੈ।

ਜਦ ਡੂੰਘਾਈ ਵਿਚ ਜਾ ਕੇ ਦੇਖਾਂਗੇ ਤਾਂ ਪਤਾ ਚੱਲੇਗਾ ਕਿ ਲੇਖਕ ਨੇ ਕਿਸੇ ਹੋਰ ਮਨੋਰਥ ਲਈ ਇਹ ਸਭ ਗੱਲਾਂ ਲਿਖੀਆਂ ਹਨ। ਸਿੱਧੇ ਲਫ਼ਜ਼ਾਂ ਵਿਚ

ਲੇਖਕ ਨੇ ਵਿੰਗੇ-ਟੇਢੇ ਤਰੀਕੇ ਨਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਵਿਚਾਰਧਾਰਾ ਅਨੁਸਾਰ ਨਾਮ ਜਪਣ ਅਤੇ ਕੀਰਤਨ ਨੂੰ ਕਰਮ-ਕਾਂਡ ਸਿੱਧ ਕੀਤਾ ਹੈ, ਸੰਤ ਅਤਰ ਸਿੰਘ ਜੀ ਮਸਤੂਆਣਾ ਦੀ ਚਲਾਈ ਖੁੱਲ੍ਹੀਆਂ ਧਾਰਨਾ ਨਾਲ ਗੁਰਬਾਣੀ ਪੜ੍ਹਨ ਦੀ ਮਰਯਾਦਾ ਦਾ ਖੰਡਨ ਕੀਤਾ ਹੈ ਅਤੇ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੂੰ ਭੰਡਿਆ ਹੈ।

ਜਿਨ੍ਹਾਂ ਬੰਦਿਆਂ ਨੇ ਇਹਨਾਂ ਮਹਾਂਪੁਰਸ਼ਾਂ ਦਾ ਜੀਵਨ ਪੜ੍ਹਿਆ ਹੈ ਜਾਂ ਇਹਨਾਂ ਨਾਲ ਜੀਵਨ ਵਿਚ ਵਿਚਰੇ ਹਨ, ਉਹਨਾਂ ਦੇ ਚਸ਼ਮੇ ਰਾਹੀਂ ਜਦ ਅਸੀਂ ਪੜਚੋਲ ਕਰਾਂਗੇ ਤਾਂ ਹੋਰ ਤੱਥ ਸਾਮ੍ਹਣੇ ਆਉਣਗੇ ਪਰ ਜਦ ਇਹਨਾਂ ਅਖੌਤੀ ਪ੍ਰੋਫ਼ੈਸਰਾਂ ਅਤੇ ਵਿਗਿਆਨ ਦੀ ਕਸਵੱਟੀ ਨਾਲ ਧਰਮ ਨੂੰ ਦੇਖਣ ਵਾਲਿਆਂ ਦੇ ਚਸ਼ਮੇ ਨਾਲ ਦੇਖਾਂਗੇ ਤਾਂ ਸਿੱਟਾ ਹੋਰ ਹੋਵੇਗਾ। ਅਸੀਂ ਕੇਵਲ ਟੂਕ ਮਾਤਰ ਇਹਨਾਂ ਮਹਾਂਪੁਰਸ਼ਾਂ ਦੀ ਜਾਣ-ਪਛਾਣ ਪਾਠਕਾਂ ਨਾਲ ਕਰਵਾ ਕੇ ਅੱਗੇ ਚੱਲਾਂਗੇ।

## ਸੰਤ ਅਤਰ ਸਿੰਘ ਜੀ

ਲੇਖਕ ਨੇ ਆਪਣੀ ਕਿਤਾਬ ਵਿਚ ਜਗ੍ਹਾ-ਜਗ੍ਹਾ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਵਿਚੋਂ ਪ੍ਰਮਾਣ ਦਿੱਤੇ ਹਨ। ਇਸ ਲਈ ਅਸੀਂ ਮੰਨਾਂਗੇ ਕਿ ਇਹ ਭਾਈ ਕਾਨ੍ਹ ਸਿੰਘ ਜੀ ਨੂੰ ਸਹੀ ਮੰਨਦਾ ਹੈ। ਮਹਾਨ ਕੋਸ਼ ਦੇ ਪੰਨਾ 52 ’ਤੇ ਸੰਤ ਜੀ ਦੀ ਫ਼ੋਟੋ ਦੇ ਕੇ ਪਹਿਲੇ ਕਾਲਮ ਦੇ ਨੰਬਰ 3 ’ਤੇ ਲਿਖਿਆ ਹੈ:

“ਨਾਮ ਦੇ ਰਸੀਏ ਗੁਰਬਾਣੀ ਦੇ ਕੀਰਤਨ ਦਾ ਪ੍ਰਚਾਰ ਕਰਨ ਵਾਲੇ ਸੰਤ ਅਤਰ ਸਿੰਘ ਜੀ, ਇਹਨਾਂ ਦਾ ਜਨਮ ਪਿੰਡ ਚੀਮੇ, ਪਟਿਆਲਾ ਦੀ ਤਹਿਸੀਲ ਸੁਨਾਮ ਵਿਚ ਹੋਇਆ।”

ਅੱਗੇ ਲਿਖਦੇ ਹਨ, “ਆਪ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਸੁਮਾਰਗ ਪਾਇਆ, ਸੰਤ ਜੀ ਪੂਰੇ ਤਿਆਗੀ ਅਤੇ ਕਰਮਜੋਗ ਦੇ ਅਭਿਆਸੀ ਸਨ, ਇਹਨਾਂ ਦੇ ਬਣਾਏ ਗੁਰਸਾਗਰ ਮਸਤੂਆਣਾ ਅਤੇ ਦਮਦਮਾ ਸਾਹਿਬ ਦੇ ਆਲੀਸ਼ਾਨ ਤੇ ਮਨੋਹਰ ਮੰਦਰ ਇਹਨਾਂ ਦੀ ਅਟੱਲ ਯਾਦਗਾਰ ਹਨ।”

ਜਿਸ ਜ਼ਮਾਨੇ ਦੀ ਇਹ ਗੱਲ ਹੈ, ਉਸ ਸਮੇਂ ਮਾਲਵੇ ਦੇ ਪਿੰਡਾਂ ਵਿਚ ਸਕੂਲਾਂ ਦਾ ਕੋਈ ਨਾਉਂ-ਥੇਹ ਨਹੀਂ ਸੀ। ਸਾਰੀ ਰਿਆਸਤ ਪਟਿਆਲਾ ਵਿਚ ਕੇਵਲ ਇਕ ਮਹਿੰਦਰਾ ਕਾਲਜ ਸੀ। ਗੁਰਬਾਣੀ ਦੇ ਗੂੜ੍ਹ ਰਹੱਸਾਂ ਨੂੰ ਵਿਚਾਰਨ ਵਾਲੇ ਉਂਗਲਾਂ ’ਤੇ ਗਿਣਨ ਵਾਲੇ ਸਨ। ਸੰਤ ਜੀ ਨੇ ਆਮ ਲੋਕਾਈ ਦੀ ਨਬਜ਼ ਨੂੰ ਪਹਿਚਾਣਿਆ ਅਤੇ ਜਿਹੜੀ ਬੋਲੀ ਉਹ ਸਮਝਦੇ ਸਨ, ਉਸੇ ਭਾਸ਼ਾ ਅਤੇ

ਉਸੇ ਅੰਦਾਜ਼ ਵਿਚ ਪ੍ਰਚਾਰ ਕਰ ਕੇ ਇਸ ਇਲਾਕੇ ਵਿਚ ਸਿੱਖੀ ਦੀ ਲਹਿਰ ਚਲਾਈ ਅਤੇ ਘਰ-ਘਰ ਗੁਰਬਾਣੀ ਪ੍ਰਚਲਿਤ ਕੀਤੀ। ਸਭ ਤੋਂ ਵੱਧ ਦੁਨੀਆਂ ਉਹਨਾਂ ਦੀ ਮਿਕਨਾਤੀਸੀ ਸ਼ਖ਼ਸੀ ਜ਼ਿੰਦਗੀ ਤੋਂ ਪ੍ਰੇਰਿਤ ਹੋ ਕੇ ਸਿੱਖੀ ਅਦਾਰੇ ਵਿਚ ਆਈ। ਸਿੱਖ ਰਿਆਸਤਾਂ ਦੇ ਰਾਜਿਆਂ ਤੋਂ ਲੈ ਕੇ ਗ਼ਰੀਬ ਤੋਂ ਗ਼ਰੀਬ ਉਹਨਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਸਨ।

ਉਸ ਜ਼ਮਾਨੇ ਦੀ ਗੱਲ ਛੱਡੋ, ਅੱਜ ਭੀ ਇਸ ਇਲਾਕੇ ਦੇ ਪਿੰਡਾਂ ਵਿਚ ਜਾ ਕੇ ਪੱਕੇ ਰਾਗਾਂ ਵਿਚ ਜੇ ਕੋਈ ਗੁਰਬਾਣੀ ਦਾ ਕੀਤਰਨ ਕਰੇ ਤਾਂ ਪੰਡਾਲ ਖ਼ਾਲੀ ਹੋ ਜਾਵੇਗਾ ਕਿਉਂਕਿ ਕਿਸੇ ਨੂੰ ਸਮਝ ਨਹੀਂ ਆਉਂਦਾ। ਇਸ ਲਈ ਇਹ ਤਰੀਕਾ ਅੱਜ ਭੀ ਪਿੰਡਾਂ ਵਿਚ ਸਾਰਥਿਕ ਸਿੱਧ ਹੋ ਰਿਹਾ ਹੈ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਾਲਿਆਂ ਦੀਆਂ ਕਿਤਾਬਾਂ ਪੜ੍ਹ ਕੇ ਅੱਜ ਤਕ ਇਕ ਭੀ ਰਾਧਾ ਸੁਆਮੀ ਜਾਂ ਸੱਚੇ ਸੌਦੇ ਵਾਲਾ ਸਿੱਖੀ ਦਾ ਅੰਗ ਨਹੀਂ ਬਣ ਸਕਿਆ, ਪਰ ਢੱਡਰੀਆਂ ਵਾਲੇ ਦੇ ਵਿਖਿਆਨਾਂ ਨੇ ਕਰ ਦਿਖਾਇਆ। ਇਸ ਲਈ ਅਸੀਂ ਕਹਾਂਗੇ :

**ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ।**

ਸੰਤ ਅਤਰ ਸਿੰਘ ਜੀ ਦੀ ਦੂਰ-ਅੰਦੇਸ਼ੀ ਕਰਕੇ ਹੀ ਅੱਜ ਤੋਂ ਤਕਰੀਬਨ ਸੌ ਸਾਲ ਪਹਿਲਾਂ, ਮਸਤੂਆਣਾ ਵਿਚ ਅਕਾਲ ਡਿਗਰੀ ਕਾਲਜ ਬਣਿਆ। ਇਸ ਤੋਂ ਇਲਾਵਾ ਚੀਫ਼ ਖ਼ਾਲਸਾ ਦੀਵਾਨ ਨਾਲ ਮਿਲ ਕੇ ਪੰਥਕ ਮਾਮਲਿਆਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਲੇਖਕ ਦੀ ਉਮਰ ਛੋਟੀ ਹੋਣ ਕਰਕੇ ਜਾਂ ਤਾਂ ਉਸ ਨੂੰ ਇਹਨਾਂ ਗੱਲਾਂ ਦਾ ਪਤਾ ਨਹੀਂ ਜਾਂ ਫਿਰ ਜਾਣ-ਬੁਝ ਕੇ ਸਹੀ ਤੱਥਾਂ ਨੂੰ ਛੁਪਾ ਕੇ ਪਾਠਕਾਂ ਨੂੰ ਗੁਮਰਾਹ ਕਰ ਰਿਹਾ ਹੈ।

## ਭਾਈ ਰਣਧੀਰ ਸਿੰਘ ਜੀ

ਇਹ ਪਿੰਡ ਨਾਰੰਗਵਾਲ (ਲੁਧਿਆਣਾ) ਦੇ ਸਰਦਾਰ ਨੱਥਾ ਸਿੰਘ, ਨਾਭਾ ਹਾਈ ਕੋਰਟ ਦੇ ਜੱਜ ਦੇ ਸਪੁੱਤਰ ਸਨ। ਜਨਮ ਦਾ ਨਾਉਂ ਬਸੰਤ ਸਿੰਘ ਸੀ, ਅੰਮ੍ਰਿਤ ਛਕਣ ਪਿੱਛੋਂ ਨਾਉਂ ਰਣਧੀਰ ਸਿੰਘ ਰੱਖਿਆ ਗਿਆ। 1900 ਈ. ਵਿਚ ਲਾਹੌਰ ਮਿਸ਼ਨ ਸਕੂਲ ਤੋਂ ਬੀ.ਏ. ਕਰ ਕੇ ਨਾਇਬ ਤਹਿਸੀਲਦਾਰ ਬਣੇ। ਸਾਰਾ ਮਹਿਕਮਾ ਰਿਸ਼ਵਤਖ਼ੋਰ ਅਤੇ ਭ੍ਰਿਸ਼ਟ ਹੋਣ ਕਾਰਨ ਅਸਤੀਫ਼ਾ ਦੇ ਕੇ ਭਗਤੀ ਮਾਰਗ ਵਿਚ ਪ੍ਰਵੇਸ਼ ਕੀਤਾ। ਅਸਤੀਫ਼ੇ ਵਿਚ ਭਾਈ ਸਾਹਿਬ ਨੇ ਲਿਖਿਆ ਕਿ ਗਵਾਹੀ ਦੇ ਕਾਨੂੰਨ ਅਨੁਸਾਰ ਮੈਂ ਪਬਲਿਕ ਨਾਲ ਇਨਸਾਫ਼ ਨਹੀਂ ਕਰ ਸਕਦਾ, ਕਿਉਂਕਿ ਗਵਾਹ ਖ਼ਰੀਦੇ ਹੁੰਦੇ ਹਨ।

ਅਕਾਲੀ ਜੋਤ ਦੇ ਦਰਸ਼ਨ ਪ੍ਰਾਪਤ ਕਰਨ ਪਿੱਛੋਂ ਅਗੰਮੀ ਹੁਕਮ ਅਨੁਸਾਰ ਅਖੰਡ ਕੀਰਤਨ ਅਤੇ ਅਖੰਡ-ਪਾਠਾਂ ਦੀਆਂ ਲੜੀਆਂ ਚਲਾ ਕੇ ਘਰ-ਘਰ ਕੀਰਤਨ ਦੀਆਂ ਗੁੰਜਾਰਾਂ ਪਾਈਆਂ। ਭਾਈ ਸਾਹਿਬ ਤੋਂ ਪਹਿਲਾਂ ਮਾਲਵੇ ਵਿਚ ਗਾਉਣਾ-ਵਜਾਉਣਾ ਮਰਾਸੀਆਂ ਦਾ ਕੰਮ ਸਮਝਿਆ ਜਾਂਦਾ ਸੀ। ਭਾਈ ਸਾਹਿਬ ਨੇ :

**ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।**

*(ਵਾਰ ੧/੨੨)*

ਨੂੰ ਸਾਕਾਰ ਕੀਤਾ। ਫਿਰ ਗ਼ਦਰੀ ਬਾਬਿਆਂ ਨਾਲ ਮਿਲਾਪ ਹੋਇਆ ਅਤੇ ਪਹਿਲੇ ਲਾਹੌਰ ਸਾਜ਼ਸ਼ ਕੇਸ ਅਧੀਨ ਉਮਰ ਕੈਦ ਦੀ ਸਜ਼ਾ ਭੁਗਤੀ। ਜੇਲ੍ਹ ਵਿਚ ਜਿਸ ਤਰ੍ਹਾਂ ਦਾ ਸਿੱਖੀ ਸਿਦਕ ਭਾਈ ਸਾਹਿਬ ਨੇ ਨਿਭਾਇਆ, ਉਹ 'ਜੇਲ੍ਹ ਚਿੱਠੀਆਂ' ਦੀ ਕਿਤਾਬ ਵਿਚ ਦਰਜ ਹੈ। ਜਿਸ ਨੂੰ ਪੜ੍ਹ-ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਸ ਕਿਤਾਬ ਨੇ ਅਣਗਿਣਤ ਬੰਦਿਆਂ ਦਾ ਜੀਵਨ ਪਲਟੀ ਕੀਤਾ ਹੈ। ਇਸ ਕਰਕੇ ਸਾਰੇ ਤਖ਼ਤਾਂ ਤੋਂ ਭਾਈ ਸਾਹਿਬ ਨੂੰ ਮਾਣ-ਪੱਤਰ ਅਤੇ ਸਿਰੋਪਾਓ ਬਖ਼ਸ਼ਸ਼ ਹੋਏ।

ਜੇਲ੍ਹ ਦੀ ਰਿਹਾਈ ਪਿੱਛੋਂ ਆਪ ਆਪਣੇ ਲੜਕੇ ਭਾਈ ਬਲਬੀਰ ਸਿੰਘ ਕੋਲ ਲੁਧਿਆਣੇ ਰਹੇ। ਕੋਈ ਡੇਰਾ ਨਹੀਂ ਬਣਾਇਆ, ਕੋਈ ਚੇਲਾ ਨਹੀਂ ਬਣਾਇਆ, ਪੈਰੀਂ ਹੱਥ ਨਹੀਂ ਲਵਾਇਆ, ਗੁਰਮਤਿ ਫ਼ਿਲਾਸਫ਼ੀ ਦੀਆਂ 22-23 ਪੁਸਤਕਾਂ ਲਿਖੀਆਂ। ਕੀਰਤਨ ਅਤੇ ਅਖੰਡ-ਪਾਠ ਵੇਲੇ ਹਰ ਸਮਾਗਮ 'ਤੇ ਅੰਮ੍ਰਿਤ ਸੰਚਾਰ ਕਰਦੇ ਰਹੇ। ਹਰ ਪੰਥਕ ਮੋਰਚੇ ਵਿਚ ਅੱਗੇ ਹੋ ਕੇ ਵਧ-ਚੜ੍ਹ ਕੇ ਹਿੱਸਾ ਪਾਇਆ। ਹਠੀ, ਜਪੀ, ਤਪੀ, ਭਗਤ, ਸੂਰਮਾ, ਗਿਆਨੀ, ਤਿਆਗੀ, ਵੈਰਾਗੀ ਵਾਲੇ ਗੁਣਾਂ ਨਾਲ ਸੰਪੰਨ ਖ਼ਾਲਸਾ ਪੰਥ ਦੇ ਇਸ ਸਪੂਤ ਨੇ ਜੋ ਪੂਰਨੇ ਪਾਏ, ਉਹ ਆਪਣੀ ਮਿਸਾਲ ਆਪ ਹੈ। ਪਿਛਲੀ ਸਦੀ ਦੇ ਜਿਨ੍ਹਾਂ ਚਾਰ ਮਹਾਨ ਸਿੱਖਾਂ ਵਿਚੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਚੁਣਿਆ ਗਿਆ, ਉਹਨਾਂ ਵਿਚ ਭਾਈ ਸਾਹਿਬ ਦਾ ਨਾਉਂ ਭੀ ਸੀ।

ਪਰ ਸਿੱਖ ਧਰਮ ਨੂੰ ਵਿਗਿਆਨਿਕ ਧਰਮ ਦਾ ਲੇਬਲ ਲਾਉਣ ਵਾਲੇ ਕਾਮਰੇਡੀ ਸਿੱਖਾਂ ਨੂੰ ਭਾਈ ਸਾਹਿਬ ਵਿਚ ਬ੍ਰਾਹਮਣਵਾਦ ਦੀ ਬੂ ਆਉਂਦੀ ਹੈ। ਇਹ ਸਾਡੇ ਪੰਥ ਦੀ ਤ੍ਰਾਸਦੀ ਹੈ।

## ਬਾਬਾ ਨੰਦ ਸਿੰਘ ਜੀ

ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾ ਦਾ ਅੰਤ ਸਮਾਂ ਬੜਾ ਦੁਖਦਾਈ ਸੀ। ਅੱਖਾਂ ਦੀ ਜੋਤ ਬਿਲਕੁਲ ਖ਼ਤਮ ਹੋ ਗਈ ਸੀ, ਹੱਡੀਆਂ ਮਾਸ

ਛੱਡ ਗਈਆਂ ਸਨ, ਸਰੀਰ ਇਕ ਜ਼ਿੰਦਾ ਲਾਸ਼ ਦੇ ਸਮਾਨ ਸੀ। ਸਭ ਡਾਕਟਰ ਜਵਾਬ ਦੇ ਗਏ ਸਨ। ਆਖ਼ਰ ਇਕ ਦਿਨ ਟਿੱਕਾ ਸਾਹਿਬ, ਯਾਦਵਿੰਦਰ ਸਿੰਘ ਜੀ ਨੇ ਹੌਸਲਾ ਕਰ ਕੇ ਅੰਤਮ ਇੱਛਾ ਪੁੱਛੀ। ਮਹਾਰਾਜ ਸਾਹਿਬ ਕਹਿਣ ਲੱਗੇ ਕਿ ਬਾਬਾ ਨੰਦ ਸਿੰਘ ਕਲੇਰਾਂ ਵਾਲਿਆਂ ਨੂੰ ਮਿਲਣ ਦੀ ਇੱਛਾ ਹੈ।

ਟਿੱਕਾ ਯਾਦਵਿੰਦਰ ਸਿੰਘ ਜੀ ਨੇ ਦੋ ਅਹਿਲਕਾਰ ਬਾਬਾ ਨੰਦ ਸਿੰਘ ਜੀ ਕੋਲ ਭੇਜੇ ਅਤੇ ਕਿਹਾ ਕਿ ਬਾਬਾ ਜੀ ਨੂੰ ਬੇਨਤੀ ਕਰਨਾ ਕਿ ਸਰਕਾਰ ਯਾਦ ਕਰਦੀ ਹੈ। ਅਹਿਲਕਾਰਾਂ ਨੇ ਨਾਨਕਸਰ ਪਹੁੰਚ ਕੇ ਬੇਨਤੀ ਕੀਤੀ ਕਿ ਸਰਕਾਰ ਨੇ ਆਪ ਜੀ ਨੂੰ ਮਿਲਣ ਲਈ ਬੁਲਾਇਆ ਹੈ।

**ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥**

*(ਅੰਗ ੭੧੧)*

ਵਾਲੀ ਬਿਰਤੀ ਵਿਚ ਵਿਚਰਨ ਵਾਲੇ ਬਾਬਾ ਜੀ ਨੇ ਉੱਤਰ ਦਿੱਤਾ, "ਸਰਕਾਰ ਬੁਲਾਏਗੀ ਉਸ ਨੂੰ ਜੋ ਸਰਕਾਰ ਦਾ ਚੋਰ ਹੋਵੇਗਾ ਅਤੇ ਸਰਕਾਰ ਕੋਲ ਜਾਏਗਾ ਉਹ ਜਿਸ ਨੂੰ ਸਰਕਾਰ ਦੀ ਗ਼ਰਜ਼ ਹੋਵੇਗੀ। ਅਸਾਂ ਨਾ ਚੋਰੀ ਕੀਤੀ ਹੈ ਅਤੇ ਨਾ ਸਾਨੂੰ ਕੋਈ ਗ਼ਰਜ਼ ਹੈ।"

ਅਹਿਲਕਾਰਾਂ ਨੇ ਸਾਰੀ ਗੱਲ ਆ ਕੇ ਟਿੱਕਾ ਸਾਹਿਬ ਨੂੰ ਦੱਸ ਦਿੱਤੀ। ਫਿਰ ਸਿਆਣੇ ਅਹਿਲਕਾਰਾਂ ਨੇ ਟਿੱਕਾ ਸਾਹਿਬ ਨੂੰ ਸਲਾਹ ਦਿੱਤੀ ਕਿ ਅਹਿਲਕਾਰਾਂ ਨੂੰ ਬੇਨਤੀ ਕਰਨੀ ਨਹੀਂ ਆਈ, ਤੁਸੀਂ ਆਪ ਜਾ ਕੇ ਬੇਨਤੀ ਕਰੋ। ਇਸ 'ਤੇ ਟਿੱਕਾ ਸਾਹਿਬ ਖ਼ੁਦ ਗਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਸਾਹਿਬ ਆਪ ਨੂੰ ਮਿਲਣਾ ਚਾਹੁੰਦੇ ਸਨ, ਪਰ ਉਹਨਾਂ ਦੀ ਸਰੀਰਿਕ ਹਾਲਤ ਆਉਣ ਦੀ ਹੈ ਨਹੀਂ। ਇਸ ਲਈ ਮੈਨੂੰ ਬੇਨਤੀ ਕਰਨ ਲਈ ਭੇਜਿਆ ਹੈ। ਕਿਰਪਾ ਕਰ ਕੇ ਇਕ ਵਾਰੀ ਦਰਸ਼ਨ ਦੇ ਕੇ ਅੰਤਿਮ ਇੱਛਾ ਪੂਰੀ ਕਰੋ। ਟਿੱਕਾ ਸਾਹਿਬ ਦਾ ਇਕ ਹੋਰ ਭਰਾ ਬਾਬਾ ਜੀ ਕੋਲ ਹੀ ਸੇਵਾ ਵਿਚ ਰਹਿੰਦਾ ਸੀ, ਉਸ ਨੇ ਭੀ ਬੇਨਤੀ ਕੀਤੀ। ਸੋ ਬਾਬਾ ਜੀ ਆਪਣੇ ਇਕ-ਦੋ ਸੇਵਕਾਂ ਨਾਲ ਟਿੱਕਾ ਸਾਹਿਬ ਨਾਲ ਹੀ ਆ ਗਏ।

ਮੋਤੀ ਬਾਗ਼ ਪਟਿਆਲਾ ਦੇ ਅਗਲੇ ਹਿੱਸੇ ਦੇ ਪਿਛਵਾੜੇ, ਜਿਥੇ ਫ਼ੁਹਾਰਿਆਂ ਵਾਲੀ ਪਾਣੀ ਦੀ ਝਾਲ ਚੱਲਦੀ ਹੈ, ਬਾਬਾ ਜੀ ਉਥੇ ਆ ਗਏ ਅਤੇ ਮਹਾਰਾਜ ਸਾਹਿਬ ਨੂੰ ਉਥੇ ਹੀ ਬੁਲਾ ਲਿਆ।

ਕੁਰਸੀ ਉੱਪਰ, ਚਾਦਰ ਵਿਚ ਲਪੇਟ ਕੇ ਮਹਾਰਾਜਾ ਸਾਹਿਬ ਨੂੰ ਲਿਆਂਦਾ ਗਿਆ। ਅੱਖ ਦੇ ਇਸ਼ਾਰੇ ਨਾਲ ਹੀ ਮਹਾਰਾਜਾ ਸਾਹਿਬ ਨੇ ਬਾਬਾ ਜੀ ਨੂੰ ਨਮਸਕਾਰ ਕੀਤੀ ਅਤੇ ਥਥਲਾਉਂਦੀ ਹੋਈ ਜ਼ਬਾਨ ਨਾਲ ਬਖ਼ਸ਼ ਦੇਣ ਦੀ ਬੇਨਤੀ ਕੀਤੀ।

ਬਾਬਾ ਜੀ ਕਹਿਣ ਲੱਗੇ, "ਬਖ਼ਸ਼ਣ ਵਾਲਾ ਖਾਤਾ ਪਾਟ ਚੁੱਕਾ ਹੈ। ਇਸ ਬਾਰੇ ਪਹਿਲਾਂ ਸੋਚਣਾ ਚਾਹੀਦਾ ਸੀ।" ਫਿਰ ਥੋੜ੍ਹੀ ਦੇਰ ਪਿੱਛੋਂ ਕਹਿਣ ਲੱਗੇ, ਹੋਰ ਤਾਂ ਕੁਝ ਖਾਤੇ ਵਿਚ ਹੈ ਨਹੀਂ, ਪਰ ਸੰਤ ਅਤਰ ਸਿੰਘ ਮਸਤੂਆਣਾ ਖੜ੍ਹੇ ਕਹਿ ਰਹੇ ਹਨ ਕਿ ਮੇਰੀ ਇਕ ਵਾਰੀ ਜ਼ਮਾਨਤ ਮਹਾਰਾਜਾ ਸਾਹਿਬ ਨੇ ਦਿੱਤੀ ਸੀ, ਇਸ ਲਈ ਹੁਣ ਮੈਂ ਜ਼ਾਮਨ ਬਣਦਾ ਹਾਂ।" ਜਦ ਕਿ ਸੰਤ ਅਤਰ ਸਿੰਘ ਜੀ 11 ਸਾਲ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਮਹਾਰਾਜਾ ਸਾਹਿਬ ਕਹਿਣ ਲੱਗੇ ਕਿ ਮੈਨੂੰ ਕੁਝ ਯਾਦ ਨਹੀਂ ਹੈ। ਬਾਬਾ ਨੰਦ ਸਿੰਘ ਜੀ ਕਹਿਣ ਲੱਗੇ, ਦੁਨਿਆਵੀ ਬੰਦੇ ਜਿਊਂਦੇ-ਜੀਅ ਭੁੱਲ ਜਾਂਦੇ ਹਨ ਪਰ ਪਰਮੇਸ਼ਰ ਦੇ ਪਿਆਰੇ ਮਰ ਕੇ ਵੀ ਨਹੀਂ ਭੁੱਲਦੇ।

ਇੰਨੀ ਗੱਲ ਕਹਿ ਕੇ ਬਾਬਾ ਨੰਦ ਸਿੰਘ ਜੀ ਨੇ ਸੇਵਕ ਕੋਲੋਂ ਪਾਣੀ ਦਾ ਗੜਵਾ ਫੜਿਆ ਅਤੇ ਪਾਣੀ ਦੇ ਛਿੱਟੇ ਆਪਣੇ ਹੱਥ ਨਾਲ ਮਹਾਰਾਜਾ ਸਾਹਿਬ ਦੇ ਸਰੀਰ 'ਤੇ ਸੁੱਟੇ ਅਤੇ ਚਾਦਰ ਨਾਲ ਮੂੰਹ ਢੱਕ ਕੇ ਕਹਿਣ ਲੱਗੇ ਕਿ ਅੰਦਰ ਲੈ ਜਾਉ ਅਤੇ ਆਪ ਵਾਪਸ ਨਾਨਕਸਰ ਜਾਣ ਲਈ ਤੁਰ ਪਏ। ਬਾਬਾ ਜੀ ਅਜੇ ਮੋਤੀ ਬਾਗ਼ ਦਾ ਬਾਹਰਲਾ ਗੇਟ ਹੀ ਟੱਪੇ ਸਨ ਕਿ ਮਹਾਰਾਜਾ ਸਾਹਿਬ ਦਾ ਭੌਰ ਉਡਾਰੀ ਮਾਰ ਗਿਆ।

ਇਹ ਕਰਣੀ ਹੈ ਉਸ ਮਹਾਂਪੁਰਸ਼ ਦੀ, ਜਿਸ ਨੂੰ ਇਹ ਸਾਰਾ ਟੋਲਾ ਬਾਰ-ਬਾਰ ਬੂਬਨਾ ਸਾਧ ਕਹਿ ਕੇ ਆਪਣੇ ਮਨ ਦਾ ਬੋਝ ਹਲਕਾ ਕਰਦਾ ਹੈ ਪਰ ਪਤਾ ਨਹੀਂ ਕਿ ਪ੍ਰਲੋਕ ਲਈ ਆਪਣਾ ਖਾਤਾ ਆਪ ਪੁੱਟ ਰਹੇ ਸਨ।

ਸਾਡੇ ਦੇਸ ਦੇ ਅੱਧੇ ਤੋਂ ਵੱਧ ਗੁਰਦੁਆਰਿਆਂ 'ਤੇ ਲਿਖਿਆ ਹੈ, 'ਸਚੁ ਖੰਡ ਵਸੈ ਨਿਰੰਕਾਰ' ਜਿਥੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸੁਖ-ਆਸਣ ਹੁੰਦਾ ਹੈ, ਉਥੇ ਭੀ ਇਹ ਤੁਕ ਲਿਖੀ ਹੁੰਦੀ ਹੈ। ਜੇ ਬਾਬਾ ਨੰਦ ਸਿੰਘ ਨੇ ਮਹਾਰਾਜ ਦੇ ਪ੍ਰਕਾਸ਼ ਅਸਥਾਨ ਦੇ ਬਾਹਰ ਲਿਖ ਦਿੱਤਾ ਤਾਂ ਕੀ ਗੁਨਾਹ ਕਰ ਦਿੱਤਾ ?

ਫਿਰ ਜੇ ਹੁਕਮ ਕਰ ਦਿੱਤਾ ਕਿ ਭਾਈ ਜਿਸ ਨੇ ਅੰਦਰ ਜਾ ਕੇ ਦਰਸ਼ਨ ਕਰਨੇ ਹਨ, ਪ੍ਰਣ ਕਰੋ ਕਿ ਇਕ ਮਹੀਨੇ ਵਿਚ ਇਕ ਸਹਿਜ-ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰਨਗੇ ਜਾਂ ਪੰਜ ਪਾਠ ਰੋਜ਼ ਸੁਖਮਨੀ ਸਾਹਿਬ ਦੇ ਕਰਨਗੇ ਅਥਵਾ ਗਿਆਰਾਂ ਪਾਠ ਰੋਜ਼ ਜਪੁ ਜੀ ਸਾਹਿਬ ਦੇ ਕਰਨਗੇ। ਇਹ ਕਿਹੜੀ ਕੁਰਹਿਤ ਹੈ, ਜਿਸ ਨਾਲ ਉਹ ਸਿੱਖੀ ਤੋਂ ਖ਼ਾਰਜ ਕਰਨ ਯੋਗ ਹੋ ਗਏ। ਬਾਬਾ ਜੀ ਨੇ ਕੋਈ ਗਿਆਰਾਂ ਹਜ਼ਾਰ ਰੁਪਏ ਫ਼ੀਸ ਰੱਖੀ ਹੋਵੇ, 5 ਕਿਲੋ ਬਰਫ਼ੀ ਦੀ ਸ਼ਰਤ ਰੱਖੀ ਹੋਵੇ ਜਾਂ ਦਸ ਸੇਰ ਲੱਡੂਆਂ ਦੀ ਸ਼ਰਤ ਰੱਖੀ ਹੋਵੇ, ਫਿਰ ਤਾਂ ਇਹ ਇਤਰਾਜ਼ ਕਰਨ। ਜਿਥੇ ਸਿਮਰਨ ਲਈ ਕੋਈ ਕਹੇ, ਉਥੇ ਇਹਨਾਂ ਨੂੰ ਢਿੱਡ

ਪੀੜ ਕਿ ਬਾਣੀ ਪੜ੍ਹਨ ਨੂੰ ਨਹੀਂ ਕਹਿੰਦੇ ਅਤੇ ਜਿਥੇ ਕੋਈ ਬਾਣੀ ਪੜ੍ਹਨ ਨੂੰ ਕਹੇ, ਉਥੇ ਇਹਨਾਂ ਨੂੰ ਹੌਲ ਪੈਂਦਾ ਹੈ ਕਿ ਬਾਣੀ ਪੜ੍ਹਨ ਨੂੰ ਕਿਉਂ ਕਹਿੰਦੇ ਹਨ। ਇਸ ਨਾਸਤਿਕ ਟੋਲੇ ਦੀ ਅਜੀਬ ਹਾਲਤ ਹੈ।

ਇਥੇ ਇਹ ਭੀ ਦੱਸ ਦੇਣਾ ਠੀਕ ਰਹੇਗਾ ਕਿ ਦੇਸ ਅਜ਼ਾਦ ਹੋਣ ਤੋਂ ਪਹਿਲਾਂ ਸਭ ਤੋਂ ਵੱਧ ਸਿੱਖਾਂ ਦੀ ਅਬਾਦੀ ਜਗਰਾਉਂ ਤਹਿਸੀਲ ਦੀ ਸੀ, ਜਿਥੇ ਸਿੱਖ 21% ਸਨ ਅਤੇ ਜਦ ਦੇ ਇਹ ਮਿਸ਼ਨਰੀ ਕਾਲਜ ਲੁਧਿਆਣੇ ਹੋਂਦ ਵਿਚ ਆਏ ਹਨ, ਪੂਰਾਂ ਦੇ ਪੂਰ ਜਵਾਨ ਮੁੰਡੇ ਘੋਨ-ਮੋਨ ਹੋ ਗਏ ਹਨ। ਕੀ ਦਿੱਤਾ ਮਿਸ਼ਨਰੀਆਂ ਦੀ ਤਰਕਬਾਜ਼ੀ ਨੇ—ਪਤਿਤਪੁਣਾ, ਸ਼ਰਾਬ ਦੇ ਠੇਕੇ ਅਤੇ ਨਸ਼ਿਆਂ ਦੇ ਅੰਬਾਰ। ਫਿਰ ਭੀ ਇਹਨਾਂ ਨੂੰ ਕੋਈ ਗੱਲ ਕਰਦਿਆਂ ਨੂੰ ਸ਼ਰਮ ਨਹੀਂ ਆਉਂਦੀ ਅਤੇ ਹੱਥ ਧੋ ਕੇ ਬਾਬਾ ਨੰਦ ਸਿੰਘ ਜੀ ਦੇ ਪਿੱਛੇ ਪਏ ਹੋਏ ਹਨ।

ਗੁਰਬਾਣੀ ਦਾ ਫ਼ਰਮਾਨ ਹੈ:

**ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ॥**
**ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ॥**

*(ਅੰਗ ੩੦)*

ਅਰਥ—(ਸ੍ਰੀ ਗੁਰੂ ਅਮਰਦਾਸ ਜੀ ਦੱਸ ਰਹੇ ਹਨ ਕਿ) ਜਿਹੋ ਜਿਹੀ ਭਾਵਨਾ ਸਤਿਗੁਰੂ ਨਾਲ ਤੁਸਾਂ ਬਣਾਈ ਹੈ, ਵੈਸਾ ਹੀ ਸੁਖ ਪ੍ਰਾਪਤ ਹੋਵੇਗਾ, ਇਸ ਗੱਲ ਵਿਚ ਕੋਈ ਭਰਮ ਨਾ ਕਰੋ, ਤੁਸੀਂ ਅਜ਼ਮਾ ਕੇ ਦੇਖ ਲਵੋ।

ਬਾਬਾ ਨਾਨਕ ਜੀ ਨੂੰ ਮਾਤਾ, ਪਿਤਾ, ਬੇਬੇ ਨਾਨਕੀ, ਪੁੱਤਰਾਂ ਨੇ ਅਤੇ ਰਾਇ ਬੁਲਾਰ ਨੇ ਸਭ ਨੇ ਵੱਖ-ਵੱਖ ਭਾਵਨਾ ਨਾਲ ਵੇਖਿਆ ਅਤੇ ਭਾਵਨਾ ਅਨੁਸਾਰ ਸਭ ਨੂੰ ਫ਼ਲ ਮਿਲਿਆ।

'ਦਬਿਸਤਾਨੇ ਮਜ਼ਾਹਿਬ' ਵਿਚ ਮੁਹਸਨ ਫ਼ਾਨੀ[1] ਲਿਖਦਾ ਹੈ ਕਿ ਸਿੱਖਾਂ ਦਾ ਵਿਸ਼ਵਾਸ ਹੈ ਕਿ ਨਾਨਕ ਖ਼ੁਦਾ ਹੈ ਅਤੇ ਸਰੀਰ ਇਸ ਦੀ ਖੇਡ ਹੈ ਪਰ ਬਾਬੇ ਨਾਨਕ ਨੇ ਕਦੇ ਆਪਣੇ ਆਪ ਨੂੰ ਖ਼ੁਦਾ ਨਹੀਂ ਕਿਹਾ ਸੀ। ਸਿੱਖਾਂ ਦੀ ਗੁਰੂ ਪ੍ਰਤੀ ਕੀ ਭਾਵਨਾ ਸੀ, ਉਹ ਬਾਣੀ ਦੱਸਦੀ ਹੈ:

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥**
**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥**

---

1. ਈਰਾਨ ਦਾ ਸੈਲਾਨੀ ਜੋ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ, ਦੀ ਲਿਖੀ ਕਿਤਾਬ।

**ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥**

*(ਅੰਗ ੯੬੮)*

ਸੋ ਜੇ ਬਾਬਾ ਨੰਦ ਸਿੰਘ ਜੀ ਨੇ ਪ੍ਰਤੱਖ ਗੁਰੂ ਨਾਨਕ ਜਾਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਵੱਡਾ ਪਲੰਘ ਵਿਛਾ ਦਿੱਤਾ, ਨਾਸਤਿਕ ਟੋਲੇ ਨੂੰ ਕਿਉਂ ਢਿੱਡ ਪੀੜ ਹੁੰਦੀ ਹੈ ? ਸਾਨੂੰ ਪਤਾ ਹੈ ਕਿ ਤੁਸੀਂ ਤਾਂ ਗੁਰਬਖ਼ਸ਼ ਸਿੰਘ (ਪ੍ਰੀਤਲੜੀ) ਵਾਂਗ ਬਾਕੀ ਕਿਤਾਬਾਂ ਨਾਲ ਮੇਜ਼ 'ਤੇ ਰੱਖਣ ਲਈ ਤਿਆਰ ਹੋ। ਲੈਪਟਾਪ ਵਿਚ ਫੀਡ ਕਰ ਕੇ ਕੱਛ ਵਿਚ ਦਿੱਤਾ ਹੋਇਆ ਹੈ। ਇੰਦਰ ਸਿੰਘ ਘੱਗਾ ਨੇ ਆਪਣੀ ਕਿਤਾਬ 'ਸਿੱਖੀ ਦੇ ਝੰਡਾ ਬਰਦਾਰ' ਵਿਚ ਬੜੇ ਮਾਣ ਨਾਲ ਇਹ ਗੱਲ ਲਿਖੀ ਹੈ। ਇਸੇ ਲਈ ਇੰਦਰ ਸਿੰਘ ਘੱਗਾ ਨੇ ਮੂੰਹ-ਸਿਰ ਤੁੜਵਾਇਆ ਹੈ ਅਤੇ ਬਾਬਾ ਨੰਦ ਸਿੰਘ ਦੀਆਂ ਫ਼ੋਟੋਆਂ ਨੂੰ ਭੀ ਨਮਸਕਾਰਾਂ ਹੁੰਦੀਆਂ ਹਨ। ਗੁਰਬਾਣੀ ਫ਼ਰਮਾਨ ਹੈ :

**ਜਿਨ੍ ਨਾਨਕ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥**

*(ਅੰਗ ੪੫੦)*

ਜਦ ਅਸੀਂ ਪ੍ਰੋਫ਼ੈਸਰ ਗੁਰਬਚਨ ਸਿੰਘ ਦੀ ਕਿਤਾਬ 'ਵਿਰਲੈ ਕਿਨੈ ਵੀਚਾਰਿਆ' ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਸਾਰੀ ਕਿਤਾਬ ਦਾ ਨਿਚੋੜ ਇਹ ਹੈ ਕਿ ਹੋਰ ਸਾਰਾ ਸਿੱਖ ਜਗਤ ਕੁਰਾਹੇ ਪਿਆ ਹੋਇਆ ਹੈ ਅਤੇ ਕੇਵਲ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ ਪੰਜਾਬੀ ਬਾਗ਼, ਜਵੱਦੀ' ਵਾਲਿਆਂ ਨੇ ਹੀ ਗੁਰਬਾਣੀ ਵਿਚਾਰ ਕੇ ਪੜ੍ਹੀ ਹੈ। ਗੁਰਬਾਣੀ ਵਿਚਾਰ ਕੇ ਪੜ੍ਹਨ ਨਾਲ ਕੇਵਲ ਇਹਨਾਂ ਨੇ ਹੀ ਗੁਰਬਾਣੀ ਦੇ ਦਰਸਾਏ ਰੱਬੀ ਗੁਣ ਗ੍ਰਹਿਣ ਕੀਤੇ ਹਨ।

ਇਸ ਸੰਸਥਾ ਦੇ ਵੱਡੇ ਥੰਮ੍ਹ ਪ੍ਰੋ. ਗੁਰਬਚਨ ਸਿੰਘ ਤੋਂ ਇਲਾਵਾ ਇੰਦਰ ਸਿੰਘ ਘੱਗਾ, ਸੁਖਵਿੰਦਰ ਸਿੰਘ ਸਭਰਾ, ਪ੍ਰੋ. ਸਰਬਜੀਤ ਸਿੰਘ ਧੂੰਦਾ ਆਦਿ ਹਨ। ਗੁਰਬਾਣੀ ਵਿਚਾਰ ਕੇ ਪੜ੍ਹਨ ਨਾਲ ਜੋ ਇਹਨਾਂ ਦਾ ਤੀਜਾ ਨੇਤਰ ਖੁੱਲ੍ਹਿਆ ਹੈ, ਉਹ ਅਸੀਂ ਆਪਣੀ ਇਸ ਪੁਸਤਕ ਵਿਚ ਪ੍ਰਗਟ ਕਰ ਦਿੱਤਾ ਹੈ। ਹੁਣ ਇਹਨਾਂ ਦੇ ਸਮਾਜਿਕ ਵਰਤਾਰੇ ਦਾ ਦੂਜਾ ਪੱਖ ਅਸੀਂ ਸੰਗਤਾਂ ਨੂੰ ਪੇਸ਼ ਕਰ ਰਹੇ ਹਾਂ। ਗੁਰਬਾਣੀ ਦਾ ਫ਼ਰਮਾਨ ਹੈ :

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥**

*(ਅੰਗ ੪੭੦)*

**ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥**
**ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥**

*(ਅੰਗ ੬੭੪)*

ਅਰਥ—ਪੂਜਾ ਕਰਨ ਨਾਲ, ਵਰਤ ਰੱਖਣ ਨਾਲ, ਤਿਲਕ ਲਗਾਉਣਾ, ਇਸ਼ਨਾਨ ਆਦਿ ਪੁੰਨ ਕਰਮਾਂ ਨਾਲ, ਬਹੁਤੇ ਦਾਨ ਦੇਣ ਨਾਲ, ਕਿਸੇ ਸੰਜਮ ਨਾਲ ਪਰਮੇਸ਼ਰ ਨਹੀਂ ਪਤੀਜਦਾ, ਕੇਵਲ ਮਿੱਠੇ ਬੋਲ ਬੋਲਣ ਨਾਲ ਭਾਵ ਪ੍ਰੇਮ ਕਰਨ ਨਾਲ ਪਰਮੇਸ਼ਰ ਪ੍ਰਸੰਨ ਹੁੰਦਾ ਹੈ।

ਇਸ ਪੱਖੋਂ ਅਸੀਂ ਇਹਨਾਂ ਦੀਆਂ ਕਿਤਾਬਾਂ ਵਿਚੋਂ ਪ੍ਰਮਾਣ ਦੇ ਕੇ ਦੱਸਾਂਗੇ ਕਿ ਇਹ ਕਿੰਨੀ ਮਿੱਠੀ ਬੋਲੀ ਬੋਲਦੇ ਹਨ ਅਤੇ ਲਿਖਦੇ ਹਨ:

1. ਸਿੱਖ ਧਰਮ ਵਿਚ ਪਾਠਾਂ ਦੀਆਂ ਲੰਬੀਆਂ ਲੜੀਆਂ, ਕੀਰਤਨ ਦਰਬਾਰਾਂ ਦੀਆਂ ਝੜੀਆਂ, ਸ਼ਰਧਾ ਵੱਸ ਚੜ੍ਹ ਰਹੇ ਰੁਮਾਲਿਆਂ ਦੀ ਬਹੁਤਾਤ, ਧਰਮ ਦੇ ਨਾਂ 'ਤੇ ਗ਼ੈਰ-ਇਤਿਹਾਸਿਕ ਤੀਰਥ-ਯਾਤਰਾਵਾਂ ਦੇ ਕੂੜੇ ਅਡੰਬਰ, ਗੁਜ਼ਰ ਚੁੱਕੇ **ਸਾਧੜਿਆਂ** ਦੀਆਂ ਬਰਸੀਆਂ ਇਤਿਆਦਿ। (ਪੰਨਾ 17)

   ਕਿਤਾਬ ਦੇ ਪੰਨਾ 24 'ਤੇ ਇਸ ਤਰ੍ਹਾਂ ਦਰਜ ਹੈ:

   **ਖ਼ਾਲਸਾ**—ਇਸ ਦੀ ਪਰਖ ਹੋ ਰਹੀ ਹੈ ਸੀਮਿਤ ਸਿਰਫ਼ ਬਾਹਰਲੀ ਦਿੱਖ ਤਕ।

   **ਸੰਤ**—ਹੋ ਗਏ ਚੋਲਿਆਂ ਵਾਲੇ **ਘੋਗੜ ਕੰਨੇ**

   **ਅਕਾਲੀ ਦਲ**—ਮਾਇਆ ਵਿਚ ਲਥ-ਪਥ ਭ੍ਰਿਸ਼ਟਾਚਾਰ ਦਾ ਰੂਪ।

   **ਗੁਰਧਾਮ ਅਤੇ ਸਰੋਵਰ**—ਸੁੱਖਣਾਂ ਦੀ ਪੂਰਤੀ

   **ਗ੍ਰੰਥ**—ਇਸਦੇ ਦੁਆਲੇ ਪੂਜਾ ਤੇ ਕਰਮ-ਕਾਂਡ

   **ਅਕਾਲ ਤਖ਼ਤ**—ਰਜਿਸਟਰਾਰ ਦਾ ਦਫ਼ਤਰ

   **ਭੇਟਾ ਅਤੇ ਚੜ੍ਹਾਵਾ**—ਰਿਸ਼ਵਤ

   **ਸਿਮਰਨ**—ਸਚੀ ਦੀ ਸੋਝੀ ਨੂੰ ਤਾਲੇ

   **ਕੀਰਤਨ**—ਕੰਨਾਂ ਦਾ ਰਸ

   **ਕਥਾ**—ਕਰਾਮਾਤੀ ਸਾਖੀਆਂ।

3. ਕੋਈ ਚਿਤਰ-ਗੁਪਤ ਨਹੀਂ, ਨਾ ਹੀ ਕੋਈ ਧਰਮਰਾਜ ਤੇ ਉਸ 'ਭੜੂਏ' ਦੀ ਕਚਹਿਰੀ ਹੈ।

4. ਸਿੱਖੀ ਵਿਚ ਸਤਿਕਾਰ ਨੇ ਬਹੁਤ ਤਰੱਕੀ ਕੀਤੀ ਹੈ ਪਰ ਵਿਚਾਰ, ਸਿਧਾਂਤ ਤੇ ਉਪਦੇਸ਼ ਨੂੰ ਅਸੀਂ ਛੱਡ ਚੁੱਕੇ ਹਾਂ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਹਰੇਕ **ਬੂਥਨੇ ਸਾਧੜੇ** ਨੇ ਆਪਣੀ ਮਰਯਾਦਾ ਬਣਾ ਕੇ ਭੋਲੇ-ਭਾਲੇ ਲੋਕਾਂ ਨੂੰ ਸਿਧਾਂਤ ਨਾਲੋਂ ਤੋੜ ਕੇ ਤੇ ਭਗਤੀ ਵਿਚ ਲਥ-ਪਥ ਕਰ ਦਿੱਤਾ ਹੈ। (ਪੰਨਾ 249)

   ਕਿਤਾਬ ਵਿਚ ਜਗ੍ਹਾ-ਜਗ੍ਹਾ ਮਹਾਂਪੁਰਸ਼ਾਂ ਲਈ **ਬੂਥਨੇ ਸਾਧੜੇ** ਲਿਖਿਆ ਹੈ।

5. ਇਸੇ ਮਿਸ਼ਨਰੀ ਕਾਲਜ ਤੋਂ ਗੁਰਮਤਿ ਗਿਆਨ ਦੀ ਡਿਗਰੀ ਲੈਣ ਵਾਲੇ ਸੁਖਵਿੰਦਰ ਸਿੰਘ ਸਭਰਾ (ਲੇਖਕ ਸੰਤਾਂ ਦੇ ਕੌਤਕ) ਮੇਰੇ ਨਾਲ ਚਿੱਠੀ ਪੱਤਰ ਕਰਨ ਵੇਲੇ ਲਿਖਦਾ ਹੈ:

"ਪੱਕਾ ਹਰਾਮਜ਼ਾਦਾ ਕੁੱਤਾ ਕੰਵਰ ਅਜੀਤ ਸਿੰਘ ਅਤੇ ਆਰ.ਐਸ.ਐਸ. ਦੀ ਵੈਰੀ ਕੁਤੜੀਏ, ਤੈਨੂੰ ਇਹ ਕਿਹਾ ਸੀ ਕਿ ਤਰਦੀਪ ਅਤੇ ਕਸ਼ਮੀਰ ਸਾਨੂੰ ਚੰਗੀ ਤਰ੍ਹਾਂ ਜਾਣਦੇ ਹਨ, ਉਹਨਾਂ ਨੂੰ ਕਹਿ ਸਾਡੇ ਸਾਹਮਣੇ ਤਾਂ ਆਉਣ ਪਰ ਗੰਦੀ ਕੁਤੜੀਏ, ਤੂੰ ਅੱਜ ਤਕ ਸਾਡੇ ਸਾਹਮਣੇ ਨਹੀਂ ਲਿਆ ਸਕਿਆ। ਉਹਨਾਂ ਨੂੰ ਇੰਨਾ ਹੀ ਪੁੱਛ ਲੈ ਕਿ ਸਟੱਡੀ ਸਰਕਲ ਵਿਚੋਂ ਕਿਉਂ ਕੱਢਿਆ ਸੀ, ਖ਼ਾਲਸਾ ਪੰਚਾਇਤ ਵਿਚੋਂ ਭੀ ਕੱਢ ਦਿੱਤਾ ਗਿਆ। ਇਥੇ ਤੇਰੀ ਅਤੇ ਇਹਨਾਂ ਦੀ ਗਿਆਨਤਾ ਆਪਣੇ ਆਪ ਦਿਸ ਆਉਂਦੀ ਹੈ। ਤੂੰ ਕਹਿਨੈਂ ਗੁਰਤੇਜ ਸਿੰਘ, ਕਾਲਾ ਅਫ਼ਗ਼ਾਨਾ ਨੇ ਚਿੱਠੀਆਂ ਦਾ ਜਵਾਬ ਨਹੀਂ ਦਿਤਾ, ਜਿਹੜੇ ਜਵਾਬ ਮੈਂ ਤੇਰੀ ਧੁੰਨੀ ਤਕ ਪਹੁੰਚਾਏ ਹਨ, ਕੀ ਇਹ ਜਵਾਬ ਨਹੀਂ ? ਮੈਂ ਕਾਹਦੇ ਵਾਸਤੇ ਇਥੇ ਬੈਠਾ ਹਾਂ, ਕੇਵਲ ਤੈਨੂੰ ਹੀ ਨਹੀਂ, ਸਭ ਨੂੰ ਲਿਖਤੀ ਜਵਾਬ ਦੇ ਰਿਹਾ ਹਾਂ।"

(ਸਭਰਾ ਦੀ ਹੱਥ ਲਿਖਤ ਸਕੈਨਿੰਗ ਕਰ ਕੇ ਦਾਸ ਨੇ 'ਕਾਮਰੇਡੀ ਸਿੱਖਾਂ ਦੇ ਕੌਤਕ' (ਭਾਗ 2) ਦੇ ਪੰਨਾ 30 'ਤੇ ਦਿੱਤੀ ਹੈ।

## ਸਭਰਾ ਦੀ ਮਾਨਸਕਤਾ ਦੀ ਦੂਸਰੀ ਝਲਕ

"ਆਰ.ਐਸ.ਐਸ. ਦੇ ਏਜੰਟ ਕੁੱਤੇ ਅਤੇ ਠੀਕ ਕੋਝੀ ਮੱਤ ਵਾਲੇ ਕੰਵਰ ਅਜੀਤ ਸਿੰਘ, ਤੇਰਾ ਸਭ ਤੋਂ ਪਹਿਲਾਂ ਫਿਟੇ ਮੂੰਹ ਨਾਲ ਭਰਪੂਰ ਸਵਾਗਤ ਕਰਦਾ ਹੋਇਆ ਜਵਾਬ ਲਿਖ ਰਿਹਾ ਹਾਂ। ਕੁਝ ਪੰਥਕ ਰੁਝੇਵਿਆਂ ਕਾਰਨ ਜਵਾਬ ਲੇਟ ਹੋ ਗਿਆ। ਤੂੰ ਕਹਿ ਰਿਹਾ ਹੈਂ ਕਿ ਕਾਲਾ ਅਫ਼ਗ਼ਾਨਾ ਪੁਲਿਸ ਲੈ ਕੇ ਫਿਰਦਾ ਹੈ। ਤੇਰੇ ਵਰਗੇ ਬੇਹੂਦਾ ਅਕਲੋਂ ਅੰਨ੍ਹਿਆਂ ਅਤੇ ਅਸਲੀ ਨਸਲ ਦੇ ਕੌੜ-ਕੁੱਤਿਆਂ ਤੋਂ ਡਰਨਾ ਵੀ ਪੈ ਸਕਦਾ ਹੈ, ਨਾਲੇ ਸੋਨੇ ਨੂੰ ਸੁਰੱਖਿਆ ਦੀ ਲੋੜ ਹੈ, ਤੇਰੇ ਵਰਗੇ ਕੁੱਤੇ ਤਾਂ ਰੂੜੀਆਂ 'ਤੇ ਸੁੱਤੇ ਰਹਿੰਦੇ ਹਨ।"

ਸੁਖਵਿੰਦਰ ਸਿੰਘ ਸਭਰਾ ਦੀ ਇਹ ਹੱਥ ਲਿਖਤ ਸਕੈਨਿੰਗ ਕਰ ਕੇ ਅਸੀਂ ਆਪਣੀ ਕਿਤਾਬ 'ਕਾਮਰੇਡੀ ਸਿੱਖਾਂ ਦੇ ਕੌਤਕ' ਦੇ ਅਖ਼ੀਰ 'ਤੇ ਲਾਈ ਹੈ।

ਇਸੇ ਵਿਚਾਰਧਾਰਾ ਦਾ ਸਮਰਥਕ ਇੰਟਰਨੈਸ਼ਨਲ ਮਿਸ਼ਨਰੀ, ਆਪੂੰ ਬਣੇ ਪ੍ਰੋਫ਼ੈਸਰ ਇੰਦਰ ਸਿੰਘ ਘੱਗਾ ਦੀ ਲਿਖਤ ਦੇ ਦਰਸ਼ਨ ਕਰੋ:

"ਜਦੋਂ ਧਰਮ ਦੀਆਂ ਚਾਦਰਾਂ ਵਿਚ ਲਿਪਟਿਆ ਮਨੁੱਖ, ਭੋਲੇ-ਭਾਲੇ

ਪਰਿਵਾਰਾਂ ਨੂੰ ਭਰਮਾਂ ਵਿਚ ਪਾਵੇ, ਬੁਰੇ ਗ੍ਰਹਿਆਂ ਦਾ ਖ਼ਤਰਾ ਖੜਾ ਕਰੇ, ਪਾਪ ਲੱਗ ਜਾਣ ਦੀ ਦਹਿਸ਼ਤ ਪਾਵੇ, ਘੋਰ ਨਰਕਾਂ ਦਾ ਖ਼ੌਫ਼ ਦਿਖਾਵੇ ਜਾਂ ਚੌਰਾਸੀ ਲੱਖ ਜੂਨਾਂ ਵਿਚ ਭਟਕਣ ਦਾ ਸਾਕਾਰ ਚਿਤਰ ਸਾਹਮਣੇ ਪ੍ਰਗਟ ਕਰ ਦਿਖਾਵੇ ਤਾਂ ਕੀ ਉਸ ਵਕਤ ਉਹ ਠੱਗ, ਗੁੰਡਾ ਜਾਂ ਲੁਟੇਰਾ ਨਹੀਂ ਆਖਿਆ ਜਾਣਾ ਚਾਹੀਦਾ ? ਮੁਆਫ਼ ਕਰਨਾ, ਇਹ ਲਕਬ ਬਹੁਤ ਛੋਟੇ ਹਨ, ਅਜਿਹੇ ਲੋਕਾਂ ਨੂੰ 'ਧਾਰਮਿਕ ਬਦਮਾਸ਼' (ਬਲੈਕ ਮੇਲਰ) ਆਖਿਆ ਜਾਣਾ ਉਚਿਤ ਰਹੇਗਾ।"

ਅਸੀਂ ਇਸ ਪ੍ਰੋਫ਼ੈਸਰ ਸਾਹਿਬ ਨੂੰ ਪੁੱਛ ਸਕਦੇ ਹਾਂ ਕਿ ਜਿਹੜਾ ਬੰਦਾ ਚਿੱਟੀ ਦੁੱਧ ਦਾੜ੍ਹੀ ਦਾ ਪ੍ਰਕਾਸ਼ ਕਰ ਕੇ, ਗਾਤਰੇ ਕਿਰਪਾਨ ਪਾ ਕੇ, ਕਾਲੀ ਦਸਤਾਰ ਸਜਾ ਕੇ ਸਿੱਖੀ ਭੇਸ ਵਿਚ ਕਾਮਰੇਡੀ ਨਾਸਤਿਕਤਾ ਦਾ ਪ੍ਰਚਾਰ ਕਰੇ, ਗੁਰਬਾਣੀ ਦੇ ਮਨ-ਮਰਜ਼ੀ ਦੇ ਅਰਥ ਕਰ ਕੇ ਜਨ-ਸਧਾਰਨ ਨੂੰ ਗੁਮਰਾਹ ਕਰੇ, ਜਿਹੜਾ ਬੰਦਾ ਐਲਾਨੀਆ ਕਹੇ ਕਿ ਹੁਣ ਸਾਨੂੰ ਧਾਰਮਿਕ ਮਹਾਂਪੁਰਸ਼ਾਂ ਦੇ ਜਨਮ-ਦਿਨ ਦੀ ਬਜਾਏ ਐਡੀਸਨ (ਬਲਬ ਈਜਾਦ ਕਰਨ ਵਾਲੇ ਵਿਗਿਆਨੀ) ਦਾ ਜਨਮ ਦਿਨ ਮਨਾਉਣ ਦਾ ਪ੍ਰਚਾਰ ਕਰੇ, ਉਸ ਲਈ ਕੀ ਸ਼ਬਦ ਵਰਤਣੇ ਚਾਹੀਦੇ ਹਨ ?

ਫਿਰ ਜਿਹੜਾ ਬੰਦਾ ਉਪਰ ਦੱਸਿਆ ਭੇਖ ਧਾਰ ਕੇ ਭਾਈ ਰਣਧੀਰ ਸਿੰਘ ਜਾਂ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਦੀ ਭੰਡੀ ਕਰੇ, ਦੂਸਰੇ ਪਾਸੇ ਰਿਸ਼ਵਤਖ਼ੋਰ ਪੁਲਸੀਏ ਦੀ, ਜੋ 68 ਸਾਲ ਦੀ ਉਮਰ ਵਿਚ ਗੁਰਦੁਆਰੇ ਦਾ ਗ੍ਰੰਥੀ ਬਣ ਕੇ ਬਲਾਤਕਾਰ ਦੇ ਕੇਸ ਵਿਚ ਅਦਾਲਤ ਵੱਲੋਂ ਸਜ਼ਾ-ਯਾਫ਼ਤਾ ਹੋਵੇ, "ਸ੍ਰੀਮਾਨ ਸਰਦਾਰ ਬਹਾਦਰ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਨੂੰ ਸਿੱਖੀ ਦੀ ਅਕਾਸ਼ ਗੰਗਾ ਦਾ ਧਰੂ ਤਾਰਾ" ਆਖ ਕੇ ਵਡਿਆਏ, ਉਸ ਦੀ ਉਪਮਾ ਕਿਹੜੇ ਲਫ਼ਜ਼ਾਂ ਨਾਲ ਕੀਤੀ ਜਾਵੇ ? ਅਜਿਹੇ ਬੰਦੇ ਦੀ ਵਕਾਲਤ ਕਰਨ ਵੇਲੇ ਪ੍ਰੋਫ਼ੈਸਰ ਸਾਹਿਬ ਆਖਦੇ ਹਨ, 'ਕੀ ਉਸ ਨੂੰ ਸੁਧਰਨ ਦਾ ਮੌਕਾ ਨਹੀਂ ਦੇਵੋਗੇ ?'

ਇਹ ਹੈ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਪੰਜਾਬੀ ਬਾਗ਼ ਜਵੱਦੀ ਲੁਧਿਆਣਾ ਦੇ ਮਹਾਂਪੁਰਸ਼ਾਂ ਦੇ ਕਿਰਦਾਰ ਦੀ ਅਸਲੀ ਤਸਵੀਰ ਜੋ ਸਾਰੇ ਸਿੱਖ ਜਗਤ 'ਤੇ ਬ੍ਰਾਹਮਣਵਾਦੀ ਅੰਧ-ਵਿਸ਼ਵਾਸੀ ਦਾ ਠੱਪਾ ਲਗਾਉਂਦੇ ਹਨ ਅਤੇ ਪ੍ਰਚਾਰ ਕਰ ਰਹੇ ਹਨ ਕਿ ਕੇਵਲ ਮਿਸ਼ਨਰੀ ਕਾਲਜ ਵਾਲੇ ਹੀ ਬਾਣੀ ਵਿਚਾਰ ਕੇ ਪੜ੍ਹਦੇ ਹਨ, ਬਾਕੀ ਸਾਰਾ ਪੰਥ ਕਰਮ-ਕਾਂਡ ਵਿਚ ਫਸਿਆ ਹੋਇਆ ਹੈ। ਜਿਹੜੇ ਮਿਸ਼ਨਰੀ ਸੰਤਾਂ ਨੂੰ ਪਾਣੀ ਪੀ-ਪੀ ਕੇ ਕੋਸਦੇ ਹਨ ਅਤੇ ਐਲਾਨੀਆ ਕਹਿੰਦੇ ਹਨ ਕਿ "ਸੰਤ ਬਾਬੇ ਭਜਾਓ—ਪੰਥ ਬਚਾਓ" ਜਦ ਲੋੜ ਹੁੰਦੀ ਹੈ ਤਾਂ ਸੰਤਾਂ ਦੇ ਡੇਰੇ ਵਿਚ ਆਪਣੇ ਸਮਾਗਮ ਕਰਦੇ ਹਨ; ਲੰਗਰ ਛਕਦੇ ਹਨ ਅਤੇ ਹੋਰ ਸਹੂਲਤਾਂ ਲੈਂਦੇ ਹਨ। ਪਰਮਾਣ ਲਈ ਫ਼ੋਟੋ ਲਗਾ ਦਿੱਤੀ ਹੈ।

# ਗੁਰਦੁਆਰੇ ਜਾ ਕੇ ਕੀ ਕਰੀਏ ?

ਗੁਰਦੁਆਰਾ ਸਿੱਖਾਂ ਲਈ ਉਹ ਅਸਥਾਨ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਹੁੰਦਾ ਹੈ, ਖ਼ਾਲਸਾਈ ਨਿਸ਼ਾਨ ਸਾਹਿਬ ਝੂਲਦਾ ਹੋਵੇ ਅਤੇ ਨਗਾਰਾ ਖੜਕਦਾ ਹੋਵੇ, ਆਤਮਿਕ ਸ਼ਾਂਤੀ ਲਈ ਅਤੇ ਮਨ ਦੀ ਖ਼ੁਰਾਕ ਲਈ ਇਥੇ ਕੀਰਤਨ ਤੇ ਕਥਾ ਹੁੰਦੀ ਹੈ, ਭੁੱਖੇ ਲਈ ਲੰਗਰ, ਸਰੀਰਿਕ ਰੋਗਾਂ ਲਈ ਦਵਾਈ-ਬੂਟੀ ਅਤੇ ਆਏ-ਗਏ ਯਾਤਰੀ ਲਈ ਮੰਜਾ-ਬਿਸਤਰਾ ਮਿਲਦਾ ਹੈ। ਸਮਾਜਿਕ ਲੋੜਾਂ ਲਈ ਅਤੇ ਪੰਥਕ ਤਰੱਕੀ ਲਈ ਵਿਚਾਰਾਂ ਅਤੇ ਉਪਰਾਲੇ ਲਈ ਭੀ ਇਹ ਉੱਤਮ ਅਸਥਾਨ ਹੈ। ਗੁਰੂ ਕੇ ਪਿਆਰੇ ਇਹਨਾਂ ਅਸਥਾਨਾਂ ’ਤੇ ਮਿਲ ਬੈਠ ਕੇ, ਨਿੱਤਨੇਮ, ਕਥਾ-ਕੀਰਤਨ ਅਤੇ ਹਰ ਪ੍ਰਕਾਰ ਦੀ ਸੇਵਾ ਕਰ ਕੇ ਜਨਮ ਸਫ਼ਲਾ ਕਰਦੇ ਹਨ।

ਗੁਰੂ ਸਾਹਿਬ ਤੋਂ ਪਹਿਲਾਂ ਸਾਡੇ ਦੇਸ ਵਿਚ ਅਖਾਣ ਬਣਿਆ ਹੋਇਆ ਸੀ :

**ਭੋਜਨ, ਭਜਨ, ਧਨ ਔਰ ਨਾਰੀ।**
**ਚਾਰੋਂ ਪਰਦੇ ਕੇ ਅਧਿਕਾਰੀ।**

ਗੁਰੂ ਸਾਹਿਬ ਨੇ ਇਹਨਾਂ ਗੱਲਾਂ ਨੂੰ ਰੱਦ ਕਰ ਕੇ ਸੰਗਤੀ ਭੋਜਨ ਭਾਵ ਲੰਗਰ ਦੀ ਰੀਤ ਚਾਲੂ ਕੀਤੀ, ਸੰਗਤੀ ਭਜਨ ਭਾਵ ਇਕੱਠੇ ਬੈਠ ਕੇ ਨਾਮ ਜਪਣ, ਕੀਰਤਨ ਅਤੇ ਕਥਾ ਦੀ ਪ੍ਰਥਾ ਚਲਾਈ। ਧਨ ਵਾਸਤੇ ਭੀ ਉਪਦੇਸ਼ ਦਿੱਤਾ :

**ਖਾਵਹਿ ਖਰਚਹਿ ਰਲਿ ਮਿਲਿ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥**

*(ਅੰਗ ੧੮੬)*

ਨਾਮ ਧਨ ਲਈ ਭੀ ਇਹੀ ਉਪਦੇਸ਼ ਦਿੱਤਾ :

**ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ॥**
**ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ॥**

*(ਅੰਗ ੪੯੬)*

ਅਰਥ—(ਹੇ ਭਾਈ!) ਗੁਰੂ ਨੇ ਮੈਨੂੰ (ਨਾਨਕ ਨੂੰ) ਨਾਮ ਧਨ ਦਾ ਖ਼ਜ਼ਾਨਾ ਭਰ ਕੇ ਦਿੱਤਾ ਹੈ ਅਤੇ ਮੇਰਾ ਮਨ ਇਸ ਨਾਮ ਧਨ ਨਾਲ ਰੰਗਿਆ ਗਿਆ ਹੈ। (ਤੁਸੀ ਭੀ) ਇਸ ਵਿਚ ਸ਼ਾਮਲ ਹੋਵੋ, ਰਲ-ਮਿਲ ਕੇ ਖ਼ਰਚੋ ਭਾਵ ਆਪ ਨਾਮ ਜਪੋ ਅਤੇ ਸਾਥੀਆਂ ਨੂੰ ਜਪਾਵੋ। (ਇੱਦਾਂ ਕਰਦਿਆਂ) ਇਸ ਵਿਚ ਕਦੇ ਘਾਟਾ ਨਹੀਂ ਪਵੇਗਾ ਬਲਕਿ ਵਧਦਾ ਜਾਵੇਗਾ। ਭਾਵ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੋਣ ਨਾਲ ਤੁਹਾਡਾ ਮਨ ਹਰ ਜਪਣ ਲਈ ਉਤਸ਼ਾਹਿਤ ਹੋਵੇਗਾ।

ਸੰਗਤ ਵਿਚ ਬੈਠ ਕੇ ਨਾਮ ਜਪਣ ਅਤੇ ਕੀਰਤਨ ਕਰਨ ਦਾ ਉਪਦੇਸ਼ ਅਤੇ ਫ਼ਾਇਦੇ ਜਗ੍ਹਾ-ਜਗ੍ਹਾ ਗੁਰਬਾਣੀ ਵਿਚ ਦਰਜ ਹਨ:

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥**

*(ਅੰਗ ੧੧੮੫)*

**ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥**
**ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥**
**ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥**
**ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥੩॥**

*(ਅੰਗ ੮੧੩)*

**ਸਤਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥**
**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥**

*(ਅੰਗ ੭੨)*

**ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥**
**ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥**

*(ਅੰਗ ੧੦੭੫)*

ਗੁਰਦੁਆਰੇ ਜਾ ਕੇ ਸਿੱਖ ਨੇ ਕੀ ਕਰਨਾ ਹੈ? ਗੁਰੂ ਸਾਹਿਬ ਦਾ ਸਹੀ ਅਤੇ ਸਪਸ਼ਟ ਉਪਦੇਸ਼:

**ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥**
**ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥**
**ਸਾਹਿਬੁ ਸਦਾ ਹਜੂਰਿ ਹੈ**
**ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥**
**ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥**

**ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥**
**ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥੨॥**

*(ਅੰਗ ੫੫੪)*

ਅਰਥ—(ਹੇ ਭਾਈ !) ਸਤਿਗੁਰੂ ਨੇ ਜੋ ਹੁਕਮ ਕੀਤਾ ਹੈ, ਤੁਸੀਂ ਇਹ ਕਾਰ (ਕਿਰਿਆ) ਕਰੋ। ਗੁਰਦੁਆਰੇ ਜਾ ਕੇ ਸਾਹਿਬ (ਪਰਮੇਸ਼ਰ) ਦੀ ਸੰਭਾਲਣਾ ਕਰੋ ਭਾਵ ਯਾਦ ਕਰੋ ਅਥਵਾ ਨਾਮ ਜਪੋ। ਉਹ ਸਾਹਿਬ (ਪਰਮੇਸ਼ਰ) ਸਦਾ ਹੀ ਅੰਗ-ਸੰਗ ਹੈ, ਭਰਮ ਦੇ ਪਰਦੇ ਕੱਟ ਕੇ ਹਿਰਦੇ ਅੰਦਰ (ਉਸ ਦੀ) ਜੋਤ ਨੂੰ ਧਰੋ ਭਾਵ ਸਦੀਵ ਕਾਲ ਲਈ ਉਸ ਦੀ ਯਾਦ ਹਿਰਦੇ ਵਿਚ ਟਿਕਾਓ। ਹਰੀ ਦਾ ਨਾਮ ਅੰਮ੍ਰਿਤ ਹੈ, ਇਹ ਦਵਾਈ ਵਰਤੋ, ਸਤਿਗੁਰੂ ਦਾ ਭਾਵ (ਹੁਕਮ) ਆਪਣੇ ਹਿਰਦੇ ਵਿਚ ਰੱਖੋ, ਪ੍ਰਭੂ ਨਾਲ ਪ੍ਰੇਮ ਕਰੋ, ਇਹ ਤੁਹਾਡਾ ਸੱਚਾ ਸੰਜਮ ਹੋਵੇ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਇਥੇ (ਸੰਸਾਰ ਵਿਚ) ਉਹ ਪਰਮੇਸ਼ਰ ਸੁਖ ਅੰਦਰ ਰੱਖੇਗਾ ਅਤੇ ਅੱਗੇ (ਪਰਲੋਕ ਵਿਚ) ਹਰੀ ਨਾਲ ਆਤਮਿਕ ਮੌਜ-ਮੇਲਾ ਕਰੋਗੇ।

ਅਖੌਤੀ ਪ੍ਰੋਫ਼ੈਸਰ ਸਾਹਿਬ ਨੇ ਆਪਣੀ ਕਿਤਾਬ ਦੇ ਪੰਨਾ 140 ਤੋਂ 143 ਤਕ 'ਗੁਰਦੁਆਰੇ ਸੂਝ ਲਈ ਜਾਂ ਜਪ-ਤਪ ਲਈ' ਦੇ ਸਿਰਲੇਖ ਹੇਠ ਬ੍ਰਾਹਮਣ ਮਤ ਦੇ ਦੇਵੀ-ਦੇਵਤਿਆਂ ਦੇ ਮੰਤਰ-ਜਾਪ ਨੂੰ ਗੁਰਮਤਿ ਨਾਮ ਦੇ ਜਪ ਨਾਲ ਰਲ-ਗੱਡ ਕਰ ਕੇ 'ਹਰਿ ਨਾਮੈ ਕੈ ਹੋਵਹੁ ਜੋੜੀ' ਦੇ ਸਿਧਾਂਤ ਦਾ ਖੰਡਨ ਕਰ ਕੇ ਪਾਠਕਾਂ ਨਾਲ ਵੱਡਾ ਧੋਖਾ ਕੀਤਾ ਹੈ। ਕਿਤਾਬ ਦੇ ਪੰਨਾ 142 'ਤੇ ਲਿਖਦੇ ਹਨ :

"ਗੁਰਦੁਆਰੇ ਜੋ ਕਦੇ ਸਿੱਖੀ ਸਿਧਾਂਤ ਦੀ ਗੱਲ ਕਰਦੇ ਸਨ, ਅੱਜ ਉਹ ਸਾਰੇ ਜਪ-ਤਪ ਤੇ ਨਾਮ ਦੀ ਸਾਧਨਾ ਦੇ ਸਮਾਗਮ ਕਰਾਉਣ ਵਿਚ ਰੁੱਝ ਗਏ ਹਨ। ਆਪਣੀ ਵਿਚਾਰਧਾਰਾ ਦੀ ਪੁਸ਼ਟੀ ਲਈ ਗੁਰਬਾਣੀ ਦਾ ਪ੍ਰਮਾਣ ਦਿੰਦੇ ਹਨ।"

**ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥**
**ਜਾ ਕੈ ਰਿਦੈ ਭਾਉ ਹੈ ਦੂਜਾ ॥**

*(ਗਉੜੀ ਕਬੀਰ ਜੀ, ਅੰਗ ੩੨੪)*

ਸਪਸ਼ਟੀਕਰਨ : ਗੁਰਬਾਣੀ ਦੀ ਸੋਝੀ ਰੱਖਣ ਵਾਲਿਆਂ ਨੂੰ ਪਤਾ ਹੈ ਕਿ 'ਜਾ ਕੈ ਰਿਦੈ ਭਾਉ ਹੈ ਦੂਜਾ' ਦੀ ਪੰਕਤੀ ਦਾ ਭਾਵ ਹੈ ਕਿ ਜਿਹਨਾਂ ਦੇ ਮਨ ਵਿਚ ਨਿਰੰਕਾਰ ਦੇ ਪਿਆਰ ਨੂੰ ਛੱਡ ਕੇ ਹੋਰ ਕਿਸੇ ਦਾ ਪਿਆਰ ਭਾਵ ਦੇਵੀ-ਦੇਵਤਿਆਂ ਆਦਿ ਦਾ ਪਿਆਰ ਵੱਸਦਾ ਹੈ, ਉਹਨਾਂ ਦੇ ਨਾਮ ਦਾ ਜਾਪ

ਕਰਦੇ ਹਨ, ਦਾ ਖੰਡਨ ਇਥੇ ਕੀਤਾ ਹੈ, ਪਰ ਲੇਖਕ ਨੇ ਚਤੁਰਾਈ ਅਤੇ ਬੇਈਮਾਨੀ ਨਾਲ ਇਸ ਨੂੰ ਗੁਰਮੰਤਰ ਦੇ ਜਾਪ ਨਾਲ ਤੁਲਨਾ ਦੇਣ ਦਾ ਨੀਚ ਕਰਮ ਕੀਤਾ ਹੈ।

ਇਸ ਪ੍ਰਮਾਣ ਤੋਂ ਪਹਿਲਾਂ ਦਿੱਤਾ ਗੁਰਬਾਣੀ ਦਾ ਪ੍ਰਮਾਣ ਇਹਨਾਂ ਦੀ ਆਪਣੀ ਵਿਚਾਰਧਾਰਾ ਦੇ ਹੀ ਚਪੇੜ ਮਾਰ ਰਿਹਾ ਹੈ:

**ਜਿਨ੍ੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ॥**
**ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ॥**
**ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ॥੨॥**

*(ਅੰਗ ੧੨੪੭)*

ਗੁਰਬਾਣੀ ਦੀਆਂ ਇਹ ਤੁਕਾਂ ਦੀ ਵਿਚਾਰ ਦੱਸਦੀ ਹੈ ਕਿ ਲੇਖਕ ਨੂੰ ਗੁਰਬਾਣੀ ਦੇ ਅਰਥ-ਬੋਧ ਦਾ ਕੋਈ ਗਿਆਨ ਨਹੀਂ ਹੈ। ਇਹ ਉਸ ਤਰ੍ਹਾਂ ਦੀ ਗੱਲ ਹੈ:

**ਜਾਟ ਰੇ ਜਾਟ ਤੇਰੇ ਸਿਰ ਪੇ ਖਾਟ।**

ਅੱਗੋਂ ਜੱਟ ਨੇ ਕਿਹਾ:

**ਤੇਲੀ ਰੇ ਤੇਲੀ ਤੇਰੇ ਸਿਰ ਪੇ ਕੋਹਲੂ।**

ਲੋਕ ਜੱਟ ਨੂੰ ਕਹਿਣ ਲੱਗੇ, ਭਾਈ, ਤੁਕ ਨਾਲ ਤੁਕ ਨਹੀਂ ਮਿਲੀ। ਜੱਟ ਕਹਿੰਦਾ, ਨਾ ਮਿਲੇ, ਕੋਹਲੂ ਦੇ ਭਾਰ ਹੇਠ ਤਾਂ ਦੱਬਿਆ ਰਹੂ। ਖਾਟ ਤਾਂ ਜਦ ਮਰਜ਼ੀ ਸਿਰ ਤੋਂ ਲਾਹ ਕੇ ਬੈਠਣ ਦਾ ਕੰਮ ਦੇ ਸਕਦੀ ਹੈ।

ਸ੍ਰੀ ਗੁਰੂ ਅਮਰਦਾਸ ਮਹਾਰਾਜ ਦੇ ਇਸ ਸਲੋਕ ਦੇ ਅਰਥ ਹਨ:

ਜਿਹਨਾਂ ਨੇ ਪਰਮਾਤਮਾ ਦੇ ਨਾਉਂ ਨੂੰ ਭੁਲਾ ਦਿੱਤਾ ਹੈ, ਉਹ ਹੋਰ ਕੀ ਜਾਪ ਕਰਦੇ ਹਨ ਭਾਵ ਹੋਰ ਹਰ ਪ੍ਰਕਾਰ ਦੇ ਦੇਵੀ ਦੇਵਤਿਆਂ ਦੇ ਨਾਮ ਦੇ ਮੰਤਰਾਂ ਦਾ ਜਾਪ ਵਿਅਰਥ ਹੈ। ਜਿਹਨਾਂ ਨੂੰ ਮਾਇਆ (ਕਾਮ, ਕ੍ਰੋਧ, ਲੋਭ, ਮੋਹ, ਅਹੰਮਾਰ, ਤ੍ਰਿਸ਼ਨਾ ਆਦਿ) ਨੇ ਜੰਜਾਲਾਂ ਵਿਚ ਫਸਾ ਕੇ ਠੱਗਿਆ ਹੈ, ਉਹ ਗੰਦਗੀ ਦੇ ਕੀੜਿਆਂ ਸਮਾਨ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਜੀਵ ਨੂੰ ਇਸ ਤਰ੍ਹਾਂ ਪ੍ਰਭੂ ਅੱਗੇ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਮੈਨੂੰ ਹੋਰ ਝੂਠੇ ਧੰਧਿਆਂ ਵਿਚ ਨਾ ਪਾਓ, ਜਿਸ ਨਾਲ ਮੈਨੂੰ ਤੇਰਾ ਨਾਮ ਭੁੱਲ ਜਾਵੇ।

ਗੁਰਮਤਿ ਦੇ ਜਾਪ ਲਈ ਗੁਰਬਾਣੀ ਦੱਸ ਰਹੀ ਹੈ:

**ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥**
**ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥੧॥**

**ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥**

*(ਅੰਗ ੭੨੯)*

**ਜਪਿ ਗੋਬਿੰਦੁ ਗੋਪਾਲ ਲਾਲੁ ॥**
**ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ ॥**

*(ਅੰਗ ੮੮੫)*

**ਇਛਾ ਪੂਰਕੁ ਸਰਬ ਸੁਖਦਾਤਾ ਹਰਿ**
**ਜਾ ਕੈ ਵਸਿ ਹੈ ਕਾਮਧੇਨਾ ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ**
**ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥**
**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥**
**ਹਲਤਿ ਪਲਤਿ ਮੁਖ ਊਜਲ ਹੋਈ ਹੈ**
**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥**

*(ਅੰਗ ੬੬੯-੭੦)*

ਪਰ ਕਾਮਰੇਡਾਂ ਨੂੰ ਇਹ ਗੱਲਾਂ ਸੀਨੇ ਵਿਚ ਤੀਰ ਵਾਂਗ ਲੱਗਦੀਆਂ ਹਨ :

**ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥**
**ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥**
**ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥**
**ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥**

*(ਅੰਗ ੮੮੧)*

## ਗੁਰਦੁਆਰਾ ਸਾਹਿਬ ਵਿਚ ਆਉਣ ਵਾਲੀ ਸੰਗਤ ਵਿਚ ਵੰਡੀਅ :

ਵਿਦਵਾਨ ਲੇਖਕ ਨੇ ਆਪਣੀ ਕਿਤਾਬ ਦੇ ਪੰਨਾ 146 ਤੋਂ 148 'ਤੇ ਗੁਰਦੁਆਰਾ ਸਾਹਿਬ ਵਿਚ ਆਉਣ ਵਾਲੀ ਸੰਗਤ ਵਿਚ ਆਪਣੀ ਤਰਕਵਾਦੀ ਸੋਚ ਨਾਲ ਅਤੇ ਤਰੱਕੀ ਹੋਈ ਮਾਨਸਿਕਤਾ ਦੇ ਆਧਾਰ 'ਤੇ ਵੰਡੀਆਂ ਪਾਈਆਂ ਹਨ :

1. ਛੋਟੀ ਦਸਤਾਰ ਨਾਲ ਅੰਮ੍ਰਿਤ ਵੇਲੇ ਆ ਕੇ ਸਿਮਰਨ ਕਰਨ ਵਾਲੇ ਭਜਨੀਕ ਸਿੱਖ।
2. ਇਸ ਉਪਰੰਤ ਗੁਰਦੁਆਰਾ ਸਾਹਿਬ ਆ ਕੇ ਨਿੱਤਨੇਮ ਕਰਨ ਵਾਲਿਆਂ ਦੀ ਨਿੱਤਨੇਮੀ ਸੰਗਤ।
3. ਇਹਨਾਂ ਪਿੱਛੋਂ ਸੁਖਮਨੀ ਸਾਹਿਬ ਦਾ ਪਾਠ ਕਰਨ ਪਿੱਛੋਂ ਸੁਖਮਨੀ

ਸਾਹਿਬ ਦੀ ਅਰਦਾਸ ਵਿਚ ਸੁਖਾਂ ਦੀ ਕਾਮਨਾ ਕਰਨ ਵਾਲਿਆਂ ਲਈ ਸਵਾਲ ਕੀਤਾ ਹੈ ਕਿ ਬਾਕੀ ਸਾਰੀ ਬਾਣੀ ਸੁਖ ਦੇਣ ਵਾਲੀ ਨਹੀਂ ਹੈ ?

4. ਇਸ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਸੁਣਨ ਵਾਲੀ ਸੰਗਤ। ਇਹ ਭੀ ਕੀਰਤਨ ਉਪਰੰਤ ਅਰਦਾਸ ਕਰਦੀ ਹੈ ਕਿ ਅਸਾਂ ਸਰਬ ਆਸਾਂ ਪੂਰਨ ਕਰਨ ਵਾਲੀ ਬਾਣੀ ਦਾ ਕੀਰਤਨ ਸੁਣਿਆ ਹੈ।
5. ਫਿਰ ਕਥਾ ਹੁੰਦੇ ਹੀ ਇਹ ਵੀਰ ਉੱਠ ਕੇ ਬਾਹਰ ਚਲੇ ਜਾਂਦੇ ਹਨ।
6. ਇਸ ਪਿੱਛੋਂ ਕਈ ਹੋਰ, ਕਈ ਹੋਰ ਅਤੇ ਕਈ ਹੋਰ।

ਇਹਨਾਂ ਸਾਰਿਆਂ ਲਈ ਪ੍ਰੋਫ਼ੈਸਰ ਸਾਹਿਬ ਨੇ ਹੰਕਾਰੀ ਬਿਰਤੀ ਵਾਲੇ, ਸਭ ਆਪਣੇ ਆਪ ਨੂੰ ਇਕ ਦੂਸਰੇ ਤੋਂ ਵੱਧ ਸਮਝਣ ਵਾਲੇ ਅਤੇ ਹੋਰ ਕਈ ਤਰੀਕਿਆਂ ਨਾਲ ਵਿਅੰਗਮਈ ਚੋਟਾਂ ਮਾਰੀਆਂ ਹਨ ਅਤੇ ਸਭ ਨੂੰ ਖੰਡਨ ਕੀਤਾ ਹੈ।

ਪਰ ਆਪ ਇਹ ਕੀ ਕਰਦੇ ਹਨ ਜਾਂ ਕੀ ਕਰਨਾ ਚਾਹੀਦਾ ਹੈ ? ਇਸ ਬਾਰੇ ਇਕ ਲਾਈਨ ਭੀ ਨਹੀਂ ਲਿਖੀ, ਛੁਪਾ ਗਏ। ਸ਼ਾਇਦ ਇਸ ਲਈ ਕਿ :

**ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ।**

*(ਭਾਈ ਵੀਰ ਸਿੰਘ)*

ਵਾਲਾ ਭਰਮ ਸਿੱਖ ਸੰਗਤਾਂ ਵਿਚ ਪਾਇਆ ਜਾ ਸਕੇ। ਪਰ ਹੁਣ ਇਹਨਾਂ ਦੀ ਛੁਪੇ ਰਹਿਣ ਦੀ ਚਾਹ ਪੂਰੀ ਨਹੀਂ ਹੋਵੇਗੀ ਕਿਉਂਕਿ ਅਸਾਂ ਇਹਨਾਂ ਦਾ ਭੇਦ ਪਾ ਲਿਆ ਹੈ।

ਇਹਨਾਂ ਦਾ ਨਿੱਤਨੇਮ ਇਸ ਤਰ੍ਹਾਂ ਹੈ :

1. ਪਹਿਲਾਂ ਸਵੇਰੇ ਉੱਠ ਕੇ ਸੌ ਗਾਲ਼ ਪਰਮੇਸ਼ਰ ਨੂੰ ਕੱਢੋ, ਜਿਸ ਨੇ ਸਾਰੀ ਦੁਨੀਆਂ ਨੂੰ ਭਰਮ-ਜਾਲ ਵਿਚ ਫਸਾ ਰੱਖਿਆ ਹੈ।
2. ਸੰਤ ਅਤਰ ਸਿੰਘ ਜੀ, ਭਿੰਡਰਾਂ ਵਾਲੀ ਟਕਸਾਲ ਦੇ ਮਹਾਂਪੁਰਖਾਂ, ਭਾਈ ਰਣਧੀਰ ਸਿੰਘ ਆਦਿ ਦੇ ਨਾਉਂ ਦੀਆਂ ਗਾਲ਼ਾਂ ਕੱਢੋ।
3. ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਮੇਟੀ ਦੇ ਪ੍ਰਧਾਨ, ਤਖ਼ਤਾਂ ਦੇ ਜਥੇਦਾਰ ਨੂੰ ਇਡਿਓਮੈਟਕ ਗਾਲ਼ਾਂ ਨਾਲ ਸਨਮਾਨਿਤ ਕਰੋ।
4. ਫਿਰ ਦਸਮ ਗ੍ਰੰਥ ਸਾਹਿਬ ਨੂੰ ਸੌ ਬਾਰ ਕੰਜਰ-ਬਾਣੀ ਕਹੋ। ਇਸ ਦੇ ਸੰਕਲਨ ਕਰਨ ਵਾਲੇ ਭਾਈ ਮਨੀ ਸਿੰਘ ਨੂੰ ਬੁਰਾ ਭਲਾ ਕਹੋ।
5. ਨਿਰਮਲੇ, ਉਦਾਸੀ, ਸੇਵਾ-ਪੰਥੀਆਂ ਤੋਂ ਪਿੱਛੋਂ ਅਕਾਲੀ ਜਥੇਦਾਰਾਂ ਨੂੰ ਗਾਲ਼ਾਂ ਕੱਢੋ।
6. ਨਾਸ਼ਤਾ ਕਰਨ ਪਿੱਛੋਂ ਗੁਰਬਾਣੀ ਦੇ ਤਰੋੜ-ਮਰੋੜ ਕੇ ਅਰਥਾਂ ਨਾਲ

ਕਾਮਰੇਡੀ ਰੰਗ ਭਰ ਕੇ ਕਿਤਾਬਾਂ ਲਿਖੋ ਅਤੇ ਵਿਗਿਆਨ ਦਾ ਚਸ਼ਮਾ ਲਗਾ ਕੇ ਸਿੱਖ ਇਤਿਹਾਸ ਨੂੰ ਵਿਗਾੜਨ ਦੇ ਉਪਰਾਲੇ ਕਰੋ।

7. ਇਸ ਉਪਰੰਤ ਦਾੜ੍ਹੇ ਪ੍ਰਕਾਸ਼ ਕਰ ਕੇ ਗਾਤਰੇ ਕਿਰਪਾਨਾਂ ਸਜਾ ਕੇ ਗੁਰਦੁਆਰਿਆਂ ਜਾਂ ਸੰਸਥਾਵਾਂ ਵਿਚ ਜਾ ਕੇ ਲੈਕਚਰ ਦਿਉ।
8. ਰਾਤ ਨੂੰ ਸੌਣ ਤੋਂ ਪਹਿਲਾਂ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਅਤੇ ਸਪੋਕਸਮੈਨ ਦੀ ਤਾਰੀਫ਼ ਵਿਚ ਬੁੜਬੁੜਾਉਂਦੇ ਸੌਂ ਜਾਓ।

ਇਸ ਨਿਯਮ ਨਾਲ ਪੰਥ ਵਿਰੋਧੀ ਤਾਕਤਾਂ ਦੀ ਮਾਇਆ ਦਾ ਚੈੱਕ ਹਰ ਮਹੀਨੇ ਮਿਲੇਗਾ, ਸਿੱਖਾਂ ਤੋਂ ਇਹਨਾਂ ਨੂੰ ਕੀ ਮਿਲਣਾ ਹੈ ?

–

# ਸ੍ਰੀ ਗੁਰੂ ਗ੍ਰੰਥ ਸਾਹਿਬ,
# ਸਤਿਕਾਰ ਅਤੇ ਵਿਚਾਰ

ਘਰ ਦਾ ਕੋਈ ਬਹੁਤ ਸਿਆਣਾ ਬਜ਼ੁਰਗ ਹੋਵੇ, ਜਿਸ ਦੀਆਂ ਸਾਰੇ ਇਲਾਕੇ ਵਿਚ ਧੁੰਮਾਂ ਪਈਆਂ ਹੋਣ ਅਤੇ ਸਮਾਜ ਦੇ ਹਰ ਵਰਗ ਦੇ ਲੋਕ ਉਸ ਅੱਗੇ ਸਿਰ ਨਿਵਾਉਂਦੇ ਹੋਣ, ਦੁਨੀਆਂ ਨੂੰ ਮੱਤਾਂ ਦਿੰਦਾ ਹੋਵੇ, ਉਸ ਦੀ ਆਪਣੇ ਪਰਵਾਰ ਕੋਲੋਂ ਅਕਾਕਸ਼ਾਂ ਹੁੰਦੀ ਹੈ ਕਿ ਘਰ ਦੇ ਬੱਚੇ ਉਸ ਦੀ ਨਸੀਹਤ ’ਤੇ ਅਮਲ ਕਰ ਕੇ ਵਧਣ-ਫੁੱਲਣ ਅਤੇ ਨਾਲ ਹੀ ਉਸ ਦਾ ਆਦਰ-ਮਾਣ ਕਰਨ।

ਘਰ ਦਾ ਕੋਈ ਜੀਅ ਉਸ ਨੂੰ ਬਹੁਤ ਪਿਆਰ ਕਰਦਾ ਹੋਵੇ, ਸਤਿਕਾਰ ਕਰਦਾ ਹੋਵੇ, ਉਸ ਦੀ ਸਿਹਤ ਦਾ ਖ਼ਿਆਲ ਕਰ ਕੇ ਹਰ ਲੋੜ ਪੂਰੀ ਕਰਦਾ ਹੋਵੇ ਪਰ ਉਸ ਦੇ ਕਹੇ ਮੁਤਾਬਕ ਜੀਵਨ-ਜਾਚ ਨਾ ਅਪਣਾਵੇ ਤਾਂ ਪੂਰਨ ਤੌਰ ’ਤੇ ਬਜ਼ੁਰਗ ਦੀ ਖ਼ੁਸ਼ੀ ਪ੍ਰਾਪਤ ਨਹੀਂ ਕਰ ਸਕਦਾ।

ਦੂਸਰੇ ਪਾਸੇ ਪਰਵਾਰ ਦਾ ਕੋਈ ਜੀਅ ਉਸ ਤੋਂ ਹਰ ਪ੍ਰਕਾਰ ਦੀ ਜੀਵਨ-ਸੇਧ ਲੈ ਕੇ ਦੁਨਿਆਵੀ ਜਾਂ ਸਮਾਜਿਕ ਉੱਨਤੀ ਤਾਂ ਕਰਦਾ ਹੈ ਪਰ ਉਸ ਦੀ ਬਜ਼ੁਰਗ ਪ੍ਰਤੀ ਬੋਲ-ਬਾਣੀ ਰੁੱਖੀ ਹੋਵੇ, ਉਸ ਦੀਆਂ ਲੋੜਾਂ ਵੱਲ ਕੋਈ ਧਿਆਨ ਨਾ ਦੇਵੇ, ਉਹ ਭੀ ਬਜ਼ੁਰਗ ਦੀਆਂ ਸ਼ੁਭ ਅਸੀਸਾਂ ਤੋਂ ਵਾਂਝਾ ਹੀ ਰਹੇਗਾ।

ਸਮਝਦਾਰ, ਸਿਆਣਾ ਮਨੁੱਖੀ ਉਹੀ ਕਹਿਲਾਏਗਾ, ਜੋ ਆਪਣੇ ਬਜ਼ੁਰਗ ਤੋਂ ਨਸੀਹਤ ਲੈ ਕੇ ਜੀਵਨ-ਜਾਚ ਭੀ ਅਪਣਾਏ ਅਤੇ ਨਾਲ ਹੀ ਉਸ ਦਾ ਸਤਿਕਾਰ ਭੀ ਕਰੇ। ਇਸੇ ਤਰ੍ਹਾਂ ਸਿੱਖ ਨੇ ਆਪਣੇ ਇਸ਼ਟ ਗੁਰਦੇਵ ਦਾ ਹੁਕਮ ਮੰਨ ਕੇ ਜੀਵਨ-ਜਾਚ ਭੀ ਗੁਰਬਾਣੀ ਅਨੁਸਾਰ ਧਾਰਨ ਕਰਨੀ ਹੈ। ਦੂਸਰੇ ਪਾਸੇ ਆਪਣੀ ਵਿੱਤ ਅਨੁਸਾਰ ਸਿੱਖ ਜਗਤ ਦੀਆਂ 300 ਸਾਲ ਤੋਂ ਅਪਣਾਈਆਂ ਪਰੰਪਰਾਵਾਂ ਅਨੁਸਾਰ ਅਦਬ-ਸਤਿਕਾਰ ਭੀ ਕਰਨਾ ਹੈ।

ਇਹ ਦੋਨੋਂ ਗੱਲਾਂ ਹਰ ਇਕ ਲਈ ਇਕ ਸਮਾਨ ਨਹੀਂ ਹੋ ਸਕਦੀਆਂ। ਕਈ ਵਾਰੀ ਦੇਖਿਆ ਗਿਆ ਹੈ ਕਿ ਬੰਦਾ ਬਹੁਤ ਗੁਣਵਾਨ ਹੁੰਦਾ ਹੈ ਪਰ ਘਰ

ਵਾਲਿਆਂ ਨੂੰ ਇਸ ਦਾ ਇਹਸਾਸ ਹੀ ਨਹੀਂ ਹੁੰਦਾ। ਇਸ ਲਈ ਘਰ ਵਾਲੇ ਉਸ ਨਾਲ ਦੁਰ-ਵਿਵਹਾਰ ਕਰਦੇ ਹਨ, ਜਿਸ ਤਰ੍ਹਾਂ ਗੁਰੂ ਘਰਾਂ ਦੇ ਪਰਵਾਰ ਦੇ ਜੀਆਂ ਦਾ ਹਾਲ ਸੀ। ਸਮੇਂ ਦਾ ਹਾਕਮ ਰਾਇ ਬੁਲਾਰ ਸਾਹਿਬ ਅਤੇ ਨਵਾਬ ਦੌਲਤ ਖ਼ਾਂ ਅਤੇ ਰਾਜਾ ਸ਼ਿਵਨਾਭ ਵਰਗੇ ਗੁਰੂ ਨਾਨਕ ਸੱਚੇ ਪਾਤਸ਼ਾਹ ਨੂੰ ਰੱਬ ਰੂਪ ਜਾਣ ਕੇ ਸਤਿਕਾਰ ਕਰਦੇ ਸਨ, ਪਰ ਪਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਅਤੇ ਪੁੱਤਰਾਂ ਦੀ ਨਜ਼ਰ ਵਿਚ ਕੁਝ ਹੋਰ ਸਨ।

ਭੱਟਾਂ ਲਈ ਗੁਰੂ ਅਮਰਦਾਸ ਜੀ ਕਰਤਾਰ ਦੇ ਭੇਦੀ ਸਨ ਅਤੇ 'ਤੇਰੀ ਉਪਮਾ ਤੋਹਿ ਬਨਿ ਆਵੈ' (ਅੰਗ ੧੩੯੬) ਦੇ ਮਾਲਕ ਸਨ, ਪਰ ਦਾਤੂ ਜੀ ਅਤੇ ਦਾਸੂ ਜੀ ਲਈ ਕੁਝ ਹੋਰ ਸਨ। ਭਾਈ ਨੰਦ ਲਾਲ ਦੀਆਂ ਨਜ਼ਰਾਂ ਵਿਚ ਕਲਗੀਧਰ ਪਿਤਾ 'ਕਾਦਰੇ ਹਰਕਾਰ, ਬੇਕਸਾਂ ਰਾ ਯਾਰ, ਬਰ ਦੋ ਆਲਮ ਸ਼ਾਹ, ਸ਼ਾਹਿ-ਸ਼ਾਹਿਨ ਸ਼ਾਹ' ਸਨ ਪਰ ਸਮੇਂ ਦੀ ਹਕੂਮਤ ਲਈ ਬਾਗ਼ੀ ਸਨ। ਇਸੇ ਤਰ੍ਹਾਂ ਸਿੱਖਾਂ ਦੀ ਨਜ਼ਰ ਵਿਚ ਗੁਰੂ ਸਾਹਿਬ ਹੋਰ ਅਤੇ ਕਾਮਰੇਡਾਂ ਦੀਆਂ ਨਜ਼ਰਾਂ ਵਿਚ ਹੋਰ ਹਨ।

ਜਿੰਨੀ ਕੁ ਨਜ਼ਰ ਪਰਮੇਸ਼ਰ ਨੇ ਕਿਸੇ ਨੂੰ ਬਖ਼ਸ਼ੀ ਹੈ, ਉਸ ਨੇ ਉਸੇ ਨਜ਼ਰ ਨਾਲ ਗੁਰੂ ਨੂੰ ਦੇਖਣਾ ਹੈ ਅਤੇ ਓਨਾ ਕੁ ਹੀ ਗੁਰੂ ਲਈ ਪਿਆਰ ਉਸ ਦੇ ਹਿਰਦੇ ਵਿਚ ਹੋਵੇਗਾ ਅਤੇ ਉਸੇ ਮੁਤਾਬਕ ਓਨਾ ਕੁ ਹੀ ਸਤਿਕਾਰ ਉਹ ਕਰੇਗਾ। ਗੁਰਬਾਣੀ ਦੱਸ ਰਹੀ ਹੈ ਕਿ :

**ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥**
**ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥**

*(ਅੰਗ ੩੦)*

ਅਰਥ—ਜੈਸੀ ਭਾਵਨਾ ਕੋਈ ਸਤਿਗੁਰੂ ਨਾਲ ਰੱਖਦਾ ਹੈ, ਉਸ ਨੂੰ ਓਨਾ ਕੁ ਹੀ ਸੁਖ ਪ੍ਰਾਪਤ ਹੁੰਦਾ ਹੈ। ਇਸ ਵਿਚ ਕੋਈ ਭਰਮ ਵਾਲੀ ਗੱਲ ਨਹੀਂ, ਕੋਈ ਭੀ ਗੁਰੂ ਨਾਲ ਪਿਆਰ ਕਰ ਕੇ ਦੇਖ ਸਕਦਾ ਹੈ।

ਗੁਰੂ ਸਾਹਿਬ ਦੇ ਹੀਨ-ਹਯਾਤ ਹੁੰਦਿਆਂ ਭੀ ਅਤੇ ਹੁਣ ਭੀ ਇਹ ਤਿੰਨ ਕਾਲ ਸਤਿ ਹੈ। ਪਿਛਲੀ ਸਦੀ ਦੀ ਦੁਨੀਆਂ ਦੀ ਨਜ਼ਰ ਵਿਚ ਮਹਾਨ ਵਿਦਵਾਨ, ਚਿੰਤਕ ਅਤੇ ਪ੍ਰਗਤੀਸ਼ੀਲ ਵਿਚਾਰਾਂ ਦਾ ਮਾਲਕ ਗੁਰਬਖ਼ਸ਼ ਸਿੰਘ (ਪ੍ਰੀਤਲੜੀ) ਉਰਫ਼ ਦਾਰ ਜੀ ਆਪਣੇ ਸਮੇਂ ਵਿਚ ਵਿਦਵਾਨਾਂ, ਕਵੀਆਂ, ਨਾਟਕਕਾਰਾਂ, ਨਾਵਲਕਾਰਾਂ ਅਤੇ ਕਹਾਣੀਕਾਰਾਂ ਦੇ ਦਿਲਾਂ ਦੀ ਧੜਕਣ ਸੀ, ਇਹ ਆਪਣੇ ਮੇਜ਼ 'ਤੇ ਆਮ ਕਿਤਾਬਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰੱਖ ਕੇ ਪਾਠ ਕਰਦਾ ਰਿਹਾ ਅਤੇ ਆਪਣੇ ਆਪ ਨੂੰ ਸਿੱਖੀ ਦਾ ਪਰਮ ਗਿਆਤਾ

ਮੰਨਦਾ ਰਿਹਾ। 'ਪਰਮ ਮਨੁੱਖ' ਦੇ ਨਾਮ ਦੀ ਕਿਤਾਬ ਵਿਚ ਗੁਰੂ ਸਾਹਿਬ ਨੂੰ ਮਨੁੱਖੀ ਧਰਾਤਲ 'ਤੇ ਪੇਸ਼ ਕਰ ਕੇ ਸਿੱਟੇ ਕੱਢਦਾ ਰਿਹਾ ਪਰ ਜੀਵਨ ਦੇ ਅੰਤ ਵਿਚ ਬਾਜ਼ੀ ਹਾਰ ਗਿਆ ਅਤੇ ਪਛਤਾਵੇ ਵਿਚ ਸੰਸਾਰ ਤਿਆਗ ਗਿਆ। ਬਾਹਾਂ ਉਲਾਰ-ਉਲਾਰ ਕੇ ਸਿੱਖਾਂ ਨੂੰ ਬ੍ਰਾਹਮਣਵਾਦੀ, ਅੰਧ-ਵਿਸ਼ਵਾਸੀ, ਮੂਰਖ ਅਤੇ ਜਹਾਲ ਕਹਿਣ ਵਾਲੇ ਇੰਦਰ ਸਿੰਘ ਘੱਗਾ ਜਾਂ ਗੁਰਬਚਨ ਸਿੰਘ ਥਾਈਲੈਂਡ ਦੀਆਂ ਪੁਸਤਕਾਂ ਦਾ ਮੁਲਾਂਕਣ ਜਦ ਅਸੀਂ 'ਦਾਰ ਜੀ' ਦੀਆਂ ਪੁਸਤਕਾਂ ਨਾਲ ਕਰਦੇ ਹਾਂ ਤਾਂ ਪੂਰੀ ਸਮਾਨਤਾ ਮਿਲਦੀ ਹੈ। ਫ਼ਰਕ ਸਿਰਫ਼ ਏਨਾ ਹੈ ਕਿ 'ਦਾਰ ਜੀ' ਨੇ ਗਲ ਵਿਚ ਕਿਰਪਾਨ ਪਾ ਕੇ ਇਹਨਾਂ ਵਾਂਗ ਪੱਕੇ ਸਿੱਖ ਹੋਣ ਦਾ ਛਲਾਵਾ ਨਹੀਂ ਦਿੱਤਾ। ਗੁਰੂ ਦਾ ਸਿੱਖ ਨਾਲ ਜਾਂ ਸਿੱਖ ਦਾ ਗੁਰੂ ਨਾਲ ਸੰਬੰਧ ਹੀ ਕੇਵਲ ਪਿਆਰ ਦਾ ਹੈ:

**ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ॥**
**ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ॥**
**ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ॥੧॥**
**ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥**
**ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ**
**ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ॥੧॥ ਰਹਾਉ॥**
**ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ॥**
**ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ**
**ਨਿਤ ਹਿਰਦੈ ਸਾਰਿ ਸਮਾਲੀ॥**
**ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ**
**ਗੁਰੁ ਸਿਖ ਰਖੈ ਜੀਅ ਨਾਲੀ॥੨॥**

*(ਅੰਗ ੧੬੮)*

ਨਾਲ ਹੀ ਦੁਨੀਆਂ ਦੇ ਸਿਆਣਿਆਂ ਨੇ ਤੱਤ ਕੱਢਿਆ ਹੈ ਕਿ ਪਿਆਰ ਦੀ ਨਿਸ਼ਾਨੀ ਹੈ ਕੁਰਬਾਨੀ। ਜਿੰਨਾ ਕੁ ਕਿਸੇ ਨਾਲ ਪਿਆਰ ਹੈ, ਓਨੀ ਹੀ ਕੁਰਬਾਨੀ ਉਹ ਕਰ ਸਕਦਾ ਹੈ।

ਜਿਹਨਾਂ ਨੂੰ ਗੁਰੂ ਨਾਲ ਪਿਆਰ ਸੀ, ਉਹ ਗੁਰੂ ਦੇ ਇਕ ਇਸ਼ਾਰੇ 'ਤੇ ਸਿਰ ਭੇਟ ਕਰਨ ਲਈ ਉੱਠ ਖਲੋਤੇ, ਬੰਦੂਕ ਦਾ ਨਿਸ਼ਾਨਾ ਬਣਨ ਲਈ ਭੱਜ ਉੱਠੇ ਜਾਂ ਮਸਤ ਹਾਥੀ ਨਾਲ ਮੁਕਾਬਲਾ ਕਰਨ ਤੁਰ ਪਏ। ਦੂਸਰੇ ਪਾਸੇ ਦੁਨਿਆਵੀ ਅਕਲਾਂ ਨਾਲ ਤਰਕਾਂ ਮਾਰਨ ਵਾਲੇ ਬੇਦਾਵਾ ਲਿਖ ਕੇ ਦੇ ਗਏ।

ਗੁਰੂ ਦੇ ਹੁਕਮ ਮਿਲਣ ਤੋਂ ਸਭ ਤੋਂ ਵਧੀਆ ਘੋੜੇ ਕਾਬਲ ਤੋਂ ਲੈ ਕੇ

ਤੁਰ ਪਏ। ਜਦ ਪਤਾ ਲੱਗਾ ਔਰੰਗਜ਼ੇਬ ਲਈ ਇਕ ਲੱਖ ਰੁਪਏ ਦੀ ਕੀਮਤ ਦਾ ਸਮਿਆਨਾ ਦਿੱਲੀ ਜਾ ਰਿਹਾ ਹੈ ਤਾਂ ਪਿਆਰ ਵਾਲੇ ਗੁਰਸਿੱਖਾਂ ਨੇ ਆਪਣੇ ਸੱਚੇ ਪਾਤਸ਼ਾਹ ਲਈ ਸਵਾ ਲੱਖ ਰੁਪਏ ਦਾ ਸਮਿਆਨਾ ਬਣਾ ਕੇ ਭੇਜਿਆ।

ਰਾਜ ਪ੍ਰਾਪਤ ਕਰ ਕੇ ਬੰਦਾ ਸਿੰਘ ਬਹਾਦਰ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਏ ਨੇ ਗੁਰੂ ਦੇ ਨਾਉਂ ਦਾ ਸਿੱਕਾ ਜਾਰੀ ਕੀਤਾ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਕਿਲ੍ਹੇ ’ਤੇ ਕੇਸਰੀ ਪਰਚਮ ਲਹਿਰਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਦਿੱਖ ਰਾਜਿਆਂ-ਮਹਾਰਾਜਿਆਂ ਦੇ ਮਹੱਲਾਂ ਤੋਂ ਸੁੰਦਰ ਬਣਾ ਕੇ ਅਦੁੱਤੀ ਕੰਮ ਕੀਤਾ। ਜਦ ਨਿਜ਼ਾਮ ਹੈਦਰਾਬਾਦ ਨੇ ਕੀਮਤੀ ਚਾਨਣੀ ਤੋਹਫ਼ੇ ਲਈ ਭੇਜੀ ਤਾਂ ਮਹਾਰਾਜ ਸਾਹਿਬ ਨੇ ਅੰਦਰ ਜਾ ਕੇ ਕੇਵਲ ਨਜ਼ਰ ਮਾਰੀ ਅਤੇ ਮਨ ਵਿਚ ਕਿਹਾ ਕਿ ਅਜਿਹੀ ਚਾਨਣੀ ਰਣਜੀਤ ਸਿੰਘ ਲਈ ਨਹੀਂ ਬਲਕਿ ਸੱਚੇ ਪਾਤਸ਼ਾਹ ਲਈ ਚਾਹੀਦੀ ਹੈ। ਸੋ ਦਰਬਾਰ ਸਾਹਿਬ ਭੇਜ ਦਿੱਤੀ।

ਹੁਣ ਦੇ ਜ਼ਮਾਨੇ ਵਿਚ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਪੁਰਾਣੀ ਇਮਾਰਤ ਦੀ ਦਿੱਖ ਏਨੀ ਅੱਛੀ ਨਹੀਂ ਸੀ। ਪਾਰਲੀਮੈਂਟ ਹਾਊਸ ਨੇੜੇ ਹੋਣ ਕਰਕੇ ਦੇਸ਼-ਵਿਦੇਸ਼ ਦੇ ਸੈਲਾਨੀ ਆਉਂਦੇ ਹਨ। ਇਸ ਲਈ ਗੁਰੂ ਘਰ ਦੀ ਦਿੱਖ ਭੀ ਅੱਛੀ ਹੋਣੀ ਚਾਹੀਦੀ ਹੈ। ਨਕਸ਼ਾ ਤਿਆਰ ਹੋ ਗਿਆ, ਈਰਾਨ ਦਾ ਇਕ ਗੁਰੂ ਦਾ ਸਿੱਖ ਆਇਆ ਅਤੇ ਕਮੇਟੀ ਨੂੰ ਕਿਹਾ ਕਿ ਪੱਥਰ ਦਾ ਸਾਰਾ ਖ਼ਰਚਾ ਮੇਰੇ ਵੱਲੋਂ ਹੋਵੇਗਾ, ਪਰ ਮੇਰੀ ਬੇਨਤੀ ਹੈ ਕਿ ਮੇਰਾ ਨਾਉਂ ਕਿਤੇ ਨਾ ਲਿਖਿਆ ਜਾਵੇ।

ਇਹ ਤਾਂ ਹੈ ਗੱਲ ਗੁਰੂ ਕੇ ਪ੍ਰੇਮੀ ਸਿੱਖਾਂ ਦੀ। ਹੁਣ ਸੁਣੋ ਗੱਲ ਵਿਗਿਆਨ ਦਾ ਚਸ਼ਮਾ ਲਾ ਕੇ ਸਿੱਖੀ ਦੇਖਣ ਵਾਲੇ ਗੁਰਬਚਨ ਸਿੰਘ ਥਾਈਲੈਂਡ ਦੀ। ਉਹਨਾਂ ਨੂੰ ਇਹ ਕਰਮ-ਕਾਂਡ ਨਜ਼ਰ ਆਉਂਦਾ ਹੈ ਅਤੇ ਆਪਣੀ ਕਿਤਾਬ ਦੇ ਪੰਨਾ 249 ’ਤੇ ਲਿਖਿਆ ਹੈ ਕਿ ‘ਅੱਜ ਤੋਂ ਚੌਂਤੀ ਕੁ ਸਾਲ ਪਹਿਲਾਂ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਚਲਾਏ ਜਾ ਰਹੇ ਸ਼ਹੀਦ ਮਿਸ਼ਨਰੀ ਕਾਲਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਕਰ ਕੇ ਰਾਤ ਨੂੰ ਇਕ ਅਲਮਾਰੀ ਵਿਚ ਬਿਰਾਜਮਾਨ ਕਰ ਦਿੱਤਾ ਜਾਂਦਾ ਸੀ।

ਜਦੋਂ ਮੈਰਿਜ ਪੈਲਸਾਂ ਦਾ ਰਿਵਾਜ ਨਹੀਂ ਸੀ, ਓਦੋਂ ਘਰ ਦੇ ਵਿਹੜਿਆਂ ਵਿਚ ਹੀ ਪਸ਼ੂ ਬਾਹਰ ਬੰਨ੍ਹ ਕੇ ਅਨੰਦ-ਕਾਰਜ ਕਰ ਲਏ ਜਾਂਦੇ ਹਨ। ਕਈ ਦਫ਼ਾ ਕੱਚਿਆਂ ਮਕਾਨਾਂ ਦੀਆਂ ਛੱਤਾਂ ’ਤੇ ਹੀ ਅਨੰਦ ਕਾਰਜ ਕਰ ਲਏੈ ਜਾਂਦੇ ਸਨ। ਮੇਰੇ ਤਾਇਆ ਜੀ ਦੇ ਲੜਕੇ ਦਾ ਅਨੰਦ-ਕਾਰਜ ਅੱਜ ਤੋਂ ਚਾਲੀ ਸਾਲ ਪਹਿਲਾਂ ਪਿੰਡ ਦਾਲਮ ਨੰਗਲ ਵਿਖੇ ਕੱਚੇ ਮਕਾਨ ਦੀ ਛੱਤ ’ਤੇ ਹੋਇਆ ਸੀ।

1984 ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਖ਼ੁਦ ਲੱਕੜ ਦੇ ਬਕਸੇ ਵਿਚ ਪਾਵਨ ਸਰੂਪ ਭੇਜਦੀ ਰਹੀ ਹੈ ਅਤੇ ਆਪ ਸਿੱਖ ਪਾਵਨ ਸਰੂਪ ਬੱਸ ਵਿਚ ਹੀ ਲੈ ਕੇ ਆ ਜਾਂਦਾ ਸੀ। (ਵਿਰਲੈ ਕਿਨੈ ਵੀਚਾਰਿਆ, ਪੰਨੇ 279-80)

ਜਦੋਂ ਦੀਆਂ ਗੱਲਾਂ ਇਹ ਵਿਦਵਾਨ ਕਰ ਰਿਹਾ ਹੈ, ਉਦੋਂ ਪਿੰਡਾਂ ਵਿਚ ਕੇਵਲ ਲੰਗੋਟੀ ਲਾ ਕੇ ਬੰਦੇ ਫਿਰਦੇ ਆਮ ਦੇਖਣ ਨੂੰ ਮਿਲਦੇ ਸਨ, ਕੱਚੇ ਮਕਾਨਾਂ ਵਿਚ ਲੋਕ ਰਹਿੰਦੇ ਸਨ ਜਾਂ ਛੱਪਰ ਵਾਲੀਆਂ ਕੁੱਲੀਆਂ ਭੀ ਦੇਖਣ ਨੂੰ ਮਿਲਦੀਆਂ ਸਨ। ਪਿੰਡਾਂ ਵਿਚ ਵਿਆਹ-ਸ਼ਾਦੀਆਂ ’ਤੇ ਜਾਣ ਲਈ ਨਵੀਂ ਜੁੱਤੀ ਲਾਹ ਕੇ ਸੋਟੀ ਨਾਲ ਟੰਗ ਲੈਣੀ ਅਤੇ ਮੰਜ਼ਲ ’ਤੇ ਪਹੁੰਚਣ ਤੋਂ ਪਹਿਲਾਂ ਮੂੰਹ-ਹੱਥ ਧੋ ਕੇ ਫਿਰ ਜੁੱਤੀ ਪਾ ਲੈਣੀ। ਪਿੰਡਾਂ ਵਿਚ ਜ਼ਨਾਨੀਆਂ ਭੀ ਇਕ ਕਵਿੰਟਲ ਦੀ ਪੰਡ ਚਾਰੇ ਲਈ ਸਿਰ ’ਤੇ ਲੈ ਆਉਂਦੀਆਂ ਅਸੀਂ ਆਪ ਦੇਖੀਆਂ ਹਨ। ਇਕ ਹੱਥ ਲੰਮਾ ਘੁੰਡ ਕੱਢ ਕੇ ਸੱਤ ਗ਼ਜ਼ ਦਾ ਘੱਗਰਾ ਪਾ ਕੇ, ਕੁੱਛੜ ਜੁਆਕ, ਸਿਰ ’ਤੇ ਪੰਜ ਕਿਲੋਂ ਆਟੇ ਦੀਆਂ ਰੋਟੀਆਂ ਦਾ ਭੱਤਾ ਲੈ ਕੇ ਖੇਤ ਜਾਂਦੀਆਂ ਸਨ। ਸਵੇਰੇ ਉੱਠ ਕੇ ਪਹਿਲਾਂ ਚੱਕੀ ਪੀਹਣੀ, ਫਿਰ ਘਰ ਦੀਆਂ ਰੋਟੀਆਂ ਬਣਾਉਣੀਆਂ।

ਪਰ ਅੱਜ ਸਭ ਕੁਝ ਬਦਲ ਗਿਆ ਹੈ। ਪਿੰਡਾਂ ਵਿਚ ਦੋ ਮੰਜ਼ਲੀਆਂ ਪੱਥਰ ਦੀਆਂ ਕੋਠੀਆਂ, ਅੰਦਰ ਏ.ਸੀ. ਲੱਗੇ ਹੋਏ ਆਮ ਦੇਖਣ ਨੂੰ ਮਿਲਦੇ ਹਨ। ਦੁੱਧ ਰਿੜਕਣ ਲਈ ਬਿਜਲੀ ਦੀਆਂ ਮਧਾਣੀਆਂ ਹਨ। ਹਰ ਘਰ ਵਿਚ ਸੂਤੀ ਮੰਜਾ ਜਾਂ ਨਿਵਾਰੀ ਪਲੰਘ ਦੀ ਬਜਾਏ ਸੋਫ਼ਾ-ਸੈੱਟ ਅਤੇ ਡਾਈਨਿੰਗ ਟੇਬਲ ਆ ਗਿਆ। ਡੰਗਰਾਂ ਵਾਲੇ ਕੋਠੇ ਵਿਚ ਵੀ ਛੱਤ ਵਾਲੇ ਪੱਖੇ ਲੱਗੇ ਹੋਏ ਹਨ। ਪ੍ਰੋਫ਼ੈਸਰ ਸਾਹਿਬ ਦਾ ਆਪਣਾ ਬੂਟ ਭੀ ਦੋ ਹਜ਼ਾਰ ਤੋਂ ਉੱਪਰ ਦਾ ਹੀ ਹੋਵੇਗਾ। ਜਿਥੇ ਪਿੰਡ ਦੀਆਂ ਮਾਈਆਂ-ਬੀਬੀਆਂ ਰਾਤ ਨੂੰ ਇਕੱਠੀਆਂ ਹੋ ਕੇ ਖੇਤਾਂ ਵਿਚ ਜੰਗਲ-ਪਾਣੀ ਜਾਂਦੀਆਂ ਸਨ, ਅੱਜ 70-80 ਹਜ਼ਾਰ ਦੇ ਫ਼ਲੱਸ਼ ਟਾਈਪ ਬਾਥਰੂਮ ਬਣ ਗਏ।

ਇਹ ਸਭ ਗੱਲਾਂ ਵਿਗਿਆਨ ਧਰਮ ਵਾਲੇ ਪ੍ਰੋਫ਼ਸ਼ਰ ਸਾਹਿਬ ਨੂੰ ਪ੍ਰਵਾਨ ਹਨ। ਪਰ ਗੁਰੂ ਗ੍ਰੰਥ ਸਾਹਿਬ ਵਾਸਤੇ ਕੀਮਤੀ ਰੁਮਾਲੇ, ਚਾਨਣੀਆਂ, ਚੌਰ ਜਾਂ ਹੋਰ ਸਮਾਨ ਕਰਮ-ਕਾਂਡ ਲੱਗਦਾ ਹੈ। 1984 ਤੋਂ ਪਹਿਲਾਂ ਨਿਊਯਾਰਕ ਵਿਚ ਜਿੰਨੇ ਸਿੱਖ ਗਏ, ਉਹ ਤਕਰੀਬਨ ਬਹੁਤ ਪੜ੍ਹੇ-ਲਿਖੇ, ਡਾਕਟਰ, ਇੰਜੀਨੀਅਰ ਜਾਂ ਵਕੀਲ ਸਨ। ਗੁਰਦੁਆਰਾ ਉਦੋਂ ਕੋਈ ਹੈ ਨਹੀਂ ਸੀ, ਇੱਕਾ-ਦੁੱਕਾ ਸਿੱਖ ਦੇ ਘਰ ਮਹਾਰਾਜ ਦਾ ਸਰੂਪ ਸੀ। ਮੇਰੇ ਭੈਣ ਜੀ ਦੱਸਦੇ ਹਨ ਕਿ ਜਦ ਕਿਸੇ ਦੇ ਘਰ ਸਮਾਗਮ ਹੋਵੇ, ਇਹ ਵਿਗਿਆਨਿਕ ਸੋਚ ਵਾਲੇ ਗੱਡੀ ਦੀ ਪਿਛਲੀ

ਡਿੱਗੀ ਵਿਚ ਪੀੜ੍ਹੇ ਸਮੇਤ ਮਹਾਰਾਜ ਦਾ ਸਰੂਪ ਰੱਖ ਲੈਂਦੇ ਅਤੇ ਘਰ ਜਾ ਕੇ ਫਿਰ ਉਸ ਸਰੂਪ ਨੂੰ ਪ੍ਰਕਾਸ਼ ਕੇ ਮੱਥਾ ਟੇਕਦੇ ਸਨ। ਕੜਾਹ-ਪ੍ਰਸ਼ਾਦ ਭੀ ਪਲੇਟਾਂ ਵਿਚ ਪਾ ਕੇ ਚਮਚਿਆਂ ਨਾਲ ਖਾਂਦੇ ਸਨ। ਨਵੀਂ ਦਿੱਲੀ ਦੇ ਸਬਜ਼ੀ ਮੰਡੀ ਸਟੇਸ਼ਨ 'ਤੇ ਮੈਂ ਆਪ ਦੇਖਿਆ ਹੈ ਕਿ ਬਜ਼ੁਰਗ ਸਿੱਖ ਮਹਾਰਾਜ ਦਾ ਸਰੂਪ ਕੁਲੀ ਦੇ ਸਿਰ 'ਤੇ ਰੱਖ ਕੇ ਲਿਜਾ ਰਿਹਾ ਸੀ। ਹੱਥ ਵਿਚ ਸੂਟਕੇਸ ਫੜਿਆ ਹੋਇਆ ਸੀ। ਅਜਿਹੇ ਬੰਦੇ ਦੀ ਕੀ ਭਾਵਨਾ ਗੁਰੂ ਨਾਲ ਹੋਵੇਗੀ, ਇਹ ਪਾਠਕ ਖ਼ੁਦ ਅੰਦਾਜ਼ਾ ਲਾ ਲੈਣ ਅਤੇ ਅਜਿਹਾ ਬੰਦਾ ਗੁਰੂ ਤੋਂ ਕੀ ਪ੍ਰਾਪਤ ਕਰੇਗਾ ? ਪ੍ਰੋ.ਫ਼ੈਸਰ ਸਾਹਿਬ ਨੇ ਇਹ ਪੱਖ ਆਪਣੀ ਕਿਤਾਬ ਵਿਚ ਕਿਉਂ ਨਜ਼ਰ ਅੰਦਾਜ਼ ਕਰ ਦਿੱਤਾ।

ਕਹਾਵਤ ਹੈ—ਬਾ-ਅਦਬ, ਬਾ-ਨਸੀਬ, ਬੇ-ਅਦਬ ਬੇ-ਨਸੀਬ।

ਸਿੱਖ ਇਤਿਹਾਸ, ਸਿੱਖ ਸਿਧਾਂਤ ਅਤੇ ਸਿੱਖ ਰਵਾਇਤਾਂ ਨੂੰ ਘੋਖ ਕੇ, ਸਮਝ ਕੇ ਅੰਗਰੇਜ਼ਾਂ ਨੇ ਸਿੱਖ ਪਲਟਣਾਂ ਵਿਚ ਗੁਰਦੁਆਰੇ ਬਣਾਏ ਸਨ, ਜਿਥੇ ਕਿ ਗੋਰੇ ਫ਼ੌਜੀ ਅਫ਼ਸਰ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿੱਖ ਰਵਾਇਤਾਂ ਅਨੁਸਾਰ ਸਤਿਕਾਰ ਕਰਦੇ ਸਨ।

ਇਕ ਵਾਰ ਗੋਰੇ ਕਰਨਲ ਦਾ ਦਰਬਾਰ ਲੱਗਿਆ ਹੋਇਆ ਸੀ, ਦਰਬਾਰ ਵਿਚ ਹਾਜ਼ਰ ਮੁਸਲਮਾਨ ਅਤੇ ਹਿੰਦੂਆਂ ਨੇ ਖੜੇ ਹੋ ਕੇ ਕਿਹਾ ਕਿ ਸਾਹਿਬ! ਜੋ ਸਤਿਕਾਰ ਤੁਸੀਂ ਸਿੱਖਾਂ ਦੀ ਧਾਰਮਿਕ ਪੁਸਤਕ ਦਾ ਕਰਦੇ ਹੋ, ਦੂਸਰਿਆਂ ਦਾ ਕਿਉਂ ਨਹੀਂ ਕਰਦੇ ? ਕਰਨਲ ਸਾਹਿਬ ਕਹਿਣ ਲੱਗੇ, "ਕੱਲ੍ਹ ਆਪ ਸਾਰੇ ਆਪਣਾ-ਆਪਣਾ ਧਾਰਮਿਕ ਗ੍ਰੰਥ ਹਮਾਰੇ ਪਾਸ ਲੇ ਕੇ ਆਨਾ, ਫਿਰ ਜਵਾਬ ਦੂੰਗਾ।"

ਨਿਸ਼ਚਿਤ ਸਮੇਂ 'ਤੇ ਪੰਡਤ ਜੀ ਆਪਣਾ ਧਾਰਮਿਕ ਗ੍ਰੰਥ ਕੱਪੜਿਆਂ ਵਿਚ ਲਪੇਟ ਕੇ ਹਾਜ਼ਰ ਹੋ ਗਏ, ਕਾਜ਼ੀ ਸਾਹਿਬ ਕੁਰਾਨ ਸ਼ਰੀਫ਼ ਕੱਪੜੇ ਵਿਚ ਲਪੇਟ ਕੇ ਬਗਲ ਵਿਚ ਲੈ ਕੇ ਹਾਜ਼ਰ ਹੋ ਗਏ। ਫਿਰ ਸਿੱਖਾਂ ਦੀ ਵਾਰੀ ਆਈ। ਸਭ ਤੋਂ ਅੱਗੇ ਗੁਰੂ ਸਰੂਪ ਦੀ ਆਮਦ ਦੀ ਸੂਚਨਾ ਦੇਣ ਲਈ ਘੜਿਆਲ ਵਾਲਾ, ਫਿਰ ਨਿਸ਼ਾਨ ਸਾਹਿਬ, ਫਿਰ ਪੰਜ ਪਿਆਰੇ ਕਿਰਪਾਨ ਸਜਾਈ, ਉਸ ਪਿੱਛੋਂ ਢੋਲਕੀਆਂ-ਛੈਣਿਆਂ ਨਾਲ ਸ਼ਬਦ ਪੜ੍ਹਨ ਵਾਲਾ ਜਥਾ, ਫਿਰ ਮਹਾਰਾਜ ਦੀ ਸਵਾਰੀ, ਪਿੱਛੇ ਚੌਰ ਕਰਨ ਵਾਲਾ ਸੱਜਣ ਅਤੇ ਦੋ-ਚਾਰ ਸਿੰਘ ਹੋਰ ਅੜਦਲ ਵਿਚ ਚੱਲ ਰਹੇ ਸਨ। ਜਦ ਕਰਨਲ ਦੇ ਦਫ਼ਤਰ ਕੋਲ ਪਹੁੰਚੇ, ਕਰਨਲ ਸਾਹਿਬ ਦਫ਼ਤਰ ਤੋਂ ਬਾਹਰ ਆ ਗਏ, ਆਪਣਾ ਹੈਟ ਉਤਾਰ ਕੇ ਸਲਾਮੀ ਦਿੱਤੀ ਅਤੇ ਪਹਿਲਾਂ ਤੋ ਨਿਸਚਿਤ ਜਗ੍ਹਾ 'ਤੇ ਗੁਰੂ ਮਹਾਰਾਜ ਦੀ ਸਵਾਰੀ ਦਾ ਉਤਾਰਾ

ਕੀਤਾ।

ਫਿਰ ਕਰਨਲ ਸਾਹਿਬ ਸਭ ਨੂੰ ਸੰਬੋਧਨ ਕਰ ਕੇ ਉੱਚੀ ਆਵਾਜ਼ ਵਿਚ ਕਹਿਣ ਲੱਗੇ:

"ਆਪ ਕੋ ਕੱਲ੍ਹ ਵਾਲੇ ਸਵਾਲ ਕਾ ਜਵਾਬ ਮਿਲਾ ਕਿ ਨਹੀਂ? ਦੇਖੋ, ਪਹਿਲੇ ਪੰਡਤ ਜੀ ਅਪਨਾ ਗ੍ਰੰਥ ਲੇਕਰ ਆਏ, ਫਿਰ ਕਾਜ਼ੀ ਸਾਹਿਬ ਕੁਰਾਨ ਸ਼ਰੀਫ਼ ਲੇਕਰ ਆਏ। ਕਿਸੀ ਕੋ ਪਤਾ ਚਲਾ? ਲੇਕਿਨ ਜਬ ਸਿੱਖੋਂ ਕਾ ਗੁਰੂ ਗ੍ਰੰਥ ਸਾਹਿਬ ਆਇਆ, ਸਭ ਕੋ ਪਤਾ ਚਲਾ ਕੋਈ ਆ ਰਹਾ ਹੈ। ਜੈਸੀ ਇੱਜ਼ਤ ਆਪ ਖ਼ੁਦ ਅਪਨੇ ਗ੍ਰੰਥ ਕੀ ਕਰੇਂਗੇ, ਵੈਸੀ ਹਮ ਕਰੇਗਾ। ਹਮ ਇਸ ਸੇ ਜ਼ਿਆਦਾ ਕੈਸੇ ਕਰ ਸਕਤੇ ਹੈਂ। ਸਿੱਖ ਲੋਕ ਖ਼ੁਦ ਐਸੀ ਇੱਜ਼ਤ ਕਰਤੇ ਹੈਂ ਤੋ ਹਮ ਕੋ ਕਰਨੀ ਪੜਤੀ ਹੈ।"

ਪਰ ਹੁਣ ਸਾਡੇ ਵਿਗਿਆਨਿਕ ਧਰਮ ਦੇ ਉਪਾਸ਼ਕਾਂ ਨੂੰ ਇਹ ਗੱਲਾਂ ਬ੍ਰਾਹਮਣਵਾਦੀ ਅਤੇ ਕਰਮ-ਕਾਂਡ ਲੱਗਦੀਆਂ ਹਨ। ਇਹਨਾਂ ਨੇ ਆਪਣੀ ਅਕਲ ਨੂੰ ਤਾਲੇ ਲਾਏ ਹੋਏ ਹਨ, ਇਹ ਚਾਹੁੰਦੇ ਹਨ ਕਿ ਸਾਰਾ ਸਿੱਖ ਜਗਤ ਆਪਣੀ ਅਕਲ ਨੂੰ ਤਾਲਾ ਲਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੈਪਟਾਪ ਵਾਂਗ ਸੂਟਕੇਸ 'ਚ ਲਈ ਫਿਰੇ। ਕੀ ਕਰਨ ਵਿਚਾਰੇ? ਅਜਿਹੇ ਬੰਦਿਆਂ ਲਈ ਹੀ ਅਕਬਰ ਇਲਾਹਾਬਾਦੀ ਨੇ ਕਿਹਾ ਸੀ:

**ਤਿਫ਼ਲ (ਬੱਚੇ) ਮੇਂ ਬੂ ਆਏ ਕਹਾਂ ਸੇ ਮਾਂ ਬਾਪ ਕੇ ਕਿਰਦਾਰ ਕੀ।**
**ਦੂਧ ਡੱਬੇ ਕਾ ਪੀਆ ਔਰ ਤਾਲੀਮ ਹੈ ਸਰਕਾਰ ਕੀ।**

ਇਹਨਾਂ ਕਾਮਰੇਡ ਨਾਸਤਿਕ, ਵਿਗਿਆਨੀ ਸੋਚ ਵਾਲਿਆਂ ਨੇ ਨਾ ਸਿੱਖ ਮਾਨਸਿਕਤਾ ਵਾਲੀਆਂ ਦਾ ਦੁੱਧ ਪੀਤਾ ਹੈ ਅਤੇ ਨਾ ਹੀ ਸਿੱਖ ਸੋਚ ਵਾਲੇ ਸਕੂਲ ਵਿਚ ਪੜ੍ਹੇ ਹਨ।

**ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ॥**

*(ਅੰਗ ੧੨੪)*

–

# ਭੰਬਲ-ਭੂਸੇ ਵਿਚ ਫਸਿਆ ਪ੍ਰੋਫ਼ੈਸਰ

ਗੁਰਬਾਣੀ ਦਾ ਫ਼ਰਮਾਨ ਹੈ 'ਜੈਸੀ ਮਤਿ ਦੇਇ ਤੈਸਾ ਪ੍ਰਗਾਸ' (ਸੁਖਮਨੀ ਸਾਹਿਬ, ਅੰਗ 215) ਭਾਵ ਜਿੰਨੀ ਕੁ ਬੁੱਧੀ ਪਰਮਾਤਮਾ ਨੇ ਕਿਸੇ ਨੂੰ ਦਿੱਤੀ ਹੈ, ਉਸੇ ਪੱਧਰ ਦੀ ਗੱਲ ਕੋਈ ਕਰ ਸਕਦਾ ਹੈ। ਇਸੇ ਅਸੂਲ ਅਨੁਸਾਰ ਜਦ ਕਵੀ ਜਨ ਕਿਸੇ ਇਕ 'ਅਨੁਵਾਨ' 'ਤੇ ਕਵਿਤਾ ਲਿਖਦੇ ਹਨ ਤਾਂ ਗੱਲ ਕਰਨ ਦਾ ਹਰ ਇਕ ਦਾ ਆਪਣਾ ਅੰਦਾਜ਼ ਹੁੰਦਾ ਹੈ ਪਰ ਕਦੇ ਭੀ ਕਵੀ-ਜਨ ਇਹ ਨਹੀਂ ਕਰਦੇ ਕਿ ਆਪਣੇ ਵਿਸ਼ੇ ਤੋਂ ਬਾਹਰ ਜਾ ਕੇ ਕੋਈ ਕਵਿਤਾ ਲਿਖਣ। ਵਿਆਹ ਦੇ ਮੌਕੇ ਖ਼ੁਸ਼ੀ ਦੇ ਗੀਤ ਅਤੇ ਮਰਨ 'ਤੇ ਅਲਾਹਣੀਆਂ ਹੀ ਗਾਉਣੀਆਂ ਸ਼ੋਭਨੀਕ ਹਨ।

ਫਿਰ ਇਸ ਗੱਲ ਲਈ ਸਿਆਣਿਆਂ ਨੇ ਕੋਈ ਮਾਪ-ਦੰਡ ਬਣਾਏ ਹਨ ਪਰ ਉਹ ਮਾਪ-ਦੰਡ ਹਰ ਸਮੇਂ, ਹਰ ਇਕ ਗੱਲ 'ਤੇ ਨਹੀਂ ਢੁਕਦੇ। ਗੁਰਬਾਣੀ ਨੂੰ ਸਮਝਣ ਲਈ ਭੀ ਸਾਡੇ ਵੱਡਿਆਂ ਨੇ ਕੋਸ਼ਕਾਰੀ ਕੀਤੀ ਹੈ ਅਤੇ ਵਿਆਕਰਨ ਦੇ ਸਿਧਾਂਤ ਲੱਭ ਕੇ ਕੁਝ ਪ੍ਰਮਾਣਿਕ ਸਿੱਟੇ ਕੱਢੇ ਹਨ, ਜੋ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਲਈ ਹਨ ਪਰ ਇਹ ਨਿਯਮ ਹੋਰ ਰਚਨਾਵਾਂ 'ਤੇ ਲਾਗੂ ਨਹੀਂ ਹੁੰਦੇ। ਗੁਰੂ ਸਾਹਿਬ ਦੇ ਅਧਿਆਤਮਿਕ ਖੇਤਰ ਦੇ ਵਿਚਾਰ ਬੁੱਧ ਮਤ ਜਾਂ ਜੈਨ ਮਤ 'ਤੇ ਲਾਗੂ ਨਹੀਂ ਹੁੰਦੇ। ਇਸੇ ਤਰ੍ਹਾਂ ਗੁਰਬਾਣੀ ਨੂੰ ਗੁਰਮਤਿ ਵਿਚਾਰਧਾਰਾ ਦੇ ਚੌਖਟੇ ਵਿਚੋਂ ਦੇਖ ਕੇ ਹੀ ਸਹੀ ਤੱਥ ਪ੍ਰਾਪਤ ਹੋ ਸਕਦੇ ਹਨ, ਇਕਨਾਮਿਕਸ ਜਾਂ ਅਪਲਾਈਡ ਮਕੈਨਿਕਸ ਦੇ ਮਾਪ-ਦੰਡ ਵਰਤਣ ਨਾਲ ਭੰਬਲ-ਭੂਸੇ ਵਿਚ ਪੈਣ ਵਾਲੀ ਗੱਲ ਹੋਵੇਗੀ।

ਪਰ ਸਿੱਖਾਂ ਵਿਚ ਹੁਣ ਨਵਾਂ ਦ੍ਰਿਸ਼ਟੀਕੋਣ ਉੱਘੜ ਕੇ ਆ ਰਿਹਾ ਹੈ ਕਿ ਗੁਰਬਾਣੀ ਨੂੰ ਵਿਗਿਆਨ ਦੇ ਝਰੋਖੇ ਵਿਚੋਂ ਕੱਢ ਕੇ ਦੇਖੋ। ਇਸ ਤੋਂ ਇਲਾਵਾ ਗੁਰਬਾਣੀ ਦੇ ਅਧਿਆਪਨ, ਪਠਨ-ਪਾਠਨ ਦੇ ਭੀ ਅੱਡੋ-ਅੱਡ ਅੰਦਾਜ਼ ਹਨ। ਕੁਝ ਲੋਕ ਸਿਰਫ਼ ਟਾਈਮ ਪਾਸ ਕਰਨ ਲਈ, ਕੁਝ ਆਪਣੀ ਕੋਈ ਮਨੋ-ਕਾਮਨਾ ਲਈ ਅਤੇ ਕਈ ਨਿਰੋਲ ਸ਼ਰਧਾ-ਭਾਵਨਾ ਨਾਲ ਆਤਮਿਕ ਕਲਿਆਣ ਲਈ ਪਾਠ ਕਰਦੇ ਹਨ। ਕੁਝ ਸਿਰਫ਼ ਇਸ ਲਈ ਬਾਣੀ ਪੜ੍ਹਦੇ ਹਨ ਕਿ ਇਸ ਨੂੰ

ਗ਼ਲਤ ਕਿਵੇਂ ਸਿੱਧ ਕੀਤਾ ਜਾਵੇ ਅਤੇ ਕੁਝ ਐਸੇ ਹਨ ਜਿਨ੍ਹਾਂ ਦੀ ਆਪਣੀ ਕੋਈ ਵਿਚਾਰਧਾਰਾ ਤੇ ਉਸ ਦੀ ਪੁਸ਼ਟੀ ਲਈ ਇਥੋਂ ਕੀ ਮਿਲ ਸਕਦਾ ਹੈ, ਇਸ ਲਈ ਪੜ੍ਹਦੇ ਹਨ।

ਜਦ ਅਸੀਂ 'ਵਿਰਲੈ ਕਿਨੈ ਵੀਚਾਰਿਆ' ਦਾ ਅਧਿਐਨ ਕਰਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਲੇਖਕ ਨੇ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਲਈ ਗੁਰਬਾਣੀ ਨੂੰ ਵਿਗਿਆਨ ਦੇ ਚਸ਼ਮੇ ਰਾਹੀਂ ਦੇਖਿਆ ਹੈ। ਪਰ ਸਹੀ ਅਰਥਾਂ ਵਿਚ ਦੇਖਿਆ ਜਾਵੇ ਤਾਂ ਪਤਾ ਚੱਲੇਗਾ ਕਿ ਇਸ ਦੇ ਵਿਗਿਆਨ ਦੇ ਚਸ਼ਮੇ ਦਾ ਸ਼ੀਸ਼ਾ ਭੀ ਨਿਕੰਮਾ ਹੈ, ਆਪ ਭੰਬਲ-ਭੂਸਿਆਂ ਵਿਚ ਪਿਆ ਹੋਇਆ ਹੈ ਅਤੇ ਪਾਠਕਾਂ ਨੂੰ ਕੁਰਾਹੇ ਪਾ ਰਿਹਾ ਹੈ।

ਆਪਣੀ ਕਿਤਾਬ ਦੇ ਪੰਨਾ 50 'ਤੇ ਇੰਞ ਲਿਖਦਾ ਹੈ :

"ਆਮ ਪਰਚਾਰ ਕਰਦਿਆਂ ਸੁਣਿਆ ਜਾਂਦਾ ਹੈ ਕਿ ਭਾਈ ! ਤੂੰ ਮਾਤਾ ਦੇ ਗਰਭ ਵਿਚ ਪਰਮਾਤਮਾ ਦਾ ਨਾਮ ਸਿਮਰਦਾ ਸੀ, ਪਰ ਹੁਣ ਤੂੰ ਪਰਮਾਤਮਾ ਦਾ ਨਾਮ ਨਹੀਂ ਜਪਦਾ ਅਤੇ ਨਾਲ ਹੀ ਉਸ ਦੇ ਲਈ ਪ੍ਰਮਾਣ ਦਿੱਤਾ ਜਾਂਦਾ ਹੈ :

**ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥**
**ਭਵ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥**

*(ਅੰਗ ੬੧੩)*

"ਮਾਤਾ ਦੇ ਗਰਭ ਵਿਚ ਬੱਚੇ ਨੂੰ ਸਵਾਸ ਮਾਤਾ ਭਾਵ ਨਾੜੂਏ ਦੁਆਰਾ ਮਿਲਦੇ ਹਨ, ਪਰ ਬੱਚਾ ਜਿਉਂ ਹੀ ਜਨਮ ਲੈਂਦਾ ਹੈ ਤਾਂ ਉਸ ਦਾ ਨਾੜੂਆ ਕੱਟਿਆ ਜਾਂਦਾ ਹੈ, ਤਦ ਬੱਚਾ ਆਪਣੇ ਆਪ ਸੁਆਸ ਲੈਣ ਲੱਗਦਾ ਹੈ। ਸਾਰਾ ਟੱਬਰ ਜ਼ੋਰ ਲਗਾਵੇ ਤਾਂ ਜਾ ਕੇ ਕਿਤੇ ਬੱਚਾ ਦੋ ਸਾਲ ਉਪਰੰਤ ਬੋਲਣ ਦੇ ਸਮਰੱਥ ਹੁੰਦਾ ਹੈ ਪਰ ਆਮ ਕਿਹਾ ਜਾਂਦਾ ਹੈ ਕਿ ਤੂੰ ਉਥੇ ਮਾਤਾ ਦੇ ਗਰਭ ਵਿਚ ਸਿਮਰਨ ਕਰਦਾ ਸੀ, ਪਰ ਹੁਣ ਤੇਰਾ ਜਨਮ ਹੋ ਗਿਆ ਤੇ ਤੂੰ ਸਿਮਰਨ ਛੱਡ ਦਿੱਤਾ।"

"ਮਾਤ ਗਰਭ ਮਹਿ ਆਪਨ ਸਿਮਰਨੁ ਦੇ' ਦਾ ਭਾਵ ਅਰਥ ਹੈ ਕਿ ਪਰਮਾਤਮਾ ਦੀ ਨਿਸਚਿਤ ਕੀਤੀ ਹੋਈ ਕੁਦਰਤੀ ਨਿਯਮਾਵਲੀ ਦੇ ਅਧੀਨ ਹੀ ਬੱਚੇ ਦਾ ਜਨਮ ਹੋਇਆ ਹੈ।"

ਇਹ ਵਿਚਾਰ ਹਨ ਕਿਤਾਬ ਦੇ ਕਰਤਾ (ਅਖੌਤੀ) ਪ੍ਰੋਫ਼ੈਸਰ ਗੁਰਬਚਨ ਸਿੰਘ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਜਵੱਦੀ ਲੁਧਿਆਣਾ ਦੇ।

ਇਹ ਵਾਰ-ਵਾਰ ਕਹਿੰਦੇ ਹਨ ਕਿ ਕੇਵਲ ਪ੍ਰੋ. ਸਾਹਿਬ ਸਿੰਘ ਜੀ ਦੇ ਅਰਥ ਹੀ ਠੀਕ ਹਨ। ਅਸੀਂ ਹੁਣ ਪਾਠਕਾਂ ਨੂੰ 'ਦਰਪਣ' ਦੇ ਅਰਥ ਦੱਸ ਰਹੇ ਹਾਂ।

**ਅਰਥ**—ਹੇ ਪ੍ਰਭੂ ! ਤੂੰ ਮੇਰੇ ਸਿਰ ਉੱਤੇ ਰਾਖਾ ਹੈਂ, ਇਸ ਲੋਕ ਤੇ ਪਰਲੋਕ

ਵਿਚ ਮੈਨੂੰ ਤੇਰਾ ਹੀ ਆਸਰਾ ਹੈ। ਰਹਾਉ।

ਹੇ (ਸੰਸਾਰ ਸਮੁੰਦਰ ਤੋਂ) ਪਾਰ ਲੰਘਾਉਣ ਦੀ ਸਮਰੱਥਾ ਰੱਖਣ ਵਾਲੇ! ਮਾਂ ਦੇ ਪੇਟ ਵਿਚ ਸਾਨੂੰ ਤੂੰ ਆਪਣਾ ਸਿਮਰਨ ਦੇ ਕੇ ਉਥੇ ਸਾਡੀ ਰੱਖਿਆ ਕਰਨ ਵਾਲਾ ਹੈਂ। (ਵਿਕਾਰਾਂ ਦੀ) ਅੱਗ ਦੇ ਸਮੁੰਦਰ ਦੀਆਂ ਡੂੰਘੀਆਂ ਲਹਿਰਾਂ ਵਿਚ ਡਿੱਗ ਪਏ ਨੂੰ ਭੀ ਮੈਨੂੰ ਪਾਰ ਲੰਘਾ ਲੈ।

ਪ੍ਰੋ. ਸਾਹਿਬ ਸਿੰਘ ਜੀ ਨੇ ਗੁਰਬਾਣੀ ਨਿਯਮਾਂ ਅਨੁਸਾਰ 'ਰਹਾਉ' ਦੀ ਤੁਕ ਨੂੰ ਆਧਾਰ ਬਣਾ ਕੇ ਅਰਥ ਕੀਤੇ ਹਨ। ਅਖੌਤੀ ਪ੍ਰੋਫ਼ੈਸਰ ਨੇ ਜਾਣ-ਬੁਝ ਕੇ ਰਹਾਉ ਦੀ ਤੁਕ ਇਥੇ ਨਹੀਂ ਦਿੱਤੀ ਕਿਉਂਕਿ ਇਹ ਇਸ ਦੇ ਹੱਕ ਵਿਚ ਨਹੀਂ ਸੀ। ਰਹਾਉ ਦੀ ਤੁਕ ਹੈ:

**ਮਾਧਉ ਤੂੰ ਠਾਕੁਰ ਸਿਰ ਮੋਰਾ॥**
**ਈਹਾ ਊਹਾ ਤੁਹਾਰੋ ਧੋਰਾ॥**

ਇਸ ਤੋਂ ਅਗਲੀ ਵਿਚਾਰ ਇਹ ਹੈ ਕਿ ਗੁਰਬਾਣੀ ਵਿਆਕਰਨ ਅਨੁਸਾਰ 'ਰਹਾਉ' ਦੀ ਤੁਕ ਤਕ ਕਾਰਨ-ਕਰਤਾ ਪਰਮੇਸ਼ਰ ਹੈ ਪਰ ਆਪੂੰ ਬਣੇ ਵਿਦਵਾਨ ਨੇ ਕੁਝ ਹੋਰ ਹੀ ਕੱਢ ਮਾਰਿਆ। ਜੇ ਤਾਂ ਇਹਨਾਂ ਦੀ ਨਿਯਤ ਸਾਫ਼ ਹੁੰਦੀ, ਫਿਰ ਤਾਂ ਪੂਰਾ ਸ਼ਬਦ ਲਿਖਦੇ ਜਾਂ ਘੱਟੋ-ਘੱਟ ਰਹਾਉ ਦੀ ਤੁਕ ਤਕ ਲਿਖ ਕੇ ਅਰਥ ਕਰਦੇ ਪਰ ਇਹਨਾਂ ਦੀ ਤਾਂ ਮਨਸ਼ਾ ਹੈ ਕਿ ਪਾਠਕਾਂ ਨੂੰ ਭੰਬਲ-ਭੂਸੇ ਵਿਚ ਪਾ ਕੇ ਰੱਖਣਾ ਹੈ। ਸੋ ਦੋ ਤੁਕਾਂ ਲਿਖੀਆਂ ਹਨ, ਉਹਨਾਂ ਦੇ ਭੀ ਪੂਰੇ ਅਰਥ ਨਹੀਂ ਕੀਤੇ ਬਲਕਿ 'ਮਾਤ ਗਰਭ ਮਹਿ ਆਪਨ ਸਿਮਰਨੁ ਦੇ' ਇਸ ਤੁਕ ਦੇ ਭੀ ਅਰਥ ਨਹੀਂ ਕੀਤੇ, ਇਸ ਵਿਚ ਕੇਵਲ 'ਆਪਨ ਸਿਮਰਨੁ ਦੇ' ਦੇ ਆਪਣੀ ਮਨ-ਮਰਜ਼ੀ ਦੇ ਅਰਥ ਪਾਠਕਾਂ 'ਤੇ ਠੋਸ ਦਿੱਤੇ ਹਨ।

ਪੰਜਾਬੀ ਦੀ ਕਹਾਵਤ ਹੈ—ਜੱਟ ਤੇ ਤੇਲੀ ਲੜ ਪਏ। ਤੇਲੀ ਕਹਿਣ ਲੱਗਾ:

"ਜਾਟ ਰੇ ਜਾਟ ਤੇਰੇ ਸਿਰ ਪੇ ਖਾਟ।"

ਜੱਟ ਨੇ ਫ਼ੌਰਨ ਕਿਹਾ:

"ਤੇਲੀ ਰੇ ਤੇਲੀ ਤੇਰੇ ਸਿਰ ਪੇ ਕੋਹਲੂ।"

ਸੁਣਨ ਵਾਲੇ ਕਹਿਣ ਲੱਗੇ ਬਈ ਤੁਕਾਂਤ ਪੂਰਾ ਮਿਲਿਆ ਨਹੀਂ। ਜੱਟ ਕਹਿਣ ਲੱਗਾ, ਤੁਕਾਂਤ ਦੇ ਮਾਰੋ ਗੋਲੀ, ਕੋਹਲੂ ਦੇ ਹੇਠ ਤਾਂ ਦੱਬਿਆ ਰਹੇਗਾ। ਅਜਿਹੀ ਮਗ਼ਜ਼ੌਲ ਸਾਡੇ ਅਖੌਤੀ ਪ੍ਰੋਫ਼ੈਸਰ ਨੇ ਮਾਰੀ ਹੈ। ਕਿਉਂਕਿ ਘੱਗਾ, ਧੂੰਦਾ ਜਾਂ ਗੁਰਬਚਨ ਸਿੰਘ ਵਿਚੋਂ ਕੋਈ ਭੀ ਅਧਿਕਾਰਿਤ ਪ੍ਰੋਫ਼ੈਸਰ ਨਹੀਂ ਹੈ। ਸਭ ਜਵੱਦੀ ਦੇ ਦੁਰਮਤ (ਗੁਰਮਤਿ) ਗਿਆਨ ਦੀ ਯੂਨੀਵਰਸਿਟੀ ਦੇ ਬਣਾਏ ਹੋਏ

ਹਨ।

ਹੁਣ ਅਸੀਂ ਇਹਨਾਂ ਦੇ ਵਿਗਿਆਨ ਦੇ ਚਸ਼ਮੇ ਦੀ ਮਿੱਟੀ ਝਾੜਨ ਲੱਗੇ ਹਾਂ। ਗੁਰਬਚਨ ਸਿੰਘ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਨਾੜੂਏ ਰਾਹੀਂ ਬੱਚੇ ਨੂੰ ਮਾਂ ਦਾ ਖਾਧਾ ਭੋਜਨ ਮਿਲਦਾ ਹੈ, ਨਾ ਕਿ ਸਾਹ ਆਉਂਦਾ।

ਇਸ ਤੋਂ ਅੱਗੇ ਗੁਰਬਚਨ ਸਿੰਘ ਨੂੰ ਸਿਮਰਨ ਦੇ ਅਰਥਾਂ ਦਾ ਹੀ ਪਤਾ ਨਹੀਂ ਹੈ। ਜਿਸ ਮਹਾਨ ਕੋਸ਼ ਨੂੰ ਇਸ ਨੇ ਵਾਰ-ਵਾਰ ਆਪਣੀ ਕਿਤਾਬ ਵਿਚ ਵਰਤਿਆ ਹੈ, ਇਸੇ ਮਹਾਨ ਕੋਸ਼ ਦੇ ਪੰਨਾ 197 ’ਤੇ ਭਾਈ ਕਾਨ੍ਹ ਸਿੰਘ ਜੀ ਨੇ ‘ਸਿਰਮਨ’ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

ਸਿਮਰਣ—ਸੰਗਯਾ—ਚੇਤਾ, ਯਾਦਦਾਸ਼ਤ। ਚਿੰਤਨ, ਸੋਚਣਾ, ‘ਹਰਿ ਪੇਖਨ ਕਉ ਸਿਮਰਤ ਮਨ ਮੇਰਾ” (ਗਉੜੀ ਮਹਲਾ ੫) ਇਸ਼ਟ ਦਾ ਨਾਮ ਅਥਵਾ ਗੁਣ ਮਨ ਦੀ ਬਿਰਤੀ ਏਕਾਗਰ ਕਰ ਕੇ ਯਾਦ ਕਰਨਾ, ‘ਜਸਯ ਸਿਮਰਣ ਰਿਦੰਤਰਹ’ (ਸਹਸਕ੍ਰਿਤੀ ਮਹਲਾ ੪)

ਸੋ ਪ੍ਰੋਫ਼ੈਸਰ ਸਾਹਿਬ! **ਸਿਮਰਨ ਕਰਨ ਲਈ ਜ਼ਬਾਨ ਦੀ ਲੋੜ ਨਹੀਂ,** ਜਿਸ ਤਰ੍ਹਾਂ ਬੋਲਣ ਲਈ ਕਲਮ ਦਵਾਤ ਦੀ ਲੋੜ ਨਹੀਂ ਹੈ, ਇਹ ਲਿਖਣ ਵਾਸਤੇ ਹੈ, ਇਸ ਤੋਂ ਅੱਗੇ ਜੋ ਬੁਲਬੁਲੇ ਦਾ ਦ੍ਰਿਸ਼ਟਾਂਤ ਦਿੱਤਾ ਹੈ, ਨਿਰਾ ਮਗ਼ਜੌਲ ਕੁੱਟਿਆ ਹੈ। ਉਦਾਹਰਨ:

**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥**
**ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥**

*(ਅੰਗ ੧੩੩)*

“ਗੁਰੂ ਸਾਹਿਬ ਨੇ ਸੌਖੇ ਤਰੀਕੇ ਨਾਲ ਸਮਝਾ ਦਿੱਤਾ ਹੈ ਕਿ ਭਾਈ! ਹਵਾ, ਪਾਣੀ ਦੇ ਸੁਮੇਲ ਨਾਲ ਸੰਸਾਰ ਹੋਂਦ ਵਿਚ ਆਇਆ ਹੈ ਤੇ ਇਸੇ ਹੋਂਦ ਵਿਚੋਂ ਹੀ ਤੇਰੀ ਹੋਂਦ ਸਾਕਾਰ ਹੋਈ ਹੈ।” (ਪੰਨਾ 51)

ਪਾਠਕ ਆਪ ਹੀ ਅੰਦਾਜ਼ਾ ਲਾਉਣ ਇਹ ਕਿਹੜੀ ਤੁਕ ਦੇ ਅਰਥ ਲੇਖਕ ਕਰ ਰਿਹਾ ਹੈ?

ਫਿਰ ਲੇਖਕ ਲਿਖਦਾ ਹੈ ਕਿ ਦੋ ਸਾਲ ਦਾ ਬੱਚਾ ਮਸਾਂ ਬੋਲਣ ਲੱਗਦਾ ਹੈ ਤਾਂ ਬੱਚਾ ਸਿਮਰਨ ਕਿਵੇਂ ਕਰ ਸਕਦਾ ਹੈ? ਇਸ ਦੇ ਉੱਤਰ ਵਿਚ ਅਸੀਂ ਕਹਾਂਗੇ ਕਿ ਇਸ ਨੂੰ ਵਿਗਿਆਨ ਜਾਂ ਮਨੋਵਿਗਿਆਨ ਦਾ ਬਿਲਕੁਲ ਕੋਈ ਗਿਆਨ ਨਹੀਂ ਹੈ, ਨਿਰੇ ਯੱਕੜ ਮਾਰ ਰਿਹਾ ਹੈ।

ਮਨੋਵਿਗਿਆਨੀਆਂ ਨੇ ਅੱਜ ਦੇ ਜ਼ਮਾਨੇ ਵਿਚ ਪ੍ਰਯੋਗ ਕਰ ਕੇ ਤੱਤ ਕੱਢੇ ਹਨ ਕਿ ਮਾਂ ਦੇ ਗਰਭ ਵਿਚ ਪਲ ਰਹੇ ਬੱਚੇ ਦਾ ਜੀਵਨ ਗਰਭ ਕਾਲ ਤੋਂ

ਹੀ ਘੜਨਾ ਸ਼ੁਰੂ ਹੋ ਜਾਂਦਾ ਹੈ। ਮਾਂ ਦੇ ਮਨੋਭਾਵਾਂ ਦਾ ਅਸਰ ਬੱਚੇ ਦੇ ਮਨ 'ਤੇ ਪੈਂਦਾ ਹੈ। ਮਾਂ ਜਦ ਪਿਆਰ ਵਿਚ ਆ ਕੇ ਬੱਚੇ ਨੂੰ ਸੰਬੋਧਨ ਹੋ ਕੇ ਕੁਝ ਗਾਉਂਦੀ ਹੈ ਤਾਂ ਬੱਚਾ ਖ਼ੁਸ਼ੀ ਜ਼ਾਹਰ ਕਰਦਾ ਹੈ। ਜਦ ਮਾਂ ਕਿਸੇ ਗੱਲੋਂ ਕੁੜ੍ਹਦੀ ਹੈ ਤਾਂ ਭੀ ਬੱਚੇ ਦੇ ਮਾਨਸਿਕ ਤਲ 'ਤੇ ਅਸਰ ਪੈਂਦਾ ਹੈ। ਇਸ ਲਈ ਜਿਹੜੇ ਮਾਪੇ ਜਣੇਪੇ ਦੇ ਸਮੇਂ ਲੜਦੇ-ਝਗੜਦੇ ਰਹਿੰਦੇ ਹਨ, ਉਹਨਾਂ ਦੇ ਬੱਚੇ ਰੋਂਦੂ ਅਤੇ ਅੜੀਅਲ ਸੁਭਾਉ ਦੇ ਹੁੰਦੇ ਹਨ। ਇਸੇ ਲਈ ਪੁਰਾਣੇ ਬਜ਼ੁਰਗ ਅਤੇ ਮਾਈਆਂ ਗਰਭਵਤੀ ਨੂੰ ਬਾਣੀ ਦਾ ਪਾਠ ਜਾਂ ਸਿਮਰਨ ਕਰਨ ਲਈ ਪ੍ਰੇਰਦੇ ਸਨ।

15-4-2012 ਨੂੰ ਸ਼ਾਮੀਂ 7 ਵਜੇ ਡਿਸਕਵਰੀ ਚੈਨਲ 'ਤੇ curocity ਦੇ ਨਾਉਂ ਹੇਠ ਇਕ ਪ੍ਰੋਗਰਾਮ ਦਿਖਾਇਆ ਗਿਆ। ਪ੍ਰੋਗਰਾਮ ਦਾ ਨਾਉਂ ਸੀ 'Life before birth' (ਜਨਮ ਤੋਂ ਪਹਿਲਾਂ ਦੀ ਜ਼ਿੰਦਗੀ)। ਇਸ ਵਿਚ ਉਹਨਾਂ ਨੇ ਮਾਂ ਦੇ ਗਰਭ ਵਿਚ ਪਲ ਰਹੇ ਬੱਚੇ ਨੂੰ ਪੇਟ ਨਾਲ ਲਗਾ ਕੇ ਗੀਤ ਦੀ ਧੁਨੀ ਸੁਣਾਈ। ਇਸ ਧੁਨੀ ਨਾਲ ਬੱਚੇ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਪਰ ਦੂਸਰੀ ਧੁਨੀ ਨੂੰ ਉਸ ਨੇ ਕੋਈ ਪ੍ਰਕਿਰਿਆ ਨਹੀਂ ਦਿਖਾਈ। ਪਰ ਦੂਸਰੀ ਮਾਂ ਦੇ ਗਰਭ ਵਿਚ ਪਲ ਰਹੇ ਬੱਚੇ ਨੇ ਇਸ ਦੇ ਉਲਟ ਪ੍ਰਗਟਾਵਾ ਕੀਤਾ। ਅਗਲੀ ਖੋਜ ਤੋਂ ਪਤਾ ਲੱਗਾ ਕਿ ਮਾਂ ਨੂੰ ਜਿਹੜੀ ਧੁਨੀ ਪਸੰਦ ਸੀ, ਬੱਚਾ ਭੀ ਉਹੀ ਧੁਨੀ ਪਸੰਦ ਕਰਦਾ ਹੈ। ਸੋ ਸਿੱਧ ਹੋਇਆ ਕਿ ਅਖੌਤੀ ਪ੍ਰੋਫ਼ੈਸਰ ਨੂੰ ਗਿਆਨ, ਵਿਗਿਆਨ ਜਾਂ ਮਨੋਵਿਗਿਆਨ ਬਾਰੇ ਕੁਝ ਭੀ ਪਤਾ ਨਹੀਂ, ਨਿਰੀਆਂ ਉੱਘ ਦੀਆਂ ਪਤਾਲ ਮਾਰ ਰਿਹਾ ਹੈ।

ਦੋ ਮਹੀਨੇ ਦਾ ਬੱਚਾ ਸੁਪਨੇ ਲੈਂਦਾ ਹੈ। ਸੁਪਨੇ ਵਿਚ ਕਦੇ ਮੁਸਕਰਾਉਂਦਾ ਹੈ, ਕਦੇ ਰੋਂਦਾ ਹੈ। ਫਿਰ ਇਸ ਨੂੰ ਇਹ ਭੀ ਪਤਾ ਨਹੀਂ ਕਿ ਸਿਮਰਨ ਸੁਰਤ ਨਾਲ ਕਰੀਦਾ ਹੈ, ਜੀਭ ਨਾਲ ਜਪ ਹੁੰਦਾ ਹੈ। ਸੱਤ ਸਾਲ, ਨੌਂ ਸਾਲ ਦੀ ਉਮਰ ਦੇ ਗੁਰੂ ਦੇ ਛੋਟੇ ਲਾਲ ਹੱਸ-ਹੱਸ ਕੇ ਸ਼ਹੀਦੀਆਂ ਪਾ ਰਹੇ ਹਨ, ਸਾਢੇ ਪੰਜ ਸਾਲ ਦੀ ਉਮਰ ਵਿਚ ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਨਪੜ੍ਹ ਗੂੰਗੇ ਝਿਊਰ (waterman) ਦੇ ਸਿਰ 'ਤੇ ਸੋਟੀ ਰੱਖ ਕੇ ਗੀਤਾ ਦੇ ਅਰਥ ਕਰਵਾ ਰਹੇ ਹਨ ਅਤੇ ਸਿੱਖ ਜਗਤ ਦੀ ਅਗਵਾਈ ਕਰ ਰਹੇ ਹਨ। ਨੌਂ ਸਾਲ ਤੋਂ ਘੱਟ ਅੱਜ ਦੇ ਜ਼ਮਾਨੇ ਵਿਚ ਭੀ ਪੈਂਤੀ-ਚਾਲੀ ਸਾਲ ਦੇ ਆਪਣੇ ਮਾਤਾ-ਪਿਤਾ ਨੂੰ ਤਿੰਨ ਸਾਲ ਦੀ ਉਮਰ ਦਾ ਬੱਚਾ ਅੰਮ੍ਰਿਤ ਛਕਣ ਲਈ ਪ੍ਰੇਰਿਤ ਕਰ ਰਿਹਾ ਹੈ ਅਤੇ ਉਹ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਆ ਕੇ ਅੰਮ੍ਰਿਤ ਛਕ ਰਹੇ ਹਨ।

ਕਿਤਾਬ ਦੇ ਪੰਨਾ 46-47 'ਤੇ ਲਿਖਿਆ ਹੈ:

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**

**ਤਾ ਤੂ ਜਗ ਮਹਿ ਆਇਆ॥**
**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥**
**ਹਰਿ ਆਪੇ ਮਾਤਾ ਆਪੇ ਪਿਤਾ**
**ਜਿਨਿ ਜੀਉ ਉਪਾਇ ਜਗਤੁ ਦਿਖਾਇਆ॥**
**ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ**
**ਚਲਤੁ ਨਦਰੀ ਆਇਆ॥**
**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ**
**ਤਾ ਤੂ ਜਗ ਮਹਿ ਆਇਆ॥**

*(ਰਾਮਕਲੀ, ਅਨੰਦੁ, ਅੰਗ ੯੨੧)*

ਲੇਖਕ ਦੇ ਅਰਥ—ਗੱਲ ਸਪਸ਼ਟ ਹੈ ਕਿ ਮੇਰੇ ਸਰੀਰ! ਤੇਰੀ ਹੋਂਦ ਓਦੋਂ ਹੀ ਸਾਕਾਰ ਹੋਈ ਜਦੋਂ ਤੇਰੇ ਸਰੀਰ ਵਿਚ ਜੋਤ ਨੂੰ ਟਿਕਾਇਆ ਗਿਆ। ਇਸ ਜੋਤ ਦੀ ਉਤਪਤੀ ਮਾਤਾ-ਪਿਤਾ ਦੁਆਰਾ ਹੋਈ ਹੈ ਤੇ ਮਾਤਾ-ਪਿਤਾ ਵਿਚ ਤੇਰੀ ਹੀ ਜੋਤ ਹੈ 'ਸਰਬ ਜੋਤ ਤੇਰੀ ਪਸਰ ਰਹੀ॥ ਜਹ ਜਹ ਦੇਖਾ ਤਹ ਨਰਹਰੀ॥' ਇਹ ਜੋਤ ਭਾਵ ਨਿਯਮਾਵਲੀ ਸਾਰੇ ਸੰਸਾਰ ਵਿਚ ਇਕਸਾਰ ਵਿਚਰ ਰਹੀ ਹੈ। 'ਹਰਿ ਤੁਮ ਮਹਿ ਜੋਤ (ਚੇਤਨਤਾ) ਰਖੀ' ਭਾਵ ਜਿਊਂਦਾ 'ਜੀਨ' ਹੀ ਜੋਤ ਹੈ।

**ਭੰਬਲ-ਭੂਸੇ**—ਬਾਣੀ ਕਹਿ ਰਹੀ ਹੈ ਕਿ ਪਰਮਾਤਮਾ ਨੇ ਆਪਣੀ ਜੋਤ ਸਰੀਰ ਵਿਚ ਟਿਕਾਈ ਹੈ ਪਰ ਲੇਖਕ ਕਹਿ ਰਿਹਾ ਹੈ ਕਿ ਬੰਦੇ ਦੇ ਮਾਂ ਅਤੇ ਬਾਪ ਨੇ ਟਿਕਾਈ ਹੈ। ਫਿਰ ਕਹਿ ਰਿਹਾ ਹੈ ਕਿ ਮਾਤਾ-ਪਿਤਾ ਵਿਚ ਵੀ ਤੇਰੀ ਹੀ ਜੋਤ ਹੈ। ਇਥੇ ਜੋਤ ਪਰਮਾਤਮਾ ਦੀ ਬਣ ਗਈ। ਇਸ ਤੋਂ ਅੱਗੇ ਜੋਤ ਭਾਵ ਨਿਯਮਾਵਲੀ ਸਾਰੇ ਸੰਸਾਰ ਵਿਚ ਹੈ। ਇਥੇ ਜੋਤ ਇਕ ਨਿਯਮਾਵਲੀ ਬਣ ਗਈ। ਇਸ ਤੋਂ ਅੱਗੇ ਫਿਰ ਇਹ ਜੋਤ ਚੇਤਨਤਾ ਬਣ ਕੇ ਫਿਰ 'ਜਿਊਂਦੇ ਜੀਨ ਵਿਚ ਬਦਲ ਗਈ। ਅਖ਼ੀਰ ਨੂੰ ਲੇਖਕ ਨੇ ਤੱਤਸਾਰ ਨਿਰਨਾ ਕੀਤਾ ਹੈ ਕਿ 'ਜਿਊਂਦਾ ਜੀਨ' ਹੀ ਜੋਤ ਹੈ।

ਇਹ ਇਸ ਤਰ੍ਹਾਂ ਹੈ ਕਿ ਬੰਦਾ ਹਲਵਾਈ ਕੋਲ ਗਿਆ ਕਿ ਮੈਨੂੰ ਦਸ ਰੁਪਏ ਦੇ ਲੱਡੂ ਦੇ ਦਿਉ। ਹਲਵਾਈ ਨੇ ਲੱਡੂ ਤੋਲ ਦਿੱਤੇ। ਬੰਦਾ ਕਹਿਣ ਲੱਗਾ ਕਿ ਇਸ ਦੇ ਬਦਲੇ ਮੈਨੂੰ ਦਸ ਰੁਪਏ ਦੀ ਜਲੇਬੀ ਦੇ ਦੇ। ਜਦ ਉਹ ਜਲੇਬੀ ਦੇਣ ਲੱਗਾ ਤਾਂ ਬੰਦੇ ਨੇ ਕਿਹਾ, ਨਹੀਂ ਮੈਨੂੰ ਇਸ ਦੇ ਬਦਲੇ ਬਰਫ਼ੀ ਦੇ ਦੇ। ਹਲਵਾਈ ਨੇ ਬਰਫ਼ੀ ਦੇ ਦਿੱਤੀ। ਬੰਦੇ ਨੇ ਬਰਫ਼ੀ ਖਾਧੀ ਅਤੇ ਤੁਰ ਪਿਆ। ਹਲਵਾਈ ਨੇ ਫੜ ਕੇ ਕਿਹਾ ਕਿ ਪੈਸੇ ਦੇ ਕੇ ਜਾਹ। ਬੰਦਾ ਕਹਿੰਦਾ ਕਿ ਬਰਫ਼ੀ

ਤਾਂ ਜਲੇਬੀ ਦੇ ਬਦਲੇ ਵਿਚ ਲਈ ਸੀ। ਹਲਵਾਈ ਨੇ ਕਿਹਾ ਕਿ ਫਿਰ ਜਲੇਬੀ ਦੇ ਪੈਸੇ ਦੇ। ਬੰਦਾ ਕਹਿਣ ਲੱਗਾ ਕਿ ਉਹ ਲੱਡੂਆਂ ਵੱਟੇ ਲਈ ਸੀ। ਹਲਵਾਈ ਨੇ ਕਿਹਾ ਕਿ ਫਿਰ ਲੱਡੂਆਂ ਦੇ ਪੈਸੇ ਦੇ ਕੇ ਜਾਹ। ਬੰਦਾ ਕਹਿਣ ਲੱਗਾ, ਦੇਖੋ ਓਇ ਲੋਕੋ, ਹਨੇਰ ਸਾਈਂ ਦਾ ਕਿ ਜਦ ਮੈਂ ਲੱਡੂ ਖਾਧੇ ਹੀ ਨਹੀਂ ਤਾਂ ਫਿਰ ਇਹ ਪੈਸੇ ਕਿਸ ਚੀਜ਼ ਦੇ ਮੰਗਦਾ ਹੈ।

ਲੇਖਕ ਦਾ ਆਤਮਾ, ਪਰਮਾਤਮਾ ਅਤੇ ਪਰਮੇਸ਼ਰ ਦੀ ਜੋਤ ਵਿਚ ਕੋਈ ਵਿਸ਼ਵਾਸ ਨਹੀਂ। ਇਹ ਇਸ ਦੀ ਕਿਤਾਬ ਪੜ੍ਹ ਕੇ ਪਤਾ ਚੱਲ ਜਾਂਦਾ ਹੈ। ਇਹ ਪਦਾਰਥ ਦਾ ਪੁਜਾਰੀ ਹੈ। ਇਸ ਲਈ ਹਲਵਾਈ ਵਾਲਾ ਫ਼ਾਰਮੂਲਾ ਵਰਤ ਕੇ 'ਜੋਤ' ਨੂੰ 'ਜਿਊਂਦਾ ਜੀਨ' ਪਦਾਰਥ ਬਣਾ ਦਿੱਤਾ। ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਦੇ ਪੰਨਾ 536 'ਤੇ ਜੋਤ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

ਜੋਤ—ਸੰਗਯਾ—ਚਮਕ, ਪ੍ਰਕਾਸ਼, ਰੌਸ਼ਨੀ, 'ਨਾ ਸੂਰਜ ਚੰਦ ਨਾ ਜੋਤ ਅਪਾਰ' (ਗੁ.ਅ. ਮ. ੧) (ਕ) ਚਮਤਕਾਰੀ ਬੁੱਧਿ, 'ਜਾਣਹੁ ਜੋਤ ਨਾ ਪੂਛਹੁ ਜਾਤੀ' (ਆਸਾ ਮਹਲਾ ੧) 3. ਅਗਨਿ 'ਜੋਤ ਸਾਂਤ ਜਿਮਿ ਵਾਰਿ ਕਰ' (ਸਲੋਕ), 4. ਸੂਰਜ, ਚੰਦਰਮਾ, ਨਛਤ੍ਰ, 5. ਪਰਮਾਤਮਾ ਵਾਹਿਗੁਰੁ, 'ਸਭ ਮਹਿ ਜੋਤ ਜੋਤ ਹੈ ਸੋਇ' (ਸੋਹਿਲਾ) 6. ਆਤਮਕ ਰੌਸ਼ਨੀ, ਰੂਹਾਨੀ ਰੌਸ਼ਨੀ, 'ਪ੍ਰਗਟੀ ਜੋਤ ਮਿਟਿਆ ਅੰਧਿਆਰਾ' (ਪ੍ਰਭਾਤੀ ਕਬੀਰ), 7. ਚਾਂਦਨੀ, ਚੰਦ੍ਰਿਕਾ, 8. ਨੇਤਰਾਂ ਦੀ ਰੌਸ਼ਨੀ।

ਬਾਕੀ ਸਭ ਜਗ੍ਹਾ ਲੇਖਕ ਨੇ ਮਹਾਨ ਕੋਸ਼ ਵਰਤਿਆ ਹੈ 'ਜੋਤ' ਵਸਤੇ ਇਹ ਮਹਾਨ ਕੋਸ਼ ਕਿਉਂ ਭੁੱਲ ਗਏ? ਗੱਲ ਸਪਸ਼ਟ ਹੈ ਕਿ ਪਾਠਕਾਂ ਨੂੰ ਭੰਬਲ-ਭੂਸੇ ਵਿਚ ਪਾ ਕੇ ਰੱਖੋ।

ਕਿਤਾਬ, ਪੰਨਾ 49—ਆਤਮਾ ਨਾ ਕਿਤੋਂ ਆਉਂਦੀ ਹੈ, ਨਾ ਕਿਤੇ ਜਾਂਦੀ ਹੈ।

ਲੇਖਕ ਨੇ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਲਈ ਗੁਰਬਾਣੀ ਦਾ ਇਹ ਪ੍ਰਮਾਣ ਦਿੱਤਾ ਹੈ:

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥**

*(ਅੰਗ ੬੪੮)*

ਲੇਖਕ ਅਰਥ ਕਰਦਾ ਹੈ ਕਿ 'ਗੁਰੂ ਸਾਹਿਬ ਕਹਿ ਰਹੇ ਹਨ ਕਿ ਬੰਦਿਆ! ਸਾੜਨ ਜਾਂ ਦੱਬਣ ਨਾਲ ਤੂੰ ਇਹ ਨਹੀਂ ਦਾਹਵਾ ਕਰ ਸਕਦਾ ਕਿ ਰੂਹਾਂ ਕਿਥੇ

ਗਈਆਂ ਹਨ।

ਆਪਣੀ ਪੱਕ ਚੁੱਕੀ ਆਦਤ ਅਨੁਸਾਰ ਲੇਖਕ ਨੇ ਆਪਣਾ ਮਤਲਬ ਹੱਲ ਕਰਨ ਲਈ ਇਹ ਤੁਕਾਂ ਵਰਤੀਆਂ ਹਨ। ਸੋਰਠਿ ਕੀ ਵਾਰ ਦੇ ਇਸ ਸਲੋਕ ਦਾ ਅਗਲਾ ਸਲੋਕ ਅਤੇ ਪਉੜੀ ਇੰਵ ਹੈ:

**ਬਿਨੁ ਕਰਮੈ ਨਾਉ ਨ ਪਾਈਐ ਪੂਰੈ ਕਰਮਿ ਪਾਇਆ ਜਾਇ ॥**
**ਨਾਨਕ ਨਦਰਿ ਕਰੇ ਜੇ ਆਪਣੀ ਤਾ ਗੁਰਮਤਿ ਮੇਲਿ ਮਿਲਾਇ ॥੧॥**

*(ਅੰਗ ੬੪੮)*

ਅਰਥ ਸਲੋਕ ਮਹਲਾ ੩—ਮਾਲਕ ਦੀ ਮਿਹਰ ਤੋਂ ਬਿਨਾਂ ਨਾਮ ਨਹੀਂ ਪਾਇਆ ਜਾ ਸਕਦਾ। ਪ੍ਰਭੂ ਦੀ ਪੂਰਨ ਕਿਰਪਾ ਹੋਵੇ ਤਾਂ ਉਹ ਗੁਰੂ ਦੀ ਮੱਤ ਮਿਲਾ ਕੇ ਆਪਣਾ ਮੇਲ ਕਰਾ ਦਿੰਦਾ ਹੈ।

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**
**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**
**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥**

*(ਅੰਗ ੬੪੮)*

ਅਰਥ—(ਸੰਸਾਰੀ ਜੀਵਾਂ ਦੇ ਮਰਨ ਪਿੱਛੋਂ ਸਰੀਰਾਂ ਨੂੰ) ਸਾੜ ਦਿੱਤਾ ਜਾਂਦਾ ਹੈ, ਇਕ ਐਸੇ ਹਨ ਜੋ ਧਰਤੀ ਵਿਚ ਦੱਬ ਦਿੱਤੇ ਜਾਂਦੇ ਹਨ ਅਤੇ ਇਕ ਐਸੇ ਹਨ, ਜਿਨ੍ਹਾਂ ਦੇ ਸਰੀਰਾਂ ਨੂੰ ਕੁੱਤੇ ਖਾਂਦੇ ਹਨ। ਇਕ ਐਸੇ ਹਨ ਜਿਨ੍ਹਾਂ ਨੂੰ ਜਲ-ਪ੍ਰਵਾਹ ਕੀਤਾ ਜਾਂਦਾ ਹੈ। ਇਕ ਹੋਰ ਹਨ ਕਿ ਮਰਨ ਪਿੱਛੋਂ (ਪਾਰਸੀਆਂ ਦੀ ਤਰ੍ਹਾਂ ਕਾਵਾਂ, ਇੱਲਾਂ ਦੇ ਖਾਣ ਲਈ) ਚਬੂਤਰੇ ’ਤੇ ਰੱਖ ਦਿੱਤਾ ਜਾਂਦਾ ਹੈ। (ਸਰੀਰਾਂ ਦੀ ਇਹ ਹਾਲਤ ਹੁੰਦੀ ਹੈ) ਹੇ ਨਾਨਕ! (ਰੂਹਾਂ ਬਾਰੇ ਕੋਈ) ਦੱਸ ਨਹੀਂ ਸਕਦਾ ਜਾਂ ਕਿਸੇ ਨੂੰ ਪਤਾ ਨਹੀਂ ਕਿ ਕਿਥੇ ਜਾ ਕੇ ਸਮਾ ਜਾਂਦੀਆਂ ਹਨ। ਸਪਸ਼ਟ ਸੰਕੇਤ ਹੈ ਕਿ ਕਿਤੇ ਜਾਂਦੀਆਂ ਜ਼ਰੂਰ ਹਨ, ਪਰ ਕਿਸੇ ਨੂੰ ਪਤਾ ਨਹੀਂ।

ਇਸ ਦਾ ਮਤਲਬ ਇਹ ਨਹੀਂ ਕਿ ਗੁਰੂ ਸਾਹਿਬ ਨੂੰ ਪਤਾ ਨਹੀਂ ਹੈ। ਰਾਮਕਲੀ ‘ਸਦੁ’ ਬਾਣੀ ਵਿਚ ਸਪਸ਼ਟ ਦਰਜ ਹੈ। ਪਰ ਜੇ ਕੋਈ ਪੜ੍ਹੇ ਅਤੇ ਮੰਨੇ ਤਾਂ ਹੀ ਹੈ। ਪਰ ਲੇਖਕ ਨੇ ਆਪਣੇ ਅੰਦਾਜ਼ ਵਿਚ ਲਿਖ ਕੇ ਪਾਠਕਾਂ ਨੂੰ ਭੰਬਲ-ਭੂਸੇ ਵਿਚ ਪਾ ਦਿੱਤਾ ਹੈ।

ਇਸੇ ਸੰਬੰਧ ਵਿਚ ਪੰਨਾ 49 ’ਤੇ ਪ੍ਰਮਾਣ ਦਿੱਤਾ ਹੈ:

**ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥**

*(ਅੰਗ ੮੮੫)*

ਲੇਖਕ ਦੇ ਅਰਥ: ਜਿਸ ਤਰ੍ਹਾਂ ਮੋਟਰ ਗੱਡੀ ਵਿਚ ਤੇਲ ਪਾ ਕੇ ਉਸ ਨੂੰ

ਸਟਾਰਟ ਕਰ ਲਿਆ ਜਾਂਦਾ ਹੈ ਤਾਂ ਉਹ ਜਾਨਦਾਰ ਚੀਜ਼ ਬਣ ਜਾਂਦੀ ਹੈ, ਕੁਝ ਇੰਜ ਹੀ ਸਾਡੇ ਸਰੀਰ ਦੀ ਬਣਤਰ ਹੈ। ਮੂੰਹ ਵਿਚੋਂ ਹਵਾ ਬਾਹਰ ਕੱਢੀਏ ਤਾਂ ਉਹ ਹਵਾ ਵਿਚ ਹੀ ਲੀਨ ਹੋ ਜਾਂਦੀ ਹੈ ਅਤੇ ਹਵਾ ਵਿਚੋਂ ਹੀ ਹਵਾ ਸਾਡੇ ਮੂੰਹ ਅਤੇ ਨੱਕ ਰਾਹੀਂ ਅੰਦਰ ਜਾਂਦੀ ਹੈ, ਜਿਸ ਨਾਲ ਸਾਡੀ ਜ਼ਿੰਦਗੀ ਹਰਕਤ ਕਰਦੀ ਨਜ਼ਰ ਆਉਂਦੀ ਹੈ।

ਜਦ ਕਿ ਗੁਰਬਾਣੀ ਦਾ ਪੂਰਾ ਸ਼ਬਦ ਇਸ ਤਰ੍ਹਾਂ ਹੈ:

**ਪਵਨੈ ਮਹਿ ਪਵਨੁ ਸਮਾਇਆ॥**
**ਜੋਤੀ ਮਹਿ ਜੋਤਿ ਰਲਿ ਜਾਇਆ॥**
**ਮਾਟੀ ਮਾਟੀ ਹੋਈ ਏਕ॥**
**ਰੋਵਨਹਾਰੇ ਕੀ ਕਵਨ ਟੇਕ॥੧॥**
**ਕਉਨੁ ਮੂਆ ਰੇ ਕਉਨੁ ਮੂਆ॥**
**ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ**
**ਇਹੁ ਤਉ ਚਲਤੁ ਭਇਆ॥੧॥ ਰਹਾਉ॥**
**ਅਗਲੀ ਕਿਛੁ ਖਬਰਿ ਨ ਪਾਈ॥**
**ਰੋਵਨਹਾਰੁ ਭਿ ਊਠਿ ਸਿਧਾਈ॥**
**ਭਰਮ ਮੋਹ ਕੇ ਬਾਂਧੇ ਬੰਧ॥**
**ਸੁਪਨੁ ਭਇਆ ਭਖਲਾਏ ਅੰਧ॥੨॥**
**ਇਹੁ ਤਉ ਰਚਨੁ ਰਚਿਆ ਕਰਤਾਰਿ॥**
**ਆਵਤ ਜਾਵਤ ਹੁਕਮਿ ਅਪਾਰਿ॥**
**ਨਹ ਕੋ ਮੂਆ ਨ ਮਰਣੈ ਜੋਗੁ॥**
**ਨਹ ਬਿਨਸੈ ਅਬਿਨਾਸੀ ਹੋਗੁ॥੩॥**
**ਜੋ ਇਹੁ ਜਾਣਹੁ ਸੋ ਇਹੁ ਨਾਹਿ॥**
**ਜਾਨਣਹਾਰੇ ਕਉ ਬਲਿ ਜਾਉ॥**
**ਕਹੁ ਨਾਨਕ ਗੁਰਿ ਭਰਮੁ ਚੁਕਾਇਆ॥**
**ਨਾ ਕੋਈ ਮਰੈ ਨ ਆਵੈ ਜਾਇਆ॥੪॥**

*(ਅੰਗ ੮੮੫)*

ਸਾਰਾ ਸ਼ਬਦ ਪੜ੍ਹ ਕੇ ਇਹ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ ਕਿ ਲੇਖਕ ਆਪ ਔਝੜ ਪਿਆ ਹੋਇਆ ਹੈ ਅਤੇ ਪਾਠਕਾਂ ਨੂੰ ਗੁਮਰਾਹ ਕਰ ਰਿਹਾ ਹੈ।

ਕਿਤਾਬ ਦੇ ਪੰਨਾ 50 'ਤੇ ਸਲੋਕ ਲਿਖਿਆ ਹੈ:

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥**

*(ਅੰਗ ੧੪੨੭)*

ਲੇਖਕ ਦੀ ਵਿਆਖਿਆ—ਪਾਣੀ ਵਿਚੋਂ ਹੀ ਬੁਲਬੁਲਾ ਜਨਮ ਲੈ ਰਿਹਾ ਹੈ ਅਤੇ ਪਾਣੀ ਵਿਚ ਹੀ ਬੁਲਬੁਲਾ ਖ਼ਤਮ ਹੋ ਰਿਹਾ ਹੈ। ਇਸ ਸਾਰੀ ਖੇਡ ਦਾ ਨਾਂ ਜੋਤ ਹੈ ਕਿਉਂਕਿ ਪਰਮਾਤਮਾ ਦੀ ਜੋਤ ਸਾਰਿਆਂ ਵਿਚ ਹੈ ਤਾਂ ਇਹ ਜੋਤ ਫਿਰ ਪਾਣੀ ਵਿਚ ਵੀ ਹੈ। ਇਸ ਦਾ ਅਰਥ ਹੈ ਕਿ ਪਾਣੀ ਵਿਚ 'ਆਤਮਾ' ਹੈ ਭਾਵ ਰੱਬ ਦੀ ਨਿਯਮਾਵਲੀ ਜਲ, ਥਲ ਅਤੇ ਅਕਾਸ਼ ਵਿਚ ਇਕ ਸਾਰ ਕੰਮ ਕਰ ਰਹੀ ਹੈ। ਜ਼ੱਰੇ-ਜ਼ੱਰੇ ਵਿਚ ਉਸ ਦੀ ਜੋਤ (ਨੇਮ) ਕੰਮ ਕਰ ਰਹੀ ਹੈ।

ਗੁਰੂ ਸਾਹਿਬ ਨੇ ਇਸ ਸਲੋਕ ਵਿਚ ਬੁਲਬੁਲੇ ਦੀ ਉਦਾਹਰਨ ਦਿੱਤੀ ਹੈ ਕਿ ਹੇ ਭਾਈ! ਜਿਸ ਤਰ੍ਹਾਂ ਬੁਲਬੁਲੇ ਦੀ ਉਮਰ ਥੋੜ੍ਹੀ ਹੈ, ਇਹ ਪਾਣੀ ਤੋਂ ਬਣਦਾ ਹੈ ਅਤੇ ਤੁਰੰਤ ਖ਼ਤਮ ਹੋ ਕੇ ਪਾਣੀ ਬਣ ਜਾਂਦਾ ਹੈ, ਇਸੇ ਤਰ੍ਹਾਂ ਇਹ ਜਗਤ ਦੀ ਰਚਨਾ ਭੀ ਖਿਨ ਮਾਤਰ ਹੀ ਸਮਝੋ। ਇਹ ਸਦਾ ਥਿਰ ਰਹਿਣ ਵਾਲੀ ਨਹੀਂ ਹੈ। ਹੇ ਮੇਰੇ ਮਿੱਤਰ! ਇਸ ਗੱਲ ਨੂੰ ਸੁਣ (ਅਤੇ ਹਿਰਦੇ ਵਿਚ ਵਸਾ)।

ਪਰ ਲੇਖਕ ਨੇ ਆਪਣੀ ਮਾਨਸਿਕ ਬਿਰਤੀ ਨਾਲ ਗੱਲ ਘੁਮਾ ਕੇ ਕਿਤੇ ਦੀ ਕਿਤੇ ਲਿਜਾ ਮਾਰੀ। ਇਸੇ ਨੂੰ ਕਹਿੰਦੇ ਹਨ ਕਾਮਰੇਡੀ ਬੁੱਧੀ ਦਾ ਕੌਤਕ।

ਇਸੇ ਕਿਤਾਬ ਦੇ ਪੰਨਾ 51 'ਤੇ ਲੇਖਕ ਆਪਣੀ ਵਿਚਾਰਧਾਰਾ, ਮਨੁੱਖ ਕੇਵਲ ਮਾਂ ਦੇ ਖ਼ੂਨ ਅਤੇ ਪਿਤਾ ਦੇ ਵੀਰਜ ਤੋਂ ਬਣਿਆ ਹੈ, ਇਸ ਵਿਚ ਆਤਮਾ ਨਾ ਕਿਤੋਂ ਆਉਂਦੀ ਹੈ, ਨਾ ਕਿਤੇ ਜਾਂਦੀ ਹੈ, ਨੂੰ ਸਿੱਧ ਕਰਨ ਲਈ ਗੁਰਬਾਣੀ ਦਾ ਇਹ ਪ੍ਰਮਾਣ ਦਿੰਦਾ ਹੈ:

**ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥**
**ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥**
**ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥**

*(ਅੰਗ ੬੩)*

ਲੇਖਕ ਦੇ ਇਹ ਕਾਮਰੇਡੀ ਪੈਂਤਰੇ ਹਨ, ਜਦ ਆਪ ਨੂੰ ਲੋੜ ਹੋਵੇਗੀ ਤਾਂ ਕਹੇ ਕਿ 'ਰਹਾਉ' ਦੀ ਤੁਕ ਸਾਰੇ ਸ਼ਬਦ ਦਾ ਕੇਂਦਰੀ ਧੁਰਾ ਹੁੰਦਾ ਹੈ, ਇਸ ਲਈ ਅਰਥ ਭੀ 'ਰਹਾਉ' ਦੀ ਤੁਕ ਤੋਂ ਕਰਨੇ ਚਾਹੀਦੇ ਹਨ ਅਤੇ ਜਦ ਇਹ ਗੱਲ ਇਹਨਾਂ ਦੇ ਫਿੱਟ ਨਾ ਬੈਠੇ ਤਾਂ ਸ਼ਬਦ ਵਿਚੋਂ ਇਕ ਬੰਦ ਲੈ ਕੇ ਅਰਥ ਕਰੇਗਾ ਅਤੇ ਕਈ ਵਾਰ ਬੰਦ ਦੀ ਭੀ ਇਕ ਤੁਕ ਦੇ ਅਰਥ ਕਰ ਕੇ ਬਾਕੀ ਛੱਡ ਦੇਵੇਗਾ, ਜਿਸ ਤਰ੍ਹਾਂ ਬੁਲਬੁਲੇ ਵਾਲੇ ਸਲੋਕ ਦੇ ਅਰਥਾਂ ਵਿਚ

ਕੀਤਾ ਹੈ।

ਸਾਰੀ ਗੱਲ ਸਪਸ਼ਟ ਕਰਨ ਲਈ ਅਸੀਂ ਪੂਰਾ ਸ਼ਬਦ ਦੇ ਰਹੇ ਹਾਂ, ਤਾਂ ਜੋ ਪਾਠਕ ਸਹੀ ਤੱਥ ਕੱਢ ਲੈਣ।

ਸਿਰੀਰਾਗੁ ਮਹਲਾ ੧ ॥
ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ॥
ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥
ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥੧॥
ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥
ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥
ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥
ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥
ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥
ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥
ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥
ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥੩॥
ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥
ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥
ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥੪॥
ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥
ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥
ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥
ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥
ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ ॥
ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥
ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥
ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥
ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥੭॥
ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ ॥
ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ ਮਰਾਇ ॥

**ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥੮॥੧੫॥**

*(ਅੰਗ ੬੨-੬੩)*

ਸ਼ਬਦ ਦਾ ਸਾਰੰਸ਼ 'ਰਹਾਉ' ਦੀ ਤੁਕ ਵਿਚ ਹੈ ਕਿ ਹੇ ਭਾਈ! ਤਨ ਅਤੇ ਧਨ ਇਹ ਤੇਰੇ ਨਾਲ (ਪਰਲੋਕ) ਵਿਚ ਨਹੀਂ ਜਾਵੇਗਾ। (ਨਾਲ ਜਾਣ ਵਾਲਾ) ਧਨ ਰਾਮ ਨਾਮ ਹੈ ਅਤੇ ਗੁਰੂ ਦੀ ਬਖ਼ਸ਼ਸ਼ ਹੈ, ਜਿਸ ਨੂੰ ਉਹ ਦੇਵੇ। ਪਹਿਲੇ ਬੰਦ ਵਿਚ ਦੱਸਿਆ ਹੈ ਕਿ ਬੜੇ ਆਲੀਸ਼ਾਨ ਮਕਾਨ ਵਾਂਗ ਖ਼ੂਬਸੂਰਤ ਬੰਦੇ ਵਿਚ ਜੇ ਪ੍ਰਭੂ-ਪ੍ਰੇਮ ਨਹੀਂ ਤਾਂ ਇਹ ਮਿੱਟੀ ਦੀ ਢੇਰੀ ਸਮਾਨ ਹੈ।

ਦੂਸਰੇ ਬੰਦ ਵਿਚ ਦੱਸਿਆ ਹੈ ਕਿ ਜਿਸ ਨੂੰ ਨਾਮ ਦਾ ਨਿਰਮਲ ਧਨ ਗੁਰੂ ਦੇ ਦੇਵੇ ਉਸ ਨੂੰ ਅੱਗੇ ਕੋਈ ਪੁੱਛ-ਗਿੱਛ ਨਹੀਂ ਹੋਵੇਗੀ।

ਤੀਸਰੇ ਬੰਦ ਵਿਚ ਦੱਸਿਆ ਹੈ ਕਿ ਮਨਮੁੱਖ ਬੰਦਾ ਧੀਆਂ-ਪੁੱਤਾਂ ਨੂੰ ਅਤੇ ਇਸਤਰੀ ਨਾਲ ਰੰਗ-ਰਲੀਆਂ ਮਨਾ ਕੇ ਖ਼ੁਸ਼ ਹੁੰਦਾ ਹੈ, ਇਸੇ ਤਰ੍ਹਾਂ ਗੁਰਮੁਖ ਪ੍ਰਾਣੀ ਸ਼ਬਦ ਦੇ ਰੰਗ ਵਿਚ ਦਿਨ-ਰਾਤ ਮਸਤ ਰਹਿੰਦਾ ਹੈ।

ਮਾਇਆ ਦਾ ਪੁਜਾਰੀ ਸਾਕਤ ਬੰਦਾ ਆਉਣ-ਜਾਣ ਵਾਲੀ ਮਾਇਆ ਵਿਚ ਫਸ ਕੇ ਡੱਕੋ-ਡੋਲੇ ਖਾਂਦਾ ਹੈ। ਉਹ ਬਾਹਰੋਂ ਖ਼ੁਸ਼ੀ ਟੋਲਦਾ ਹੈ ਪਰ ਅਨੰਦ ਅੰਦਰ ਹੀ ਹੈ ਅਤੇ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ।

ਅਗਲੇ ਬੰਦ ਵਿਚ ਗੁਰੂ ਸਾਹਿਬ ਦੱਸ ਰਹੇ ਹਨ ਕਿ ਸਾਕਤ ਅਤੇ ਨਿਰਗੁਣਿਆਰੇ ਬੰਦੇ ਆਪਣੀ ਅਸਲੀਅਤ ਨੂੰ ਸਮਝ (ਤੂੰ ਆਪਣੇ ਆਪ ਨੂੰ ਸਰੀਰ ਸਮਝ ਰਿਹਾ ਹੈਂ) ਪਰ ਇਹ ਸਰੀਰ ਲਹੂ ਤੇ ਵੀਰਜ ਦਾ ਪੁਤਲਾ ਹੈ ਅਤੇ ਮਾਂ ਦੇ ਪੇਟ ਦੀ ਅਗਨੀ ਵਿਚ ਪੱਕ ਕੇ ਬਣਦਾ ਹੈ। ਇਹ ਨਾਸ਼ਵਾਨ ਹੈ ਪਰ ਤੇਰੇ ਮੱਥੇ 'ਤੇ (ਜੋ ਧੁਰੋਂ ਲਿਖਿਆ ਆਇਆ ਹੈ) ਇਹੀ ਸੱਚਾ ਨੀਸਾਣ ਹੈ।

ਪਰ ਕਾਮਰੇਡ ਬੁੱਧੀ ਸੱਚ ਕਿਉਂ ਬੋਲੇ ? ਇਸ ਲਈ ਉਸ ਨੇ ਮਨ ਭਾਵ ਦੇ ਅਰਥ ਕਰ ਕੇ ਸ਼ਬਦ ਦਾ ਪ੍ਰਕਰਣ ਹੀ ਬਦਲ ਦਿੱਤਾ ਅਤੇ ਪਾਠਕ ਨੂੰ ਭੰਬਲ-ਭੂਸੇ ਵਿਚ ਪਾ ਦਿੱਤਾ।

ਅੱਗੇ ਇਸੇ ਕਿਤਾਬ ਦੇ ਪੰਨਾ 53 'ਤੇ ਲਿਖਿਆ ਹੈ:

**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**
**ਰਕਤ ਕਿਰਮ ਮਹਿ ਨਹੀ ਸੰਘਾਰਿਆ ॥**

*(ਅੰਗ ੧੦੮੪)*

ਭਾਈ! ਜਿਸ ਪਰਮਾਤਮਾ ਨੇ (ਜੀਵ ਨੂੰ) ਮਾ ਦੇ ਪੇਟ ਦੀ ਅੱਗ ਵਿਚ ਬਚਾਈ ਰੱਖਿਆ, ਜਿਸ ਨੇ ਮਾਂ ਦੀ ਰੱਤ ਦੇ ਕਿਰਮਾਂ ਵਿਚ ਜੀਵ ਨੂੰ ਮਰਨ ਨਹੀਂ ਦਿੱਤਾ, (ਉਸ ਨੇ ਤਦੋਂ) ਆਪਣੇ (ਨਾਮ ਦਾ) ਸਿਮਰਨ ਦੇ ਕੇ ਰੱਖਿਆ

ਕੀਤੀ।

ਨੋਟ: ਇਸ ਤੋਂ ਪਹਿਲਾਂ ਪਿਛਲੇ ਪੰਨਾ 50 'ਤੇ 'ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਣਹਾਰੇ' ਨੂੰ ਗ਼ਲਤ ਸਾਬਤ ਕਰ ਚੁੱਕਾ ਹੈ, ਹੁਣ ਇਸ ਨੂੰ ਮੰਨ ਰਿਹਾ ਹੈ। ਸੋ ਇਹ ਲੇਖਕ ਭੀ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਅਤੇ ਇੰਦਰ ਸਿੰਘ ਘੱਗਾ ਵਾਂਗ ਪੈਰ-ਪੈਰ 'ਤੇ ਪੈਂਤੜੇ ਬਦਲਦਾ ਹੈ। ਅੱਗੇ ਲਿਖਦਾ ਹੈ:

"ਸੋ ਇਹ ਸਮਝਿਆ ਜਾ ਸਕਦਾ ਹੈ ਕਿ ਆਤਮਾ ਕੋਈ ਬਾਹਰ ਨਹੀਂ ਭੱਜੀ ਫਿਰਦੀ, ਨਾ ਹੀ ਕਿਸੇ ਅਮਸਾਨ ਤੋਂ ਹੇਠਾਂ ਇਸ ਨੇ ਆਉਣਾ ਹੈ। ਸੰਸਾਰ ਦੀ ਕੁਦਰਤੀ ਨਿਯਮਾਵਲੀ ਅਨੁਸਾਰ ਜੀਵਾਂ ਦੀ ਉਤਪਤੀ ਹੋ ਰਹੀ ਹੈ।"

ਪਾਠਕ ਆਪ ਹੀ ਦੇਖ ਲੈਣ ਕਿ ਕਿਸ ਤਰ੍ਹਾਂ ਜ਼ਬਰਦਸਤੀ ਆਪਣੀ ਵਿਚਾਰਧਾਰਾ ਠੋਸੀ ਹੈ।

ਕਿਤਾਬ ਦੇ ਪੰਨਾ ਨੰਬਰ 185 'ਤੇ ਇੰਵ ਲਿਖਦਾ ਹੈ:

"ਡਾ. ਗੁਰਸ਼ਰਨਜੀਤ ਸਿੰਘ ਅੱਗੇ ਲਿਖਦੇ ਹਨ, ਗੁਰਬਾਣੀ ਦੇ ਸਹੀ ਪ੍ਰਸੰਗ ਨੂੰ ਸਮਝਣ ਲਈ ਗੁਰੂ ਸਾਹਿਬਾਨ ਦੇ ਪ੍ਰਮਾਣਿਕ ਇਤਿਹਾਸ ਅਤੇ ਸਿੱਖ ਇਤਿਹਾਸ ਨੂੰ ਸਾਹਮਣੇ ਰੱਖਣਾ ਜ਼ਰੂਰੀ ਹੈ, ਬਹੁਤੀ ਵੇਰ ਵੇਦਾਂਤ ਦੀ ਸ਼ੈਲੀ ਨੂੰ ਪ੍ਰਚਾਰਿਆ ਜਾਂਦਾ ਹੈ। ਉਹ ਸਿੱਖ ਜੀਵਨ-ਜਾਚ ਤੋਂ ਬਿਲਕੁਲ ਵਿਪਰੀਤ ਹੈ। ਇਸ ਲਈ ਗੁਰਬਾਣੀ ਦੀ ਸਹੀ ਸਮਝ ਲਈ ਜ਼ਰੂਰੀ ਹੈ ਕਿ ਸਮੁੱਚੀ ਸਿੱਖ ਜੀਵਨ-ਜਾਚ ਨੂੰ ਸਾਹਮਣੇ ਰੱਖਿਆ ਜਾਵੇ। ਗੁਰਬਾਣੀ ਵੇਦਾਂਤ ਤੇ ਜੋਗ ਮਤ ਤੋਂ ਨਿਆਰੀ ਹੈ।"

ਗੁਰਬਾਣੀ ਵਿਚ ਬ੍ਰਾਹਮਣੀ ਵਿਚਾਰਧਾਰਾ ਦੇ ਛੌਂਡੇ ਲਾਹੁੰਦਿਆਂ ਕੈਸੇ ਸੁੰਦਰ ਫ਼ਰਮਾਨ ਕੀਤੇ ਹਨ:

**ਐਸੇ ਬ੍ਰਾਹਮਣ ਡੂਬੇ ਭਾਈ ॥**
**ਨਿਰਾਪਰਾਧ ਚਿਤਵਹਿ ਬੁਰਿਆਈ ॥੧॥ ਰਹਾਉ ॥**
**ਅੰਤਰਿ ਲੋਭੁ ਫਿਰਹਿ ਹਲਕਾਏ ॥**
**ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥**
**ਮਾਇਆ ਮੂਠਾ ਚੇਤੈ ਨਾਹੀ ॥**
**ਭਰਮੇ ਭੂਲਾ ਬਹੁਤੀ ਰਾਹੀ ॥੨॥**
**ਬਾਹਰਿ ਭੇਖ ਕਰਹਿ ਘਨੇਰੇ ॥**
**ਅੰਤਰਿ ਬਿਖਿਆ ਉਤਰੀ ਘੇਰੇ ॥**
**ਅਵਰ ਉਪਦੇਸੈ ਆਪਿ ਨ ਬੂਝੈ ॥**

**ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥**
**ਮੂਰਖ ਬਾਮਣ ਪ੍ਰਭੂ ਸਮਾਲਿ ॥**
**ਦੇਖਤ ਸੁਨਤ ਤੇਰੈ ਹੈ ਨਾਲਿ ॥**

*(ਅੰਗ ੩੭੨)*

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਡਾ. ਗੁਰਸ਼ਰਨਜੀਤ ਸਿੰਘ ਦੇ ਵਿਚਾਰ ਜੋ ਇਥੇ ਦਿੱਤੇ ਹਨ, ਅਸੀਂ " " ਸੰਕੇਤਾਂ ਅੰਦਰ ਦਿੱਤੇ ਹਨ। "ਗੁਰਬਾਣੀ ਬ੍ਰਾਹਮਣੀ ਵਿਚਾਰਧਾਰਾ ਦੇ ਛੌਡੇ" ਵਾਲੀ ਗੱਲ ਲੇਖਕ ਦੀ ਆਪਣੀ ਹੈ ਪਰ ਲੇਖਕ ਨੇ ਕਿਤਾਬ ਵਿਚ ਇਸ ਨੂੰ ਇਸ ਤਰ੍ਹਾਂ ਰਲ-ਗੱਡ ਕੀਤਾ ਹੈ ਕਿ ਪਾਠਕ ਸਮਝੇ ਇਹ ਡਾ. ਗੁਰਸ਼ਰਨਜੀਤ ਸਿੰਘ ਦੇ ਵਿਚਾਰ ਹਨ।

ਦੂਸਰੇ, ਲੇਖਕ ਨੇ ਪੂਰਾ ਸ਼ਬਦ ਨਹੀਂ ਦਿੱਤਾ, ਇਸ ਦਾ ਪਹਿਲਾ ਬੰਦ ਜਿਥੋਂ ਸ਼ਬਦ ਸ਼ੁਰੂ ਹੁੰਦਾ ਹੈ :

**ਦਾਨੁ ਦੇਇ ਕਰਿ ਪੂਜਾ ਕਰਨਾ ॥**
**ਲੈਤ ਦੇਤ ਉਨ੍ ਮੂਕਰਿ ਪਰਨਾ ॥**
**ਜਿਤੁ ਦਰਿ ਤੁਮ੍ ਹੈ ਬ੍ਰਾਹਮਣ ਜਾਣਾ ॥**
**ਤਿਤੁ ਦਰਿ ਤੂੰਹੀ ਹੈ ਪਛੁਤਾਣਾ ॥੧॥**

ਅਤੇ ਅਖ਼ੀਰਲਾ ਬੰਦ :

**ਕਹੁ ਨਾਨਕ ਜੇ ਹੋਵੀ ਭਾਗੁ ॥**
**ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥**

ਅਖ਼ੀਰ 'ਤੇ ਸਾਨੂੰ ਕਹਿਣਾ ਪਵੇਗਾ ਕਿ ਇਹ ਨਕਲੀ ਪ੍ਰੋਫ਼ੈਸਰ ਹੈ, ਜਿਸ ਨੂੰ ਇਹ ਭੀ ਨਹੀਂ ਪਤਾ ਕਿ ਇਸ ਸ਼ਬਦ ਵਿਚ ਸਤਿਗੁਰਾਂ ਨੇ ਬ੍ਰਾਹਮਣੀ ਵਿਚਾਰਧਾਰਾ ਦੇ ਛੌਡੇ ਨਹੀਂ ਲਾਹੇ ਬਲਕਿ ਬ੍ਰਾਹਮਣੀ ਕਿਰਦਾਰ, ਜੋ ਅੰਦਰੋਂ ਖੋਟਾ ਹੈ ਅਤੇ ਬਾਹਰੋਂ ਉੱਜਲਾ ਹੈ, ਉਸ ਦੇ ਪਰਖਚੇ ਉਡਾਏ ਹਨ।

ਨਾਲ ਹੀ ਅਸੀਂ ਦੱਸਣਾ ਚਾਹਾਂਗੇ ਕਿ ਬ੍ਰਾਹਮਣ ਦੇ ਕਿਰਦਾਰ ਦੀ ਜੋ ਤਸਵੀਰ ਮਹਾਰਾਜ ਨੇ ਪੇਸ਼ ਕੀਤੀ ਹੈ, ਉਹ ਸਾਰੀ ਗੁਰਮਤਿ ਗਿਆਨ (ਅਗਿਆਨ) ਮਿਸ਼ਨਰੀ ਕਾਲਜ ਦੇ ਪ੍ਰਚਾਰਕਾਂ ਦੇ ਕਿਰਦਾਰ 'ਤੇ ਇੰਨ-ਬਿੰਨ ਢੁਕਦੀ ਹੈ, ਪਰ ਇਹ ਮੰਨਣ ਨੂੰ ਤਿਆਰ ਨਹੀਂ ਹਨ ਅਤੇ ਗੁਰਬਾਣੀ ਦੀ ਮਨ-ਮਰਜ਼ੀ ਦੀ ਵਿਆਖਿਆ ਕਰ ਕੇ ਪਾਠਕਾਂ ਨੂੰ ਭੰਬਲ-ਭੂਸੇ ਵਿਚ ਪਾ ਰਹੇ ਹਨ।

–

# ਸਿੱਖ ਮਿਸ਼ਨਰੀ ਕਿ ਕਾਮਰੇਡ

ਗੁਰਬਾਨੀ ਵਿਚ ਅੰਦਰੋਂ ਹੋਰ ਅਤੇ ਬਾਹਰੋਂ ਹੋਰ ਲੋਕਾਂ ਨੂੰ ਭੰਬਲ-ਭੂਸੇ ਵਿਚ ਪਾਉਣ ਵਾਲੇ ਬੰਦਿਆਂ ਲਈ ਕਈ ਉਦਾਹਰਨਾਂ ਦਿੱਤੀਆਂ ਹਨ:

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥**
**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥**
**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥**
**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥**

*(ਅੰਗ ੪੬੩)*

ਅਰਥ—ਗੁਰੂ ਨਾਨਕ ਦੇਵ ਮਹਾਰਾਜ ਫ਼ਰਮਾ ਰਹੇ ਹਨ ਕਿ ਜਿਹੜੇ ਮਨੁੱਖ ਗੁਰੂ ਨੂੰ ਯਾਦ ਨਹੀਂ ਕਰਦੇ (ਭੁੱਲ ਜਾਂਦੇ ਹਨ ਜਾਂ ਗੁਰੂ 'ਤੇ ਭਰੋਸਾ ਨਹੀਂ ਰੱਖਦੇ) ਅਤੇ ਆਪਣੇ ਮਨ ਵਿਚ ਆਪ ਨੂੰ ਬੜੇ ਸਿਆਣੇ ਸਮਝਦੇ ਹਨ, ਉਹ ਬੁਆੜ ਦੇ ਤਿਲ ਵਾਂਗ ਹੁੰਦੇ ਹਨ ਅਤੇ ਵੀਰਾਨ ਖੇਤ ਵਿਚ ਪਏ ਰਹਿੰਦੇ ਹਨ। ਅਸਲੀ ਤਿਲਾਂ ਦੇ ਬੂਟਿਆਂ ਨੂੰ ਤਾਂ ਮਾਲਕ ਲੈ ਜਾਂਦਾ ਹੈ ਪਰ ਬੁਆੜ ਦੇ ਬੂਟੇ ਨਿਖਸਮੇ, ਸੁੰਞੇ ਖੇਤ ਵਿਚ ਪਏ ਰਹਿੰਦੇ ਹਨ। ਦੇਖਣ ਨੂੰ ਉਹ ਤਿਲ ਦੇ ਬੂਟੇ ਵਾਂਗ ਲੱਗਦੇ ਹਨ, ਫੁੱਲਦੇ ਅਤੇ ਫਲਦੇ ਉਸੇ ਤਰ੍ਹਾਂ ਹਨ, ਪਰ ਇਹਨਾਂ ਦੇ ਡੋਡਿਆਂ ਵਿਚੋਂ ਤਿਲ ਨਹੀਂ ਨਿਕਲਦੇ ਬਲਕਿ ਅੰਦਰ ਸੁਆਹ ਭਰੀ ਹੁੰਦੀ ਹੈ।

ਗੁਰਬਾਨੀ ਦੇ ਇਸ ਪ੍ਰਮਾਣ ਦੀ ਨਿਗ੍ਹਾ ਨਾਲ ਜਦ ਅਸੀਂ ਮਿਸ਼ਨਰੀ ਕਾਲਜਾਂ ਵਿਚੋਂ ਨਿਕਲੇ ਕਈ ਪ੍ਰਚਾਰਕਾਂ, ਖ਼ਾਸ ਕਰਕੇ ਇੰਦਰ ਸਿੰਘ ਘੱਗਾ, ਸਰਬਜੀਤ ਸਿੰਘ ਧੂੰਦਾ (ਸੰਤਾਂ ਦੇ ਕੌਤਕ ਦਾ ਕਰਤਾ) ਸੁਖਵਿੰਦਰ ਸਿੰਘ ਸਭਰਾ ਜਾਂ ਗੁਰਬਚਨ ਸਿੰਘ ਥਾਈਲੈਂਡ ਆਦਿ ਦੀਆਂ ਲਿਖਤਾਂ ਪੜ੍ਹਦੇ ਹਾਂ ਜਾ ਇਹਨਾਂ ਦੇ ਵਿਚਾਰ ਸੁਣਦੇ ਹਾਂ ਤਾਂ ਗੁਰਬਾਨੀ ਪ੍ਰਮਾਣ ਸਹੀ ਸਿੱਧ ਹੁੰਦਾ ਹੈ।

ਇਹਨਾਂ ਦਾ ਬਾਹਰਲਾ ਭੇਖ, ਪੋਚਵੀਆਂ ਪੱਗਾਂ, ਗਾਤਰੇ-ਕਿਰਪਾਨਾਂ, ਦਾੜ੍ਹੇ ਪ੍ਰਕਾਸ਼ ਕੀਤੇ ਹੋਏ ਦੇਖ ਕੇ ਸਧਾਰਨ ਮਨੁੱਖ ਭੁਲੇਖਾ ਖਾ ਜਾਂਦਾ ਹੈ ਕਿ ਇਹ ਪੂਰਨ ਗੁਰਸਿੱਖ ਹਨ ਪਰ ਜਦ ਵਾਹ ਪੈਂਦਾ ਹੈ ਤਾਂ ਅਸਲੀਅਤ ਪ੍ਰਗਟ ਹੋ ਜਾਂਦੀ ਹੈ।

ਪਾਠਕਾਂ ਨੂੰ ਇਹਨਾਂ ਬਾਰੇ ਸਹੀ ਤੱਥ ਪ੍ਰਗਟ ਕਰਨ ਲਈ ਅਸੀਂ ਇਹਨਾਂ ਵੱਲੋਂ ਲਿਖੀਆਂ ਪੁਸਤਕਾਂ ਵਿਚੋਂ ਉਦਾਹਰਨਾਂ ਪੇਸ਼ ਕਰ ਰਹੇ ਹਾਂ ਤਾਂ ਜੋ ਪਾਠਕ ਸਹੀ ਨਿਰਨਾ ਲੈ ਸਕਣ।

'ਵਿਰਲੈ ਕਿਨੈ ਵੀਚਾਰਿਆ' ਦਾ ਕਰਤਾ ਗੁਰਬਚਨ ਸਿੰਘ ਥਾਈਲੈਂਡ :

(ੳ) ਪਰਮਾਤਮਾ ਇਕ ਕੁਦਰਤੀ ਨਿਯਮਾਵਲੀ ਦਾ ਨਾਉਂ ਹੈ। ਇਹਨਾਂ ਨਿਯਮਾਂ ਨੂੰ ਸਮਝਣਾ ਹੀ ਪਰਮਾਤਮਾ ਦਾ ਸਿਮਰਨ ਹੈ। (ਪੰਨਾ 138)

(ਅ) ਆਤਮਾ ਕੁਦਰਤ ਦੀ ਇਕ ਨਿਯਮਾਵਲੀ ਹੈ। ਆਤਮਾ ਨਾ ਕਿਤੋਂ ਆਉਂਦੀ ਹੈ ਅਤੇ ਨਾ ਕਿਤੇ ਜਾਂਦੀ ਹੈ। (ਪੰਨਾ 49)

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥**
**ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥**

*(ਅੰਗ ੧੪੨੭)*

ਇਸ ਦਾ ਅਰਥ ਹੈ ਕਿ ਪਾਣੀ ਵਿਚ ਅਥਵਾ ਹਰ ਚੀਜ਼ ਵਿਚ 'ਆਤਮਾ' ਹੈ, ਭਾਵ ਰੱਬ ਦੀ ਨਿਯਮਾਵਲੀ ਜਲ, ਥਲ ਅਤੇ ਅਕਾਸ਼ ਵਿਚ ਇਕਸਾਰ ਕੰਮ ਕਰ ਰਹੀ ਹੈ। ਜ਼ੱਰੇ-ਜ਼ੱਰੇ ਵਿਚ ਉਸ ਦੀ ਜੋਤ (ਨੇਮ) ਕੰਮ ਕਰ ਰਹੀ ਹੈ। (ਪੰਨਾ 51)

(ਨੋਟ : ਇਥੇ ਪਰਮਾਤਮਾ ਦੀ ਜੋਤ ਭੀ ਇਕ ਨਿਯਮ ਦਰਸਾ ਦਿੱਤੀ ਗਈ।)

ਇਸੇ ਕਿਤਾਬ ਦੇ ਪੰਨਾ 88-89 ਤਕ ਜੋ ਦਸ ਨੁਕਤੇ ਖ਼ਾਲਸਾ ਕਹਾਉਣ ਲਈ ਨਿਯਤ ਕੀਤੇ ਹਨ, ਇਹ ਸਭ ਸਮਾਜਿਕ, ਭਾਈਚਾਰਿਕ, ਸਦਾਚਾਰ ਨਾਲ ਸੰਬੰਧਿਤ ਹਨ। ਇਹਨਾਂ ਵਿਚ ਇਕ ਵੀ ਨੁਕਤਾ ਨਹੀਂ ਜੋ ਆਤਮਿਕ ਉੱਨਤੀ ਜਾਂ ਕਲਿਆਣ ਅਤੇ ਵਿਸ਼ੇ-ਵਿਕਾਰਾਂ ਨੂੰ ਜਿੱਤਣ ਲਈ ਹੋਵੇ। ਜਿਸ ਤਰ੍ਹਾਂ ਗੁਰਬਾਣੀ ਦੱਸ ਰਹੀ ਹੈ :

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥**

*(ਅੰਗ ੮)*

ਜਿਥੇ ਕਿਤੇ ਭੀ ਅਜਿਹੇ ਪ੍ਰਮਾਣ ਕਿਤਾਬਾਂ ਵਿਚ ਆਏ ਹਨ, ਉਹਨਾਂ ਦੀ ਵਿਆਖਿਆ ਕਾਮਰੇਡੀ ਰੰਗ ਵਿਚ ਰੰਗੀ ਹੋਈ ਹੈ।

ਨੋਟ—ਆਤਮਾ ਮਰਨ ਉਪਰੰਤ ਕਿਸ ਤਰ੍ਹਾਂ ਅਤੇ ਕਿਥੇ ਜਾਂਦੀ ਹੈ, ਇਸ ਦਾ ਵਿਸਤਾਰ ਸਹਿਤ ਉੱਤਰ ਸ੍ਰੀ ਗੁਰੂ ਅਮਰਦਾਸ ਜੀ ਦੇ ਅੰਤ ਸਮੇਂ ਦੇ ਅੱਖੀਂ ਡਿੱਠੇ ਹਾਲਾਤ, ਗੁਰੂ ਅਮਰਦਾਸ ਮਹਾਰਾਜ ਦੇ ਪੜੋਤੇ ਬਾਬਾ ਸੁੰਦਰ ਜੀ ਦੀ

ਉਚਾਰਣ ਕੀਤੀ ਬਾਣੀ 'ਰਾਮਕਲੀ ਸਦੁ' ਦੇ ਨਾਮ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਅੰਗ 923 'ਤੇ ਦਰਜ ਹੈ।

(ੲ) ਸਾਰੀ ਕਿਤਾਬ ਵਿਚ ਲੇਖਕ ਗੁਰਮਤਿ ਦੇ ਆਵਾਗਵਣ ਦੇ ਸਿਧਾਂਤ ਦਾ ਖੰਡਨ ਕਰਦਾ ਹੈ। ਆਪਣੀ ਚੰਚਲਤਾਈ, ਚਤੁਰਾਈ ਦੇ ਆਧਾਰ 'ਤੇ ਪਾਠਕਾਂ ਨੂੰ ਗੁਮਰਾਹ ਕਰਨ ਲਈ ਸਿੱਧ ਕਰਦਾ ਹੈ ਕਿ:

1. ਲੋਭ ਹੀ ਕੁੱਤਾ ਹੈ।
2. ਮੰਦੇ ਬੋਲ ਨਾਲ ਕਿਸੇ ਦਾ ਦਿਲ ਘਾਇਲ ਕਰਨਾ ਹੀ ਸੱਪ ਹੈ।
3. ਸ਼ਰਾਰਤੀ ਹੋਣਾ ਹੀ ਬੰਦਰ ਦੀ ਜੂਨ ਹੈ।
4. ਬਹੁਤਾ ਬੋਲਣਾ, ਕਾਂ-ਕਾਂ ਕਰਨਾ ਹੀ ਕਾਂ ਦੀ ਜੂਨ ਹੈ।
   ਇਤਿਆਦਿ।

ਸਾਰੀ ਕਿਤਾਬ ਵਿਚ ਗੁਰਬਾਣੀ ਦੀਆਂ ਤੁਕਾਂ ਦੇ ਅਰਥਾਂ ਦੇ ਅਨਰਥ ਕਰ ਕੇ ਆਪਣੀ ਗੱਲ ਸਿੱਧ ਕਰਨ ਦੀ ਕੋਸ਼ਸ਼ ਕੀਤੀ ਹੈ। ਪਰ ਜਦ ਇਹ ਜੰਗਲ ਵਿਚ ਜਾਣਗੇ, ਇਹਨਾਂ ਨੂੰ ਅਸਲੀ ਸੱਪ, ਬੰਦਰ, ਕਾਂ ਆਦਿ ਸਭ ਮਿਲ ਜਾਣਗੇ।

**ਮਿਲਹੁ ਪਿਆਰੇ ਜੀਆ ॥**
**ਪ੍ਰਭ ਕੀਆ ਤੁਮਾਰਾ ਥੀਆ ॥੧॥ ਰਹਾਉ ॥**
**ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥**
**ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥**

*(ਅੰਗ ੨੦੭)*

**ਲੇਖਕ ਦੇ ਅਰਥ:**

'ਅਨਿਕ ਜਨਮ ਬਹੁ ਜੋਨੀ ਭ੍ਰਮਿਆ' ਕੀ ਸੱਪ ਕਿਸੇ ਗੁਰਦੁਆਰੇ ਗਿਆ ਸੀ ਜਾਂ ਮੱਝ ਕਿਸੇ ਧਾਰਮਿਕ ਅਸਥਾਨ ਦੀ ਯਾਤਰਾ ਕਰ ਕੇ ਆਈ ਹੈ ਤਾਂ ਉਸ ਨੂੰ ਇਹ ਮਨੁੱਖਾ ਜੂਨ ਮਿਲ ਗਈ ? ਜਿਸ ਤਰ੍ਹਾਂ ਕੋਈ ਅਧਿਆਪਕ ਇਹ ਕਹਿੰਦਾ ਹੈ, 'ਓਏ, ਗਧਿਓ ਬੰਦੇ ਬਣ ਜਾਓ'। ਕੀ ਬੱਚੇ ਸੱਚਮੁੱਚ ਗਧੇ ਹੀ ਹਨ ? ਕੋਈ ਕਹੇ 'ਬੱਲੇ ਓਏ ਸ਼ੇਰ ਦਿਆ ਪੁੱਤਰਾ'। ਕੀ ਉਹ ਬੱਚਾ ਸੱਚੀ-ਮੁੱਚੀ ਸ਼ੇਰ ਦਾ ਬੱਚਾ ਹੈ ? 'ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ' ਭਾਵ ਗੁਰਬਾਣੀ ਗਿਆਨ ਦੁਆਰਾ ਆਪਣਾ ਵਿਕਾਰਾਂ ਵਾਲਾ ਸੁਭਾਅ ਤਿਆਗ ਦਿੱਤਾ ਹੈ।

**ਸਪਸ਼ਟੀਕਰਨ:**

ਵਿਗਿਆਨਿਕ ਭੀ ਇਸ ਗੱਲ ਨੂੰ ਮੰਨਦਾ ਹੈ ਕਿ ਪਹਿਲਾਂ-ਪਹਿਲ ਸਾਰੇ ਪਾਸੇ ਧੁੰਦ ਜਾਂ ਹਵਾ ਸੀ, ਫਿਰ ਪਾਣੀ ਬਣਿਆ, ਉਸ ਪਿੱਛੋਂ ਧਰਤੀ ਬਣੀ।

ਪਹਿਲਾਂ ਪਾਣੀ ਦੇ ਜੀਵ 'ਮੱਛੀਆਂ' ਆਦਿ ਬਣੇ। ਫਿਰ ਕੱਛੂ ਆਦਿ ਜੋ ਪਾਣੀ ਵਿਚ ਭੀ ਰਹਿਣ ਅਤੇ ਧਰਤੀ 'ਤੇ ਭੀ ਰਹਿਣ। ਇਸ ਪਿੱਛੋਂ ਜਦ ਧਰਤੀ 'ਤੇ ਘਾਹ ਉੱਗਿਆ ਤਾਂ ਚੌਪਾਏ ਅਤੇ ਪੰਛੀ ਬਣੇ। ਅਖ਼ੀਰ 'ਤੇ ਇਹਨਾਂ ਵਿਚੋਂ ਸਭ ਤੋਂ ਵੱਧ ਵਿਕਸਿਤ ਬੁੱਧੀ ਵਾਲੇ ਬੰਦਰ, ਚਿਪੈਂਨਜ਼ੀ, ਗੁਰੀਲਾ ਅਤੇ ਬਣਮਾਣਸ ਆਦਿ ਬਣੇ। ਅਖ਼ੀਰ 'ਤੇ ਜਦ ਇਹ ਪਰਜਾਤੀਆਂ ਵਿਚੋਂ ਦੋ ਪੈਰਾਂ 'ਤੇ ਖੜੇ ਹੋ ਕੇ ਤੁਰਨ ਲੱਗੇ ਤਾਂ ਮਨੁੱਖ ਜਾਤੀ ਵਿਕਸਤ ਹੋਈ।

ਇਸੇ ਲਈ ਖਾਣਾ, ਸੌਣਾ, ਭੋਗਣਾ, ਬੱਚੇ ਪੈਦਾ ਕਰ ਕੇ, ਈਰਖਾ ਦ੍ਵੈਖ, ਬੱਚਿਆਂ ਲਈ ਮੋਹ ਅਤੇ ਤਕੜੇ ਦਾ ਕਮਜ਼ੋਰ ਉੱਤੇ ਰੋਹਬ ਜਮਾਉਣ ਵਾਲੇ ਪਸ਼ੂਆਂ ਵਾਲੇ ਸਾਰੇ ਗੁਣ-ਅਵਗੁਣ ਮਨੁੱਖ ਜਾਤੀ ਵਿਚ ਭੀ ਹਨ। ਜੋ ਕਿ ਅੱਜ-ਕਲ੍ਹ ਹਰ ਰੋਜ਼ ਟੀ.ਵੀ. ਉਪਰ ਅਤੇ ਡਿਸਕਵਰੀ ਚੈਨਲ ਅਤੇ ਹੋਰ ਚੈਨਲਾਂ 'ਤੇ ਦੇਖੇ ਜਾ ਸਕਦੇ ਹਨ।

ਲੇਖਕ ਦੇ ਖ਼ਿਆਲ ਅਨੁਸਾਰ ਧਰਮਰਾਜ, ਚਿੱਤਰ-ਗੁਪਤ, ਜਮਦੂਤ, ਨਰਕ-ਸੁਰਗ, ਪਰਲੋਕ ਵਿਚ ਕਰਮਾਂ ਦਾ ਲੇਖਾ-ਜੋਖਾ ਹੋਣਾ ਸਭ ਮਨੋ-ਕਲਪਿਤ ਹੈ, ਲੋਕਾਂ ਨੂੰ ਭੁਲੇਖੇ ਵਿਚ ਰੱਖ ਕੇ ਲੋਕਾਂ ਨੂੰ ਲੁੱਟਣ ਲਈ ਧਰਮ ਦੇ ਪੁਜਾਰੀਆਂ ਨੇ ਢਕੌਂਸਲੇ ਘੜੇ ਹਨ :

**ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥**
**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥**
**ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥**
**ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥**
**ਮਨਿ ਅੰਧੈ ਜਨਮੁ ਗਵਾਇਆ ॥**

*(ਅੰਗ ੪੬੪)*

**ਲੇਖਕ ਦੇ ਅਰਥ :**

**ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਨੁੱਖ ਦਾ ਮੁਰਦਾ ਸਰੀਰ ਜਾਂ ਤਾਂ ਸਾੜ ਦਿੱਤਾ ਜਾਂਦਾ ਹੈ ਜਾਂ ਦੱਬ ਦਿੱਤਾ ਜਾਂਦਾ ਹੈ ਜਾਂ ਵਗਦੇ ਪਾਣੀ ਵਿਚ ਰੋੜ੍ਹ ਦਿੱਤਾ ਜਾਂਦਾ ਹੈ, ਫਿਰ ਸੰਗਲ ਕਿਸ ਦੇ ਗੱਲ ਪਏਗਾ ? ਇਸ ਦਾ ਉੱਤਰ ਇਹ ਹੈ ਕਿ ਮਨੁੱਖ ਨੇ 'ਸਚਿਆਰ' ਬਣਨਾ ਸੀ, ਪਰ ਇਸ ਨੇ ਭੋਗਾਂ ਦੀ ਜ਼ਿੰਦਗੀ ਵਿਚ ਪੈ ਕੇ ਆਪਣੇ ਸਰੀਰ ਨੂੰ ਹੀ ਖ਼ਤਮ ਕਰ ਲਿਆ ਹੈ। ਇਹ ਖ਼ੁਦਾ ਦਾ ਬੇਟਾ ਮਰਿਆ ਪਿਆ ਸੀ ਨੱਕ-ਨਮੂਜ਼ ਦੀ ਖ਼ਾਤਰ। ਹੰਕਾਰੀ ਬਿਰਤੀ ਅਤੇ ਉੱਚੀ ਜਾਤ ਦਾ ਹਮੇਸ਼ਾ ਹੀ ਇਸ ਦੇ ਗਲ ਵਿਚ ਸੰਗਲ ਪਿਆ ਹੋਇਆ ਸੀ। ਜਦੋਂ ਇਸ ਨੇ ਆਪਣੀ ਜ਼ੁੰਮੇਵਾਰੀ ਨੂੰ ਨਹੀਂ ਸਮਝਿਆ ਤਾਂ ਉਦੋਂ ਇਸ ਦੇ ਕੀਤੇ**

**ਕਰਮਾਂ ਦਾ ਹਿਸਾਬ ਪਰਵਾਰ ਵਾਲੇ ਕਰਨਗੇ ਅਤੇ ਇਸ ਨੂੰ ਸ਼ਰਮਸਾਰ ਹੋਣਾ ਪਵੇਗਾ।**

**ਸੰਗਲ ਤਾਂ ਜਿਊਂਦੇ ਮਨੁੱਖ ਦੇ ਗਲ ਹੀ ਪਾਇਆ ਜਾ ਸਕਦਾ ਹੈ। ਜਦੋਂ ਸਾਡੇ ਸਰੀਰ ਦੇ ਸਵਾਸ ਹਵਾ ਨਾਲ ਰਲ ਗਏ ਅਤੇ ਸਰੀਰ ਮਿੱਟੀ ਦੀ ਢੇਰੀ ਹੋ ਗਿਆ ਤਾਂ ਫਿਰ ਸਰੀਰਿਕ ਤਲ 'ਤੇ ਸੰਗਲ ਨਹੀਂ ਪਾਇਆ ਜਾ ਸਕਦਾ।"**

ਅਰਥਾਂ ਬਾਰੇ ਸ਼ੰਕੇ ਇੰਞ ਹਨ : 'ਹੋਇ ਭਸਮੜਿ ਭਉਰੁ ਸਿਧਾਇਆ' ਦੇ ਅਰਥ ਲੇਖਕ ਨੇ ਕਿਉਂ ਨਹੀਂ ਦਿੱਤੇ ?

ਇਹ 'ਭਉਰੁ' ਕੀ ਸ਼ੈ ਹੈ ਕਿਉਂ ਨਹੀਂ ਦੱਸਿਆ ?

(2) 'ਗਲਿ ਸੰਗਲੁ ਘਤਿ ਚਲਾਇਆ' ਸਪਸ਼ਟ ਕਰਦਾ ਹੈ ਕਿ ਮਨੁੱਖ ਦੇ ਸਰੀਰ (ਸੂਖਮ) ਦੇ ਗਲ਼ ਸੰਗਲ ਪਾ ਕੇ ਕਿਤੇ ਹੋਰ (ਅਣਦਿਸੇ ਥਾਂ) ਲਿਜਾਇਆ ਗਿਆ।

ਪਰ ਲੇਖਕ ਇਸ ਨੂੰ ਇਸ ਲੋਕ ਵਿਚ ਵਰਤਮਾਨ ਕਾਲ ਵਿਚ ਗੱਲ ਕਰਦਾ ਹੈ। ਜੇ ਵਿਚਾਰ ਕੀਤੀ ਜਾਵੇ ਤਾਂ ਲੇਖਕ ਵੱਲੋਂ ਮਨੁੱਖ ਦੇ ਦਰਸਾਏ ਸੰਗਲ ਜਿਊਂਦੇ-ਜੀਅ ਹਰ ਵੇਲੇ ਪਏ ਹੋਏ ਹਨ, ਫਿਰ ਮਰਨ ਪਿੱਛੋਂ ਹਿਸਾਬ ਕਰਨ ਦੀ ਲੋੜ ਕੀ ਹੈ ? ਇਹ ਜਿਊਂਦੇ-ਜੀਅ ਹੀ ਸ਼ਰਮਸਾਰ ਹੋ ਰਿਹਾ ਹੈ। ਪਰ ਗੁਰਬਾਣੀ ਦੀਆਂ ਤੁਕਾਂ ਤੋਂ ਸਾਫ਼ ਜ਼ਾਹਰ ਹੈ ਕਿ ਗੱਲ ਮਰਨ ਤੋਂ ਬਾਅਦ ਦੀ ਹੋ ਰਹੀ ਹੈ।

(3) 'ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥'

ਇਸ ਤੁਕ ਵਿਚ 'ਅਗੈ' ਲਫ਼ਜ਼ ਸਿੱਧ ਕਰਦਾ ਹੈ ਕਿ ਗੱਲ ਇਸ ਲੋਕ ਜਾਂ ਜਗ੍ਹਾ ਦੀ ਨਹੀਂ, ਕਿਸੇ ਹੋਰ ਲੋਕ ਦੀ ਹੈ, ਜਿਥੇ ਕਿ ਪ੍ਰਾਣੀ ਦੇ ਸੂਖਮ ਸਰੀਰ ਨੂੰ ਉਸ ਦੇ ਕਰਮਾਂ ਦਾ ਹਿਸਾਬ ਭਾਵ ਲੇਖਾ-ਜੋਖਾ ਕਰ ਕੇ 'ਨਿਚੋੜ' ਪ੍ਰਾਣੀ ਨੂੰ ਸਮਝਾ ਦਿੱਤੇ (ਕਿਸੇ ਹੋਰ ਨੇ) ਪਰ ਲੇਖਕ ਕਹਿ ਰਿਹਾ ਹੈ ਕਿ ਪਰਵਾਰ ਵਿਚ ਸ਼ਰਮਸਾਰ ਹੋ ਰਿਹਾ ਹੈ, ਜਦ ਕਿ ਪਰਵਾਰ ਦਾ ਹਰ ਇਕ ਜੀਅ ਆਪ ਇਹਨਾਂ ਗੱਲਾਂ ਵਿਚ ਗ਼ਲਤਾਨ ਹੈ, ਫਿਰ ਲੇਖਾ ਕੌਣ ਕਰੇਗਾ ?

ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਦੇ ਪੰਨਾ 222 (ਪ੍ਰਕਾਸ਼ਿਤ ਭਾਸ਼ਾ ਵਿਭਾਗ, ਪਟਿਆਲਾ) 'ਤੇ ਵਰਣਨ 'ਸੂਖਮ ਸਰੀਰ' ਦੇ ਅਰਥ ਇਸ ਤਰ੍ਹਾਂ ਕੀਤੇ ਹਨ :

ਸੂਖਮ ਸਰੀਰ—ਲਿੰਗ ਸਰੀਰ, ਅਸਥੂਲ ਦੇਹ ਵਿਚ ਰਹਿਣ ਵਾਲਾ ਸੂਖਮ ਦੇਹ, ਜੋ ਇਕ ਸਰੀਰ ਨੂੰ ਤਿਆਗ ਦੇ ਦੂਜੇ ਵਿਚ ਪ੍ਰਵੇਸ਼ ਕਰਦਾ ਹੈ, ਮਨਿ, ਬੁੱਧਿ, ਪੰਜ ਪ੍ਰਾਣ, ਪੰਜ ਕਰਮ ਇੰਦਰੀਆਂ, ਪੰਜ ਗਿਆਨ ਇੰਦਰੀਆਂ, ਇਹਨਾਂ

17 ਦਾ ਸਮੁਦਾਇ ਸੂਖਮ ਸ਼ਰੀਰ ਹੈ।

ਮਰਨ ਉਪਰੰਤ ਅਸਥੂਲ ਸਰੀਰ ਦੱਬ ਦਿੱਤਾ ਜਾਂਦਾ ਹੈ ਜਾਂ ਸਾੜ ਦਿੱਤਾ ਜਾਂਦਾ ਹੈ ਪਰ ਸੂਖਮ ਸਰੀਰ ਅੱਗੇ ਜਾਂਦਾ ਹੈ ਜਿਸ ਦੇ ਗਲ ਸੰਗਲ ਪੈਂਦਾ ਹੈ ਅਤੇ ਜਿਸ ਤੋਂ ਕਰਮਾਂ ਦਾ ਲੇਖਾ ਲਿਆ ਜਾਂਦਾ ਹੈ।

ਕਿਉਂਕਿ ਨਾਸਤਿਕ ਬਿਰਤੀ ਵਾਲੇ ਕਾਮਰੇਡ ਇਹਨਾਂ ਗੱਲਾਂ ਨੂੰ ਨਹੀਂ ਮੰਨਦੇ, ਇਸ ਲਈ ਲੇਖਕ ਗੁਰਬਚਨ ਸਿੰਘ ਨੇ ਮਨਘੜਤ ਕਾਮਰੇਡੀ ਪੁੱਠ ਦੇ ਕੇ, ਅਰਥ ਕਰ ਕੇ ਪਾਠਕਾਂ ਨੂੰ ਗੁਮਰਾਹ ਕੀਤਾ ਹੈ। ਸਾਰੀ ਕਿਤਾਬ ਵਿਚ ਇਹੀ ਸ਼ੈਲੀ, ਸ਼ਬਦਾਵਲੀ ਅਤੇ ਇਹੀ ਪੱਧਤੀ ਅਪਣਾਈ ਗਈ ਹੈ।

ਗੁਰਬਾਣੀ ਵਿਚ ਦਰਜ ਹੈ:

**ਪਾਧਾਣੂ ਸੰਸਾਰੁ ਗਾਰਬਿ ਅਟਿਆ ॥**
**ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥**
**ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥**
**ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥**
**ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥**
**ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥੧॥**
**ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥**
**ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ ॥**
**ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥**
**ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥**
**ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ ॥**
**ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ ॥੨॥**

*(ਅੰਗ ੭੦੫)*

ਇਕ ਆਮ ਮਨੁੱਖ ਭੀ ਸ਼ਬਦਾਵਲੀ ਦੇਖ ਕੇ ਸੌਖੇ ਸ਼ਬਦਾਂ ਦੇ ਅਰਥ ਸਮਝ ਲਵੇਗਾ ਪਰ ਆਪਣੀ ਚੰਚਲਤਾਈ ਵਾਲੀ ਆਦਤ ਤੋਂ ਮਜਬੂਰ ਕਾਮਰੇਡ ਗੁਰਬਚਨ ਸਿੰਘ ਇਸ ਦੇ ਕੀ ਅਰਥ ਕਰੇਗਾ, ਅਸੀਂ ਕੁਝ ਕਹਿ ਨਹੀਂ ਸਕਦੇ। ਸਿਰਫ਼ ਦੀਵਾਨ ਹਾਲ ਮੰਜੀ ਸਾਹਿਬ, ਸਰਬ-ਸੰਗਤ ਵਿਚ ਇਸ ਨੂੰ ਬੁਲਾ ਕੇ ਸਪਸ਼ਟੀਕਰਨ ਦਾ ਸੱਦਾ ਦੇ ਸਕਦੇ ਹਾਂ।

ਗੁਰਬਾਣੀ ਦੀ ਰਹਾਉ ਦੀ ਤੁਕ:

**ਮਿਲਹੁ ਪਿਆਰੇ ਜੀਆ ॥**
**ਪ੍ਰਭ ਕੀਆ ਤੁਮਾਰਾ ਥੀਆ ॥੧॥ ਰਹਾਉ ॥**

ਪਰਮਾਤਮਾ ਨੂੰ ਸੰਬੋਧਨ ਕਰ ਕੇ ਬੇਨਤੀ ਰੂਪ ਪ੍ਰਗਟ ਕਰਦੀ ਹੈ, 'ਕੀਆ ਤੁਹਾਰੋ ਥੀਆ' ਭੀ ਪਰਮਾਤਮਾ ਨੂੰ ਸੰਬੋਧਨ ਕਰ ਕੇ ਉਚਾਰਨ ਕੀਤੀ ਹੋਈ ਹੈ।

ਇਸੇ ਤਰ੍ਹਾਂ :

**ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ॥**

ਅਤੇ

**ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ॥**

ਬੇਨਤੀ ਰੂਪ ਵਿਚ ਗੁਰਬਾਣੀ ਵਿਆਕਰਨ ਅਨੁਸਾਰ ਮੱਧਮ ਪੁਰਖ ਨੂੰ ਸੰਬੋਧਨ ਕਰ ਕੇ ਪਰਮੇਸ਼ਰ ਨੂੰ ਬੇਨਤੀ ਕੀਤੀ ਗਈ ਹੈ।

ਗੁਰਬਾਣੀ ਵਿਆਕਰਨ ਦੇ ਰਚੈਤਾ ਪ੍ਰੋ. ਸਾਹਿਬ ਸਿੰਘ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ 'ਦਰਪਣ' ਵਿਚ ਇਹਨਾਂ ਤੁਕਾਂ ਦੇ ਇਹੀ ਅਰਥ ਕੀਤੇ ਗਏ ਹਨ :

"ਹੇ ਸਭ ਜੀਵਾਂ ਨਾਲ ਪਿਆਰ ਕਰਨ ਵਾਲੇ ਪ੍ਰਭੂ ! ਮੈਨੂੰ ਮਿਲ। ਹੇ ਪ੍ਰਭੂ ! (ਜਗਤ ਵਿਚ) ਤੇਰਾ ਕੀਤਾ ਹੀ ਵਰਤ ਰਿਹਾ ਹੈ (ਉਹੀ ਹੁੰਦਾ ਹੈ ਜੋ ਤੂੰ ਕਰਦਾ ਹੈਂ)॥1॥ ਰਹਾਉ॥

ਹੇ ਪ੍ਰਭੂ ਪਾਤਸ਼ਾਹ ! (ਮਾਇਆ ਵਿਚ ਗ੍ਰਸਿਆ ਜੀਵ) ਅਨੇਕਾਂ ਜਨਮਾਂ ਵਿਚ, ਬਹੁਤ ਜੂਨੀਆਂ ਵਿਚ ਭਟਕਦਾ ਚਲਿਆ ਆਉਂਦਾ ਹੈ (ਜਨਮ-ਮਰਨ ਦਾ ਦੁੱਖ) ਮੁੜ-ਮੁੜ ਸਹਾਰਦਾ ਹੈ। ਤੇਰੀ ਮਿਹਰ ਨਾਲ (ਇਸ ਨੇ ਹੁਣ) ਮਨੁੱਖਾ ਸਰੀਰ ਪ੍ਰਾਪਤ ਕੀਤਾ ਹੈ (ਇਸ ਨੂੰ ਆਪਣਾ) ਦਰਸ਼ਨ ਦੇ (ਤੇ ਇਸ ਦੀ ਵਿਕਾਰਾਂ ਤੋਂ ਰੱਖਿਆ ਕਰ)।

**ਕਿਉਂਕਿ ਕਾਮਰੇਡੀ ਨਾਸਤਿਕ ਬੰਦੇ ਜਾਂ ਗੁਰਬਚਨ ਸਿੰਘ ਥਾਈਲੈਂਡ, ਇੰਦਰ ਸਿੰਘ ਘੱਗਾ ਅਤੇ ਸਰਬਜੀਤ ਸਿੰਘ ਧੂੰਦਾ ਆਦਿ, ਸਿੱਖੀ ਭੇਸ ਵਾਲੇ ਕਾਮਰੇਡ ਰੱਬ ਅਤੇ ਰੱਬ ਦੀ ਮਿਹਰ ਨੂੰ ਨਹੀਂ ਮੰਨਦੇ। ਇਸ ਲਈ ਥਾਈਲੈਂਡ ਵਾਲੇ ਬਾਬਾ ਜੀ ਨੇ ਗੁਰਬਾਣੀ ਦੇ ਗ਼ਲਤ ਅਰਥ ਕਰ ਕੇ ਕਾਮਰੇਡੀ ਰੰਗ ਭਰ ਕੇ ਪਾਠਕਾਂ ਨੂੰ ਗੁਮਰਾਹ ਕਰਨ ਦਾ ਪਾਪ ਕੀਤਾ ਹੈ।**

'ਵਿਰਲੈ ਕਿਨੈ ਵੀਚਾਰਿਆ' ਦੇ ਕਰਤਾ ਅਤੇ ਇਸ ਦੇ ਸਮਰਥਕਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਜਿਨ੍ਹਾਂ ਕਿਤਾਬਾਂ ਅਤੇ ਵਿਦਵਾਨ ਲੇਖਕਾਂ ਦਾ ਸਹਾਰਾ ਲਿਆ ਹੈ। ਕੁਝ ਕੁ ਨਾਂ ਹੇਠਾਂ ਦਿੱਤੇ ਜਾਂਦੇ ਹਨ।

1. ਸ. ਦਲਬੀਰ ਸਿੰਘ—ਪੂਰਨ ਤੌਰ 'ਤੇ ਕਾਮਰੇਡੀ ਵਿਚਾਰਧਾਰਾ ਦਾ ਧਾਰਨੀ, ਦਾੜ੍ਹੀ ਕੱਟ ਕੇ ਰੱਖਣ ਵਾਲਾ, ਪੰਜਾਬੀ ਟ੍ਰਿਬਿਊਨ ਦਾ

ਕਾਲਮ-ਨਵੀਸ ਸੀ।

2. ਡਾ. ਅਮਰਜੀਤ ਸਿੰਘ ਚੰਦੀ (ਅਮਰੀਕਾ)—ਸਿੱਖ ਜਗਤ ਵਿਚ ਇਹਨਾਂ ਦੀ ਕੋਈ ਪਛਾਣ ਨਹੀਂ ਹੈ।
3. ਡਾ. ਗੁਰਸ਼ਰਨਜੀਤ ਸਿੰਘ (ਅੰਮ੍ਰਿਤਸਰ)—ਕਾਮਰੇਡੀ ਵਿਚਾਰਾਂ ਦੇ ਧਾਰਨੀ।
4. ਪ੍ਰੋ. ਸੁਰਜੀਤ ਸਿੰਘ ਦੁਸਾਂਝ ਨੈਕਸੇਲਾਈਟ ਲਹਿਰ ਦਾ ਸਿਰਕੱਢ ਆਗੂ
5. ਸ. ਕਿਰਪਾਲ ਸਿੰਘ ਪ੍ਰਸਿੱਧ ਇਤਿਹਾਸਕਾਰ—ਲੇਖਕ ਨੇ ਇਹਨਾਂ ਦੀਆਂ ਲਿਖਤਾਂ ਨੂੰ ਆਪਣੀ ਵਿਚਾਰਧਾਰਾ ਨੂੰ ਪ੍ਰਗਟ ਕਰਨ ਲਈ ਸਹਾਰਾ ਲਿਆ ਹੈ, ਬਾਕੀ ਸਭ ਕੁਝ ਛੱਡ ਦਿੱਤਾ ਹੈ।
6. ਪ੍ਰੋ. ਸਾਹਿਬ ਸਿੰਘ ਜੀ—ਲੇਖਕ ਨੇ ਇਹਨਾਂ ਦਾ ਨਾਉਂ ਲੈ ਕੇ ਪਾਠਕਾਂ ਨਾਲ ਧੋਖਾ ਕੀਤਾ ਹੈ ਜਦ ਕਿ ਗੁਰਬਾਣੀ ਦੇ ਅਰਥ ਲੇਖਕ ਨੇ ਆਪਣੀ ਮਰਜ਼ੀ ਅਨੁਸਾਰ ਕੀਤੇ ਹਨ।
7. ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਨਾਲ ਭੀ ਲੇਖਕ ਨੇ ਪ੍ਰੋ. ਸਾਹਿਬ ਸਿੰਘ ਵਾਲਾ ਹਾਲ ਕੀਤਾ ਹੈ।

ਪ੍ਰੋ. ਸਾਹਿਬ ਸਿੰਘ ਜੀ ਅਤੇ ਭਾਈ ਕਾਨ੍ਹ ਸਿੰਘ ਜੀ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਗੁਰੂ ਕ੍ਰਿਤ ਮੰਨਦੇ ਹਨ ਜਦ ਕਿ ਲੇਖਕ ਅਤੇ ਇਸ ਦੇ ਸਮਰਥਕ ਪ੍ਰੋ. ਧੂੰਦਾ, ਇੰਦਰ ਸਿੰਘ ਘੱਗਾ, ਗੁਰਚਰਨ ਸਿੰਘ ਜਿਊਣ ਵਾਲਾ ਇਸ ਨੂੰ ਕੰਜਰ-ਬਾਣੀ ਦਾ ਰੁਤਬਾ ਦਿੰਦੇ ਹਨ।

## ਇੰਦਰ ਸਿੰਘ ਘੱਗਾ

ਇੰਦਰ ਸਿੰਘ ਘੱਗਾ ਨੇ ਭੀ ਆਪਣੀਆਂ ਪੁਸਤਕਾਂ ਵਿਚ ਬਾਬਾ ਜੀ ਥਾਈਲੈਂਡ ਵਾਂਗ ਪ੍ਰੋ. ਸਾਹਿਬ ਸਿੰਘ ਜੀ ਅਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਦੁਰ-ਉਪਯੋਗ ਕਰ ਕੇ ਪਾਠਕਾਂ ਨਾਲ ਧੋਖਾ ਕੀਤਾ ਹੈ ਅਤੇ ਆਪਣੀ ਕਿਤਾਬ 'ਗਰੁੜ ਚੜ੍ਹੇ ਗੋਇੰਦ ਆਇਲਾ', 'ਆਵਾਗਵਣ, 84 ਲੱਖ ਜੂਨੀ' ਵਾਲੀ ਕਿਤਾਬ ਅਤੇ ਹੋਰ ਹਰ ਜਗ੍ਹਾ ਗੁਰਬਾਣੀ ਦੇ ਅਰਥਾਂ ਦੇ ਅਨਰਥ ਕਰ ਕੇ ਕਾਮਰੇਡੀ ਰੰਗ ਚਾੜ੍ਹਿਆ ਹੈ।

ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਹੇਠ ਲਿਖੇ ਵਿਦਵਾਨਾਂ ਨੂੰ ਪ੍ਰਧਾਨਤਾ ਦਿੰਦੇ ਹਨ :

1. ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ—ਇਸ ਸਾਰੀ ਜੁੰਡਲੀ ਨੇ ਇਸ ਨੂੰ ਗੁਰਬਾਣੀ ਦਾ ਮਹਾਨ ਵਿਆਖਿਆਕਾਰ ਅਤੇ ਵੀਹਵੀਂ ਸਦੀ ਦਾ ਸਿੱਖੀ

ਆਕਾਸ਼-ਗੰਗਾ ਦਾ ਧਰੂ ਤਾਰਾ ਐਲਾਨ ਰੱਖਿਆ ਹੈ। ਪਰ ਜਦ ਇਸ ਦੀ ਜ਼ਿੰਦਗੀ ਨੂੰ ਗਹੁ ਨਾਲ ਦੇਖੀਏ ਤਾਂ ਪੈਰ-ਪੈਰ 'ਤੇ ਝੂਠ ਬੋਲਣ ਵਾਲਾ, ਰਿਸ਼ਵਤਖ਼ੋਰ, ਬਲਾਤਕਾਰੀ, ਸਜ਼ਾ-ਯਾਫ਼ਤਾ ਪੁਲਸੀਆ ਸਾਬਤ ਹੁੰਦਾ ਹੈ। ਇਸ ਦੀ ਪੂਰੀ ਅਸਲੀਅਤ ਜਾਣਨ ਲਈ ਮੇਰੀ ਲਿਖੀ ਕਿਤਾਬ 'ਸਭ ਦੁਸਟ ਝਖ ਮਾਰਾ' ਪੜ੍ਹੋ।

2. ਪੰਜਾਬੀ ਟ੍ਰਿਬਿਊਨ ਦਾ ਕਾਲਮ-ਨਵੀਸ ਮਰਹੂਮ ਸ. ਦਲਬੀਰ ਸਿੰਘ, ਜੋ ਕਿ ਦਾੜ੍ਹੀ ਕੱਟ ਕੇ ਰੱਖਦਾ ਸੀ ਅਤੇ ਪੱਕਾ ਕਾਮਰੇਡ ਸੀ।
3. ਪ੍ਰੋ. ਸਾਹਿਬ ਸਿੰਘ ਦਾ ਸਪੁੱਤਰ ਡਾਕਟਰ ਦਲਜੀਤ ਸਿੰਘ। ਇਹਨਾਂ ਦੀ ਲਿਖੀ ਕਿਤਾਬ 'ਸੱਚ ਦੀ ਭਾਲ' ਪੜ੍ਹ ਕੇ ਕੋਈ ਸ਼ੰਕਾ ਨਹੀਂ ਰਹਿ ਸਕਦਾ ਕਿ ਡਾਕਟਰ ਸਾਹਿਬ ਸਿਰ ਤੋਂ ਪੈਰਾਂ ਤਕ ਕਾਮਰੇਡੀ ਰੰਗ ਵਿਚ ਰੰਗੇ ਹੋਏ ਹਨ, ਪਰ ਪਾਠਕ ਨਾਉਂ ਸੁਣ ਕੇ ਭੁਲੇਖਾ ਖਾ ਜਾਂਦੇ ਹਨ ਕਿ ਪ੍ਰੋ. ਸਾਹਿਬ ਸਿੰਘ ਜੀ ਦਾ ਸਪੁੱਤਰ ਸਿੱਖ ਹੀ ਹੋਵੇਗਾ ਜਦ ਕਿ ਅਸਲੀਅਤ ਇਸ ਤੋਂ ਉਲਟ ਹੈ।
4. ਇਸ ਦੀ ਪੁਸਤਕ 'ਸਿੱਖੀ ਦੇ ਝੰਡਾ ਬਰਦਾਰ' ਦੀ ਭੂਮਿਕਾ ਦੇ ਅਰੰਭ ਵਿਚ ਲਿਖਦਾ ਹੈ:

   "ਭਾਰਤ ਨੇ ਪੂਰਾ ਤਾਣ ਲਾ ਕੇ ਇਹੀ ਪ੍ਰਚਾਰਿਆ ਕਿ ਚੀਨ ਨੇ ਭਾਰਤ ਨਾਲ ਵਿਸ਼ਵਾਸਘਾਤ ਕੀਤਾ ਹੈ, ਪਿੱਠ ਵਿਚ ਛੁਰਾ ਘੋਪਿਆ ਹੈ। ਅਸਲ ਵਿਚ ਤਿੱਬਤ ਦੇ 'ਖਾੜਕੂਆਂ' ਦਾ ਸ਼੍ਰੋਮਣੀ ਖਾੜਕੂ ਦਲਾਈਲਾਮਾ ਇਕ ਸੌ ਖਾੜਕੂਆਂ ਸਮੇਤ ਭਾਰਤ ਵਿਚ ਸ਼ਰਨ ਪ੍ਰਾਪਤ ਕਰ ਚੁੱਕਿਆ ਸੀ। ਚੀਨ ਨੇ ਇਹਨਾਂ ਖਾੜਕੂਆਂ ਨੂੰ ਵਾਪਸ ਮੰਗਿਆ। ਭਾਰਤ ਸਰਕਾਰ ਦੇ ਨਾਂਹ ਕਰਨ 'ਤੇ ਚੀਨ ਨੇ ਹਮਲਾ ਕਰ ਦਿੱਤਾ।"

   ਜਦ ਕਿ ਅਸਲੀਅਤ ਬਾਰੇ ਕੁੱਲ ਦੁਨੀਆਂ ਜਾਣਦੀ ਹੈ। ਇੰਦਰ ਸਿੰਘ ਘੱਗਾ ਦੀ ਇਸ ਟਿੱਪਣੀ 'ਤੇ ਹੋਰ ਕਿਸੇ ਸਬੂਤ ਦੀ ਲੋੜ ਨਹੀਂ ਕਿ ਇਸ ਦੀਆਂ ਦਿਲ ਦੀਆਂ ਗਹਿਰਾਈਆਂ ਵਿਚ ਕਮਿਊਨਿਜ਼ਮ ਧਸਿਆ ਹੋਇਆ ਹੈ।
5. 9-8-2008 ਨੂੰ 'ਅਕੈਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ' ਭੁਪਿੰਦਰਾ ਰੋਡ ਪਟਿਆਲਾ ਵਿਚ ਆਵਾਗਵਣ+84 ਲੱਖ ਜੂਨੀ, ਜਮਦੂਤ ਅਤੇ ਧਰਮਰਾਜ ਦੀ ਅਸਲੀਅਤ ਦੇ ਵਿਸ਼ੇ 'ਤੇ ਇੰਦਰ ਸਿੰਘ ਘੱਗਾ ਦਾ ਲੈਕਚਰ ਹੋਇਆ। ਲੈਕਚਰ ਦੀ ਸਮਾਪਤੀ 'ਤੇ ਇਸ ਨੇ ਸਭ ਦੇ ਸਾਹਮਣੇ ਇਹ ਕਿਹਾ ਕਿ ਹੁਣ ਸਾਨੂੰ 'ਧਾਰਮਿਕ ਮਹਾਂਪੁਰਸ਼ਾਂ ਦੇ

ਦਿਹਾੜਿਆਂ ਦੀ ਬਜਾਇ ਐਡੀਸਨ (ਬਿਜਲੀ ਬਲਬ ਦਾ ਖੋਜੀ) ਵਰਗੇ ਸਾਇੰਸਦਾਨਾਂ ਦੇ ਦਿਹਾੜੇ ਮਨਾਉਣੇ ਚਾਹੀਦੇ ਹਨ।

6. ਪੰਜਾਬੀ ਟ੍ਰਿਬਿਊਨ ਵਿਚ ਖ਼ਬਰ ਛਪੀ ਸੀ ਕਿ ਇਸ ਨੇ ਤਰਕਸ਼ੀਲ ਸੁਸਾਇਟੀ ਦੇ ਮੰਚ 'ਤੇ ਜਾ ਕੇ ਉਹਨਾਂ ਦੀ ਵਿਚਾਰਧਾਰਾ ਦੀ ਪੁਸ਼ਟੀ ਲਈ ਲੈਕਚਰ ਦਿੱਤੇ ਹਨ।

ਇੰਦਰ ਸਿੰਘ ਘੱਗਾ ਦੇ ਨਾਉਂ 'ਤੇ ਛਪੀ ਕਿਤਾਬ 'ਸੰਸਾਰ ਦਾ ਚੋਣਵਾਂ ਸਾਖੀ ਇਤਿਹਾਸ' ਦੇ ਪੰਨਾ 276 'ਤੇ ਲੇਖ 'ਰੱਬ ਤੇ ਮੁਕੱਦਮਾ' ਨੂੰ ਪੜ੍ਹ ਕੇ ਮੂਰਖ ਤੋਂ ਮੂਰਖ ਬੰਦਾ ਭੀ ਇਹ ਨਿਰਨਾ ਲੈਣ ਤੋਂ ਸੰਕੋਚ ਨਹੀਂ ਕਰੇਗਾ ਕਿ ਲੇਖਕ ਪੱਕਾ ਨਾਸਤਿਕ ਹੈ।

ਇਸੇ ਕਿਤਾਬ ਦੇ ਪੰਨਾ 101 'ਤੇ ਭਾਈ ਬਚਿੱਤਰ ਸਿੰਘ ਦੀ ਸਾਖੀ ਨੂੰ ਗੰਧਲਾ ਕਰਨ ਲਈ ਸ. ਸੁਜਾਨ ਸਿੰਘ ਦੀ ਕਿਤਾਬ 'ਕਲਗੀਆਂ ਵਾਲੇ ਦੀ ਅਣੀਆਂ' ਦਾ ਸਹਾਰਾ ਲੈਂਦਾ ਹੈ। ਸ. ਸੁਜਾਨ ਸਿੰਘ ਬਾਰੇ ਇਸ ਨੇ ਆਪਣੀ ਕਿਤਾਬ ਵਿਚ ਕੋਈ ਜਾਣਕਾਰੀ ਨਹੀਂ ਦਿੱਤੀ ਪਰ ਪੰਜਾਬੀ ਟ੍ਰਿਬਿਊਨ ਵਿਚ ਆਏ ਲੇਖ ਅਨੁਸਾਰ ਸਿੱਖੀ ਮਾਹੌਲ ਵਿਚ ਪੜ੍ਹੇ ਸੁਜਾਨ ਸਿੰਘ ਨੇ ਪਹਿਲਾਂ ਜੈਤੋ ਦੇ ਮੋਰਚੇ ਵਿਚ ਸ਼ਮੂਲੀਅਤ ਕੀਤੀ ਪਰ ਫਿਰ ਪੂਰਨ ਤੌਰ 'ਤੇ ਕਮਿਊਨਿਸਟ ਵਿਚਾਰਧਾਰਾ ਦਾ ਪ੍ਰਚਾਰਕ ਬਣਿਆ ਰਿਹਾ। ਇਸੇ ਲਈ ਕਾਮਰੇਡ ਲੇਖਕ ਆਪਣੀ ਵਿਚਾਰਧਾਰਾ ਦੀ ਪੁਸ਼ਟੀ ਲਈ ਕਾਮਰੇਡੀ ਲੇਖਕ ਦੀ ਬਾਂਹ ਫੜਦਾ ਹੈ।

## ਸੁਖਵਿੰਦਰ ਸਿੰਘ ਸਭਰਾ (ਸੰਤਾਂ ਦੇ ਕੌਤਕ ਨਾਮੀ ਪੁਸਤਕਾਂ ਦਾ ਲੇਖਕ)

ਇਹ ਭੀ ਪੰਜਾਬੀ ਬਾਗ਼ (ਜਵੱਦੀ) ਮਿਸ਼ਨਰੀ ਕਾਲਜ (ਕਾਮਰੇਡੀ ਸਕੂਲ) ਵਿਚ ਪੜ੍ਹਿਆ ਹੈ, ਜਿਥੇ ਅੱਜ-ਕੱਲ੍ਹ ਥਾਈਲੈਂਡ ਵਾਲੇ ਬਾਬਾ ਜੀ ਪ੍ਰਿੰਸੀਪਲ ਹਨ। ਪੰਜਾਬੀ ਅਖਾਣ ਹੈ:

**ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ**

ਆਪਣੇ ਧਾਰਮਿਕ ਰਹਿਬਰ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਵਾਂਗ ਇਹ ਭੀ ਪੁਲਿਸ ਵਿਚ ਸਿਪਾਹੀ ਭਰਤੀ ਹੋਇਆ ਸੀ। ਗੁਰੂ ਸਿਆਣਾ ਸੀ, ਇਸ ਲਈ ਐਸ.ਐਚ.ਓ. (S.H.O.) ਦੀ ਪਦਵੀ ਤਕ ਪਹੁੰਚ ਗਿਆ ਪਰ ਸਭਰਾ ਵਿਚਾਰਾ ਸਿਪਾਹੀ ਹੀ ਰਿਟਾਇਰ ਹੋਇਆ। ਆਪਣੇ ਗੁਰੂ ਵਾਂਗ ਪੈਰ-ਪੈਰ 'ਤੇ ਝੂਠ ਬੋਲਦਾ ਹੈ। ਆਪਣੀਆਂ ਲਿਖਤਾਂ ਵਿਚ ਤਰੋੜ-ਮਰੋੜ ਕੇ ਗੁਰਬਾਣੀ ਦੇ ਅਰਥ ਕਰਦਾ ਹੈ ਅਤੇ ਵਿਗਿਆਨ ਜਾਂ ਵਿਗਿਆਨੀਆਂ ਦੀ ਪ੍ਰਸੰਸਾ ਕਰਦਾ

ਹੈ। ਪੁਲਿਸ ਦੀ ਟ੍ਰੇਨਿੰਗ ਅਤੇ ਲੰਮੀ ਨੌਕਰੀ ਕਰ ਕੇ ਪੁਲਸੀਆਂ ਵਾਂਗ ਬੋਲਦਾ ਬੜਾ ਮਿੱਠਾ ਹੈ ਅਤੇ ਲਿਖਤ ਬੜੀ ਪਿਆਰੀ ਹੈ। ਇਸ ਸ਼ਖ਼ਸ ਦੀ ਪੂਰੀ ਅਸਲੀਅਤ ਅਸੀਂ 'ਕਾਮਰੇਡੀ ਸਿੱਖਾਂ ਦੇ ਕੌਤਕ' (ਭਾਗ 1 ਅਤੇ ਭਾਗ 2) ਵਿਚ ਉਘੇੜ ਦਿੱਤੀ ਹੈ।

ਇਹਨਾਂ ਤੱਥਾਂ ਦੇ ਆਧਾਰ 'ਤੇ ਸਾਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਹੈ ਕਿ ਕਾਮਰੇਡਾਂ ਦਾ ਟੋਲਾ ਸਿੱਖੀ ਭੇਸ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਉਸਾਰੇ ਸਿੱਖੀ ਮਹਿਲ ਦੀ ਨੀਂਹ ਵਿਚ ਬਰੂਦ ਭਰ ਕੇ ਪਲੀਤਾ ਲਾਉਣ ਦੀ ਤਾਕ ਵਿਚ ਹੈ।

ਤਕਰੀਬਨ ਸਾਰੇ (ਅਖੌਤੀ) ਸਿੱਖ ਮਿਸ਼ਨਰੀ ਕਾਲਜਾਂ ਦੀ ਇਹੀ ਵਿਚਾਰਧਾਰਾ ਹੈ। ਮਿਸ਼ਨਰੀ ਕਾਲਜ ਕੂਚਾ ਫ਼ੀਲਡ ਗੰਜ ਵੱਲੋਂ ਲਗਾਈਆਂ ਸਟਾਲਾਂ ਦੀਆਂ ਕਿਤਾਬਾਂ ਅਤੇ 'ਸਿੱਖ ਫੁਲਵਾੜੀ' ਦੀਆਂ ਲਿਖਤਾਂ ਕੁਝ ਹੋਰ ਹਨ ਪਰ ਇਹਨਾਂ ਵੱਲੋਂ ਤਿਆਰ ਕੀਤੇ ਮਿਸ਼ਨਰੀ ਪ੍ਰਚਾਰਕ ਇਹੋ ਬੋਲੀ ਬੋਲਦੇ ਹਨ।

–

# ਨਿਰਮਲਿਆਂ ਨੇ ਪੰਥ ਗਾਲ਼ ਦਿੱਤਾ

'ਵਿਰਲੈ ਕਿਨੈ ਵੀਚਾਰਿਆ' ਦਾ ਲੇਖਕ ਆਪਣੀ ਕਿਤਾਬ ਦੇ ਪੰਨਾ 144 'ਤੇ ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਦੇ ਹਵਾਲੇ ਅਨੁਸਾਰ 'ਗੁਰਦੁਆਰਾ' ਨੂੰ ਇੰਵ ਪ੍ਰਭਾਸ਼ਿਤ ਕਰਦਾ ਹੈ :

ਭਾਈ ਸਾਹਿਬ ਜੀ 'ਗੁਰਦੁਆਰਾ' ਦੇ ਸਿਰਲੇਖ ਹੇਠ ਅੱਗੇ ਲਿਖਦੇ ਹਨ, ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮਿਕ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ ਆਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤ ਦੀ ਪੱਤ ਰੱਖਣ ਲਈ ਲੋਹ-ਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ-ਘਰ ਦਾ ਅਸਥਾਨ ਹੈ। ਸਤਿਗੁਰਾਂ ਵੇਲੇ ਅਤੇ ਬੁੱਢਾ ਦਲ ਦੇ ਸਮੇਂ ਗੁਰਦੁਆਰਿਆਂ ਦਾ ਖ਼ਾਸ ਧਿਆਨ ਰੱਖਿਆ ਜਾਂਦਾ ਸੀ। ਗੁਰਦੁਆਰੀਆ ਉਹ ਹੋਇਆ ਕਰਦਾ ਸੀ, ਜੋ ਵਿਦਵਾਨ, ਗੁਰਮਤਿ ਵਿਚ ਪੱਕਾ ਅਤੇ ਉੱਚੇ ਆਚਰਣ ਵਾਲਾ ਹੁੰਦਾ ਸੀ।

ਜਦ ਅਸੀਂ ਪੰਥਕ ਇਤਿਹਾਸ ਦੇ ਪਿਛੋਕੜ ਵੱਲ ਦੇਖਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਦਸਮੇਸ਼ ਪਿਤਾ ਜੀ ਦੇ ਜੋਤੀ-ਜੋਤ ਸਮਾਉਣ ਪਿੱਛੋਂ ਸਿੱਖ ਇਤਿਹਾਸਿਕ ਅਸਥਾਨਾਂ ਅਤੇ ਧਰਮ ਪ੍ਰਚਾਰ ਕੇਂਦਰ, ਜੋ ਉਸ ਸਮੇਂ ਡੇਰੇ ਜਾਂ ਧਰਮਸਾਲ ਕਹਾਉਂਦੇ ਸਨ, ਦਾ ਪ੍ਰਬੰਧ ਨਿਰਮਲੇ, ਉਦਾਸੀ, ਸੇਵਾ-ਪੰਥੀ ਜੈਸੀਆਂ ਸੰਸਥਾਵਾਂ ਦੇ ਅਧੀਨ ਸਨ। ਇਸ ਤੋਂ ਇਲਾਵਾ ਦਮਦਮਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਦੀਪ ਸਿੰਘ ਜੀ ਸਨ। ਜਿਨ੍ਹਾਂ ਦੀ ਪ੍ਰਚਾਰ ਸੰਸਥਾ ਦਾ ਨਾਉਂ 'ਦਮਦਮੀ ਟਕਸਾਲ' ਪਿਆ। ਅੰਮ੍ਰਿਤਸਰ ਵਿਚ ਭਾਈ ਮਨੀ ਸਿੰਘ ਦੀ ਚਲਾਈ ਕਥਾ ਦੀ ਰੀਤ ਨੂੰ ਅੱਗੇ ਤੋਰਨ ਵਾਲਿਆਂ ਦਾ ਨਾਮ 'ਗਿਆਨੀਆਂ ਦੀ ਟਕਸਾਲ' ਕਰਕੇ ਪ੍ਰਸਿੱਧ ਹੋਇਆ।

ਜਦ ਕਲਗੀਧਰ ਮਹਾਰਾਜ ਨੇ ਦਮਦਮਾ ਸਾਹਿਬ ਆਦਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰ ਕੇ ਭਾਈ ਮਨੀ ਸਿੰਘ ਜੀ ਤੋਂ ਬੀੜ ਲਿਖਾਉਣੀ ਸ਼ੁਰੂ ਕੀਤੀ ਤਾਂ ਦੁਪਹਿਰ ਤਕ ਲਿਖਾਉਣ ਦਾ ਕੰਮ ਹੁੰਦਾ ਸੀ ਅਤੇ ਤੀਸਰੇ ਪਹਿਰ ਗੁਰਬਾਣੀ ਦੀ ਕਥਾ ਗੁਰੂ ਸਾਹਿਬ

ਖ਼ੁਦ ਕਰਦੇ ਸਨ। ਸੁਣਨ ਵਾਲਿਆਂ ਵਿਚ ਸਥਾਨਿਕ ਆਮ ਸੰਗਤ ਤੋਂ ਇਲਾਵਾ ਨਿਰਮਲੇ, ਉਦਾਸੀ, ਨਿਹੰਗ ਸਿੰਘ ਅਤੇ ਸੇਵਾ-ਪੰਥੀ ਆਦਿ ਸੰਪਰਦਾਵਾਂ ਦੇ ਵਿਦਵਾਨ, ਗੁਣੀ-ਗਿਆਨੀ ਭੀ ਹੁੰਦੇ ਸਨ। ਇਹਨਾਂ ਮਹਾਂਪੁਰਸ਼ਾਂ ਨੇ ਗੁਰੂ ਸਾਹਿਬ ਦੇ ਕੀਤੇ ਅਰਥਾਂ ਨੂੰ ਪੜ੍ਹ-ਸੁਣ ਕੇ ਸੰਭਾਲ ਕੇ ਰੱਖਿਆ ਅਤੇ ਆਮ ਸਿੱਖ ਸੰਗਤ ਵਿਚ ਪ੍ਰਚਾਰਨ ਦੀ ਸੇਵਾ ਨਿਭਾਈ।

ਖੜਗਧਾਰੀ ਖ਼ਾਲਸੇ (ਨਿਹੰਗ ਸਿੰਘ) ਦੀ ਸਿੱਧੀ ਟੱਕਰ ਹਕੂਮਤ ਨਾਲ ਸੀ ਅਤੇ ਗੁਰੀਲਾ ਲੜਾਈ ਕਾਰਨ ਇਕ ਥਾਂ ’ਤੇ ਪੱਕਾ ਡੇਰਾ ਲਾ ਕੇ ਨਹੀਂ ਬੈਠ ਸਕਦੇ ਸਨ। ਇਸ ਲਈ ਪ੍ਰਚਾਰ ਦਾ ਬੋਝ ਨਿਰਮਲੇ, ਉਦਾਸੀ, ਸੇਵਾ-ਪੰਥੀਆਂ ਦੇ ਹਿੱਸੇ ਆਇਆ।

ਦੇਸ (ਪੰਜਾਬ) ਵਿਦੇਸ਼ (ਅਫ਼ਗ਼ਾਨਿਸਤਾਨ ਤਕ) ਵਿਚ ਇਹਨਾਂ ਨੇ ਆਪਣੇ ਡੇਰੇ ਜਾਂ ਧਰਮਸਾਲਾਂ ਬਣਾ ਕੇ ਉਹ ਸਭੋ ਕੁਝ ਕੀਤਾ ਜੋ ਭਾਈ ਕਾਨ੍ਹ ਸਿੰਘ ਜੀ ਨੇ ‘ਗੁਰਦੁਆਰਾ ਦੀ ਪਰਿਭਾਸ਼ਾ’ ਵਿਚ ਦਿੱਤਾ ਹੈ।

ਇਹਨਾਂ ਡੇਰਿਆਂ ਦੇ ਪ੍ਰਬੰਧਕ ਆਪ ਖ਼ੁਦ ਨਿੱਤਨੇਮ ਕਰਦੇ ਸਨ, ਆਏ-ਗਏ ਯਾਤਰੂਆਂ ਲਈ ਮੰਜਾ, ਬਿਸਤਰਾ ਅਤੇ ਲੰਗਰ ਦਾ ਇੰਤਜ਼ਾਮ ਭੀ ਇਹ ਕਰਦੇ ਸਨ। ਰੋਗੀਆਂ ਲਈ ਦਵਾਈ-ਬੂਟੀ ਇਹਨਾਂ ਦੀ ਸੇਵਾ ਦਾ ਪ੍ਰਮੁੱਖ ਅੰਗ ਸੀ। ਇਹਨਾਂ ਡੇਰਿਆਂ ਵਿਚ ਹੀ ਗੁਰਮੁਖੀ, ਗੁਰਬਾਣੀ ਅਤੇ ਇਤਿਹਾਸ ਪੜ੍ਹਾਇਆ ਜਾਂਦਾ ਸੀ। ਜਦ ਅਸੀਂ ਭਾਈ ਕਾਨ੍ਹ ਸਿੰਘ ਜੀ ਅਤੇ ਗਿਆਨੀ ਗੁਰਦਿੱਤ ਸਿੰਘ ਜੀ ਆਦਿ ਦਾ ਜੀਵਨ ਇਤਿਹਾਸ ਫਰੋਲਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਇਹਨਾਂ ਨੇ ਮੁੱਢਲੀ ਵਿਦਿਆ ਇਹਨਾਂ ਡੇਰਿਆਂ ਤੋਂ ਹੀ ਗ੍ਰਹਿਣ ਕੀਤੀ ਸੀ। ਇਹਨਾਂ ਡੇਰਿਆਂ ਦੇ ਮੁਖੀਆਂ ਦਾ ਕਿਰਦਾਰ ਭੀ ਐਸਾ ਹੁੰਦਾ ਸੀ ਕਿ ਜੇ ਪਿੰਡ ਵਿਚ ਕੋਈ ਝਗੜਾ ਪੈ ਜਾਵੇ ਤਾਂ ਡੇਰਾ ਮੁਖੀ ਜੋ ਫ਼ੈਸਲਾ ਕਰ ਦੇਵੇ, ਤਾਂ ਕੀ ਹਿੰਦੂ, ਕੀ ਸਿੱਖ ਜਾਂ ਮੁਸਲਮਾਨ, ਸਭ ਪ੍ਰਵਾਨ ਕਰਦੇ ਸਨ।

ਇਹਨਾਂ ਡੇਰਿਆਂ ਵਿਚ ਹੀ ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਉਤਾਰੇ ਕਰ ਕੇ ਸੰਗਤਾਂ ਨੂੰ ਭੇਟ ਕੀਤੇ ਜਾਂਦੇ ਸਨ। ਲਿਖਣ ਲਈ ਸਿਆਹੀ ਅਤੇ ਜਿਲਦਸਾਜ਼ੀ ਭੀ ਇਹ ਖ਼ੁਦ ਹੀ ਕਰਦੇ ਸਨ। ਜਿਸ ਜ਼ਮਾਨੇ ਵਿਚ ਇ ਮਹਾਂਪੁਰਸ਼ ਆਪਣਾ ਤਨ, ਮਨ, ਧਨ ਗੁਰੂ ਨੂੰ ਅਰਪ ਕੇ ਸੇਵਾ ਕਰ ਰਹੇ ਸਨ, ਉਦੋਂ ਨਾ ਕੋਈ ਆਉਣ-ਜਾਣ ਦਾ ਸਾਧਨ ਸੀ, ਨਾ ਅੱਜ-ਕੱਲ੍ਹ ਵਾਂਗ ਟੈਲੀਫ਼ੋਨ, ਮੋਬਾਈਲ, ਕੰਪਿਊਟਰ ਜਾਂ ਵਾਇਰਲੈੱਸ ਦੇ ਸੰਚਾਰ ਸਾਧਨ ਸਨ, ਰਾਤ ਨੂੰ ਸਰ੍ਹੋਂ ਦੇ ਤੀਲ ਦੇ ਦੀਵੇ ਬਾਲ ਕੇ ਅਸੀਂ ਖ਼ੁਦ 1950 ਤਕ ਪੜ੍ਹਦੇ ਰਹੇ ਹਾਂ। ਇਸ ਹਾਲਤ ਵਿਚ ਪ੍ਰਚਾਰ ਵਿਚ

ਕੁਝ ਕਮੀਆਂ ਰਹਿ ਸਕਦੀਆਂ ਹਨ। ਅੱਜ-ਕੱਲ੍ਹ ਦਾ ਜੰਮਪਲ ਉਹਨਾਂ ਹਾਲਾਤਾਂ ਦਾ ਅੰਦਾਜ਼ਾ ਹੀ ਨਹੀਂ ਲਗਾ ਸਕਦਾ, ਪਰ ਕੁਰਬਾਨ ਜਾਈਏ ਉਹਨਾਂ ਗੁਰੂ ਕੇ ਪਿਆਰਿਆਂ ਦੇ ਜਿਨ੍ਹਾਂ ਸਾਲਾਂ-ਬੱਧੀ ਮਿਹਨਤ ਕਰ ਕੇ ਕੋਈ ਗ੍ਰੰਥ ਜਾਂ ਇਤਿਹਾਸ ਦੀ ਪੋਥੀ ਲਿਖਣੀ ਅਤੇ ਪੰਥ ਨੂੰ ਅਰਪਣ ਕਰਨੀ।

ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਸਾਰੀ ਜ਼ਿੰਦਗੀ ਲਗਾ ਕੇ ਦੋ ਗ੍ਰੰਥ ਲਿਖੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਆ ਕੇ ਭੇਟਾ ਕਰ ਗਏ। ਜਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪੁੱਛਿਆ ਕਿ ਭਾਈ, ਕੀ ਅਰਦਾਸ ਕਰੀਏ ? ਭਾਈ ਸਾਹਿਬ ਨੇ ਬੇਨਤੀ ਕੀਤੀ, ‘ਕਵੀ ਸਿੰਘ ਦੀ ਸੇਵਾ ਗੁਰੂ ਦਰ ਪ੍ਰਵਾਨ ਹੋਵੇ, ਮੇਰੀ ਗੁਰੂ ਨਾਲ ਬਣ ਆਵੇ ਅਤੇ ਦਰਗਾਹ ਵਿਚ ਮੇਰੀ ਪਤ ਰੱਖੇ।” ਨਾ ਕੋਈ ਇਵਜ਼ਾਨਾ (royality) ਨਾ ਕੋਈ ਪੈਸਾ ਅਤੇ ਨਾ ਹੀ ਕਿਤੇ ਨਾਉਂ ਲਿਖਵਾਇਆ। ਉਸ ਵੇਲੇ ਤਾਂ ਦੇਗ, ਤੇਗ਼ ਅਤੇ ਕਲਮ ਨਾਲ ਸੇਵਾ ਕਰਨ ਵਾਲਿਆਂ ਲਈ ਅੱਜ-ਕਲ੍ਹ ਵਾਂਗ ਅਜਾਇਬ ਘਰ ਵਿਚ ਫ਼ੋਟੋਆਂ ਭੀ ਲਗਾਉਣ ਦਾ ਕੋਈ ਰਿਵਾਜ ਨਹੀਂ ਸੀ।

ਨਿਰਮਲਿਆਂ ਵਿਚੋਂ ਹੀ ਗਿਆਨੀ ਗਿਆਨ ਸਿੰਘ, ਜਿਨ੍ਹਾਂ ਦੀ ਇਕ ਲੱਤ ਗੋਲੀ ਲੱਗਣ ਨਾਲ ਨਕਾਰਾ ਹੋ ਗਈ ਸੀ, ਸਾਈਕਲ ’ਤੇ ਤੀਹ ਸਾਲ ਤਕ ਫਿਰ ਕੇ ਇਤਿਹਾਸ ਇਕੱਠਾ ਕਰਦੇ ਰਹੇ ਅਤੇ ਤਵਾਰੀਖ਼ ਗੁਰੂ ਖ਼ਾਲਸਾ, ਪੰਥ ਪ੍ਰਕਾਸ਼, ਗੁਰਦੁਆਰਿਆਂ ਦਾ ਇਤਿਹਾਸ ਨਾਮੀ ਪੁਸਤਕਾਂ ਲਿਖ ਕੇ ਪੰਥ ਦੀ ਝੋਲੀ ਪਾ ਗਏ। ਮਹਾਂ ਕਵੀ ਸੰਤੋਖ ਸਿੰਘ ਦਾ ਸੰਬੰਧ ਭੀ ਨਿਰਮਲਿਆਂ ਨਾਲ ਸੀ। ਮੱਸਾ ਰੰਘੜ ਨੂੰ ਸੋਧਣ ਵਾਲੇ ਭਾਈ ਮਹਿਤਾਬ ਸਿੰਘ ਦੇ ਪੋਤਰੇ ਸਰਦਾਰ ਰਤਨ ਸਿੰਘ ਭੰਗੂ ਨੇ ਬਾਰਾਂ ਸਾਲ ਦੀ ਅਣਥੱਕ ਮਿਹਨਤ ਕਰ ਕੇ ‘ਸ੍ਰੀ ਗੁਰੂ ਪੰਥ ਪ੍ਰਕਾਸ਼’ ਲਿਖਿਆ। ਜਿਸ ਦੀ ਇਕ ਕਾਪੀ ਈਸਟ ਇੰਡੀਆ ਕੰਪਨੀ ਰਾਹੀਂ ਇੰਗਲੈਂਡ ਦੇ ਮਿਊਜ਼ੀਅਮ ਵਿਚ ਭੇਜੀ ਗਈ ਅਤੇ ਦੂਸਰੀ ਕਾਪੀ ਮਹਾਰਾਜਾ ਪਟਿਆਲਾ ਦੀ ਨਿੱਜੀ ਲਾਇਬ੍ਰੇਰੀ ਵਿਚ ਹੈ। ਸਾਰੇ ਇਤਿਹਾਸਕਾਰ ਇਸ ਨੂੰ ਪ੍ਰਮਾਣਿਕ ਸਿੱਖ ਇਤਿਹਾਸਕ ਸ੍ਰੋਤ ਮੰਨਦੇ ਹਨ।

ਪਿੱਛੇ ਮੁੜੀਏ, ਜਿਸ ਧਰਮ ਤੇ ਧਰਮ ਅਸਥਾਨਾਂ ’ਤੇ ਭੁੱਖੇ ਨੂੰ ਰੋਟੀ ਮਿਲੇ, ਆਏ-ਗਏ ਲਈ ਮੰਜਾ-ਬਿਸਤਰਾ ਅਤੇ ਲੰਗਰ ਮਿਲੇ, ਬੀਮਾਰ ਲਈ ਦਵਾਈ ਅਤੇ ਆਤਮਿਕ ਕਲਿਆਣ ਲਈ ਗੁਰਬਾਣੀ ਪੜ੍ਹਾਈ ਜਾਵੇ, ਜ਼ੁਲਮ ਅਤੇ ਜ਼ਾਲਮ ਦੇ ਨਾਸ਼ ਕਰਨ ਲਈ ਤੇਗ਼ ਚੱਲੇ, ਉਹ ਧਰਮ ਕਿਵੇਂ ਤਰੱਕੀ ਨਹੀਂ ਕਰੇਗਾ ?

ਇਸੇ ਲਈ ਬੜੇ-ਬੜੇ ਘੱਲੂਘਾਰਿਆਂ ਦੇ ਬਾਵਜੂਦ ਪੰਥ ਵਧਦਾ ਗਿਆ ਉਦਾਸੀ, ਸੇਵਾ-ਪੰਥੀ ਅਤੇ ਨਿਰਮਲਿਆਂ ਦੇ ਅਸਥਾਨ 'ਤੇ ਅੱਜ ਭੀ ਇਹ ਸਾਰੇ ਕੰਮ ਹੋ ਰਹੇ ਹਨ।

ਇਸ ਮੁਆਮਲੇ ਵਿਚ 'ਨਿਰਮਲ ਆਸ਼ਰਮ ਰਿਸ਼ੀਕੇਸ਼' ਪ੍ਰਤੱਖ ਪ੍ਰਮਾਣ ਹੈ। ਸਾਰੇ ਰਿਸ਼ੀਕੇਸ਼ ਵਿਚ ਕਿਸੇ ਭੀ ਹੋਰ ਧਰਮ ਦੀਆਂ ਸਰਾਂਵਾਂ ਵਿਚ ਰਿਹਾਇਸ਼ ਮੁਫ਼ਤ ਨਹੀਂ ਹੈ ਪਰ ਇਥੇ ਤਕਰੀਬਨ ਢਾਈ ਸੌ ਕਮਰੇ ਸੰਗਤਾਂ ਵਿਚ ਬਿਲਕੁਲ ਮੁਫ਼ਤ ਦਿੱਤੇ ਜਾਂਦੇ ਹਨ। ਸਾਰੇ ਰਿਸ਼ੀਕੇਸ਼ ਦੇ ਮੰਗਤੇ ਸਵੇਰੇ ਇਥੇ ਆ ਕੇ ਲੰਗਰ ਛਕਦੇ ਹਨ ਅਤੇ ਡੇਰਾ ਮੁਖੀ ਬਾਬਾ ਜੋਧ ਸਿੰਘ ਜੀ ਖ਼ੁਦ ਵਰਤਾਉਂਦੇ ਹਨ।

ਦੋ ਸੌ ਬਿਸਤਰਿਆਂ ਦਾ ਆਧੁਨਿਕ ਸਹੂਲਤਾਂ ਦਾ ਹਸਪਤਾਲ ਚੱਲ ਰਿਹਾ ਹੈ, ਜਿਥੇ ਸ਼ਹਿਰ ਨਾਲੋਂ ਬਹੁਤ ਘੱਟ ਪੈਸਿਆਂ ਨਾਲ ਇਲਾਜ ਹੁੰਦਾ ਹੈ ਅਤੇ ਗ਼ਰੀਬਾਂ ਲਈ ਕੋਟਾ ਨਿਯਤ ਹੈ, ਫ਼੍ਰੀ ਇਲਾਜ ਹੁੰਦਾ ਹੈ। ਇਸੇ ਤਰ੍ਹਾਂ ਤਕਰੀਬਨ ਬਾਰਾਂ ਸੌ ਬੱਚਿਆਂ ਦਾ ਸੀਨੀਅਰ ਸੈਕੰਡਰੀ ਸਕੂਲ ਚੱਲ ਰਿਹਾ ਹੈ ਜਿਥੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਗੁਰਬਾਣੀ ਅਤੇ ਕੀਰਤਨ ਸਿਖਾਇਆ ਜਾਂਦਾ ਹੈ।

ਬਹੁਤ ਸਾਰੇ ਪਿੰਡਾਂ ਦੇ ਨਿਰਮਲ ਡੇਰਿਆਂ ਵਿਚ ਹੁਣ ਭੀ ਪੁਰਾਣੀ ਪੱਧਤੀ ਵਾਲੀਆਂ ਦੇਸੀ ਦਵਾਈਆਂ ਦਿੱਤੀਆਂ ਜਾਦੀਆਂ ਹਨ। ਨਾਭਾ ਤਹਿਸੀਲ ਵਿਚ ਪਿੰਡ ਘੋਖ ਅਤੇ ਬਿਸ਼ਨਪੁਰਾ ਹਨ, ਨਿਰਮਲੇ ਮਹਾਂਪੁਰਸ਼ਾਂ ਦੀ ਕਿਰਪਾ ਸਦਕਾ ਦੋਨੋਂ ਪਿੰਡਾਂ ਵਿਚ ਗੁਰਪੁਰਬਾਂ 'ਤੇ ਜਾਂ ਹੋਰ ਕਿਸੇ ਸਮਾਗਮ ਲਈ ਅਖੰਡ ਪਾਠ ਕਰਨ ਲਈ ਕੋਈ ਪਾਠੀ ਬਾਹਰੋਂ ਨਹੀਂ ਬੁਲਾਉਣਾ ਪੈਂਦਾ, ਸਾਰੇ ਪੜ੍ਹੇ-ਲਿਖੇ ਬੰਦੇ ਖ਼ੁਦ ਪਾਠ ਕਰਦੇ ਹਨ।

ਇਸੇ ਤਰ੍ਹਾਂ ਬਰਨਾਲਾ ਤਹਿਸੀਲ ਵਿਚ ਕਾਫ਼ੀ ਵੱਡਾ ਪਿੰਡ ਟੱਲੇਵਾਲ ਹੈ, ਇਥੇ ਬਾਬਾ ਕਰਨੈਲ ਸਿੰਘ ਜੀ ਇਕ ਇਤਿਹਾਸਿਕ ਗੁਰਦੁਆਰੇ ਦੀ ਸੇਵਾ ਕਰਦੇ ਹਨ। ਅੱਜ ਤੋਂ ਤਕਰੀਬਨ ਵੀਹ ਕੁ ਸਾਲ ਪਹਿਲਾਂ ਜਦ ਉਹ ਇਥੇ ਆਏ ਤਾਂ ਪਿੰਡ ਦੇ ਇਕ ਨੌਜਵਾਨ ਨੇ ਆ ਕੇ ਉਹਨਾਂ ਨੂੰ ਘਰ ਅਖੰਡ-ਪਾਠ ਕਰਨ ਲਈ ਬੇਨਤੀ ਕੀਤੀ। ਬਾਬਾ ਜੀ ਨੇ ਪੁੱਛਿਆ, 'ਭਾਈ, ਕਿੰਨਾ ਪੜ੍ਹਿਆ ਹੋਇਆ ਹੈਂ ?' ਉੱਤਰ ਮਿਲਿਆ, 'ਜੀ, ਬੀ.ਏ. ਪਾਸ ਹਾਂ।' ਬਾਬਾ ਜੀ ਕਹਿਣ ਲੱਗੇ, 'ਫਿਰ ਤੇਰੇ ਘਰ ਅਸੀਂ ਪਾਠ ਨਹੀਂ ਕਰਾਂਗੇ, ਮੈਂ ਅਨਪੜ੍ਹਾਂ ਦੇ ਘਰ ਪਾਠ ਕਰਦਾ ਹਾਂ, ਤੂੰ ਪੜ੍ਹਿਆ ਹੋਇਆ ਹੈਂ। ਮੇਰੇ ਕੋਲੋਂ ਕਿਉਂ ਕਰਾਉਂਦਾ ਹੈਂ, ਖ਼ੁਦ ਕਿਉਂ ਨਹੀਂ ਕਰਦਾ ?' ਇਸ ਤਰ੍ਹਾਂ ਉਹ ਬਾਣੀ ਪੜ੍ਹਨ ਲੱਗ ਪਿਆ।

ਅਠਾਰ੍ਹਵੀਂ ਸਦੀ ਦੇ ਸ਼ਾਨਦਾਰ ਸਿੱਖ ਇਤਿਹਾਸ ਨੂੰ ਬਣਾਉਣ ਵਾਲਿਆਂ ਲਈ ਪ੍ਰੇਰਨਾ ਸ੍ਰੋਤ ਅਤੇ ਪ੍ਰਚਾਰ ਇਹਨਾਂ ਸੰਸਥਾਵਾਂ ਦੇ ਡੇਰਿਆਂ ਦਾ ਸੀ, ਜਿਸ

ਨੂੰ ਅੱਜ ਮਿਸ਼ਨਰੀ ਕਾਲਜਾਂ ਵਾਲੇ ਬ੍ਰਾਹਮਣਵਾਦੀ ਕਹਿ ਕੇ ਭੰਡ ਰਹੇ ਹਨ। ਗੁਰੂ ਲਈ ਸ਼ਰਧਾ ਅਤੇ ਤਨ, ਮਨ, ਧਨ ਵਾਰ ਕੇ ਆਪਾ ਬਲੀਦਾਨ ਕਰਨ ਦਾ ਜਜ਼ਬਾ ਪੈਦਾ ਕਿਸ ਨੇ ਕੀਤਾ ? ਇਹਨਾਂ ਡੇਰਿਆਂ ਦੇ ਪ੍ਰਚਾਰਕਾਂ ਨੇ।

ਬਾਬਾ ਬੀਰ ਸਿੰਘ ਨੌਰੰਗਾਬਾਦ ਅਤੇ ਬਾਬਾ ਖ਼ੁਦਾ ਸਿੰਘ ਵਰਗੇ ਬ੍ਰਹਮਗਿਆਨੀ ਕਿਥੋਂ ਆਏ ? ਦੂਸਰੀ 'ਐਂਗਲੋ-ਸਿੱਖ ਵਾਰ ਦੇ ਹੀਰੋ ਭਾਈ ਮਹਾਰਾਜ ਸਿੰਘ ਕਿਸ ਦੀ ਦੇਣ ਹੈ ? ਨਿਰਮਲਿਆਂ ਦੀ। ਮਹਾਰਾਣੀ ਜਿੰਦ ਕੌਰ (ਜਿੰਦਾਂ) ਨੂੰ ਚੁਨਾਰ ਦੇ ਕਿਲ੍ਹੇ ਵਿਚੋਂ ਕੱਢ ਕੇ ਨੇਪਾਲ ਵਿਚ ਪਹੁੰਚਾਉਣ ਦੀ ਸੇਵਾ ਭੀ ਨਿਰਮਲਿਆਂ ਦੇ ਹਿੱਸੇ ਆਈ।

ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਨੇ ਇਕ ਵਾਰੀ ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਆਪਣੇ ਲੈਕਚਰ ਸਮੇਂ ਕਿਹਾ ਕਿ 'ਖ਼ਾਲਸਾ' ਪਦ ਦਾ ਕੋਈ ਭੀ ਯਥਾਰਥ ਅਰਥ ਨਹੀਂ ਹੈ, ਜੇ ਕੋਈ ਹੈ ਤਾਂ ਮੇਰੇ ਨਾਲ ਆ ਕੇ ਚਰਚਾ ਕਰੇ। ਨਾਲ ਹੀ ਹੰਕਾਰ ਨਾਲ ਕਿਹਾ, 'ਕੋਈ ਨਹੀਂ ਆਏਗਾ'।

ਇਸ ਇਕੱਠ ਵਿਚ ਪੰਡਤ ਠਾਕਰ ਨਿਹਾਲ ਸਿੰਘ ਜੀ ਬੋਹਾ ਖ਼ਾਲਸਾ ਵਾਲੇ ਭੀ ਬੈਠੇ ਸਨ। ਆਪ ਜੀ ਨੇ ਰਾਤੋ-ਰਾਤ 'ਖ਼ਾਲਸਾ' ਸ਼ਬਦ ਦੀ ਵਿਆਖਿਆ, ਅਰਥ, ਉਪਮਾ ਦੱਸਣ ਵਾਲਾ ਸੰਸਕ੍ਰਿਤ ਭਾਸ਼ਾ ਵਿਚ ਇਕ ਸੌ ਸਲੋਕਾਂ ਦਾ ਕਿਤਾਬਚਾ ਲਿਖ ਕੇ ਅਗਲੇ ਦਿਨ ਸਵਾਮੀ ਦਯਾਨੰਦ ਨੂੰ ਜਾ ਵੰਗਾਰਿਆ। ਭਰੀ ਸਭਾ ਵਿਚ ਜਦ ਉਹਨਾਂ ਸੰਸਕ੍ਰਿਤ ਵਿਚ ਸਲੋਕ ਵਿਆਖਿਆ ਸਾਹਿਤ ਪੜ੍ਹ ਕੇ ਸੁਣਾਏ ਤਾਂ ਸਵਾਮੀ ਦਯਾਨੰਦ ਅਵਾਕ ਰਹਿ ਗਿਆ ਅਤੇ ਨੀਵੀਂ ਪਾ ਲਈ। (ਨਿਰਮਲ ਪੰਥ ਦੀ ਗੌਰਵ ਗਾਥਾ, ਪੰਨਾ 38)

ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਮਾਣਿਕ ਟੀਕਾ ਵੀ ਗਿਆਨੀ ਬਚਨ ਸਿੰਘ ਜੀ ਸੇਖਵਾਂ ਅਤੇ ਉਹਨਾਂ ਦੇ ਸਾਥੀਆਂ ਨੇ ਛੇ ਸਾਲ ਲਗਾ ਕੇ 1883 ਈ. ਵਿਚ ਪੂਰਾ ਕੀਤਾ ਅਤੇ ਮਹਾਰਾਜ ਬਿਕ੍ਰਮ ਸਿੰਘ ਫ਼ਰੀਦਕੋਟ ਨੇ ਛਪਵਾਇਆ ਜੋ ਕਿ 'ਟੀਕਾ ਫ਼ਰੀਦਕੋਟੀਆ' ਕਰਕੇ ਮਸ਼ਹੂਰ ਹੈ। ਹੁਣ ਦੇ ਸਮੇਂ ਭੀ ਗਿਆਨੀ ਸੰਤ ਸਿੰਘ ਜੀ ਮਸਕੀਨ ਜੋ ਸੇਵਾ ਪੰਥ ਦੀ ਆਪਣੇ ਵਿਖਿਆਨਾਂ ਅਤੇ ਕਲਮ ਰਾਹੀਂ ਕਰ ਗਏ, ਉਹ ਸਭ ਦੇ ਸਾਹਮਣੇ ਹੈ ਅਤੇ ਅਦੁੱਤੀ ਹੈ।

ਸਿੱਖੀ ਪ੍ਰਚਾਰ ਕਰਨ ਲਈ ਨਿਰਮਲਿਆਂ ਦੇ ਦੋ ਜਥੇ ਬਣੇ ਹੋਏ ਹਨ, ਇਕ ਚਿੱਟੇ ਕੱਪੜਿਆਂ ਵਾਲੇ ਅੰਮ੍ਰਿਤਧਾਰੀ, ਜੋ ਪਹਿਲਾਂ ਭੀ ਅਤੇ ਹੁਣ ਭੀ ਜ਼ਿਆਦਾਤਰ ਸਿੱਖ ਵੱਸੋਂ ਵਾਲੇ ਖੇਤਰਾਂ ਵਿਚ ਵਿਚਰਦੇ ਹਨ; ਦੂਸਰੇ ਭਗਵੇ ਭੇਖ ਵਾਲੇ ਜੋ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਵਿਚ, ਖ਼ਾਸ ਕਰਕੇ ਹਿੰਦੂ

ਤੀਰਥਾਂ ਜਾਂ ਮੇਲਿਆਂ 'ਤੇ ਪ੍ਰਚਾਰ ਕਰਦੇ ਹਨ। ਇਸ ਭੇਖ ਨਾਲ ਕੱਟੜ-ਪੰਥੀ ਹਿੰਦੂਆਂ ਵਿਚ ਭੀ ਪ੍ਰਚਾਰ ਕਰਨਾ ਸੌਖਾ ਹੈ। ਇਸ ਭੇਖ ਨੂੰ ਖੰਡਨ ਵਾਲੇ ਮਿਸ਼ਨਰੀਆਂ ਨੂੰ ਅਸੀਂ ਕਹਾਂਗੇ ਕਿ ਮਹਾਂਰਾਸ਼ਟਰ ਵਿਚ ਸ਼ਿਵ ਸੈਨਾ ਦੇ ਗੜ੍ਹ ਵਿਚ ਜਾ ਕੇ ਮਿਸ਼ਨਰੀਆਂ ਦੀ ਵੇਸ-ਭੂਸ਼ਾ ਨਾਲ ਪ੍ਰਚਾਰ ਕਰਨ ਫਿਰ ਅਸਲੀਅਤ ਦਾ ਪਤਾ ਲੱਗ ਜਾਵੇਗਾ।

ਬਾਬਾ ਬਲਬੀਰ ਸਿੰਘ ਸੀਂਚੇਵਾਲ ਨੇ ਸੁਲਤਾਨਪੁਰ ਲੋਧੀ ਦੀ ਕਾਲੀ ਵੇਈਂ ਦੀ ਸਫ਼ਾਈ ਕਰ ਕੇ ਯੂ.ਐਨ.ਓ. ਪੱਧਰ ਤਕ ਖ਼ਾਲਸਾ ਪੰਥ ਦਾ ਸਿਰ ਉੱਚਾ ਕੀਤਾ ਹੈ। ਫਿਰ ਇਹਨਾਂ ਸਾਰੀਆਂ ਸੰਸਥਾਵਾਂ ਦੇ ਪ੍ਰਚਾਰਕਾਂ ਦੀ ਪ੍ਰਚਾਰ ਵਿਧੀ ਅਜਿਹੀ ਸੀ ਕਿ ਦੂਸਰੇ ਧਰਮਾਂ ਦੇ ਲੋਕ ਭੀ ਗੁਰਦੁਆਰੇ ਆਉਂਦੇ ਸਨ। ਗਿਆਨੀ ਸੰਤ ਸਿੰਘ ਜੀ ਮਸਕੀਨ ਦੀ ਅੰਤਿਮ ਅਰਦਾਸ ਮੌਕੇ ਸਾਰੇ ਧਰਮਾਂ ਦੇ ਲੋਕ ਸ਼ਾਮਲ ਹੋਏ।

ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਭੀ ਇਕ ਡੇਰੇਦਾਰ ਪ੍ਰਚਾਰਕ ਸਨ, ਜਿਹਨਾਂ ਦੀ ਅਣਥੱਕ ਮਿਹਨਤ ਨੇ ਪੰਥ ਦੀ ਨੁਹਾਰ ਬਦਲ ਦਿੱਤੀ। ਆਰੀਆ ਸਮਾਜੀਆਂ ਦੇ ਕੂੜ ਪ੍ਰਚਾਰ ਦਾ ਮੂੰਹ-ਤੋੜ ਜਵਾਬ ਦੇਣ ਵਾਲੇ ਪੰਡਤ ਕਰਤਾਰ ਸਿੰਘ ਦਾਖਾ ਦਾ ਕੌਣ ਮੁਕਾਬਲਾ ਕਰ ਸਕਦਾ ਹੈ ?

ਪੁਰਾਤਨ ਸਾਰੀਆਂ ਸੰਪਰਦਾਵਾਂ ਦੀਆਂ ਜੜ੍ਹਾਂ ਕਲਗੀਧਰ ਮਹਾਰਾਜ ਦੇ ਚਰਨਾਂ ਵਿਚ ਹਨ ਅਤੇ ਭਾਰਤੀ ਸੰਸਕ੍ਰਿਤੀ ਨਾਲ ਸੰਬੰਧਿਤ ਹਨ। ਜਿਸ ਦਾ ਆਧਾਰ ਪ੍ਰੇਮ, ਸ਼ਰਧਾ ਅਤੇ ਭਗਤੀ ਹੈ। ਜਦ ਕਿ ਮਿਸ਼ਨਰੀ ਕਾਲਜਾਂ ਦੀਆਂ ਜੜ੍ਹਾਂ ਯੂਰਪੀ ਵਿਦਿਅਕ ਪ੍ਰਣਾਲੀ, ਵਿਗਿਆਨਿਕ ਵਿਧੀ ਨਾਲ, ਕਿਉਂ, ਕੀ, ਕਿੱਦਾਂ ਵਿਚ ਲੱਗੀਆਂ ਹੋਈਆਂ ਹਨ। ਇਸ ਤੋਂ ਇਕ ਕਦਮ ਹੋਰ ਅੱਗੇ ਜਾ ਕੇ ਦੇਖੀਏ ਤਾਂ ਹਜ਼ਾਰਾਂ ਸਾਲ ਪਹਿਲਾਂ ਭਾਰਤ ਦੀ 'ਚਾਰ ਵਾਕਿਆ' ਫ਼ਿਲਾਸਫ਼ੀ, ਕਾਰਲ ਮਾਰਕਸ, ਰੂਸ ਤੋਂ ਗ਼ਦਰੀ ਬਾਬਿਆਂ ਰਾਹੀਂ ਪੰਜਾਬ ਵਿਚ ਪਹੁੰਚੀ, ਫਿਰ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਾਲੇ 'ਦਾਰ ਜੀ' ਰਾਹੀਂ ਹੁਣ ਮਿਸ਼ਨਰੀ ਕਾਲਜ ਵਾਲਿਆ ਨਾਲ ਘਿਓ-ਖਿਚੜੀ ਹੋ ਗਈ ਅਤੇ ਦਸਮੇਸ਼ ਪਿਤਾ ਦੇ ਪੰਥ ਨੂੰ ਅੱਖਾਂ ਦਿਖਾਉਣ ਲੱਗ ਪਈ ਅਤੇ ਇਹਨਾਂ ਨੇ ਹਾਹਾਕਾਰ ਮਚਾ ਦਿੱਤੀ।

"ਹਾਇ ਨਿਰਮਲਿਆਂ ਨੇ, ਉਦਾਸੀਆਂ ਨੇ, ਸੇਵਾ-ਪੰਥੀਆਂ ਨੇ ਪੰਥ ਗਾਲ਼ ਦਿੱਤਾ।"

ਪਿਛਲੇ ਪੰਜਾਹ-ਸੱਠ ਸਾਲ ਦੇ ਇਤਿਹਾਸ ਵਿਚ ਮਿਸ਼ਨਰੀ ਕਾਲਜ ਵਾਲਿਆਂ ਦੀ ਪੰਥ ਨੂੰ ਕੀ ਦੇਣ ਹੈ ? ਇਹਨਾਂ ਨੇ ਸੰਸਾਰ ਪ੍ਰਸਿੱਧੀ ਦਾ ਕੋਈ

ਕੰਮ ਕੀਤਾ ? ਕੋਈ ਪਹਿਲਵਾਨ, ਕੋਈ ਐਥਲੀਟ, ਕੋਈ ਖਿਡਾਰੀ, ਕੋਈ ਵਿਗਿਆਨੀ ਪੈਦਾ ਕੀਤਾ ? ਕੋਈ ਪ੍ਰੋਫ਼ੈਸਰ ਪੂਰਨ ਸਿੰਘ ਜਾਂ ਪਿੰਗਲਵਾੜੇ ਦਾ ਭਗਤ ਪੂਰਨ ਸਿੰਘ ਬਣਾਇਆ ? 1947 ਤੋਂ ਪਿੱਛੋਂ ਹੁਣ ਤਕ ਦੇ ਸਿੱਖ ਇਤਿਹਾਸ ਦਾ ਕੋਈ ਹੀਰੋ ਪੰਥ ਨੂੰ ਦਿੱਤਾ ? ਕੁਝ ਭੀ ਨਹੀਂ। ਬੱਸ, ਦਸਮ ਗ੍ਰੰਥ ਦੇ ਨਾਉਂ 'ਤੇ ਪੰਥ ਵਿਚ ਵੰਡੀਆਂ ਪਾ ਕੇ ਖ਼ਾਨਾਜੰਗੀ ਤਕ ਨੌਬਤ ਲਿਆ ਦਿੱਤੀ। ਪਹਿਲਾਂ ਸਵਾਮੀ ਦਯਾਨੰਦ ਨੇ ਦੋ ਫ਼ਿਰਕਿਆਂ ਵਿਚ ਨਫ਼ਰਤ ਪੈਦਾ ਕੀਤੀ ਅਤੇ ਹੁਣ ਉਹੋ ਕੰਮ ਬ੍ਰਾਹਮਣਵਾਦ ਦੇ ਨਾਅਰੇ ਹੇਠ ਮਿਸ਼ਨਰੀ ਕਾਲਜ ਕਰ ਰਹੇ ਹਨ।

ਖ਼ਾਲਸਾ ਪੰਥ ਦੇ ਇਤਿਹਾਸ ਨੂੰ ਚਮਕਾਉਣ ਵਾਲੇ ਸ. ਦਰਸ਼ਨ ਸਿੰਘ ਫ਼ੇਰੂਮਾਨ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਸੁਖਾ ਅਤੇ ਭਾਈ ਜਿੰਦਾ ਜਾਂ ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਕਿਹੜੇ ਮਿਸ਼ਨਰੀ ਕਾਲਜ ਵਿਚ ਪੜ੍ਹੇ ਹਨ ?

ਪਿਛਲੇ ਤੀਹ ਸਾਲਾਂ ਦੇ ਇਤਿਹਾਸ ਵਿਚ ਪੁਲਿਸ ਦੇ ਝੂਠੇ ਮੁਕਾਬਲਿਆਂ ਵਿਚ ਮਰਨ ਵਾਲੇ, ਚੱਡੇ ਪੜਵਾਉਣ ਵਾਲੇ, ਘੋਟਣੇ ਲੁਆਉਣ ਵਾਲੇ, ਗੋਲੀਆਂ ਦਾ ਸ਼ਿਕਾਰ ਜਾਂ ਪੰਥ ਲਈ ਜੇਲ੍ਹ ਦੀਆਂ ਸਜ਼ਾਵਾਂ ਭੁਗਤਣ ਵਾਲਿਆਂ ਵਿਚੋਂ ਕੋਈ ਇਕ ਵੀ ਮਿਸ਼ਨਰੀ ਕਾਲਜ ਦਾ ਪਾੜ੍ਹਾ ਨਹੀਂ ਸੀ।

1960 ਦੇ ਕਰੀਬ ਗਿਆਨੀ ਭਾਗ ਸਿੰਘ ਅੰਬਾਲਾ ਨੂੰ ਦਸਮ ਗ੍ਰੰਥ ਦੇ ਵਿਰੁੱਧ ਕਿਤਾਬ ਲਿਖਣ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛੇਕਿਆ ਗਿਆ, ਮਿਸ਼ਨਰੀ ਕਾਲਜ ਵਾਲਿਆਂ ਨੇ ਉਸ ਦੀ ਪਿੱਠ ਠੋਕੀ। ਫਿਰ 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦੀਆਂ ਦਸ ਕਿਤਾਬਾਂ ਦੇ ਅਖੌਤੀ ਲੇਖਕ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ, ਜੋ ਖੰਡਾ ਪਹੁਲ ਨੂੰ ਫ਼ਜ਼ੂਲ ਸਮਝਦਾ ਹੈ, ਨਿਤਨੇਮ ਦਾ ਖੰਡਨ ਕਰਦਾ ਹੈ, ਕਿਰਪਾਨ ਧਾਰਨ ਨੂੰ ਨਕਾਰਦਾ ਹੈ, ਪੰਥ ਪ੍ਰਵਾਨਿਤ ਰਹਿਤ ਮਰਯਾਦਾ, ਅਰਦਾਸ ਦੀ ਪਹਿਲੀ ਪਉੜੀ (ਪ੍ਰਿਥਮ ਭਗਉਤੀ ਸਿਮਰ ਕੈ) ਨੂੰ ਰੱਦ ਕਰਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਰੰਪਰਾਗਤ ਪ੍ਰਵਾਨਿਤ ਸਤਿਕਾਰ ਦਾ ਖੰਡਨ ਕਰਦਾ ਹੈ, ਇਸ ਸਭ ਕੁਝ ਦੀ ਸਮੀਖਿਆ ਲਈ ਬਣਾਈ ਗਈ ਕਮੇਟੀ ਦੀ ਸਿਫ਼ਾਰਸ਼ 'ਤੇ ਅਤੇ ਉਸ ਦੇ ਅੜੀਅਲ ਰਵੱਈਏ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇਣ ਕਾਰਨ ਛੇਕਿਆ ਗਿਆ ਪਰ ਸਾਰੇ ਮਿਸ਼ਨਰੀ ਕਾਲਜ ਹੁਣ ਤਕ ਡਟ ਕੇ ਉਸ ਦੀ ਹਮਾਇਤ ਕਰ ਰਹੇ ਹਨ। ਇਸੇ ਤਰ੍ਹਾਂ ਸਾਬਕਾ ਜਥੇਦਾਰ ਦਰਸ਼ਨ ਸਿੰਘ ਰਾਗੀ ਨੂੰ ਥਾਪੜਾ ਦੇਣ ਵਾਲੇ ਕੌਣ ਹਨ ? ਇਹ ਸਭ ਨੂੰ ਪਤਾ ਹੈ।

ਸਪੋਕਸਮੈਨ ਦੇ ਐਡੀਟਰ ਜੁਗਿੰਦਰ ਸਿੰਘ ਨੇ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਹੀ ਰੱਦ ਕਰ ਦਿੱਤੀ ਤਾਂ ਸਾਰੇ ਪੰਥ ਨੇ ਰੋਸ ਜ਼ਾਹਰ ਕੀਤਾ ਪਰ ਮਿਸ਼ਨਰੀ ਕਾਲਜ ਵਾਲਿਆਂ ਨੇ ਚੁੱਪੀ ਸਾਧ ਲਈ। ਹੁਣ ਭਾਈ ਬਲਵੰਤ ਸਿੰਘ ਰਾਜੋਆਣਾ ਦੇ ਹੱਕ ਵਿਚ ਸਾਰੇ ਪੰਥ ਨੇ ਇਕਮੁੱਠ ਹੋ ਕੇ ਉਸ ਦੀ ਫਾਂਸੀ ਦੀ ਸਜ਼ਾ ਟਾਲਣ ਲਈ ਹੰਭਲਾ ਮਾਰਿਆ ਪਰ ਮਿਸ਼ਨਰੀ ਕਾਲਜ ਵਾਲਿਆਂ ਦੀ ਕਲਮ ਨੂੰ ਸੱਪ ਸੁੰਘ ਗਿਆ।

ਪਟਿਆਲੇ ਬਸੰਤ ਪੰਚਮੀ ਦੇ ਜੋੜ ਮੇਲੇ ’ਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਇਹ ਆਪਣੀ ਸਟਾਲ-ਕਮ-ਪ੍ਰਦਰਸ਼ਨੀ ਵਿਚ ਇਕ ਸਿੱਖ ਸੰਤ ਦਾ ‘ਲੋਗੋ’ ਲਵਾ ਕੇ ਰੱਖਦੇ ਹਨ। ਮਿਸ਼ਨਰੀ ਕਾਲਜ ਵਾਲੇ ਇਥੇ ਆਸ਼ੂਤੋਸ਼, ਭਨਿਆਰਾ ਵਾਲਾ ਜਾਂ ਸੱਚੇ ਸੌਦੇ ਵਾਲੇ ਸਾਧ ਦਾ ਪੁਤਲਾ ਕਿਉਂ ਨਹੀਂ ਰੱਖਦੇ ? ਇਕ ਵਾਰੀ ਸਿੱਖ ਮਿਸ਼ਨਰੀ ਕਾਲਜ ਕੂਚਾ ਫੀਲਡ ਗੰਜ ਵਾਲਿਆ ਨੇ ਆਸ਼ੂਤੋਸ਼ ਬਾਰੇ ਕੁਝ ਲਿਖ ਦਿੱਤਾ। ਉਸ ਦੇ ਸਮਰਥਕਾਂ ਨੇ ਇਹਨਾਂ ਦੇ ਦਫ਼ਤਰ ਜਾ ਕੇ ਇਹਨਾਂ ਦੀ ਅਜਿਹੀ ਐਸੀ-ਤੈਸੀ ਕੀਤੀ ਕਿ ਇਹ ਸੁਸਰੀ ਵਾਂਗ ਸੌਂ ਗਏ। ਇਸੇ ਲਈ ਪਿੱਛੇ ਜਿਹੇ ਜਦ ਆਸ਼ੂਤੋਸ਼ ਨੇ ਲੁਧਿਆਣੇ ਆ ਕੇ ਪ੍ਰੋਗਰਾਮ ਕਰਨਾ ਚਾਹਿਆ ਤਾਂ ਬਾਕੀ ਸਾਰੀਆਂ ਪੰਥਕ ਜਥੇਬੰਦੀਆਂ ਨੇ ਰੋਸ ਮੁਜ਼ਾਹਰਾ ਕੀਤਾ ਪਰ ਮਿਸ਼ਨਰੀ ਕਾਲਜ ਕਿਤੇ ਅੱਖ ਪਾਏ ਨਹੀਂ ਰੜਕੇ। ਕਿਹੜੇ ਮੂੰਹ ਨਾਲ ਇਹ ਆਪਣੇ ਆਪ ਨੂੰ ਪੰਥਕ ਕਹਾਉਂਦੇ ਹਨ ? ਅਤੇ ਟਕਸਾਲ, ਅਖੰਡ ਕੀਰਤਨੀ ਜਥਾ ਜਾਂ ਨਿਰਮਲਿਆਂ ਨੂੰ ਬ੍ਰਾਹਮਣਵਾਦੀ ਆਖਦੇ ਹਨ ? ਅਸੀਂ ਪੂਰਨ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਮਿਸ਼ਨਰੀ ਕਾਲਜ ਤੋਂ ਦੋ-ਸਾਲਾ ਮਿਸ਼ਨਰੀ ਕੋਰਸ ਕਰਨ ਵਾਲੇ 80% ਤੋਂ ਵੱਧ ਬੰਦਿਆਂ ਨੇ ਕਦੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸਹਿਜ-ਪਾਠ ਨਹੀਂ ਕੀਤਾ। ਦੋ-ਸਾਲਾ ਕੋਰਸ ਵਿਚ ਚੋਣਵੀਆਂ ਸਾਖੀਆਂ ਅਤੇ ਚੋਣਵੇਂ ਸ਼ਬਦਾਂ ਦੀ ਵਿਆਖਿਆ ਨੂੰ, ਕਿਉਂ, ਕੀ ਅਤੇ ਕਿੱਦਾਂ ਵਾਲੇ ਆਪਣੀ ਵਿਚਾਰਧਾਰਾ ਦੀ ਪੁੱਠ ਦੇ ਕੇ ਪਾਠਕਾਂ ਨੂੰ ਗੁਮਰਾਹ ਕਰ ਰਹੇ ਹਨ। ਜਦ ਮਿਸ਼ਨਰੀ ਕਾਲਜਾਂ ਤੋਂ ਪੜ੍ਹੇ ਸਾਡੇ ਨਾਲ ਆ ਕੇ ਬਹਿਸਾਂ ਕਰਦੇ ਹਨ ਕਿ ਵਾਹਿਗੁਰੂ ਮੰਤਰ ਦਾ ਜਾਪ ਕਰਨ ਨਾਲ ਤੁਹਾਨੂੰ ਕੁਝ ਵੀ ਨਹੀਂ ਮਿਲੇਗਾ ਤਾਂ ਕੀ ਤੱਤ ਕੱਢਿਆ ਜਾਵੇ ?

ਇਹਨਾਂ ਕੋਲ ਬੱਸ, ਇਕੋ ਨਾਅਰਾ ਹੈ, ‘ਹਾਇ ਨਿਰਮਲਿਆਂ ਨੇ, ਟਕਸਾਲ ਨੇ, ਅਖੰਡ ਕੀਰਤਨੀ ਜਥੇ ਜਾਂ ਸੰਤਾਂ ਨੇ ਪੰਥ ਗਾਲ਼ ਦਿੱਤਾ।

ਸੰਤ ਬਾਬੇ ਭਜਾਓ, ਪੰਜਾਬ ਬਚਾਓ।

ਇਸ ਕੂੜ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਨਿਰਮਲ ਆਸ਼ਰਮ ਰਿਸ਼ੀਕੇਸ਼

ਅਤੇ ਹੋਰ ਗੁਰਮੁਖਾਂ ਵੱਲੋਂ ਨਿਰਮਲਿਆਂ ਬਾਰੇ ਪਹਿਲਾ ਸੈਮੀਨਾਰ ਪਿਛਲੇ ਸਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਕੀਤਾ ਗਿਆ, ਦੂਸਰਾ ਕਨਖਲ ਵਿਚ ਹੋਇਆ ਜਿਸ ਵਿਚ ਹੋਰਨਾਂ ਤੋਂ ਇਲਾਵਾ ਡਾ. ਜਸਪਾਲ ਸਿੰਘ, ਉਪ-ਕੁਲਪਤੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸਰਦਾਰ ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭੀ ਸ਼ਾਮਲ ਹੋਏ। ਫਿਰ 3 ਮਾਰਚ 2012 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੈਮੀਨਾਰ ਹੋਇਆ, ਜਿਸ ਦੀ ਰਿਪੋਰਟ ਅਜੀਤ ਅਖ਼ਬਾਰ ਦੇ 13 ਮਾਰਚ 2012 ਦੇ ਮੈਗ਼ਜ਼ੀਨ ਸੈਕਸ਼ਨ ਵਿਚ ਆਈ ਹੈ। ਇਹਨਾਂ ਸੈਮੀਨਾਰਾਂ ਨੇ ਵਿਦਵਾਨਾਂ ਦੇ ਬਹੁਤ ਸਾਰੇ ਭੁਲੇਖੇ ਦੂਰ ਕੀਤੇ ਅਤੇ ਸਭ ਨੇ ਨਿਰਮਲਿਆਂ ਦੀ ਪੰਥਕ ਸੇਵਾ ਅੱਗੇ ਸੀਸ ਝੁਕਾਇਆ ਹੈ।

–

# ਮੈਂ ਗੁਰੂ ਦੀ ਪੁਰੀ ਜਾਣੈ

ਗਿਆਨੀ ਗੁਰਬਚਨ ਸਿੰਘ ਜੀ ਫ਼ਤਹਿਗੜ੍ਹ ਚੂੜੀਆਂ ਵਾਲੇ ਜੋ ਬੜੇ ਮਿੱਠੇ ਸੁਰੀਲੇ ਕੀਰਤਨੀਏ ਸਨ ਤੇ ਕੰਧ ਸਾਹਿਬ ਗੁਰਦੁਆਰਾ, ਬਟਾਲਾ ਵਿਚ ਹਜ਼ੂਰੀ ਰਾਗੀ ਵੀ ਰਹਿ ਚੁੱਕੇ ਹਨ, ਉਹਨਾਂ ਇਹ ਵਾਰਤਾ ਸੁਣਾਈ ਕਿ ਪਾਕਿਸਤਾਨ ਬਣਨ ਤੋਂ 3-4 ਸਾਲ ਪਿੱਛੋਂ ਉਹ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ’ਤੇ ਲਖਨਊ ਦੀ ਸਿੰਘ ਸਭਾ ਦੇ ਬੁਲਾਉਣ ’ਤੇ ਉਥੇ ਕੀਰਤਨ ਕਰਨ ਲਈ ਗਏ। ਸਿੰਘ ਸਭਾ ਗੁਰਦੁਆਰੇ ਸੱਤ ਦਿਨ ਕੀਰਤਨ ਕੀਤਾ। ਜਦ ਸਤਵੇਂ ਦਿਨ ਦੀਵਾਨ ਦੀ ਸਮਾਪਤੀ ਪਿੱਛੋਂ ਪੰਜਾਬ ਆਉਣ ਨੂੰ ਤਿਆਰ ਮੈਂ ਗੁਰਦੁਆਰੇ ਦੇ ਸਕੱਤਰ ਨਾਲ ਗੱਲਬਾਤ ਕਰ ਰਿਹਾ ਸੀ ਤਾਂ ਇਕ 60-65 ਕੁ ਸਾਲ ਦੀ ਮਾਈ ਆਈ। ਮੈਨੂੰ ਕਹਿਣ ਲੱਗੀ, ‘ਭਾਈ ਜੀ, ਤੁਸੀਂ ਜੋ ਕੀਰਤਨ ਇਥੇ ਗੁਰਦੁਆਰੇ ਵਿਚ ਸੁਣਾਉਂਦੇ ਰਹੇ ਹੋ, ਕੋਈ ਇਕ ਘੰਟਾ ਮੇਰੇ ਘਰ ਵਿਚ ਵੀ ਸੁਣਾਓ।’ ਮੈਂ ਕਿਹਾ, ‘ਮਾਈ, ਅਸੀਂ ਤਾਂ (ਸਕੱਤਰ ਵੱਲ ਇਸ਼ਾਰਾ ਕਰ ਕੇ) ਇਹਨਾਂ ਦੇ ਸੱਦੇ ’ਤੇ ਆਏ ਹਾਂ।’ ਸਕੱਤਰ ਨੇ ਕਿਹਾ, ‘ਜੀ ਸਾਡੇ ਵੱਲੋਂ ਹੁਣ ਤੁਸੀਂ ਵਿਹਲੇ ਹੋ।’ ਤਾਂ ਝੱਟ ਉਸ ਮਾਈ ਨੇ ਕਿਹਾ ਕਿ ਲਓ ਜੀ, ਉਧਰੋਂ ਤਾਂ ਹੁਣ ਤੁਸੀਂ ਫ਼ਾਰਗ ਹੋ। ਮੈਂ ਲਾਜਵਾਬ ਹੋ ਗਿਆ ਤੇ ਮਾਈ ਨੂੰ ਪੁੱਛਿਆ, ‘ਤੇਰਾ ਘਰ ਕਿੰਨੀ ਦੂਰ ਹੈ ? ਉਸ ਨੇ ਕਿਹਾ, ‘ਨੇੜੇ ਹੀ ਹੈ, ਮੈਂ ਹੁਣੇ ਆ ਕੇ ਤੁਹਾਨੂੰ ਨਾਲ ਲੈ ਜਾਂਦੀ ਹਾਂ।’

ਝੱਟ-ਪਟ ਕੁਝ ਮਿੰਟਾਂ ਵਿਚ ਹੀ ਉਹ ਮਾਈ ਵਾਪਸ ਗੁਰਦੁਆਰੇ ਆਈ, ਜਿਸ ਦੇ ਨਾਲ 3-4 ਨੌਜਵਾਨ ਸਨ। ਗੁਰਦੁਆਰੇ ਵਿਚੋਂ ਦੋ ਦਰੀਆਂ ਉਹਨਾਂ ਲਈਆਂ ਤੇ ਮਾਈ ਨੇ ਉਹਨਾਂ ਨੂੰ ਆਖਿਆ, ‘ਜਾ ਕੇ ਵਿਛਾਓ। ਮੈਂ ਕੀਰਤਨ ਕਰਨ ਵਾਲਿਆਂ ਨੂੰ ਨਾਲ ਲੈ ਕੇ ਆਉਂਦੀ ਹਾਂ।’ ਫਿਰ ਅੱਧੇ ਕੁ ਘੰਟੇ ਪਿੱਛੋਂ ਮਾਈ ਵੀ ਚਲੀ ਗਈ ਕਿ ਮੈਂ ਵੇਖ ਆਵਾਂ, ਘਰ ਇੰਤਜ਼ਾਮ ਠੀਕ ਹੈ। ਵਾਪਸ ਆਈ ਉਸ ਮਾਈ ਦੇ ਨਾਲ ਚਾਰ ਮੋਨੇ ਉਸ ਦੇ ਪੋਤਰੇ ਵੀ ਆਏ, ਜਿਨ੍ਹਾਂ ਨੇ ਸਾਡੇ ਦੋਵੇਂ ਵਾਜੇ ਅਤੇ ਜੋੜੀ ਚੁੱਕ ਲਏ। ਮੈਂ ਤੇ ਮੇਰੇ ਦੋਵੇਂ ਸਾਥੀ ਮਾਈ ਦੇ ਨਾਲ ਤੁਰ ਪਏ। ਮਾਈ ਦਾ ਘਰ ਗੁਰਦੁਆਰਾ ਸਾਹਿਬ ਤੋਂ ਕੋਈ ਬਹੁਤਾ ਦੂਰ

ਨਹੀਂ ਸੀ ਪਰ ਗਲੀਆਂ ਦੇ ਮੋੜ ਬੜੇ ਸਨ। ਜਦ ਅਸੀਂ ਅਖ਼ੀਰਲੀ ਗਲੀ ਵਿਚੋਂ ਜ਼ਰਾ ਹੇਠਾਂ ਉਤਰੇ ਤਾਂ ਮਾਈ ਦੇ ਘਰ ਦੇ ਅਹਾਤੇ ਵਿਚ ਕਿਤੇ ਗਊ ਦੀ 'ਕਿਤੇ ਭੈਰਉ ਦੀ ਤੇ ਕਿਤੇ ਹਨੂੰਮਾਨ ਜੀ ਦੀਆਂ ਮੂਰਤੀਆਂ ਅਸਥਾਪਨ ਸਨ।

ਮੇਰੇ ਦੋਵੇਂ ਸਾਥੀ ਕਹਿਣ ਲੱਗੇ ਕਿ ਕਿਥੇ ਲੈ ਆਓ ਹੋ, ਸਾਨੂੰ ਪੱਥਰ-ਪੂਜ ਦੇ ਘਰ। ਮੈਂ ਆਖਿਆ ਕਿ ਹੁਣ ਤਾਂ ਮਾਈ ਨਾਲ ਬਚਨ ਹੋ ਗਿਆ ਹੈ, ਪੂਰਾ ਕਰਨਾ ਹੀ ਪਊ। ਅੱਗੇ ਅਸੀਂ ਚਬੂਤਰੇ ਜਿਹੇ 'ਤੇ ਚੜ੍ਹੇ ਤਾਂ ਨੀਚੇ ਦਰੀਆਂ 'ਤੇ 30-35 ਵਿਅਕਤੀ ਨਰ-ਨਾਰੀਆਂ ਬੈਠੇ ਸਨ। ਅਸੀਂ ਸਾਜ਼ ਖੋਲ੍ਹੇ ਤੇ ਪਹਿਲਾ ਹੀ ਸ਼ਬਦ ਲਾਇਆ 'ਰਾਮੁ ਸਿਮਰੁ ਪਛੁਤਾਹਿਗਾ ਮਨ॥' (ਅੰਗ ੧੧੦੬) ਸ੍ਰੋਤਿਆਂ ਨੇ ਪੂਰੀ ਤਵੱਜੋ ਨਾਲ ਸੁਣਿਆ। ਫਿਰ ਅਸੀਂ ਗਾਇਆ 'ਸਭੈ ਘਟ ਰਾਮੁ ਬੋਲੈ ਰਾਮਾ ਬੋਲੈ'। ਕੋਈ ਚਾਲੀ ਕੁ ਮਿੰਟ ਕੀਰਤਨ ਦਾ ਰੰਗ ਸਾਰਿਆਂ ਮਾਣਿਆ। ਅਸੀਂ ਸਾਜ਼ ਬੰਨ੍ਹ ਲਏ ਤਾਂ ਮਾਈ ਨੇ ਝੱਟ ਸ਼ਬਦ ਭੇਟ ਮਾਇਆ ਅਰਦਾਸ ਕਰਾਈ ਤੇ ਬੜੀ ਨਿਮਰਤਾ ਸਹਿਤ ਕਹਣ ਲੱਗੀ ਕਿ ਮੈਂ ਕੁਝ ਫ਼ਲ ਲਿਆਂਦੇ ਹਨ, ਉਹ ਛਕੋ। ਮਾਈ ਨੇ ਜਲ ਲਿਆਂਦਾ, ਅਸੀਂ ਹੱਥ ਧੋ ਕੇ ਫ਼ਲ, ਕੇਲੇ ਆਦਿ ਛਕਣ ਲੱਗ ਪਏ ਤਾਂ ਮਾਈ, ਜਿਸ ਦਾ ਨਾਮ ਧਨਦੇਈ ਸੀ, ਕੋਲ ਬੈਠ ਕੇ ਗੋਸ਼ਟ ਕਰਨ ਲੱਗ ਪਈ।

ਉਸ ਨੇ ਦੱਸਿਆ ਕਿ ਉਹ ਛੋਟੀ ਉਮਰ ਤੋਂ ਮਾਪਿਆਂ ਦੇ ਘਰੋਂ ਹੀ ਵਿਸ਼ਨੂੰ ਦੀ ਭਗਤੀ ਕਰਨ ਲੱਗ ਪਈ ਸੀ। ਹੁਣ ਜਦ ਮੇਰੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਹਨ ਤਦ ਵੀ ਦਿਨ-ਰਾਤ ਵਿਸ਼ਨੂੰ ਜੀ ਦੀ ਭਗਤੀ ਕਰੀ ਜਾਂਦੀ ਹਾਂ। ਮੇਰੇ ਗਵਾਂਢ ਰਾਮਗੜ੍ਹੀਏ ਸਿੱਖਾਂ ਦਾ ਘਰ ਹੈ, ਉਸ ਘਰ ਦੀ ਵੱਡੀ ਦਿਆਲ ਕੌਰ ਵੀ ਮੇਰੀ ਉਮਰ ਦੀ ਹੈ, ਉਹ ਗੁਰਦੁਆਰੇ ਸਦਾ ਜਾਂਦੀ ਹੈ। ਅੱਜ ਚਾਰ ਦਿਨ ਹੋਏ, ਉਸ ਮੈਨੂੰ ਆਖਿਆ ਕਿ ਨੀ ਧਨਦੇਈਏ, ਕੀ ਹਰ ਵੇਲੇ ਵਿਸ਼ਨੂੰ-ਵਿਸ਼ਨੂੰ ਕਰਦੀ ਰਹਿੰਦੀ ਹੈਂ। ਚੱਲ ਤੈਨੂੰ ਗੁਰੂ ਨਾਨਕ ਦੀ ਬਾਣੀ ਦਾ ਕੀਰਤਨ ਸੁਣਾਈਏ। ਬੜੇ ਮਿੱਠੇ ਬੋਲਾਂ ਵਾਲੇ ਕੀਰਤਨੀਏ ਆਏ ਹੋਏ ਹਨ। ਤਦ ਉਸ ਦੇ ਕਹਿਣ 'ਤੇ ਮੈਂ ਆਪ ਦਾ ਚਾਰ-ਪੰਜ ਦਿਨਾਂ ਤੋਂ ਕੀਰਤਨ ਸੁਣਿਆ ਹੈ, ਜੋ ਮੈਨੂੰ ਬੜਾ ਪਿਆਰਾ ਲੱਗਾ ਹੈ। ਤੁਸੀਂ ਕਿਰਪਾ ਕਰ ਕੇ ਇਹ ਜੋ ਗਾਉਂਦੇ ਹੋ, ਇਸ ਵਿਚੋਂ ਮੈਨੂੰ ਕੋਈ ਮੰਤਰ ਜਪਣ ਲਈ ਦੱਸ ਜਾਓ। ਮੈਂ ਕਿਹਾ, 'ਮਾਤਾ ਜੀ, ਉਹ ਮੰਤਰ ਤਾਂ ਪੰਜ ਪਿਆਰੇ ਹੀ ਦੱਸ ਸਕਦੇ ਹਨ, ਕੋਈ ਇਕੱਲਾ-ਦੁਕੱਲਾ ਸਿੱਖ ਨਹੀਂ ਦੱਸ ਸਕਦਾ।' ਪਰ ਮਾਈ ਧਨਦੇਈ ਜ਼ਿੱਦ ਕਰੇ ਕਿ ਨਹੀਂ, ਮੈਨੂੰ ਜ਼ਰੂਰ ਦੱਸੋ। ਅਸੀਂ ਉੱਠ ਕੇ ਤੁਰਨ ਲੱਗੇ ਤਾਂ ਮਾਈ ਨੇ ਮੇਰੇ ਪੈਰ ਫੜ ਲਏ ਤੇ ਕਹਿਣ ਲੱਗੀ, 'ਮੈਂ ਪੈਰ ਤਦ ਛੱਡੂੰਗੀ ਜਦ ਤੁਸੀਂ ਜਪਣ ਲਈ ਮੈਨੂੰ ਮੰਤਰ

ਦੱਸੋਗੇ। ਮੈਂ ਬੜਾ ਮਜਬੂਰ ਹੋ ਗਿਆ ਅਤੇ ਆਖਿਆ, 'ਮਾਈ, ਲੈ ਫਿਰ ਲਿਖ ਲੈ। ਉਸ ਆਪਣੀ 12-13 ਸਾਲ ਦੀ ਪੋਤਰੀ ਨੂੰ ਕਿਹਾ ਕਿ ਲੈ ਆ ਕਾਪੀ-ਪੈੱਨਸਿਲ। ਉਹ ਦੌੜ ਕੇ ਕਲਮ ਤੇ ਕਾਪੀ ਲੈ ਆਈ। ਮੈਂ ਮੂਲ-ਮੰਤਰ ਪੜ੍ਹਿਆ ਅਤੇ ਮਾਈ ਨੂੰ ਕਿਹਾ, 'ਮੇਰੇ ਮਗਰ-ਮਗਰ ਆਖੀ ਜਾ। ਪਰ ਉਹ ਚੰਗੀ ਤਰ੍ਹਾਂ ਪੁਕਾਰ ਨਾ ਸਕੀ। ਮੈਂ ਪੁੱਛਿਆ, 'ਮਾਈ, ਪੰਜਾਬੀ ਲਿਖਣ ਜਾਣਦੀ ਹੈਂ ?' ਉਸ ਕਿਹਾ, ਨਹੀਂ, ਮੈਂ ਸਿਰਫ਼ ਹਿੰਦੀ ਪੜ੍ਹੀ ਹੋਈ ਹਾਂ।' ਮੈਂ ਆਖਿਆ, 'ਚੱਲ ਫੜ ਕਲਮ ਤੇ ਆਪਣੇ ਹੱਥ ਨਾਲ ਲਿਖ ਲੈ ਹਿੰਦੀ ਵਿਚ।' ਮੈਂ ਬੋਲੀ ਜਾਵਾਂ ਤੇ ਉਹ ਲਿਖੀ ਜਾਏ, ਕੋਈ 9-10 ਦਫ਼ਾ ਲਿਖਣ ਪਿੱਛੋਂ ਗ਼ਲਤੀਆਂ ਸ਼ੁੱਧ ਕੀਤੀਆਂ ਗਈਆਂ ਤਾਂ ਉਹ ਬੋਲੀ, ਮੈਂ ਲੱਕੜ ਦੀ ਮਾਲਾ ਵਿਸ਼ਨੂੰ ਭਗਤੀ ਲਈ ਬੜੇ ਚਿਰਾਂ ਦੀ ਰੱਖੀ ਹੋਈ ਹੈ, ਦੱਸੋ ਤੁਹਾਡੇ ਮੰਤਰ ਦੀਆਂ ਕਿੰਨੀਆਂ ਮਾਲਾਂ ਫੇਰਿਆ ਕਰਾਂ ? ਮੈਂ ਜਾਨ ਛੁਡਾਉਣ ਲਈ ਕਹਿ ਦਿੱਤਾ, 'ਚੱਲ ਦਸ ਮਾਲਾ ਰੋਜ਼ ਫੇਰਿਆ ਕਰ।' ਅਤੇ ਵਾਪਸ ਪੰਜਾਬ ਨੂੰ ਚੱਲ ਪਏ।

ਉਸ ਤੋਂ ਸੱਤ ਸਾਲ ਪਿੱਛੋਂ ਫਿਰ ਸਿੰਘ ਸਭਾ ਦੇ ਸੱਦੇ 'ਤੇ ਅਸੀਂ ਉਥੇ ਪੋਹ ਸੁਦੀ ਸਤਵੀਂ ਨੂੰ ਗੁਰਪੁਰਬ ਸਮੇਂ ਕੀਰਤਨ ਲਈ ਗਏ। ਤੀਸਰੇ ਦਿਨ ਅਸੀਂ ਵਾਪਸ ਆਉਣ ਲੱਗੇ। ਮੈਂ ਸੁਭਾਵਿਕ ਹੀ ਸਕੱਤਰ ਨੂੰ ਪੁੱਛਿਆ ਕਿ ਜਿਸ ਮਾਈ ਧਨਦੇਈ ਦੇ ਘਰ ਪਿਛਲੀ ਵਾਰ ਅਸੀਂ ਕੀਰਤਨ ਕੀਤਾ ਸੀ, ਉਸ ਦਾ ਕੀ ਹਾਲ ਹੈ ? ਸਕੱਤਰ ਨੇ ਕਿਹਾ, 'ਉਹ ਕੌਤਕ ਤਾਂ ਕੰਮ-ਕਾਜ ਦੇ ਰੁਝੇਵੇਂ ਕਾਰਨ ਅਸੀਂ ਤੁਹਾਨੂੰ ਦੱਸ ਹੀ ਨਹੀਂ ਸਕੇ।' ਫਿਰ ਸੋਚ-ਸੋਚ ਕੇ ਕਹਿਣ ਲੱਗਾ ਕਿ ਨਹੀਂ, ਉਹ ਤੁਸੀਂ ਧਨਦੇਈ ਕੋਲੋਂ ਹੀ ਸੁਣੋ। ਤਦ ਹੀ ਤੁਹਾਨੂੰ ਪੂਰਾ ਅਨੰਦ ਆਵੇਗਾ। ਮੈਂ ਨਾਲ ਚੱਲਾਂ ਕਿ ਤੁਸੀਂ ਘਰ ਲੱਭ ਲਵੋਗੇ ?

ਮੈਂ ਕਿਹਾ, 'ਨਹੀਂ ਘਰ ਤਾਂ ਅਸੀਂ ਵੇਖਿਆਂ ਈ ਹੋਇਆ ਹੈ।'

ਅਸੀਂ ਤਿੰਨੇ ਮਾਈ ਧਨਦੇਈ ਦੇ ਘਰ ਨੂੰ ਤੁਰ ਪਏ। ਜਦ ਅਸੀਂ ਗਲੀ ਲੰਘ ਕੇ ਹੇਠਾਂ ਉਸ ਦੇ ਘਰ ਵੱਲ ਉਤਰੇ ਤਾਂ ਉਪਰ ਚਬੂਤਰੇ 'ਤੇ 13-14 ਸਾਲ ਦੀ ਇਕ ਲੜਕੀ ਨੇ ਉੱਚੀ ਨਾਲ ਆਖਿਆ, 'ਮਾਤਾ ਜੀ, ਮਾਤਾ ਜੀ, ਤੁਹਾਡੇ ਗੁਰੂ ਆ ਗਏ।'

ਅਸੀਂ ਠਠੰਬਰ ਗਏ ਤੇ ਖਲੋ ਗਏ ਤੇ ਏਨੇ ਨੂੰ ਮਾਤਾ ਧਨਦੇਈ ਉੱਪਰ ਚਬੂਤਰੇ 'ਤੇ ਆ ਚੜ੍ਹੀ ਨੂੰ ਅਸਾ ਪਛਾਣ ਹੀ ਨਾ ਸਕੇ। ਕਿਰਪਾਨ ਸਜਾਈ ਹੋਈ, ਉਸ ਸਾਨੂੰ ਫ਼ਤਹਿ ਬੁਲਾਈ ਤੇ ਬੋਲੀ, 'ਆਓ ਜੀ, ਜੀ ਆਇਆਂ ਨੂੰ।'

ਮੈਂ ਕਿਹਾ, 'ਮਾਤਾ ਜੀ, ਤੁਸੀਂ ਪਹੁਲ ਛਕ ਲਈ ?'

ਉਸ ਕਿਹਾ, 'ਹਾਂ, ਤੁਹਾਨੂੰ ਗੁਰਦੁਆਰਿਓਂ ਪਤਾ ਨਹੀਂ ਲੱਗਾ ?'

ਮੈਂ ਕਿਹਾ ਕਿ ਸੱਕਤਰ ਨੇ ਸਾਨੂੰ ਆਖਿਆ ਕਿ ਤੁਸੀਂ ਮਾਤਾ ਜੀ ਦੇ ਮੂੰਹੋਂ ਹੀ ਸੁਣੋ।

ਉਸ ਕਿਹਾ, 'ਆਓ ਦੱਸਦੀ ਹਾਂ। ਹੁਣ ਤਾਂ ਮੇਰੇ ਹੱਥ ਦੀ ਪੱਕੀ ਖਾਓਗੇ ਨਾ ?'

ਮੈਂ ਆਖਿਆ, 'ਮਾਤਾ ਜੀ, ਹੁਣ ਤਾਂ ਤੁਸੀਂ ਪਹੁਲ ਛਕ ਕੇ ਧੰਨ ਗੁਰੂ ਕਲਗੀਧਰ ਪਾਤਸ਼ਾਹ ਦੀ ਸਪੁੱਤਰ ਸੱਜ ਗਏ ਹੋ, ਜੋ ਮਰਜ਼ੀ ਹੋਵੇ ਛਕਾਓ। ਪਹਿਲਾਂ ਵਾਰਤਾ ਸੁਣਾਓ।'

ਉਸ ਸਾਨੂੰ ਬੜੇ ਸਤਿਕਾਰ ਨਾਲ ਬਿਠਾਇਆ ਤੇ ਕਹਾਣੀ ਸ਼ੁਰੂ ਕੀਤੀ, 'ਸੁਣੋ ਸਿੰਘ ਸਾਹਿਬ, ਜਿਹੜਾ ਮੰਤਰ ਤੁਸੀਂ ਮੈਨੂੰ ਲਿਖਾ ਗਏ ਸੀ, ਉਸੇ ਤਰ੍ਹਾਂ ਜਪਣਾ ਅਰੰਭ ਕੀਤਾ। ਥੋੜ੍ਹੇ ਦਿਨਾਂ ਵਿਚ ਮੰਤਰ ਕੰਠ ਹੋ ਗਿਆ, ਜਿਸ ਨੂੰ ਮੂਲ-ਮੰਤਰ ਆਖਦੇ ਹਨ। ਮੈਂ 10 ਅਠੋਤਰੀ ਮਾਲਾ ਰੋਜ਼ ਫੇਰਦੀ ਰਹੀ। ਜਾਂ ਤਿੰਨ ਕੁ ਮਹੀਨੇ ਹੋਏ ਤਾਂ ਵਿਸ਼ਨੂੰ ਮੰਤਰ ਜੋ ਮੈਂ ਜਮਾਂਦਰੂ ਕਰਦੀ ਹੁੰਦੀ ਸਾਂ, ਉੱਕਾ ਹੀ ਮੈਨੂੰ ਭੁੱਲ ਗਿਆ। ਦਸ ਮਾਲਾ ਸਵੇਰੇ ਕਰਨ ਪਿੱਛੋਂ ਮੈ ਫਿਰ ਹੁਣ ਹਰ ਵੇਲੇ ਹੀ ਮੂਲ-ਮੰਤਰ ਦਾ ਜਾਪ ਕਰਨ ਲੱਗ ਪਈ। ਮੈਨੂੰ ਖਾਣਾ-ਪੀਣਾ ਕੁਝ ਨਾ ਸੁੱਝੇ, ਹਰ ਵੇਲੇ ਮੰਤਰ ਨੂੰ ਜਪਦੇ ਰਹਿਣ ਨੂੰ ਚਿੱਤ ਕਰੇ। ਅਤੇ ਜੋ ਲੜਕੀ ਮੇਰੀ ਪੋਤਰੀ ਹੈ, ਇਹ ਹਰ ਵੇਲੇ ਮੇਰੇ ਕੋਲ ਰਹਿੰਦੀ ਤੇ ਤੀਜੇ-ਚੌਥੇ ਡੰਗ ਕੁਝ ਚਾਵਲ, ਦੁੱਧ ਛਕਾ ਦਿੰਦੀ। ਜਦ ਇਸ ਮੰਤਰ ਨੂੰ ਜਪਦਿਆਂ ਕੋਈ ਤਿੰਨ ਕੁ ਸਾਲ ਗੁਜ਼ਰੇ ਤਾਂ ਇਕ ਰਾਤ ਅੰਮ੍ਰਿਤ ਵੇਲੇ ਜਦੋਂ ਮੈਂ ਪਿਆਰ ਨਾਲ ਇਸ ਪਵਿੱਤਰ ਮੰਤਰ ਨੂੰ ਉਚਾਰਦੀ ਪਈ ਸੀ ਤਾਂ ਮੈਨੂੰ ਵੈਰਾਗ ਉਪਜਿਆ। ਮੈਂ ਉੱਚੀ-ਉੱਚੀ ਕੂਕਾਂ ਮਾਰ ਕੇ ਆਖਾਂ, ਹੇ ਇਸ ਮੰਤਰ ਵਾਲੇ ਸਾਜਨ ਜੀ, ਮੈਨੂੰ ਦਰਸ਼ਨ ਦਿਉ। ਗ਼ੈਬੀ ਅਵਾਜ਼ ਆਵੇ ਕਿ ਇਹ ਮੰਤਰ ਹੀ ਮੇਰਾ ਦਰਸ਼ਨ ਹੈ। ਭਾਈ ਸਾਹਿਬ ਜੀ, ਮੇਰੀਆਂ ਅੱਖੀਆਂ 'ਚੋਂ ਮੀਂਹ ਵਾਂਗ ਨੀਰ ਵਗਿਆ, ਜਿਸ ਨਾਲ ਮੇਰੀ ਕਮੀਜ਼ ਭਿੱਜ ਗਈ। ਰੋਜ਼ ਇਹੋ ਹਾਲ, ਖਾਣਾ, ਪੀਣਾ, ਸੌਣਾ ਸਭ ਵਿੱਸਰ ਗਿਆ। ਇਕੋ-ਇਕ 'ਗੁਰ ਪ੍ਰਸਾਦ' ਹੀ ਰਸਨਾ 'ਤੇ ਰਹੇ। ਚਾਰ ਸਾਲ ਬੀਤੇ ਤਾਂ ਮੇਰੇ ਪੁੱਤ, ਪੋਤਰੇ, ਪੋਤਰੀਆਂ ਸਭ ਬੋਲਣ ਕਿ ਸਾਡੀ ਮਾਂ ਕਮਲੀ ਹੋ ਗਈ ਹੈ। ਪਹਿਲੋਂ ਵਿਸ਼ਨੂੰ-ਵਿਸ਼ਨੂੰ ਕਰਦੀ ਹੁੰਦੀ ਸੀ, ਹੁਣ ਪਤਾ ਨਹੀਂ ਸਿੱਖ ਇਸ ਨੂੰ ਕੀ ਮੰਤਰ ਦੇ ਗਏ ਹਨ, ਉਹ ਮੂੰਹ ਵਿਚ ਪੜ੍ਹਦੀ ਰਹਿੰਦੀ ਝੱਲੀ ਹੋ ਗਈ ਹੈ। ਸੱਚ ਜਾਣੋ ਗੁਰਸਿੱਖੋ, ਮੈਨੂੰ ਇਸ ਮੂਲ-ਮੰਤਰ ਬਿਨਾਂ ਹੋਰ ਕੁਝ ਨਜ਼ਰ ਹੀ ਨਾ ਆਏ, ਜਿਧਰ ਵੇਖਾਂ, ਕੰਧਾਂ 'ਤੇ, ਦਰੱਖ਼ਤਾਂ 'ਤੇ, ਪਸ਼ੂਆਂ, ਬੰਦਿਆਂ ਤੇ ਜ਼ਮੀਨ 'ਤੇ, ਪੰਛੀਆਂ 'ਤੇ ਇਹੋ ਲਿਖਿਆ ਦਿਸੇ।

ਪੰਜਵਾਂ ਸਾਲ ਜਾ ਰਿਹਾ ਸੀ ਇਸ ਮੰਤਰ ਨੂੰ ਜਪਦਿਆਂ। ਇਕ ਸ਼ਾਮ ਨੂੰ ਇਸ ਦੇ ਜਾਪ ਵਿਚ ਸੁਰਤ ਜੋੜੀ ਮੈਂ ਲੇਟ ਗਈ। ਕੀ ਦੇਖਦੀ ਹਾਂ ਕਿ ਚਾਰ ਬੜੇ ਸੁੰਦਰ ਦੇਵਤੇ ਇਕ ਫੁੱਲਾਂ ਦੀ ਸਜਾਈ ਪਾਲਕੀ ਲੈ ਕੇ ਆਏ ਤੇ ਮੈਨੂੰ ਪਾਲਕੀ ਵਿਚ ਬਿਠਾ ਲਿਆ। ਉੱਪਰ ਅਕਾਸ਼ ਵੱਲ ਲੈ ਉੱਡੇ। ਇਕ ਸੁੰਦਰ ਬਾਗ਼ ਵਿਚ ਜਾ ਉਤਾਰਿਆ ਤੇ ਕਹਿਣ ਲੱਗੇ, 'ਲੈ ਮਾਈ, ਤੂੰ ਸਾਰੀ ਉਮਰ ਵਿਸ਼ਨੂੰ ਦੀ ਭਗਤੀ ਕੀਤੀ ਹੈ, ਇਸ ਕਰਕੇ ਤੈਨੂੰ ਇਸ ਵਿਸ਼ਨੂੰਪੁਰੀ ਵਿਚ ਨਿਵਾਸ ਮਿਲਿਆ ਹੈ।

ਮੈਂ ਦੋ ਦਿਨ 'ਚ ਹੀ ਉਥੋਂ ਵਾਪਸ ਆ ਗਈ ਤੇ ਉਹਨਾਂ ਨੂੰ ਕਿਹਾ ਕਿ ਮੈਂ ਇਥੇ ਨਹੀਂ ਰਹਿਣਾ। ਪੁਰੀ ਦੇ ਪ੍ਰਬੰਧਕ ਆ ਗਏ, ਮੁੱਖ ਪ੍ਰਬੰਧਕ ਨੇ ਕਿਹਾ, 'ਦੱਸ ਬੀਬੀ, ਤੈਨੂੰ ਕੀ ਚਾਹੀਦਾ ਹੈ ?'

ਮੈਂ ਆਖਿਆ, 'ਮੈਨੂੰ ਗੁਰੂ ਦੀ ਦਰਗਾਹ ਵਿਚ ਭੇਜੋ, ਮੈਂ ਇਥੇ ਨਹੀਂ ਰਹਿਣਾ।'

ਉਸ ਆਖਿਆ, 'ਨਹੀਂ ਮਾਈ, ਉਥੇ ਤੂੰ ਨਹੀਂ ਜਾ ਸਕਦੀ, ਤੂੰ ਸਾਰੀ ਉਮਰ ਵਿਸ਼ਨੂੰ ਭਗਤੀ ਕੀਤੀ ਰਹੀਂ ਹੈਂ, ਇਥੇ ਵਿਸ਼ਨੂੰਪੁਰੀ ਵਿਚ ਹੀ ਰਹੇਂਗੀ।

ਮੈਂ ਕਿਹਾ, 'ਮੈਂ ਤਾਂ ਵਿਸ਼ਨੂੰ ਦੀ ਭਗਤੀ ਛੱਡ ਕੇ ਅਕਾਲ ਪੁਰਖ ਦੀ ਭਗਤੀ ਕੀਤੀ ਹੈ, ਇਸ ਲਈ ਮੈਨੂੰ ਗੁਰੂ ਦੀ ਪੁਰੀ ਵਿਚ ਪਹੁੰਚਾਓ।' ਮੈਂ ਪੂਰੀ ਤਰ੍ਹਾਂ ਬਜ਼ਿੱਦ ਰਹੀ ਤਾਂ ਪ੍ਰਬੰਧਕਾਂ ਨੇ ਕਿਹਾ, 'ਚੱਲ ਜੇ ਨਹੀਂ ਮੰਨਦੀ ਤਾਂ ਲੈ ਜਾਓ ਇਹਨੂੰ। ਉਸੇ ਤਰ੍ਹਾਂ ਪਾਲਕੀ ਵਿਚ ਬਿਠਾ ਕੇ ਮੈਨੂੰ ਲੈ ਤੁਰੇ। ਇਕ ਬੜੇ ਸੋਹਣੇ ਅਸਥਾਨ 'ਤੇ ਮੈਨੂੰ ਉਤਾਰਿਆ ਤੇ ਕਹਿਣ ਲੱਗੇ, 'ਔਹ ਦੇਖ ਮਾਈ।'

ਮੈਂ ਦੇਖਿਆ ਤਾਂ ਥੋੜ੍ਹੀ ਦੂਰੀ 'ਤੇ ਇਕ ਹੀਰੇ-ਮੋਤੀਆਂ ਨਾਲ ਜੜਿਆ ਲਿਸ਼ਕਾਂ ਮਾਰਦਾ ਦਰਵਾਜ਼ਾ ਦਿਸਿਆ। ਦੇਵਤਿਆਂ ਆਖਿਆ, 'ਲੈ ਮਾਈ,ਔਹ ਗੁਰੂ ਦੀ ਦਰਗਾਹ ਦਾ ਗੇਟ ਹੈ, ਚਲੀ ਜਾ।'

ਮੈਂ ਕਿਹਾ, 'ਤੁਸੀਂ ਮੈਨੂੰ ਉਥੇ ਛੱਡ ਕੇ ਆਓ।'

ਤਾਂ ਉਹ ਕਹਿਣ ਲੱਗੇ, 'ਮਾਈ, ਅਸੀਂ ਨਹੀਂ ਉਥੇ ਜਾ ਸਕਦੇ। ਤੂੰ ਜੋ ਆਖਦੀ ਸੈਂ, ਮੈਂ ਗੁਰੂ ਦੀ ਦਰਗਾਹ ਵਿਚ ਜਾਣਾ ਹੈ, ਜਾਹ ਹੁਣ ਆਪ ਚਲੀ ਜਾ।'

ਉਹ ਤੁਰਦੇ ਹੋਏ ਤਾਂ ਮੈਂ ਉਸ ਗੇਟ ਵੱਲ ਹੋਈ। ਕੋਲ ਜਾ ਕੇ ਤੱਕਿਆ ਤਾਂ ਮੇਰੀ ਉਸ ਤੇ ਨਜ਼ਰ ਨਾ ਟਿਕੇ। ਸਵਰਨ, ਹੀਰੇ, ਮੋਤੀਆਂ ਦੀ ਜੜਤ ਨਾਲ ਦਰਵਾਜ਼ਾ ਝਿਲਮਿਲ-ਝਿਲਮਿਲ ਕਰੇ। ਜਦ ਮੈਂ ਦਰਵਾਜ਼ੇ ਨੂੰ ਹੱਥ ਲਾਇਆ ਤਾਂ ਖੁੱਲ੍ਹ ਗਿਆ। ਕੀ ਦੇਖਦੀ ਹਾਂ ਕਿ ਅੰਦਰ ਐਸਾ ਸੁੰਦਰ ਦਰਬਾਰ ਸੱਜਿਆ

ਹੋਇਆ ਹੈ, ਜਿਸ ਦੀ ਸ਼ੋਭਾ ਕਥਨ ਤੋਂ ਬਾਹਰ ਹੈ, ਕੀਰਤਨ ਹੋ ਰਿਹਾ ਹੈ, ਬੜੇ ਸੁੰਦਰ ਰੂਪਾਂ ਵਾਲੇ ਸਿੰਘ-ਸਿੰਘਣੀਆਂ ਮਸਤ ਹੋਏ ਕੀਰਤਨ ਸਰਵਣ ਕਰ ਰਹੇ ਹਨ ਤੇ ਤਖ਼ਤ ’ਤੇ ਸੁਭਾਇਮਾਨ ਮੂਰਤੀ ਦਾ ਏਨਾ ਤਪ-ਤੇਜ਼ ਹੈ ਕਿ ਮੈਂ ਦੱਸ ਨਹੀਂ ਸਕਦੀ। ਮੈਂ ਛੇਤੀ ਨਾਲ ਸੀਸ ਨਿਵਾ ਕੇ ਪਿੱਛੇ ਬੈਠੀ ਹੀ ਸਾਂ ਕਿ ਬੜਾ ਜਵਾਨ ਸਿੰਘ ਜਿਸ ਦੇ ਹੱਥ ਵਿਚ ਸੁਨਹਿਰੀ ਸਲੋਤਰ ਸੀ, ਆਇਆ ਤੇ ਕਹਿਣ ਲੱਗਾ, ‘ਮਾਈ, ਤੂੰ ਤੇ ਅੰਮ੍ਰਿਤਧਾਰੀ ਨਹੀਂ, ਤੂੰ ਕਿਸ ਤਰ੍ਹਾਂ ਗੁਰੂ ਦੀ ਦਰਗਾਹ ਵਿਚ ਆ ਗਈ ਹੈਂ ?’ ਮੈਂ ਕੰਬਣ ਲੱਗ ਪਈ ਤਾਂ ਲਾਗੇ ਬੈਠੀਆਂ ਸਿੰਘਣੀਆਂ ਨੇ ਕਿਹਾ, ‘ਚੋਬਦਾਰ ਸਾਹਿਬ ਜੀ, ਕੀਰਤਨ ਵਿਚ ਕੁਝ ਨਾ ਕਹੋ, ਸਮਾਪਤੀ ’ਤੇ ਬਾਤ ਕਰ ਲੈਣੀ। ਉਹ ਚੋਬਦਾਰ ਚੁੱਪ ਕਰ ਗਿਆ।

ਇਧਰ ਪਿੱਛੇ ਦੀ ਸੁਣ ਲਓ। ਘਰ ਦੇ ਸਾਰੇ ਬੱਚਿਆਂ ਨੇ ਜਦ ਸਮਝ ਲਿਆ ਕਿ ਮੈਂ ਮਰ ਗਈ ਹਾਂ ਤਾਂ ਆਂਢ-ਗੁਆਂਢ ਤੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਖ਼ਬਰ ਕਰ ਦਿੱਤੀ ਤੇ ਕਿਹਾ ਕਿ ਸਵੇਰੇ ਸਸਕਾਰ ਕਰਾਂਗੇ। ਔਹ ਜੋ ਮੇਰੀ ਛੋਟੀ ਪੋਤਰੀ ਹੈ, ਇਹ ਕਹੇ, ਨਹੀਂ ਮੇਰੀ ਮਾਂ ਮਰੀ ਨਹੀਂ, ਜਿਊਂਦੀ ਹੈ, ਮੇਰੀਆਂ ਨਾਸਾਂ ਅੱਗੇ ਹੱਥ ਰੱਖ ਕੇ ਆਖੇ ਕਿ ਵੇਖੋ ਰੂੰ ਹਿਲਦਾ ਹੈ। ਸਾਰੇ ਕਹਿਣ, ਬੱਸ ਇਹ ਵੀ ਆਪਣੀ ਦਾਦੀ ਵਾਂਗ ਕਮਲੀ ਹੋ ਗਈ ਹੈ। ਸਵੇਰ ਹੋਈ, ਸਾਰੇ ਰਿਸ਼ਤੇਦਾਰ ਆ ਜੁੜੇ। ਮੇਰੀ ਦੇਹੀ ਦਾ ਇਸ਼ਨਾਨ ਕਰਾਇਆ ਤੇ ਸਿੜ੍ਹੀ ’ਤੇ ਪਾ ਕੇ ਚੁੱਕ ਲਿਆ ਤੇ ‘ਰਾਮ ਨਾਮ ਸਤਿ ਹੈ’ ਕਰਦੇ ਲੈ ਤੁਰੇ ਸ਼ਮਸ਼ਾਨ ਭੂਮੀ ਨੂੰ।

ਉਧਰ ਜਦ ਕੀਰਤਨ ਦੀ ਸਮਾਪਤੀ ਹੋਈ ਤਾਂ ਤਿੰਨ-ਚਾਰ ਚੋਬਦਾਰ ਸਿੰਘ ਆ ਗਏ ਤੇ ਕਹਿਣ ਲੱਗੇ, ‘ਚੱਲ ਮਾਈ ਉੱਠ, ਤੈਨੂੰ ਸਾਹਿਬਾਂ ਦੇ ਪੇਸ਼ ਕਰੀਏ, ਖੰਡੇ ਦੀ ਪਹੁਲ ਛਕਿਆਂ ਬਿਨਾਂ ਤੂੰ ਕਿੱਦਾਂ ਇਥੇ ਆ ਗਈ ਹੈਂ ’ ਕੰਬਦੀ-ਕੰਬਦੀ ਨੂੰ ਜਦ ਉਹਨਾਂ ਤਖ਼ਤ ਦੇ ਸਾਮ੍ਹਣੇ ਮੈਨੂੰ ਖੜਿਆ ਤਾਂ ਮੈਂ ਗ਼ਸ਼ ਖਾ ਕੇ ਡਿੱਗ ਪਈ, ਮੇਰੇ ਕੰਨ ਸੁਣਦੇ ਸੀ, ਚੋਬਦਾਰਾਂ ਨੇ ਕਿਹਾ, ‘ਸੱਚੇ ਪਾਤਸਾਹ, ਇਸ ਮਾਈ ਨੇ ਤਾਂ ਪਹੁਲ ਨਹੀਂ ਛਕੀ ਹੋਈ, ਇਹ ਹਜ਼ੂਰ ਦੀ ਦਰਗਾਹ ਵਿਚ ਕਿਸ ਤਰ੍ਹਾਂ ਆ ਗਈ ਹੈ ?’

ਤਖ਼ਤ ਤੋਂ ਹੁਕਮ ਹੋਇਆ ਕਿ ਤੁਸੀਂ ਠੀਕ ਆਖਦੇ ਹੋ, ਪਰ ਗੁਰੂ ਨਾਨਕ ਦੀ ਬਾਣੀ ਦੀ ਸ਼ਕਤੀ ਇਸ ਨੂੰ ਇਥੇ ਲੈ ਆਈ ਹੈ, ਸਦੀਵ ਕਾਲ ਲਈ ਰਹਿਣ ਵਾਲੇ ਖੰਡੇ ਦੀ ਪਹੁਲ ਛਕਣੀ ਪਏਗੀ। ਅਸੀਂ ਤਿੰਨ ਸਾਲ ਆਰਜਾ ਇਸ ਨੂੰ ਹੋਰ ਦਿੰਦੇ ਹਾਂ।

ਇਹ ਹੁਕਮ ਹੋਣ ਦੀ ਦੇਰ ਸੀ ਕਿ ਮੈਂ ਸ਼ਮਸ਼ਾਨ ਭੂਮੀ ਨੂੰ ਜਾਂਦੀ ਖੱਫਣ

ਵਿਚੋਂ ਉਤਾਂਹ ਉੱਠੀ ਤੇ ਬੋਲੀ, 'ਕਿਧਰ ਲਈ ਜਾਂਦੇ ਹੋ ਮੈਨੂੰ ? ਚੁੱਕਣ ਵਾਲਿਆਂ ਝੱਟ-ਪੱਟ ਜ਼ਮੀਨ 'ਤੇ ਰੱਖਿਆ ਤੇ ਕਹਿਣ ਲੱਗੇ, 'ਧਨਦੇਈ, ਤੂੰ ਪਰਲੋਕ ਤੋਂ ਹੀ ਮੁੜੀਂ ਹੈ। ਮੈਂ ਖੱਫਣ 'ਚੋਂ ਨਿਕਲ ਤੁਰੀ ਘਰ ਨੂੰ, ਤਾਂ ਸਾਰੇ ਸ਼ਮਸ਼ਾਨ ਘਾਟ ਨੂੰ ਜਾਣ ਵਾਲੇ ਚਕ੍ਰਿਤ ਹੋਏ ਵਾਪਸ ਮੁੜ ਆਏ।

ਘਰ ਆ ਮੈਂ ਕੱਪੜੇ ਬਦਲੇ ਤੇ ਗੁਰਦੁਆਰਾ ਸਿੰਘ ਸਭਾ ਚਲੀ ਗਈ। ਉਥੇ ਇਕੱਲਾ ਗ੍ਰੰਥੀ ਸੀ, ਜਿਸ ਨੂੰ ਮੈਂ ਕਿਹਾ ਕਿ ਬੜਾ ਜ਼ਰੂਰੀ ਕੰਮ ਹੈ ਸਕੱਤਰ ਸਾਹਿਬ ਨੂੰ ਬੁਲਾਓ। ਉਹ ਸਕੱਤਰ ਨੂੰ ਬੁਲਾ ਕੇ ਲਿਆਇਆ, ਜਿਸ ਨੂੰ ਮੈਂ ਹੋਰ ਕੋਈ ਗੱਲ ਨਹੀਂ ਦੱਸੀ, ਸਿਰਫ਼ ਏਨਾ ਹੀ ਕਿਹਾ ਕਿ ਮੈਨੂੰ ਹੁਣੇ ਖੰਡੇ ਦੀ ਪਹੁਲ ਛਕਾਉਣ ਦਾ ਪ੍ਰਬੰਧ ਕਰੋ। ਸਕੱਤਰ ਆਪਣ ਲੱਗਾ ਕਿ ਮਾਈ ਤੁਹਾਡਾ ਘਰ ਸਾਰਾ ਆਰੀਆ ਸਮਾਜੀਆਂ ਦਾ ਹੈ, ਅਸੀਂ ਤੈਨੂੰ ਪਹੁਲ ਛਕਾ ਕੇ ਕੋਈ ਲੜਾਈ ਮੁੱਲ ਲੈਣੀ ਹੈ ?

ਮੈਂ ਕਿਹਾ, 'ਘਰ ਦਿਆਂ ਨਾਲ ਤੇਰਾ ਕੋਈ ਵਾਸਤਾ ਨਹੀਂ, ਪਤੀ ਮੇਰਾ ਸਵਰਗਵਾਸ ਹੋ ਚੁੱਕਾ ਹੈ, ਜੇ ਤੁਸੀਂ ਮੈਨੂੰ ਹੁਣੇ ਪਹੁਲ ਛਕਾਉਣ ਦਾ ਇੰਤਜ਼ਾਮ ਨਾ ਕੀਤਾ ਤਾਂ ਮੈਂ ਇਥੇ ਹੀ ਭੁੱਖ ਹੜਤਾਲ ਕਰ ਦੇਣੀ ਹੈ। ਜਿੰਨਾ ਚਿਰ ਅੰਮ੍ਰਿਤ ਨਾ ਛਕਾਉਗੇ, ਮੈਂ ਇਥੋਂ ਨਹੀਂ ਜਾਣਾ। ਸਕੱਤਰ ਨੇ ਪ੍ਰਧਾਨ ਅਤੇ ਕਮੇਟੀ ਦੇ ਬਾਕੀ ਮੈਂਬਰਾਂ ਨੂੰ ਬੁਲਾ ਲਿਆ ਅਤੇ ਮੈਨੂੰ ਸਮਝਾਉਣ, ਪਰ ਮੈਂ ਆਖਾਂ ਕਿ ਛੇਤੀ ਨਾਲ ਪਹੁਲ ਛਕਾਉਣ ਤੋਂ ਬਿਨਾਂ ਮੇਰੇ ਨਾਲ ਹੋਰ ਬਾਤ ਕਰੋ ਈ ਨਾ। ਉਹ ਸਾਰੇ ਸਾਡੇ ਘਰ ਗਏ ਤੇ ਸਾਰੇ ਪਰਵਾਰ ਨੂੰ ਗੱਲ ਦੱਸੀ ਤਾਂ ਉਹਨਾਂ ਕਿਹਾ, ਪਹਿਲੋਂ ਤਾਂ ਉਹ ਵਿਸ਼ਨੂੰ-ਵਿਸ਼ਨੂੰ ਕਰਦੀ ਹੁੰਦੀ ਸੀ, ਹੁਣ 6-7 ਸਾਲ ਤੋਂ ਤੁਹਾਡੇ ਸਿੰਘਾਂ ਤੋਂ ਕੁਝ ਮੰਤਰ ਲੈ ਕੇ ਉਹੀ ਜਪੀ ਜਾਂਦੀ ਹੈ, ਸ਼ਾਮ ਨੂੰ ਮਰ ਗਈ ਸੀ, ਸਸਕਾਰ ਕਰਨ ਲਈ ਜਾਂਦੇ ਸਾਂ ਤਾਂ ਫਿਰ ਜਿਊ ਪਈ ਹੈ। ਪਤਾ ਨਹੀਂ ਇਹ ਕੀ ਹੈ। ਸਾਨੂੰ ਉਸ ਨਾਲ ਕੋਈ ਵਾਸਤਾ ਨਹੀਂ, ਕੋਈ ਇਤਰਾਜ਼ ਤੁਹਾਡੇ 'ਤੇ ਅਸਾਂ ਕਿਉਂ ਕਰਨਾ ਹੈ। ਉਹ ਘਰ ਤਸੱਲੀ ਕਰ ਕੇ ਮੁੜ ਗੁਰਦੁਆਰੇ ਆਏ ਤਾਂ ਮੇਰਾ ਹੱਠ ਵੇਖ ਕੇ ਉਹਨਾਂ ਨੇ ਪੂਰੀ ਤਰ੍ਹਾਂ ਮਰਯਾਦਾ ਸਹਿਤ ਮੈਨੂੰ ਪਹੁਲ ਛਕਾਉਣੀ ਪਈ। ਪੰਜਾਂ ਨੇ ਮੈਨੂੰ ਮੂਲ-ਮੰਤਰ ਤੋਂ ਇਲਾਵਾ 'ਵਾਹਿਗੁਰੂ' ਮੰਤਰ ਦਿੱਤਾ ਤੇ ਸਾਰੀ ਰਹਿਣੀ-ਬਹਿਣੀ ਸਮਝਾਈ। ਮੈਨੂੰ ਇਕੱਲੀ ਨੂੰ ਹੀ ਕੁਝ ਗੁਰੂ ਨਾਨਕ ਸਾਹਿਬ ਦੇ ਤੇ ਕੁਝ ਗੁਰੂ ਗੋਬਿੰਦ ਸਿੰਘ ਦੇ ਜੀਵਨ ਚਰਿੱਤਰਾਂ ਵਿਚੋਂ ਬੜੀਆਂ ਪਿਆਰੀਆਂ ਸਾਖੀਆਂ ਸੁਣਾਈਆਂ, ਜਿਨ੍ਹਾਂ ਕਰਕੇ ਗੁਰੂ ਘਰ ਨਾਲ ਮੇਰਾ ਹੋਰ ਪਿਆਰ ਵਧ ਗਿਆ, ਮੈਂ ਉਦੋਂ ਤੋਂ ਮੂਲ-ਮੰਤਰ ਦਾ ਹਰ ਵੇਲੇ ਜਾਪ

ਕਰਦੀ ਹਾਂ, ਹਿੰਦੀ ਦੇ ਗੁਟਕੇ ਤੋਂ ਪੰਜ ਬਾਣੀਆਂ ਸਵੇਰੇ, ਸ਼ਾਮ ਨੂੰ ਸੋਦਰ ਤੇ ਰਾਤ ਆਰਾਮ ਕਰਨ ਵੇਲੇ ਸੋਹਿਲੇ ਦਾ ਪਾਠ ਕਰਦੀ ਹਾਂ। ਪਰ ਉਪਕਾਰ ਤਾਂ ਤੁਹਾਡਾ ਹੈ, ਜਿਨ੍ਹਾਂ ਮੈਨੂੰ ਇਧਰ ਲਾਇਆ।

ਇਹ ਅਸਚਰਜ ਵਾਰਤਾ ਸੁਣਦਿਆਂ ਸਾਡੇ ਤਿੰਨਾ ਦੇ ਨੈਣਾਂ ’ਚੋਂ ਨੀਰ ਚੱਲਦਾ ਰਿਹਾ। ਮੈਂ ਕਿਹਾ, ‘ਓ ਮਨਾ ਪਾਪੀਆ, ਵੇਖ ਕਿੰਨੇ ਸਾਲ ਹੋ ਗਏ ਪਹੁਲ ਛਕਿਆਂ ਤੇ ਕੀਰਤਨ ਕਰਦਿਆਂ, ਅਜੇ ਮਿਹਰ ਨਹੀਂ ਹੋਈ। ਵੇਖ, ਇਸ ਬੀਬੀ ’ਤੇ ਕਿੰਨੀ ਬਖ਼ਸ਼ਸ਼ ਹੋਈ ਹੈ ਜੋ ਜੀਵਨ-ਮੁਕਤ ਹੋ ਗਈ ਹੈ। ਅਸੀਂ ਉਸ ਬੀਬੀ ਨੂੰ, ਜੋ ਹੁਣ ਧਨ ਕੌਰ ਸੀ, ਨਮਸਕਾਰ ਕਰੀਏ ਕੇ ਤੇ ਉਹ ਸਾਡੇ ਅੱਗੇ ਹੱਥ ਜੋੜੇ ਤੇ ਕਹੇ, ‘ਤੁਹਾਡੇ ਦੱਸੇ ਮੂਲ-ਮੰਤਰ ਦੇ ਜਾਪ ਨਾਲ ਹੀ ਤਾਂ ਮੈਨੂੰ ਇਸ ਸਭ ਕੁਝ ਪ੍ਰਾਪਤ ਹੋਇਆ ਹੈ।’

ਉਸ ਵੇਲੇ ਉਸ ਨੂੰ ਪਹੁਲ ਛਕਿਆਂ ਕੋਈ ਦੋ ਕੁ ਸਾਲ ਹੋ ਚੁੱਕੇ ਸੀ। ਸਾਨੂੰ ਕਹਿਣ ਲੱਗੀ, ‘ਸਿਰਫ਼ ਇਕ ਸਾਲ ਹੀ ਹੋਰ ਰਹਿ ਗਿਆ ਹੈ, ਫਿਰ ਮੈਂ ਉਸ ਸੱਚੇ ਗੁਰ-ਦਰਬਾਰ ਨੂੰ ਉਡਾਰੀਆਂ ਲਾ ਜਾਣੀਆਂ ਹਨ।’

ਅਸੀਂ ਲਖਨਊ ਤੋਂ ਵਾਪਸ ਆਉਣ ਲੱਗਿਆਂ ਸਕੱਤਰ ਸਾਹਿਬ ਨੂੰ ਬੇਨਤੀ ਕੀਤੀ ਕਿ ਜਿਸ ਵਕਤ ਬੀਬੀ ਧਨ ਚੜ੍ਹਾਈ ਕਰੇ, ਉਹ ਤਾਰੀਖ਼ ’ਤੇ ਵਕਤ ਸਾਨੂੰ ਚਿੱਠੀ ਰਾਹੀਂ ਲਿਖ ਭੇਜਣਾ।

ਇਕ ਸਾਲ ਪਿੱਛੋਂ ਸਕੱਦਰ ਜੀ ਦੀ ਚਿੱਠੀ ਆਈ ਕਿ ਬੀਬੀ ਧਨ ਕੌਰ ਨੇ ਆਪਣੇ ਚਲਾਣੇ ਤੋਂ ਦੋ ਦਿਨ ਪਹਿਲਾਂ ਕਹਿ ਦਿੱਤਾ ਸੀ ਕਿ ਐਸ ਵਕਤ ’ਤੇ ਮੈਂ ਸੁਆਸ ਤਿਆਗਾਂਗੀ। ਅਸੀਂ ਉਸ ਵੇਲੇ ਕੋਈ 25-30 ਸਿੰਘ-ਸਿੰਘਣੀਆਂ ਉਸ ਦੇ ਕੋਲ ਸਾਂ। (ਜਦ ਉਸ ਨੇ ਸਾਨੂੰ ਆਖ਼ਰੀ ਫ਼ਤਹਿ ਬੁਲਾਈ ਤੇ ਬਿਲਕੁਲ ਨਵੀਂ-ਨਰੋਈ ਤੰਦਰੁਸਤ ਗੁਰੂ-ਗੁਰੂ ਕਰਦੀ ਦਰਗਾਹ ਨੂੰ ਚਲੀ ਗਈ। ਧੰਨ ਗੁਰੂ ਨਾਨਕ ਤੇਰੀ ਬਾਣੀ। ਪੁਰਾਣੇ ਬਜ਼ੁਰਗ ਆਖਦੇ ਹੁੰਦੇ ਸੀ ਕਿ ਇਹ ਬਾਣੀ ਸਾਰ ਕਲਜੁਗੀ ਜੀਵਾਂ ਨੂੰ ਮੁਕਤੀ ਦਾਨ ਕਰਨ ਵਾਲੀ ਹੈ। ਭਾਵੇਂ ਕੋਈ ਰੂਸ, ਚੀਨ, ਜਪਾਨ, ਅਮਰੀਕਾ, ਯੂਰਪ ਦੇ ਕਿਸੇ ਵੀ ਥਾਂ ਦਾ ਵਾਸੀ ਹੋਵੇ, ਕਿਸੇ ਫ਼ਿਰਕੇ ਨਾਲ ਸੰਬੰਧਿਤ ਹੋਵੇ, ਇਹ ਬਾਣੀ ਉਸ ਨੂੰ ਮੁਕਤ ਕਰੇਗੀ। ਜਿਥੇ-ਜਿਥੇ ਵੀ ਕੋਈ ਸੰਸਾਰੀ ਜੀਵ ਇਸ ਨੂੰ ਸ਼ਰਧਾ ਨਾਲ ਪੜ੍ਹੇ-ਸੁਣੇਗਾ ਬੈਕੁੰਠ ਧਾਮ ਨੂੰ ਜਾਏਗਾ। ਗੁਰੂ ਨਾਨਕ ਨਾਮ-ਲੇਵਾ ਗੁਰਸਿੱਖੋ, ਜੁੜ ਜਾਉ ਇਸ ਬਾਣੀ ਨਾਲ, ਪੜ੍ਹੀ ਜਾਉ ਤੇ ਸੁਣੀ ਜਾਓ ਤੇ ਗੁਰਬਾਣੀ ਵਿਚ ਦਰਸਾਏ ਹੁਕਮਾਂ ਨੂੰ ਕਮਾਉਂਦੇ ਹੋਏ ਦਰਗਾਹ ਵਿਚ ਉੱਜਲਾ ਮੁੱਖ ਲੈ ਕੇ ਜਾਓ।

ਉੱਪਰਲੀ ਵਾਰਤਾ ਤੋਂ ਸਹਿਜੇ ਹੀ ਹੇਠ ਲਿਖੇ ਤੱਤ ਨਿਕਲਦੇ ਹਨ:

1. ਪਰਲੋਕ ਵਿਚ ਗੁਰੂ ਦੀ ਹਜ਼ੂਰੀ ਵਿਚ ਸਥਾਈ ਨਿਵਾਸ ਲਈ ਖੰਡਾ ਪਹੁਲ ਛਕਣੀ ਅਤਿ ਜ਼ਰੂਰੀ ਹੈ।
2. ਰਸਨਾ ਨਾਲ ਗੁਰਮੰਤਰ, ਮੂਲ-ਮੰਤਰ ਜਾਂ ਗੁਰਬਾਣੀ ਦੇ ਸ਼ਬਦ ਪੜ੍ਹਨਾ ਗੁਰੂ ਦਾ ਦਰਗਾਹੀ ਟਿਕਟ ਹੈ।
3. ਮਾਲਾ ਨਾਲ ਕੀਤਾ ਜਾਪ ਬ੍ਰਾਹਮਣਵਾਦੀ ਕਿਰਿਆ ਨਹੀਂ ਹੈ।
4. ਜਪੁਜੀ ਸਾਹਿਬ ਵਿਚ ਦਰਸਾਏ 'ਖੰਡ' ਮਨੋ-ਕਲਪਿਤ ਨਹੀਂ ਬਲਕਿ ਹਕੀਕਤ ਹੈ। ਮਰਨ ਪਿੱਛੋਂ ਆਪਣੀ ਮਾਨਸਿਕ ਅਵਸਥਾ ਅਨੁਸਾਰ ਪ੍ਰਾਣੀ ਨੂੰ ਨਿਵਾਸ ਮਿਲਦਾ ਹੈ, ਜਿਥੋਂ ਫਿਰ ਪਰਮੇਸ਼ਰ ਦੇ ਹੁਕਮ ਅੰਦਰ ਪ੍ਰਾਣੀ ਦਾ ਅਕਾਲ-ਪੁਰਖ ਨਾਲ ਅਭੇਦਤਾ ਲਈ ਸੰਸਾਰ ਵਿਚ ਜਨਮ ਹੁੰਦਾ ਹੈ ਅਤੇ ਸੱਚਖੰਡ ਪਰਮੇਸ਼ਰ ਦੀ ਅਭੇਦਤਾ ਦਾ ਸਥਾਨ ਹੈ, ਜਿਥੇ ਜਨਮ-ਮਰਨ ਮਿਟ ਜਾਂਦਾ ਹੈ।
5. ਜਿਹੜੇ ਬੰਦੇ ਇਹ ਪ੍ਰਚਾਰ ਕਰ ਰਹੇ ਹਨ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤਾਂ ਮਰ ਗਏ, ਇਸ ਲਈ 'ਵਕਤ ਗੁਰੂ ਕਉ ਮਾਨ' ਦੇਹਧਾਰੀ ਗੁਰੂ ਕਰਨ ਨਾਲ ਹੀ ਗਤੀ ਹੋਵੇਗੀ ਅਥਵਾ ਬਾਣੀ ਪੜ੍ਹਨ ਨਾਲ ਕੁਝ ਨਹੀਂ ਬਣਦਾ। ਜਿਊਂਦੇ ਗੁਰੂ ਦੀ ਸ਼ਰਨ ਚਾਹੀਦੀ ਹੈ। ਉਹਨਾਂ ਲਈ ਇਹ ਵਾਰਤਾ ਕਰਾਰੀ ਚਪੇੜ ਹੈ।

ਹੁਣ ਜਿਹੜੇ ਬੰਦੇ ਜਾਂ ਸੰਸਥਾਵਾਂ ਸਿੱਖ ਧਰਮ ਨੂੰ ਇਕ ਸਾਇੰਟਿਫਿਕ ਧਰਮ ਪ੍ਰਚਾਰ ਕੇ, ਹਰ ਗੱਲ ਨੂੰ ਵਿਗਿਆਨਿਕ ਕਸਵੱਟੀ 'ਤੇ ਪਰਖ ਕੇ, ਗੁਰੂ ਸਾਹਿਬਾਨ ਦੇ ਜੀਵਨ ਦੀਆਂ ਪੰਥ ਪ੍ਰਵਾਨਿਤ ਸਾਖੀਆਂ ਨੂੰ ਮਨੋ-ਕਲਪਿਤ, ਅੰਧ-ਵਿਸ਼ਵਾਸ ਅਤੇ ਬ੍ਰਾਹਮਣਵਾਦੀ ਪ੍ਰਚਾਰ ਰਹੀਆਂ ਹਨ ਅਤੇ ਪੰਥ ਦੀਆਂ ਮਹਾਨ ਹਸਤੀਆਂ ਸੰਤ ਅਤਰ ਸਿੰਘ ਜੀ ਮਸਤੂਆਣਾ, ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਜਾਂ ਭਾਈ ਰਣਧੀਰ ਸਿੰਘ ਆਦਿ 'ਤੇ ਚਿੱਕੜ ਉਛਾਲ ਰਹੀਆਂ ਹਨ, ਸਾਡੀ ਨਜ਼ਰੇ ਗੁਰੂ ਦਰੋਂ ਫਿਟਕਾਰੇ ਹੋਏ ਭ੍ਰਿਸ਼ਟ ਬੁੱਧੀ ਵਾਲੇ ਹਨ। ਜਿਹੜੇ ਅਖੌਤੀ ਸੜਕ-ਛਾਪ ਪ੍ਰੋਫ਼ੈਸਰ ਇਹ ਪ੍ਰਚਾਰ ਕਰ ਰਹੇ ਹਨ ਕਿ ਆਤਮਾ ਕੁਦਰਦੀ ਨਿਯਮਾਵਲੀ ਹੈ, ਨਾ ਕਿਤੋਂ ਸਰੀਰ ਵਿਚ ਆਉਂਦੀ ਹੈ, ਨਾ ਕਿਤੇ ਜਾਂਦੀ ਹੈ। ਕੋਈ ਪਰਲੋਕ ਨਹੀਂ, ਇਹ ਸਭ ਬ੍ਰਾਹਮਣਵਾਦੀ ਲੋਟੂ ਤਬਕੇ ਦਾ ਕਿਰਤੀ ਸਮਾਜ ਨੂੰ ਲੁੱਟਣ ਲਈ ਢਕਵੰਜ ਹੈ।' ਇਸ ਵਾਰਤਾ ਨੂੰ ਪੜ੍ਹ ਕੇ ਪਾਠਕ ਆਪ ਹੀ ਨਿਰਨਾ ਕਰਨ ਕਿ ਕੀ ਖ਼ਿਤਾਬ ਦਿੱਤਾ ਜਾਣਾ ਚਾਹੀਦਾ ਹੈ ?

ਸ਼ਰਧਾ ਨਾਲ ਗੁਰੂ ਦੇ ਪਿਆਰ ਵਿਚ ਕੀਤਾ ਹਰ ਕਰਮ ਗੁਰੂ ਨੂੰ ਪ੍ਰਵਾਨ ਹੈ। ਮਨ ਦੀਆਂ ਚੰਚਲਤਾਈਆਂ ਵਾਲਾ, ਲੋਕਾਂ ਨੂੰ ਦਿਖਾਉਣ ਲਈ ਜਾਂ

ਆਪਣੀ ਹਉਮੈ ਅਧੀਨ ਲੋਕਾਂ ਤੋਂ ਵਡਿਆਈ ਲੈਣ ਲਈ ਕੀਤਾ ਹਰ ਕੰਮ ਵਿਅਰਥ ਹੈ। ਗੁਰੂ ਰਾਮਦਾਸ ਕਿਰਪਾ ਕਰਨ, ਸਭ ਨੂੰ ਸੁਮੱਤ ਬਖ਼ਸ਼ਣ ਤਾਂ ਜੋ ਗੁਰੂ ਹੁਕਮਾਂ ਅਨੁਸਾਰ ਚੱਲ ਕੇ ਗੁਰੂ ਜੀ ਦੀ ਪੁਰੀ ਵਿਚ ਨਿਵਾਸ ਪਾ ਸਕੀਏ।

(ਲੇਖਕ—**ਸਵਰਗੀ ਸ. ਹਜ਼ਾਰਾ ਸਿੰਘ**
ਡੀ.ਐਸ.ਪੀ. ਰਿਟਾ., ਗੁਰਦਾਸਪੁਰ
ਲਿਖਤ 'ਕਥਾ ਕਹਾਣੀਆਂ' ਵਿਚੋਂ

–

# ਭੈੜੇ ਭੈੜੇ ਯਾਰ ਮੇਰੀ ਫੱਤੋ ਦੇ

ਪੁਸਤਕ 'ਵਿਰਲੈ ਕਿਨੈ ਵੀਚਾਰਿਆ' ਦੇ ਪੰਨਾ 24 'ਤੇ ਇੰਞ ਲਿਖਿਆ ਹੈ:

"ਮੇਰੇ ਸਾਹਮਣੇ ਸਤੰਬਰ 2007 ਦਾ 'ਦੇਸ ਪੰਜਾਬ' ਪਿਆ ਹੈ। ਉਸ ਵਿਚ ਸਰਦਾਰ ਦਲਬੀਰ ਸਿੰਘ ਜੀ ਪ੍ਰਸਿੱਧ ਪੱਤਰਕਾਰ ਦਾ ਇਕ ਲੇਖ ਛਪਿਆ ਹੈ, ਜਿਸ ਵਿਚ ਉਹਨਾਂ ਦੱਸਣ ਦਾ ਯਤਨ ਕੀਤਾ ਹੈ ਕਿ ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਛੱਡ ਕੇ ਕਰਮ-ਕਾਂਡ ਵੱਲ ਖਿਸਕਦੀ ਜਾ ਰਹੀ ਹੈ। ਉਹ ਲਿਖਦੇ ਹਨ:

**ਖ਼ਾਲਸਾ**—ਇਸ ਦੀ ਪਰਖ ਹੋ ਰਹੀ ਹੈ ਸੀਮਿਤ ਸਿਰਫ਼ ਬਾਹਰਲੀ ਦਿੱਖ ਤਕ।

**ਸੰਤ**—ਹੋ ਗਏ ਚੋਲਿਆਂ ਵਾਲੇ **ਘੋਗੜ ਕੰਨੇ**

**ਅਕਾਲੀ ਦਲ**—ਮਾਇਆ ਵਿਚ ਲੱਥ-ਪੱਥ ਭ੍ਰਿਸ਼ਟਾਚਾਰ ਦਾ ਰੂਪ।

**ਗੁਰਧਾਮ ਅਤੇ ਸਰੋਵਰ**—ਸੁੱਖਣਾਂ ਦੀ ਪੂਰਤੀ

**ਗ੍ਰੰਥ**—ਇਸਦੇ ਦੁਆਲੇ ਪੂਜਾ ਤੇ ਕਰਮ-ਕਾਂਡ

**ਅਕਾਲ ਤਖ਼ਤ**—ਰਜਿਸਟਰਾਰ ਦਾ ਦਫ਼ਤਰ

**ਭੇਟਾ ਅਤੇ ਚੜ੍ਹਾਵਾ**—ਰਿਸ਼ਵਤ

**ਸਿਮਰਨ**—ਸੱਚੀ ਦੀ ਸੋਝੀ ਨੂੰ ਤਾਲੇ

**ਕੀਰਤਨ**—ਕੰਨਾਂ ਦਾ ਰਸ

**ਕਥਾ**—ਕਰਾਮਾਤੀ ਸਾਖੀਆਂ।

ਉਪਰੋਕਤ ਸ਼ਬਦ ਕਿਉਂ ਲਿਖਣੇ ਪਏ ਕਿਉਂਕਿ ਉਹਨਾਂ ਦੇ ਸਾਹਮਣੇ 4 ਅਗਸਤ ਸਨਿੱਚਰਵਾਰ ਨੂੰ ਖ਼ਾਲਸਾ ਐਕਸ਼ਨ ਕਮੇਟੀ ਵੱਲੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਕਾਲ ਤਖ਼ਤ 'ਤੇ ਦਸ ਵਜੇ ਅਰਦਾਸ ਕਰਨੀ ਸੀ ਅਤੇ ਉਸੇ ਦਿਨ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਦੇ ਮਰਨ ਉਪਰੰਤ 'ਪੰਥ ਰਤਨ' ਦੀ ਉਪਾਧੀ ਦੇਣੀ ਸੀ। ਸ. ਦਲਬੀਰ ਸਿੰਘ ਜੀ ਲਿਖਦੇ ਹਨ ਕਿ ਨੀਲੀਆਂ ਪੱਗਾਂ, ਦੁਪੱਟੇ, ਵੱਡੇ ਗਾਤਰਿਆਂ ਤੇ ਨਾਮ ਜਪਣ ਵਾਲੇ ਦੋ ਹਜ਼ਾਰ ਦੀ ਗਿਣਤੀ ਵਿਚ ਪੰਥ ਰਤਨ ਦੀ ਉਪਾਧੀ ਮਿਲਦਿਆਂ ਹੀ ਇਕ

ਦਮ ਉੱਠ ਕੇ ਚਲੇ ਗਏ। ਉਹਨਾਂ ਇੰਨੀ ਗੱਲ ਵੀ ਨਹੀਂ ਸੋਚੀ ਕਿ ਇਥੇ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨ ਦਾ ਸਮਾਗਮ ਵੀ ਰੱਖਿਆ ਹੋਇਆ ਹੈ।"

ਲੇਖਕ ਨੇ ਸ. ਦਲਬੀਰ ਸਿੰਘ ਰਾਹੀਂ ਆਪਣੇ ਮਨ ਦੀ ਭੜਾਸ ਕੱਢ ਕੇ ਲੰਮਾ ਸਾਹ ਲੈ ਲਿਆ ਹੈ। ਇਹ ਸਾਰੀ ਗੱਲ ਲਿਖਣ ਪਿੱਛੇ ਲੇਖਕ ਦਾ ਪ੍ਰਯੋਜਨ ਕੀ ਹੈ ਅਤੇ ਕਿਉਂ ਲਿਖ ਰਿਹਾ ਹੈ ਅਤੇ ਦਲਬੀਰ ਸਿੰਘ ਨੂੰ ਕਿਉਂ ਵਰਤ ਰਿਹਾ ਹੈ ਅਤੇ ਦਲਬੀਰ ਸਿੰਘ ਕੌਣ ਹੈ, ਇਸ ਸਾਰੀ ਗੱਲ ਦੀ ਚੀਰ-ਫਾੜ ਕਰ ਕੇ ਅਸੀਂ ਪਾਠਕਾਂ ਨੂੰ ਇਸ ਬਾਰੇ ਚਾਨਣਾ ਪਾਵਾਂਗੇ।

ਸ. ਦਲਬੀਰ ਸਿੰਘ ਜੀ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਸਨ। ਪੰਜਾਬੀ ਟ੍ਰਿਬਿਊਨ ਵਿਚ ਹਫ਼ਤੇ ਵਿਚ ਇਕ ਦਿਨ 'ਆਖ਼ਰੀ ਕਾਲਮ' ਦੇ ਨਾਉਂ ਹੇਠ ਇਹ ਆਪਣੇ ਵਿਚਾਰ ਪ੍ਰਗਟ ਕਰਦੇ ਸਨ। ਗ਼ਲਤ ਜੀਵਨ-ਸ਼ੈਲੀ ਕਾਰਨ ਭਰ ਜਵਾਨੀ ਵਿਚ ਲਾ-ਇਲਾਜ ਬੀਮਾਰੀ ਕਾਰਨ ਇਹ ਸੰਸਾਰ ਨੂੰ ਅਲਵਿਦਾ ਕਹਿ ਗਏ। ਪੂਰਨ ਤੌਰ 'ਤੇ ਇਹ ਕਾਮਰੇਡੀ ਵਿਚਾਰਧਾਰਾ ਵਿਚ ਰੰਗੇ ਹੋਏ ਹਨ। ਇਹਨਾਂ ਦੇ ਮਰਨ 'ਤੇ ਕੇਵਲ ਪੰਜਾਬੀ ਟ੍ਰਿਬਿਊਨ ਵਿਚ ਇਹਨਾਂ ਲਈ 'ਮਰਸੀਆ' ਲਿਖਿਆ ਗਿਆ, ਨਾਲ ਹੀ ਫ਼ੋਟੋ ਭੀ ਆਈ ਸੀ। ਜਿਨ੍ਹਾਂ ਨੇ ਦੇਖੀ, ਉਹਨਾਂ ਨੂੰ ਪਤਾ ਹੈ ਕਿ ਕਾਲੀ ਦਾੜ੍ਹੀ ਬੜੇ ਸ਼ੌਕ ਨਾਲ ਇਹ ਕੁਤਰ ਕੇ ਸੈੱਟ ਕਰ ਕੇ ਰੱਖਦੇ ਸਨ। ਸਿੱਖੀ ਨਾਲ ਇਹਨਾਂ ਦਾ ਕੋਈ ਦੂਰ ਦਾ ਵੀ ਰਿਸ਼ਤਾ ਨਹੀਂ ਸੀ।

ਸੰਤ ਸੁੱਚਾ ਸਿੰਘ ਜਵੱਦੀ ਵਾਲਿਆਂ ਵੱਲੋਂ ਹਰ ਸਾਲ ਰਾਗ-ਬੱਧ ਕੀਰਤਨ ਦਰਬਾਰ ਕਰਾਉਣ ਨੂੰ ਇਹ ਪੈਸਾ ਅਤੇ ਸਮੇਂ ਦੀ ਬਰਬਾਦੀ ਦੱਸਿਆ ਕਰਦੇ ਸਨ। ਗੁਰੂ ਨਾਨਕ ਦੇਵ ਮਹਾਰਾਜ ਦੇ ਪ੍ਰਕਾਸ਼ ਦਿਹਾੜੇ 'ਤੇ ਇਹਨਾਂ ਨੇ ਖ਼ਾਸ ਟਿੱਪਣੀ ਲਿਖੀ ਸੀ ਕਿ ਗੁਰੂ ਸਾਹਿਬ ਨੇ ਐਨਾ ਲੰਮਾ ਪੈਂਡਾ ਪੈਦਲ ਤਹਿ ਕੀਤਾ, ਉਹਨਾਂ ਦੇ ਪੈਰਾਂ ਦੀਆਂ ਬਿਆਈਆਂ ਪਾਟ ਗਈਆਂ ਹੋਣਗੀਆਂ, ਪਰ ਕਿਸੇ ਨੇ ਇਸ ਬਾਰੇ ਕੋਈ ਖੋਜ ਨਹੀਂ ਕੀਤੀ, ਇਹ ਭੀ ਕਰਨੀ ਚਾਹੀਦੀ ਹੈ। ਖ਼ਾਲਸਾ ਪੰਥ ਦੇ ਵਰਤ-ਵਰਤਾਰੇ ਬਾਰੇ ਅਜਿਹੀ ਟਿੱਪਣੀ ਦੇਣ ਦੀ ਲੇਖਕ ਦੀ ਕੀ ਮਜਬੂਰੀ ਹੈ ਅਤੇ ਕੀ ਸਿੱਧ ਕਰਨਾ ਚਾਹੁੰਦਾ ਹੈ। ਇਹ ਪਾਠਕ ਆਪ ਅੰਦਾਜ਼ਾ ਲਾ ਲੈਣਗੇ। ਪ੍ਰਸਿੱਧ ਪੱਤਰਕਾਰ ਮਰਿਆਂ ਕਈ ਸਾਲ ਹੋ ਗਏ। ਮੁੜ ਕੇ ਪੰਜਾਬੀ ਟ੍ਰਿਬਿਊਨ ਜਾਂ ਕਿਸੇ ਹੋਰ ਨੇ ਉਸ ਬਾਰੇ ਕੁਝ ਲਿਖਿਆ-ਬੋਲਿਆ ਨਹੀਂ ਪਰ ਲੇਖਕ ਨੇ ਆਪਣੇ ਮਕਸਦ ਲਈ ਦੁਬਾਰਾ ਜ਼ਿੰਦਾ ਕਰ ਦਿੱਤਾ ਅਤੇ ਇਹਨਾਂ ਦੀ ਜੁੰਡਲੀ ਦੇ ਯਾਰ, ਦੁਬਈ ਵਾਲੇ ਅਖੌਤੀ ਸਿੰਘ ਜਾਂ ਸੁਖਵਿੰਦਰ ਸਿੰਘ ਸਭਰਾ

(ਸੰਤਾਂ ਦੇ ਕੌਤਕ ਦਾ ਲੇਖਕ) ਇਸ ਨੂੰ ਸੰਸਾਰ ਪ੍ਰਸਿੱਧ ਵਿਦਵਾਨ ਦੇ ਖ਼ਿਤਾਬ ਨਾਲ ਪਨਵਾਜਦੇ ਹਨ। ਜੇ ਕਾਮਰੇਡ ਦਲਬੀਰ ਸਿੰਘ ਕਥਾ-ਕੀਰਤਨ, ਗੁਰਦੁਆਰਾ, ਅਕਾਲ ਤਖ਼ਤ ਆਦਿ 'ਤੇ ਅਜਿਹੀਆਂ ਟਿੱਪਣੀਆਂ ਨਾ ਕਰਦਾ ਤਾਂ ਹੋਰ ਕੌਣ ਕਰਦਾ ?

ਜਿਹੜਾ ਇਥੇ ਸ. ਗੁਰਬਚਨ ਸਿੰਘ ਨੇ ਜੇਲ੍ਹਾਂ ਵਿਚ ਬੰਦ ਸਿੰਘਾਂ ਲਈ ਚੜ੍ਹਦੀ ਕਲਾ ਦਾ ਹੇਜ ਦਿਖਾਇਆ ਹੈ, ਉਹ ਭੀ ਸਿੱਖ ਸੰਗਤ ਨੂੰ ਵੱਡਾ ਭੁਲੇਖਾ ਖੜਾ ਕਰਨ ਲਈ ਹੈ। ਇਹ ਸਭ ਨੂੰ ਪਤਾ ਹੈ ਕਿ 'ਸਾਕਾ ਨੀਲਾ ਤਾਰਾ' ਪਿੱਛੋਂ ਜਿਨ੍ਹਾਂ ਗ਼ੈਰਤਮੰਦ ਸਿੰਘਾਂ ਅਤੇ ਜਥੇਬੰਦੀਆਂ ਨੇ ਕੁਰਬਾਨੀਆਂ ਦਿੱਤੀਆਂ, ਉਹਨਾਂ ਵਿਚੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਰਨ ਵਾਲੇ, ਚੱਡੇ ਪੜਵਾਉਣ ਵਾਲੇ ਅਤੇ ਘੋਟਣਿਆਂ ਦੇ ਫੱਟ ਸਹਿਣ ਵਾਲੇ ਸਭ ਤੋਂ ਵੱਧ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘ ਸਨ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਕਾਰ ਸੇਵਾ ਵਾਲੇ ਬਾਬਿਆਂ ਦਾ ਭੀ ਨੁਕਸਾਨ ਹੋਇਆ ਪਰ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਅਖੌਤੀ ਵਾਰਸ ਕਹਾਉਣ ਵਾਲੇ ਅਤੇ ਬਾਕੀ ਸਾਰੇ ਪੰਥ ਨੂੰ ਬ੍ਰਾਹਮਣਵਾਦੀ ਠੱਪਾ ਲਗਾਉਣ ਵਾਲੇ ਮਿਸ਼ਨਰੀ ਕਾਲਜ ਖ਼ਾਸ ਕਰਕੇ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ ਜਵੱਦੀ' ਦੇ ਕਿਸੇ ਇਕ ਵੀ ਬੰਦੇ ਨੂੰ ਸੇਕ ਨਹੀਂ ਲੱਗਾ। 1978 ਦੇ ਨਿਰੰਕਾਰੀ ਕਾਂਡ ਤੋਂ ਅੱਗੇ 25 ਸਾਲ ਦੇ ਸਿੱਖੀ ਸੰਘਰਸ਼ ਵਿਚ ਇਹਨਾਂ ਦਾ ਕੀ ਯੋਗਦਾਨ ਹੈ ? ਕੀ ਇਹ ਕੁਝ ਕਹਿਣ ਜੋਗੇ ਹਨ ? ਬਲਕਿ ਦਮਦਮੀ ਟਕਸਾਲ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਅਖੰਡ ਕੀਰਤਨੀ ਜਥੇ ਨੂੰ ਬ੍ਰਾਹਮਣਵਾਦੀ ਠੱਪਾ ਲਗਾ ਕੇ ਇਹ ਪੂਰੇ ਤਾਣ ਨਾਲ ਭੰਡਣ ਦਾ ਪਾਪ ਖੱਟ ਰਹੇ ਹਨ।

ਪਿਛਲੀ ਸਦੀ ਦਾ ਸਰਬ-ਪ੍ਰਵਾਨਿਤ 'ਮਹਾਨ ਸਿੱਖ' ਸੰਤ ਜਰਨੈਲ ਸਿੰਘ ਭੀ ਦਮਦਮੀ ਟਕਸਾਲ ਦੀ ਉਪਜ ਸੀ। ਸ. ਗੁਰਬਚਨ ਸਿੰਘ ਦਾ ਗੁਰਭਾਈ ਇੰਦਰ ਸਿੰਘ ਘੱਗਾ ਮੈਨੂੰ ਕਹਿਣ ਲੱਗਾ ਕਿ ਮੈਂ ਦੋ ਸੌ ਸਵਾਲ ਦਮਦਮੀ ਟਕਸਾਲ 'ਤੇ ਕੀਤੇ ਹਨ ਪਰ ਉਹ ਇਕ ਵੀ ਸਵਾਲ ਦਾ ਉੱਤਰ ਨਹੀਂ ਦੇ ਸਕੇ।

ਮੈਂ ਕਿਹਾ, 'ਦੋ ਸੌ ਨਹੀਂ ਤੂੰ ਦੋ ਹਜ਼ਾਰ ਕਰ, ਮੈਂ ਜਵਾਬ ਦਿੰਦਾ ਹਾਂ।'

ਉਹ ਕਹਿਣ ਲੱਗਾ, 'ਕੀ ਜਵਾਬ ਹੈ ?'

ਉੱਤਰ ਵਿਚ ਮੈਂ ਕਿਹਾ, 'ਦੋ ਹਜ਼ਾਰ ਦਾ ਇਕੋ ਜਵਾਬ ਹੈ—ਸੰਤ ਜਰਨੈਲ ਸਿੰਘ ਭਿੰਡਰਾਂਵਾਲਾ।'

ਉਸ ਦੀ ਤੁਸੀਂ ਪੂਜਾ ਕਰਦੇ ਹੋ ਅਤੇ ਜਿਸ ਸਕੂਲ ਨੇ ਉਹ ਤਿਆਰ ਕੀਤਾ, ਉਸ ਦੀ ਨਿੰਦਾ। ਇਹ ਕੀ ਇਨਸਾਫ਼ ਹੈ ?

ਆਪਣੀ ਹੇਠੀ ਹੁੰਦੀ ਵੇਖ ਕੇ ਹੁਣ ਮਿਸ਼ਨਰੀ ਕਾਲਜ ਵਾਲੇ ਖੁੱਲ੍ਹ ਕੇ ਤਾਂ ਨਹੀਂ ਬੋਲਦੇ ਪਰ ਅੰਦਰਖਾਤੇ ਪ੍ਰਚਾਰ ਕਰਨ ਲੱਗ ਪਏ ਕਿ ਭਿੰਡਰਾਂਵਾਲੇ ਦੀ ਸੋਚ ਨਾਲ ਇੰਨਾ ਜਾਨੀ, ਮਾਲੀ ਨੁਕਸਾਨ ਹੋਇਆ ਕਿ ਕੌਮ 50 ਸਾਲ ਪਿੱਛੇ ਚਲੀ ਗਈ। ਪਰ ਇਹਨਾਂ ਨੂੰ ਇਹ ਨਹੀਂ ਪਤਾ ਕਿ ਪੱਛਮੀ ਦੇਸਾਂ ਵਿਚ ਸਿੱਖੀ ਪ੍ਰਫੁੱਲਿਤ ਹੋਣ ਦਾ ਕਾਰਨ ਕੇਵਲ 'ਬਲਿਊ ਸਟਾਰ ਓਪਰੇਸ਼ਨ' ਹੈ।

ਸੁਨਾਮ ਵਾਸੀ ਭਾਈ ਕਰਮਜੀਤ ਸਿੰਘ, ਜਿਸ ਨੇ ਰਾਜੀਵ ਗਾਂਧੀ ਨੂੰ ਸੋਧਣ ਦਾ ਕੰਮ ਕੀਤਾ ਸੀ, ਦਾ ਸੁਪਰੀਮ ਕੋਰਟ ਵਿਚ ਕੇਸ ਦੀ ਸੁਣਾਈ ਦੀ ਅਪੀਲ ਕਰਨ ਤੇ ਪਟਿਆਲੇ ਦੇ ਮਿਸ਼ਨਰੀ ਕਾਲਜ ਜਾਂ 'ਗੁਰਮਤਿ ਗਿਆਨ ਮਿਸ਼ਨਰੀ ਕਾਲਜ ਜਵੱਦੀ' ਵਾਲਿਆਂ ਨੇ ਇਕ ਧੇਲੇ ਦੀ ਮਦਦ ਨਹੀਂ ਕੀਤੀ। ਮੈਂ ਆਪ ਉਸ ਨੂੰ ਮਿਲ ਕੇ ਸਾਰੇ ਹਾਲਾਤ ਦੀ ਜਾਣਕਾਰੀ ਲਈ ਹੈ। ਕਿਹੜੇ ਮੂੰਹ ਨਾਲ ਭਾਈ ਗੁਰਬਚਨ ਸਿੰਘ ਇਹ ਗੱਲਾਂ ਕਿਸੇ ਦੇ ਮੂੰਹੋ ਕਹਾਉਂਦਾ ਹੈ।

ਪਿਛਲੀ ਸਦੀ ਵਿਚ ਪੰਥ ਵਿਚ ਅਨੇਕਾਂ ਵਿਦਵਾਨ ਹੋਏ ਹਨ ਜੋ ਕਲਮ ਦੇ ਧਨੀ ਹੋਣ ਨਾਲ ਕਰਨੀ ਦੇ ਪੂਰੇ, ਸ਼ਰਧਾ ਅਤੇ ਸਿਦਕ ਵਿਚ ਡੁੱਬੇ ਹੋਏ ਸਨ। ਇਹਨਾਂ ਦੀਆਂ ਰਚਨਾਵਾਂ ਵਿਚ ਗੁਰੂ ਪਿਆਰ, ਪੰਥਕ ਪਿਆਰ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਤੜਪ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਖ਼ਾਲਸਾ ਰਾਜ ਦੀ ਸਮਾਪਤੀ ਪਿੱਛੋਂ ਜਦ ਪੰਥ ਦੀ ਬੇੜੀ ਮੰਝਧਾਰ ਵਿਚ ਹਿਚਕੋਲੇ ਖਾ ਰਹੀ ਸੀ ਤਾਂ ਭਾਈ ਵੀਰ ਸਿੰਘ ਦੀ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਰੂਪੀ ਨਾਵਲ ਅਤੇ ਰਾਣਾ ਸੂਰਤ ਸਿੰਘ ਵਰਗੇ ਮਹਾਂਕਾਵਿ ਨੇ ਪੰਥ ਦੀ ਵਾੜੀ ਨੂੰ ਸ਼ਰਧਾ, ਪਿਆਰ, ਸਿੱਖੀ ਜਜ਼ਬੇ ਨਾਲ ਸਿੰਜਿਆ। ਭਾਈ ਕਾਨ੍ਹ ਸਿੰਘ ਜੀ ਦੀ 'ਹਮ ਹਿੰਦੂ ਨਹੀਂ', ਗਿਆਨੀ ਗਿਆਨ ਸਿੰਘ ਜੀ ਦੇ 'ਤਵਾਰੀਖ਼ ਗੁਰੂ ਖ਼ਾਲਸਾ' ਅਤੇ ਹੋਰ ਰਚਨਾਵਾਂ ਨੇ ਸਿੱਖੀ ਲਈ ਵਾੜ ਦਾ ਕੰਮ ਕੀਤਾ। ਅਕਾਲੀ ਕੌਰ ਸਿੰਘ ਜੀ ਦਾ ਤੁਕ ਤਤਕਰਾ, ਪਿਆਰਾ ਸਿੰਘ ਪਦਮ, ਬਾਬਾ ਪ੍ਰੇਮ ਸਿੰਘ ਹੋਤੀ ਦਾ ਰਚਿਤ ਸਿੱਖ ਇਤਿਹਾਸ, ਡਾ. ਗੰਡਾ ਸਿੰਘ ਅਤੇ ਸ. ਕਰਮ ਸਿੰਘ ਹਿਸਟੋਰੀਅਨ ਦੀਆਂ ਖੋਜਾਂ ਨੇ ਸਿੱਖੀ ਦੇ ਝੰਡੇ ਬੁਲੰਦ ਕੀਤੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਕੇਵਲ 'ਜੇਲ੍ਹ ਚਿੱਠੀਆਂ' ਨੇ ਹੀ ਅਣਗਿਣਤ ਬੰਦਿਆਂ ਦੇ ਜੀਵਨ ਬਦਲ ਦਿੱਤੇ। ਪ੍ਰਿੰਸੀਪਲ ਤੇਜਾ ਸਿੰਘ ਜੀ ਦਾ ਸ਼ਬਦਾਰਥ, ਭਾਈ ਜੋਧ ਸਿੰਘ ਦੀਆਂ ਲਿਖਤਾਂ ਨੇ ਗੁਰੂ ਪਿਆਰ ਦਾ ਬੀਜ ਸਿੱਖ ਹਿਰਦਿਆਂ ਵਿਚ ਪ੍ਰਫੁੱਲਿਤ ਕੀਤਾ। ਇਸੇ ਤਰ੍ਹਾਂ ਗਿਆਨੀ ਦਿੱਤ ਸਿੰਘ ਅਤੇ ਪੰਡਤ ਕਰਤਾਰ ਸਿੰਘ ਦਾਖਾ ਵਰਗਿਆਂ ਨੇ ਜੋ ਆਰੀਆ ਸਮਾਜੀਆਂ ਦੇ ਦੰਦ ਖੱਟੇ ਕੀਤੇ, ਆਪਣੀ ਮਿਸਾਲ ਆਪ ਹਨ।

'ਵਿਰਲੈ ਕਿਨੈ ਵੀਚਾਰਿਆ' ਦੇ ਲੇਖਕ ਗੁਰਬਚਨ ਸਿੰਘ ਨੇ ਬਾਕੀ ਸਭ 'ਤੇ ਮਿੱਟੀ ਪਾ ਕੇ ਕੇਵਲ ਭਾਈ ਕਾਨ੍ਹ ਸਿੰਘ ਜੀ ਅਤੇ ਪ੍ਰੋ. ਸਾਹਿਬ ਸਿੰਘ ਜੀ ਨੂੰ ਆਪਣੀ ਕਿਤਾਬ ਵਿਚ ਜਗ੍ਹਾ ਦਿੱਤੀ ਹੈ। ਫਿਰ ਜਦ ਇਸ ਕਿਤਾਬ ਨੂੰ ਗ਼ੌਰ ਨਾਲ ਪੜ੍ਹਾਂਗੇ ਤਾਂ ਪਤਾ ਲੱਗੇਗਾ ਕਿ ਲੇਖਕ ਨੇ ਕੇਵਲ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਇਹਨਾਂ ਨੂੰ ਵਰਤਿਆ ਹੈ ਨਾ ਕਿ ਇਹਨਾਂ ਦੀ ਵਿਚਾਰਧਾਰਾ ਨੂੰ ਪ੍ਰਵਾਨ ਕੀਤਾ ਹੈ। ਅਨੇਕਾਂ ਥਾਈਂ ਲੇਖਕ ਨੇ ਪ੍ਰੋ. ਸਾਹਿਬ ਸਿੰਘ ਦੇ ਦਰਪਣ ਤੋਂ ਬਾਹਰ ਜਾ ਕੇ ਅਰਥਾਂ ਦੇ ਅਨਰਥ ਕੀਤੇ ਹਨ। ਇਸੇ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਨੂੰ ਵਰਤਿਆ ਹੈ।

ਪੂਰਨ ਤੌਰ 'ਤੇ ਲੇਖਕ ਨੇ ਸ. ਦਲਬੀਰ ਸਿੰਘ, ਡਾ. ਅਮਰਜੀਤ ਸਿੰਘ ਚੰਦੀ, ਡਾ. ਗੁਰਸ਼ਰਨਜੀਤ ਸਿੰਘ ਨੂੰ ਪ੍ਰਵਾਨ ਕੀਤਾ ਹੈ, ਜਿਨ੍ਹਾਂ ਦਾ ਖ਼ਾਲਸਾ ਪੰਥ ਦੇ ਹੁਣ ਤਕ ਦੇ ਇਤਿਹਾਸ ਵਿਚ ਕੋਈ ਵਜੂਦ ਨਹੀਂ ਹੈ।

ਡਾ. ਗੁਰਸ਼ਰਨਜੀਤ ਸਿੰਘ ਜੀ ਹੁਣ ਤਕ ਨਿਰਮਲਿਆਂ ਨੂੰ ਪੰਥ ਘਾਤਕ ਪ੍ਰਚਾਰਦੇ ਰਹੇ। ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਪਹਿਲਾ ਸੈਮੀਨਰ ਨਿਰਮਲ ਆਸ਼ਰਮ ਰਿਸ਼ੀਕੇਸ਼ ਦੇ ਬਾਵਾ ਜੋਧ ਸਿੰਘ ਜੀ ਨੇ ਪਟਿਆਲੇ ਕਰਵਾਇਆ। ਇਸ ਦੀ ਕਾਮਯਾਬੀ ਨੂੰ ਦੇਖ ਕੇ ਦੂਸਰਾ ਸੈਮੀਨਾਰ 2 ਮਾਰਚ 2012 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਡਾ. ਗੁਰਸ਼ਰਨਜੀਤ ਸਿੰਘ ਦੀ ਦੇਖ-ਰੇਖ ਹੇਠ ਹੋਇਆ। ਸਾਰੇ ਵਕਤਿਆਂ ਦੇ ਵਿਚਾਰ ਸੁਣ ਕੇ ਡਾ. ਗੁਰਸ਼ਰਨਜੀਤ ਸਿੰਘ ਨੇ ਵਾਰ-ਵਾਰ ਮੁਆਫ਼ੀ ਮੰਗੀ ਕਿ ਅਸੀਂ ਹੁਣ ਤਕ ਨਿਰਮਲਿਆਂ ਬਾਰੇ ਭੁਲੇਖੇ ਵਿਚ ਰਹੇ। ਅੰਮ੍ਰਿਤਸਰ ਵਿਚ ਹੋਏ ਇਸ ਸੈਮੀਨਾਰ ਬਾਰੇ ਸਾਰੀ ਵਿਥਿਆ ਸ. ਤਰਲੋਚਨ ਸਿੰਘ, ਸਾਬਕਾ ਚੇਅਰਮੈਨ ਕੌਮ ਘੱਟ ਗਿਣਤੀ ਕਮਿਸ਼ਨ ਨੇ 13 ਮਾਰਚ 2013 ਦੇ ਅਜੀਤ ਅਖ਼ਬਾਰ ਦੇ ਮੈਗਜ਼ੀਨ ਸੈਕਸ਼ਨ ਵਿਚ ਦਿੱਤੀ ਹੈ। ਇਥੇ ਇਹ ਭੀ ਦੱਸਣਾ ਵਾਜਬ ਰਹੇਗਾ ਕਿ ਇਹ ਵਿਦਵਾਨ ਜੀ ਪਹਿਲਾਂ-ਪਹਿਲ ਪੰਥ-ਦੋਖੀ 'ਸਪੋਕਸਮੈਨ' ਦੀ ਸੱਜੀ ਬਾਂਹ ਸੀ, ਪਰ ਹੁਣ ਇਹਨਾਂ ਨਾਤਾ ਤੋੜ ਲਿਆ ਹੈ।

ਚਾਰ-ਪੰਜ ਸਾਲ ਹੋਏ ਸ. ਅਤਿੰਦਰਪਾਲ ਸਿੰਘ ਸਾਬਕਾ ਐਮ.ਪੀ. ਨੇ ਚੰਡੀਗੜ੍ਹ ਦੇ ਲੁਬਾਣਾ ਹਾਲ ਵਿਚ 'ਖ਼ਾਲਿਸਤਾਨ' 'ਤੇ ਸੈਮੀਨਾਰ ਕਰਵਾਇਆ ਸੀ। ਜਿਸ ਲਈ ਉਹਨਾਂ ਮੈਨੂੰ ਭੀ ਸੱਦਾ ਪੱਤਰ ਦਿੱਤਾ ਸੀ। ਸਟੇਜ ਦੇ ਸੰਚਾਲਕ ਪ੍ਰੋ. ਗੁਰਸ਼ਰਨਜੀਤ ਸਿੰਘ ਹੀ ਸਨ। ਇਸੇ ਸਮਾਗਮ ਵਿਚ ਗਿਆਨੀ ਧਰਮ ਸਿੰਘ ਨਿਹੰਗ ਖੰਨੇ ਵਾਲੇ ਭੀ ਆਏ ਹੋਏ ਸਨ।

ਜਦ ਗਿਆਨੀ ਧਰਮ ਸਿੰਘ ਜੀ ਦੀ ਬੋਲਣ ਦੀ ਵਾਰੀ ਆਈ ਤਾਂ ਉਹਨਾਂ

ਗੁਰਬਾਣੀ ਦੇ ਆਧਾਰ 'ਤੇ ਵਿਚਾਰ ਪੇਸ਼ ਕੀਤੇ ਕਿ ਸਿੱਖੀ ਆਦਰਸ਼ ਵਿਚ ਰਾਜ ਦਾ ਕੋਈ ਸੰਕਲਪ ਨਹੀਂ। ਜਿਸ ਤਰ੍ਹਾਂ ਲੇਖਕ ਗੁਰਬਚਨ ਸਿੰਘ ਨੇ ਜੀਵਨ, ਮਰਨ ਲਈ ਸਿਧਾਂਤਿਕ ਤੁਕਾਂ ਵਰਤੀਆਂ ਹਨ।

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**
**ਨਾਨਕ ਅਵਰੁ ਨ ਜੀਵੈ ਕੋਇ॥**

*(ਅੰਗ ੧੪੨)*

**ਆਖਾ ਜੀਵੈ ਵਿਸਰੈ ਮਰਿ ਜਾਉ॥**

*(ਅੰਗ ੯)*

ਇਸ ਤਰ੍ਹਾਂ ਗਿਆਨੀ ਜੀ ਨੇ ਦੱਸਿਆ ਕਿ ਗੁਰਬਾਣੀ ਕਹਿ ਰਹੀ ਹੈ:

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥**

*(ਅੰਗ ੫੩੪)*

**ਜੌ ਰਾਜੁ ਦੇਹਿ ਤ ਕਵਨ ਬਡਾਈ॥**
**ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥੧॥**
**ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ॥**
**ਬਹੁਰਿ ਨ ਹੋਇ ਤੇਰਾ ਆਵਨ ਜਾਨੁ॥**

*(ਅੰਗ ੫੨੫)*

ਇਹ ਸੁਣ ਕੇ ਡਾ. ਗੁਰਸ਼ਰਨਜੀਤ ਸਿੰਘ ਜੀ ਨੇ ਗਿਆਨੀ ਧਰਮ ਸਿੰਘ ਜੀ ਤੋਂ ਮਾਈਕ ਲੈ ਕੇ ਉਹਨਾਂ ਨੂੰ ਬੈਠਾ ਦਿੱਤਾ ਸੀ।

ਉੱਪਰ ਲਿਖੀ ਸਾਡੀ ਵਾਰਤਾ ਦਾ ਤਤਸਾਰ ਹੈ:;

**ਭੈੜੇ ਭੈੜੇ ਯਾਰ ਮੇਰੀ ਫੱਤੋ ਦੇ।**

–

# ਅਖੌਤੀ ਮਿਸ਼ਨਰੀ ਪ੍ਰਚਾਰਕ ਦੀ ਸਹੀ ਫ਼ੋਟੋ

ਮੈਂ ਜਦ 1977 ਵਿਚ ਜੋਧਪੁਰ ਤੋਂ ਬਦਲੀ ਹੋ ਕੇ ਲੁਧਿਆਣੇ ਆਇਆ ਤਾਂ ਰੇਲਵੇ ਸਟੇਸ਼ਟ ਕੋਲ ਸਰਕਾਰੀ ਕੁਆਰਟਰ ਵਿਚ ਰਹਿਣ ਲੱਗਾ। ਸਭ ਤੋਂ ਨੇੜੇ ਗੁਰਦੁਆਰਾ ਸਬਜ਼ੀ ਮੰਡੀ ਪੈਂਦਾ ਸੀ। ਇਥੇ ਉਸ ਵੇਲੇ ਭਾਈ ਹਰਜਿੰਦਰ ਸਿੰਘ ਜੀ ਦਾ ਰਾਗੀ ਜਥਾ ਕੀਰਤਨ ਕਰਦਾ ਹੁੰਦਾ ਸੀ ਅਤੇ ਮਿਸ਼ਨਰੀ ਕਾਲਜ ਤੋਂ ਪੜ੍ਹੇ ਬਹੁਤ ਹੀ ਸੂਝਵਾਨ ਹੈੱਡ-ਗ੍ਰੰਥੀ ਸਨ। ਹਰ ਰੋਜ਼ ਗੁਰਦੁਆਰਾ ਸਾਹਿਬ ਹਾਜ਼ਰੀ ਭਰਨ ਕਰਕੇ ਮੇਰੀ ਗ੍ਰੰਥੀ ਸਾਹਿਬ ਨਾਲ ਚੰਗੀ ਜਾਣ-ਪਛਾਣ ਹੋ ਗਈ।

ਇਸ ਪਿੱਛੋਂ ਗ੍ਰੰਥੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਚਲੇ ਗਏ। ਇਥੋਂ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿਲੀ ਦੇ ਹੈੱਡ-ਗ੍ਰੰਥੀ ਤੋਂ ਮੁਕਤ ਹੋ ਕੇ ਇਹ ਅਮਰੀਕਾ ਚਲੇ ਗਏ ਅਤੇ ਨਿਊਯਾਰਕ ਦੇ ਕੋਲ ਲਾਂਗ ਆਈਲੈਂਡ ਦੇ ਗੁਰਦੁਆਰਾ ਸਾਹਿਬ ਦੇ ਕਰਤਾ-ਧਰਤਾ ਬਣ ਗਏ।

1997 ਵਿਚ ਮੈਂ ਆਪਣੀ ਭੈਣ ਜੀ ਨੂੰ ਮਿਲਣ ਨਿਊਯਾਰਕ ਚਲਾ ਗਿਆ। ਇਕ ਐਤਵਾਰ ਨੂੰ ਰਿਚਮੰਡ ਹਿੱਲ ਦੇ ਗੁਰਦੁਆਰਾ ਸਾਹਿਬ ਮੇਰੀ ਹੈੱਡ ਗ੍ਰੰਥੀ ਨਾਲ ਮੁਲਾਕਾਤ ਹੋ ਗਈ। ਪਰਸਪਰ ਗੱਲਬਾਤ ਵੇਲੇ ਮੈਨੂੰ ਪੁੱਛਣ ਲੱਗੇ ਕਿ ਇਥੇ ਕੀ ਕਰਦੇ ਹੁੰਦੇ ਹੋ ? ਮੈਂ ਉੱਤਰ ਦਿੱਤਾ ਕਿ ਮੈਂ ਇਥੇ ਵਿਜ਼ਟਰ ਵੀਜ਼ੇ ’ਤੇ ਆਇਆ ਹਾਂ, ਇਸ ਲਈ ਕੋਈ ਕੰਮ ਨਹੀਂ ਕਰਦਾ। ਗਿਆਨੀ ਜੀ ਕਹਿਣ ਲੱਗੇ ਕਿ ਸਾਨੂੰ ਕਦੇ-ਕਦੇ ਪਾਠੀ ਦੀ ਲੋੜ ਹੁੰਦੀ ਹੈ, ਤੁਸੀਂ ਆ ਜਾਇਆ ਕਰੋ।

ਇਕ ਦਿਨ ਗਿਆਨੀ ਜੀ ਦਾ ਫ਼ੋਨ ਆਇਆ ਕਿ ਸ਼ਾਮ ਨੂੰ ਸਾਡੇ ਕੋਲ ਪਹੁੰਚ ਜਾਓ। ਪਹੁੰਚ ਕੇ ਮੈਂ ਪੁੱਛਿਆ ਕਿ ਕੀ ਸੇਵਾ ਹੈ ? ਕਹਿਣ ਲੱਗੇ, ਬੱਸ ਫਟਾਫਟ ਤਿਆਰ ਹੋ ਜਾਓ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਪੁਰਬ ਮਨਾਉਣ ਹੈ, ਇਸ ਲਈ ਅਖੰਡ-ਪਾਠ ਆਰੰਭ ਕਰਨਾ ਹੈ। ਮੈਂ ਪੁੱਛਿਆ ਕਿ ਸ਼ਾਮ ਨੂੰ ਅਖੰਡ-ਪਾਠ ਦੀ ਕਿਹੜੀ ਮਰਯਾਦਾ ਹੈ ? ਗਿਆਨੀ ਜੀ ਕਹਿਣ ਲੱਗੇ ਕਿ ਕੀ ਫ਼ਰਕ ਪੈਂਦਾ ਹੈ ? ਵੈਸੇ ਹੀ ਅੰਦਾਜ਼ ਵਿਚ ਮੈਂ ਪੁੱਛਿਆ ਕਿ ਨਿਆਣਾ ਜੇ ਪੁੱਠਾ ਜੰਮ ਪਏ ਤਾਂ ਕੀ ਫ਼ਰਕ ਪੈਂਦਾ ਹੈ ? ਸਵੇਰੇ ਡਿਨਰ ਖਾਈਏ ਅਤੇ ਰਾਤ ਨੂੰ ਬਰੇਕ-ਫ਼ਾਸਟ ਕਰੀਏ, ਕੀ ਫ਼ਰਕ ਪੈਂਦਾ ਹੈ ? ਇਸ ਨਾਲ ਜੋ ਫ਼ਰਕ

ਪੈਣਾ ਹੈ, ਉਹ ਭੀ ਸੁਣ ਲਓ। ਮੈਂ ਭੀ ਮਰ ਜਾਵਾਂਗਾ ਅਤੇ ਤੁਸੀਂ ਭੀ ਮਰ ਜਾਓਗੇ। ਜੋ ਇਥੋਂ ਦੇ ਜੰਮ-ਪਲ ਸਿੱਖ ਬੱਚੇ ਹਨ, ਜਦ ਵੱਡੇ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਜਾਣਗੇ ਅਤੇ ਦੇਖਣਗੇ ਕਿ ਇਥੇ ਅਖੰਡ-ਪਾਠ ਸਵੇਰੇ ਅਰੰਭ ਹੁੰਦਾ ਹੈ, ਇਹ ਸਮਝਣਗੇ ਕਿ ਇਹ ਕਿੱਡੇ ਮੂਰਖ ਹਨ ਜੋ ਸਵੇਰੇ ਅਰੰਭ ਕਰਦੇ ਹਨ, ਜਦ ਸਾਡੇ ਇੰਨੇ ਵੱਡੇ ਮਹਾਨ ਗਿਆਨੀ ਰਾਤ ਨੂੰ ਅਰੰਭ ਕਰਦੇ ਹਨ। ਕੀ ਜਵਾਬ ਦੇਵੋਗੇ ?

ਫਿਰ ਇਕ ਦਿਨ ਫ਼ੋਨ ਆਇਆ ਕਿ ਸਵੇਰੇ ਅਖੰਡ-ਪਾਠ ਅਰੰਭ ਕਰਨਾ ਹੈ, ਆ ਜਾਓ। ਮੈਂ ਵੇਲੇ ਸਿਰ ਪਹੁੰਚ ਗਿਆ। ਜਿਸ ਨੇ ਪਾਠ ਕਰਾਉਣਾ ਸੀ, ਉਹ ਮੂੰਹ-ਸਿਰੋਂ ਘੋਨ-ਮੋਨ, ਪਾਠ ਅਰੰਭ ਕਰਾ ਕੇ ਚਲਾ ਗਿਆ। ਮੁੜ ਦਰਸ਼ਨ ਨਹੀਂ ਦਿੱਤੇ। ਦੋ ਦਿਨ ਚਾਹ-ਪਾਣੀ ਅਤੇ ਲੰਗਰ ਅਸੀਂ ਖ਼ੁਦ ਹੀ ਬਣਾ ਕੇ ਖਾਂਦੇ ਰਹੇ। ਸਮਾਪਤੀ ਵੇਲੇ ਅਰਦਾਸ ਵਿਚ ਉਹ ਸ਼ਾਮਲ ਹੋਣ ਲਈ ਆ ਗਿਆ। ਗਿਆਨੀ ਜੀ ਨੇ ਉਸ ਨੂੰ ਸਰੋਪਾ ਭੀ ਦਿੱਤਾ, ਗੁਰਮੁਖ ਦੀ ਡਿਗਰੀ ਭੀ ਉਸ ਦੇ ਨਾਮ ਨਾਲ ਜੋੜ ਦਿੱਤੀ, ਹੋਰ ਭੀ ਤਾਰੀਫ਼ਾਂ ਕੀਤੀਆਂ। ਘੋਖ ਕਰਨ ’ਤੇ ਪਤਾ ਲੱਗਾ ਕਿ ਗਿਆਨੀ ਜੀ ਨੇ ਅਮਰੀਕਾ ਵਿਚ ਪੱਕੇ ਹੋਣ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਅਪਲਾਈ ਕੀਤਾ ਹੋਇਆ ਸੀ ਅਤੇ ਪਾਠ ਕਰਾਉਣ ਵਾਲੇ ਸੱਜਣ ਜੀ ਕਮੇਟੀ ਦੇ ਖ਼ਾਸ ਬੰਦੇ ਸਨ।

ਇਕ ਦਿਨ ਮੈਂ ਗਿਆਨੀ ਜੀ ਨੂੰ ਪੁੱਛਿਆ, ‘ਤੁਸੀਂ ਤਾਂ ਮਿਸ਼ਨਰੀ ਕਾਲਜ ਦੇ ਪੜ੍ਹੇ ਮਿਸ਼ਨਰੀ ਪ੍ਰਚਾਰਕ ਹੋ, ਗੁਰਬਾਣੀ ਵਿਚ ਇਹ ਕਿਥੇ ਲਿਖਿਆ ਹੈ ਕਿ ਪੈਸੇ ਲੈ ਕੇ ਪਾਠ ਕਰੋ ਅਤੇ ਕਥਾ ਕਰੋ। ਜਿਹੜੀਆਂ ਗੱਲਾਂ ਕਰ ਕੇ ਤੁਸੀਂ ਸੰਤ-ਸਮਾਜ ਦੀ ਭੰਡੀ ਕਰਦੇ ਹੋ, ਉਹ ਗੱਲਾਂ ਤੁਸੀਂ ਖ਼ੁਦ ਕਰ ਰਹੇ ਹੋ। ਫਿਰ ਤੁਹਾਡੇ ਅਤੇ ਉਹਨਾਂ ਵਿਚ ਕੀ ਫ਼ਰਕ ਹੈ ?’

ਗਿਆਨੀ ਜੀ ਕਹਿਣ ਲੱਗੇ, ‘ਤੁਹਾਡਾ ਨਹੀਂ ਮਨ ਮੰਨਦਾ ਤਾਂ ਨਾ ਲਵੋ, ਪਰ ਜੇ ਇਥੇ ਰਹਿਣਾ ਹੈ ਤਾਂ ਅਜਿਹੀਆਂ ਗੱਲਾਂ ਨਾ ਕਰੋ।’

ਨਿਊਯਾਰਕ ਦੇ ਸਿੱਖ ਪਰਵਾਰ ਦੀ ਲੜਕੀ ਨੇ ਪਿਆਰ ਬੰਧਨ ਵਿਚ ਫਸ ਕੇ ਇਕ ਮੁਸਲਮਾਨ ਲੜਕੇ ਨਾਲ ਵਿਆਹ ਕਰਨ ਦਾ ਫ਼ੈਸਲਾ ਕਰ ਲਿਆ। ਮਾਪਿਆਂ ਨੂੰ ਇਸ ਗੱਲ ਦੀ ਮਨ ’ਤੇ ਬਹੁਤ ਠੇਸ ਪਹੁੰਚੀ, ਵਾਰ-ਵਾਰ ਸਮਝਾਉਣ ’ਤੇ ਭੀ ਲੜਕੀ ਨਾ ਮੰਨੀ। ਆਖ਼ਰ ਉਹਨਾਂ ਨੇ ਜੁਗਤ ਕੱਢੀ ਅਤੇ ਲੜਕੀ ਨੂੰ ਕਿਹਾ ਕਿ ਜੇ ਲੜਕਾ ਗੁਰਦੁਆਰਾ ਸਾਹਿਬ ਅਨੰਦ-ਕਾਰਜ ਕਰਾ ਲਵੇ ਤਾਂ ਅਸੀਂ ਤੇਰੀ ਸ਼ਾਦੀ ਉਸ ਨਾਲ ਕਰ ਦੇਵਾਂਗੇ। ਕਿਉਂਕਿ ਮਾਪਿਆਂ ਨੂੰ ਯਕੀਨ ਸੀ ਕਿ ਮੁਸਲਮਾਨ ਲੜਕਾ ਇਸ ਲਈ ਰਜ਼ਾਮੰਦ ਨਹੀਂ ਹੋਵੇਗਾ।

ਪਰ ਜਦ ਲੜਕੀ ਨੇ ਆਪਣੇ ਪ੍ਰੇਮੀ ਨੂੰ ਪੁੱਛਿਆ ਤਾਂ ਉਹ ਰਜ਼ਾਮੰਦ ਹੋ ਗਿਆ। ਕੋਈ ਚਾਰਾ ਨਾ ਚੱਲਦਾ ਦੇਖ ਕੇ ਮਾਪੇ ਰਿਚਮੰਡ ਹਿੱਲ ਦੇ ਗੁਰਦੁਆਰਾ ਸਾਹਿਬ ਗਏ। ਉਸ ਵੇਲੇ ਰਿਚਮੰਡ ਹਿੱਲ ਦੇ ਗੁਰਦੁਆਰਾ ਸਾਹਿਬ ਦੇ ਗੁਣਵਾਨ ਬੰਦੇ ਸਨ, ਇਕ ਗਿਆਨੀ ਗੁਰਦੀਪ ਸਿੰਘ ਜੀ ਜੋ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਦੇ ਹੈੱਡ-ਗ੍ਰੰਥੀ ਰਹਿ ਚੁੱਕੇ ਸਨ, ਦੂਸਰੇ ਗਿਆਨੀ ਹਰਭਜਨ ਸਿੰਘ ਜੋ ਗੁਰਦੁਆਰਾ ਕਲਗੀਧਰ ਲੁਧਿਆਣੇ ਦੇ ਹੈੱਡ-ਗ੍ਰੰਥੀ ਸਨ ਅਤੇ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਭੀ ਰਹਿ ਚੁੱਕੇ ਸਨ।

ਜਦ ਲੜਕੀ ਦੇ ਮਾਪਿਆਂ ਨੇ ਆਪਣੀ ਲੜਕੀ ਦੇ ਅਨੰਦ-ਕਾਰਜ ਲਈ ਇਹਨਾਂ ਨਾਲ ਸੰਪਰਕ ਕੀਤਾ ਤਾਂ ਦੋਨਾਂ ਨੇ ਸਾਫ਼ ਜਵਾਬ ਦੇ ਦਿੱਤਾ ਕਿ ਮੁਸਲਮਾਨ ਲੜਕੇ ਦਾ ਅਨੰਦ ਕਾਰਜ ਗੁਰਦੁਆਰਾ ਸਾਹਿਬ ਨਹੀਂ ਹੋ ਸਕਦਾ। ਜੇ ਲੜਕਾ ਸਿੰਘ ਸਜਣ ਲਈ ਤਿਆਰ ਹੈ ਤਾਂ ਇਸ ਬਾਰੇ ਸੋਚ ਸਕਦੇ ਹਾਂ।

ਨਿਰਾਸ ਹੋ ਕੇ ਮਾਪੇ ਫਿਰ ਸਾਡੇ ਵਾਲੇ ਗਿਆਨੀ ਜੀ ਕੋਲ ਪਹੁੰਚ ਗਏ। ਸ਼ਾਇਦ ਕਿਸੇ ਕਮੇਟੀ ਮੈਂਬਰ ਦੀ ਸਿਫ਼ਾਰਸ਼ ਪੁਆਈ ਜਾਂ ਫਿਰ ਡਾਲਰਾਂ ਦੀ ਚਮਕ ਕੰਮ ਆਈ ਅਤੇ ਗਿਆਨੀ ਜੀ ਨੇ ਲੜਕੇ-ਲੜਕੀ ਦਾ ਵਿਆਹ-ਸੰਸਕਾਰ ਕਰ ਦਿੱਤਾ।

ਪਾਠਕਾਂ ਨੂੰ ਅਸੀਂ ਯਾਦ ਦਿਲਾਉਣਾ ਚਾਹੁੰਦੇ ਹਾਂ ਕਿ ਪਿਛਲੇ ਸਾਲ ਇਹੀ ਗਿਆਨੀ ਜੀ ਗੁਰਦੁਆਰਾ ਬੰਗਲਾ ਸਾਹਿਬ ਦੀ ਸਟੇਜ ਤੋਂ ਸਭ ਤੋਂ ਵੱਧ ਸ੍ਰੀ ਦਸਮ ਗ੍ਰੰਥ ਸਾਹਿਬ ਵਿਰੁੱਧ ਬੋਲਦੇ ਰਹੇ ਅਤੇ ਜੋ ਕੂੜ ਪ੍ਰਚਾਰ ਪ੍ਰੋ. ਸਰਬਜੀਤ ਸਿੰਘ ਧੂੰਦਾ ਅਤੇ ਇੰਦਰ ਸਿੰਘ ਘੱਗਾ ਸ੍ਰੀ ਦਸਮ ਗ੍ਰੰਥ ਸਾਹਿਬ ਵਾਸਤੇ ਕਰਦੇ ਹਨ, ਉਸੇ ਦੀ ਵਿਚਾਰਧਾਰਾ ’ਤੇ ਠੱਪਾ ਲਗਾਉਂਦੇ ਰਹੇ। ਦਰਸ਼ਨ ਸਿੰਘ ਰਾਗੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਪੰਥ ਵਿਚੋਂ ਛੇਕਣ ਪਿੱਛੋਂ ਇਹ ਆਪ ਰੋਟੀ ਦੀਆ ਬੁਰਕੀਆਂ ਤੋੜ ਕੇ ਰਾਗੀ ਦੇ ਮੂੰਹ ਵਿਚ ਪਾਉਂਦੇ ਰਹੇ, ਜਿਸ ਨੂੰ ਕਿ ਟੀ.ਵੀ. ਉਪਰ ਸਭ ਦਰਸ਼ਕਾਂ ਨੇ ਦੇਖਿਆ ਹੈ। ਥਾਈਲੈਂਡ ਵਾਲੇ ਬਾਬਾ ਜੀ (ਪ੍ਰੋ. ਗੁਰਬਚਨ ਸਿੰਘ) ਵਿਚਾਰਧਾਰਾ ਦਾ ਸਮਰਥਨ ਭੀ ਇਹ ਆਪਣੇ ਲੈਕਚਰਾਂ ਰਾਹੀਂ ਕਰਦੇ ਰਹੇ।

**ਮੁਖਿ ਝੂਠੁ ਬਿਭੂਖਨ ਸਾਰੰ॥** *(ਅੰਗ ੧੩੫੩)*

ਵਾਲਾ ਬ੍ਰਾਹਮਣ ਅਤੇ ਬ੍ਰਾਹਮਣੀ ਕਿਰਦਾਰ ਇਹਨਾਂ ਦੇ ਅੰਦਰ ਵੜਿਆ ਹੋਇਆ ਹੈ, ਫਿਰ ਕਿਹੜੇ ਮੂੰਹ ਨਾਲ ਪੰਥ-ਪ੍ਰਵਾਨਿਤ ਮਹਾਂਪੁਰਖਾਂ ਦੀ ਨਿੰਦਾ ਕਰਦੇ ਹਨ ?

–

# ਗੁਰਦੁਆਰੇ ਬੋਲੀਆਂ ਪਾ ਰਹੇ ਸੀ

ਆਪਣੇ ਵਿਚਾਰਾਂ ਨੂੰ ਆਮ ਜਨਤਾ ਤਕ ਪਹੁੰਚਾਉਣ ਦੇ ਅਨੇਕਾਂ ਸਾਧਨ ਅਪਣਾਏ ਜਾਂਦੇ ਹਨ। ਕੋਈ ਜਨਤਕ ਇਕੱਠ ਵਿਚ ਭਾਸ਼ਨ ਦਿੰਦਾ ਹੈ, ਕੋਈ ਕਿਤਾਬ ਰਾਹੀਂ ਇਹ ਕੰਮ ਕਰਦਾ ਹੈ ਅਤੇ ਕੋਈ ਕਵਿਤਾ ਰਾਹੀਂ ਗਾ ਕੇ ਆਪਣਾ ਮਨੋਰਥ ਹਾਸਲ ਕਰਦਾ ਹੈ। ਕੋਈ ਮੰਚ 'ਤੇ ਨਾਟਕ ਖੇਡ ਕੇ, ਫ਼ਿਲਮਾਂ ਰਾਹੀਂ ਅਤੇ ਕੋਈ ਅੱਜ-ਕੱਲ੍ਹ ਦੇ ਪ੍ਰਚਲਿਤ ਬਿਜਲੀ ਉਪਕਰਣਾਂ ਜਾਂ ਟੀ.ਵੀ. ਨੂੰ ਵੀ ਅਪਣਾ ਕੇ ਆਪਣੇ ਪ੍ਰਯੋਜਨ ਵਿਚ ਸਫ਼ਲ ਹੁੰਦਾ ਹੈ।

ਸਿੱਖ ਗੁਰੂ ਸਾਹਿਬਾਨ ਨੇ ਗੋਸ਼ਟੀਆਂ ਕਰ ਕੇ ਅਤੇ ਰਾਗ, ਰਾਗਣੀਆਂ ਨਾਲ ਗੁਰਬਾਣੀ ਗਾ ਕੇ ਆਪਣਾ ਸੰਦੇਸ਼ ਜਨ-ਸਧਾਰਨ ਤਕ ਪਹੁੰਚਾਇਆ। ਇਹਨਾਂ ਵਿਚ ਕੁਝ ਰਾਗ ਗੁਰੂ ਮਹਾਰਾਜ ਦੇ ਖ਼ੁਦ ਸਿਰਜੇ ਹੋਏ ਸਨ, ਬਾਕੀ ਸਮੇਂ ਦੇ ਪ੍ਰਚਲਿਤ ਰਾਗਾਂ ਨੂੰ ਅਪਣਾਇਆ। ਗਾਇਨ ਸ਼ੈਲੀ ਭੀ ਸਮੇਂ ਅਤੇ ਸਥਾਨ ਅਨੁਸਾਰ ਉਹ ਅਪਣਾਈ ਜੋ ਲੋਕ-ਮਨਾਂ ਵਿਚ ਵੱਸੀ ਹੋਈ ਸੀ। ਗੁਰੂ ਸਾਹਿਬ ਨੇ ਛੰਤ, ਬਿਰਹੜੇ, ਘੋੜੀਆਂ, ਅਲਾਹਣੀਆਂ, ਕਰਹਲੇ, ਵਣਜਾਰੇ, ਪਹਰੇ, ਬਾਰਹਮਾਹੇ, ਦਿਨ ਰੈਣ, ਚਉਬੋਲੇ ਅਤੇ ਵਾਰਾਂ ਆਦਿ ਸਭ ਨੂੰ ਪ੍ਰਵਾਨ ਕਰ ਕੇ ਗਾਇਆ। ਇਥੋਂ ਤਕ ਕਿ ਬਾਈ ਵਾਰਾਂ ਵਿਚੋਂ ਨੌਂ ਵਾਰਾਂ ਨੂੰ ਗਾਉਣ ਲਈ ਉਸ ਸ਼ੈਲੀ ਵਿਚ ਗਾਉਣ ਦੇ ਆਦੇਸ਼ ਦਿੱਤੇ ਜੋ ਲੋਕ-ਮਨਾਂ ਵਿਚ ਵੱਸੀਆਂ ਹੋਈਆਂ ਸਨ। ਜਿਹਾ ਕਿ :

1. ਵਾਰ ਮਾਝ ਕੀ—ਮਲਕ ਮੁਰੀਦ ਮਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ
2. ਗਉੜੀ ਕੀ ਵਾਰ ਮਹਲਾ ੫—ਰਾਇ ਕਮਾਲ ਦੀ ਮੋਜਦੀ ਕੀ ਵਾਰ ਧੁਨਿ ਉਪਰਿ ਗਾਵਣੀ
3. ਆਸਾ ਮਹਲਾ ੧ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ—ਟੁੰਡੇ ਅਸਰਾਜੇ ਕੀ ਧੁਨੀ

ਇਸੇ ਤਰ੍ਹਾਂ ਛੇ ਹੋਰ ਵਾਰਾਂ ਦੇ ਗਾਉਣ ਲਈ ਧੁਨੀਆਂ ਦਰਜ ਹਨ। ਗੁਰੂ ਸਾਹਿਬ ਨੇ ਇਹਨਾਂ ਵਾਰਾਂ ਦਾ ਵਿਸ਼ਾ-ਵਸਤੂ ਨੂੰ ਨਹੀਂ ਪਕੜਿਆ

ਕੇਵਲ ਧੁਨੀਆਂ ਨੂੰ ਅਪਣਾਇਆ ਕਿਉਂਕਿ ਇਹ ਧੁਨਾਂ ਲੋਕ-ਮਨਾਂ ਵਿਚ ਧਸੀਆਂ ਹੋਈਆਂ ਸਨ। ਇਸੇ ਲਈ ਇਹਨਾਂ ਧੁਨੀਆਂ ਰਾਹੀਂ ਆਪਣੇ ਵਿਚਾਰ ਲੋਕ-ਮਨਾਂ ਵਿਚ ਵਸਾ ਦੇ ਸਿੱਖੀ ਪ੍ਰਫੁਲਿਤ ਕੀਤੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕਰ ਕੇ ਢਾਡੀਆਂ ਰਾਹੀਂ ਵਾਰਾਂ ਗਾਉਣ ਦਾ ਸਿਲਸਿਲਾ ਅਰੰਭ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਰਾਹੀਂ ਵਾਰਾਂ ਗਾ ਕੇ ਰਾਗੀਆਂ ਨੇ ਆਤਮਿਕ ਉੱਨਤੀ ਲਈ ਸ਼ੁਭ ਗੁਣਾਂ ਦਾ ਪਾਸਾਰ ਕੀਤਾ ਅਤੇ ਸਮਾਜਿਕ ਤੌਰ ’ਤੇ ਸੰਗਠਿਤ ਹੋ ਕੇ ਜ਼ਾਲਮ ਅਤੇ ਜ਼ੁਲਮ ਨਾਲ ਜੂਝਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਮੀਰੀ-ਪੀਰੀ ਦੇ ਮਾਲਕ ਨੇ ਇਤਿਹਾਸਿਕ ਵਾਰਾਂ ਗਾਉਣ ਦਾ ਆਦੇਸ਼ ਦਿੱਤਾ।

ਕਿਉਂਕਿ ਸਿੱਖ ਇਤਿਹਾਸਿਕ ਨਾਇਕ ਇਸ ਸਮੇਂ ਤੋਂ ਪਿੱਛੋਂ ਹੋਏ, ਇਸ ਲਈ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਢਾਡੀ, ਦੇਵਤਿਆਂ ਅਤੇ ਰਾਖਸ਼ਾਂ ਦੇ ਯੁੱਧ ਜਾਂ ਇਸੇ ਤਰ੍ਹਾਂ ਦੀਆਂ ਹੋਰ ਵਾਰਾਂ ਗਾ ਕੇ ਧਾਰਮਿਕ ਯੁੱਧ ਲਈ ਸਿੱਖ ਸੰਗਤਾਂ ਵਿਚ ਜੋਸ਼ ਭਰਦੇ ਸਨ।

ਦਸਮੇਸ਼ ਪਿਤਾ ਦੇ ਰਚਿਤ ਦਸਮ ਗ੍ਰੰਥ ਵਿਚ ਆਏ ਯੁੱਧਾਂ ਦਾ ਵਰਨਨ ਭੀ ਇਸੇ ਖ਼ਿਆਲ ਨਾਲ ਕੀਤਾ ਗਿਆ। ਇਸੇ ਲਈ ਕਲਗੀਧਰ ਪਿਤਾ ਵਾਰ-ਵਾਰ ਦੱਸ ਰਹੇ ਹਨ ਕਿ ਮੇਰਾ ਇਹ ਪ੍ਰਸੰਗ ਲਿਖਣ ਦਾ ਮਕਸਦ ਹੈ:

**ਅਵਰ ਵਾਸਨਾ ਨਾਹਿ ਕੁਛ ਧਰਮ ਜੁਧ ਕੈ ਚਾਇ॥**

ਭਾਈ ਕਾਨ੍ਹ ਸਿੰਘ ਜੀ ਦੇ ਸਪੁੱਤਰ ਭਾਈ ਭਗਵੰਤ ਸਿੰਘ (ਹਰਿ ਜੀ) ਦੇ ਰਚਿਤ ‘ਦਸਮ ਗ੍ਰੰਥ ਬਾਣੀ ਬਿਓਰਾ’ ਸੰਪਾਦਕ ਡਾ. ਰਤਨ ਸਿੰਘ ਜੱਗੀ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਭੂਮਿਕਾ ਵਿਚ ਜੱਗੀ ਜੀ ਨੇ ਇਸ ਖ਼ਿਆਲ ਨੂੰ ਕਬੂਲਿਆ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਪਿੱਛੋਂ ਅਤੇ ਖ਼ਾਲਸਾ ਰਾਜ ਦੀ ਸਮਾਪਤੀ ਬਾਅਦ ਭੀ ਜਦ ਪੰਥ ਵਿਚ ਧਾਰਮਿਕ, ਰਾਜਸੀ ਅਤੇ ਇਖ਼ਲਾਕੀ ਖ਼ਲਾਅ ਪੈਦਾ ਹੋ ਗਿਆ ਤਾਂ ਸਿੰਘ ਸਭਾ ਲਹਿਰ ਵੇਲੇ ਪ੍ਰਸਿੱਧ ਢਾਡੀਆਂ ਦੀਆਂ ਵਾਰਾਂ ਨੇ ਸਿੱਖ ਮਨਾਂ ਵਿਚ ਪੰਥ ਲਹੀ ਮਰ-ਮਿਟਣ ਦਾ ਜੋਸ਼ ਭਰ ਦਿੱਤਾ। ਸਮੇਂ ਦੇ ਪ੍ਰਸਿੱਧ ਢਾਡੀ ਦਇਆ ਸਿੰਘ ਦਿਲਬਰ ਜਾਂ ਸੋਹਣ ਸਿੰਘ ਸੀਤਲ ਵਰਗੇ ਜਦ ਸਟੇਜ ’ਤੇ ਆ ਕੇ ਪ੍ਰਚਲਿਤ ਧੁਨੀਆਂ ਵਿਚ ਸਿੱਖ ਇਤਿਹਾਸਿਕ ਨਾਇਕਾਂ ਦੀਆਂ ਵਾਰਾਂ ਗਾਉਂਦੇ ਸਨ ਤਾਂ ਮਾੜੇ ਤੋਂ ਮਾੜੇ ਬੰਦੇ ਅੰਦਰ ਜੋਸ਼ ਆ ਜਾਂਦਾ ਸੀ।

ਪਿਛਲੀ ਸਦੀ ਦੇ ਅਰੰਭ ਵਿਚ ਵਿਦਿਅਕ ਸਕੂਲ ਨਾਮ-ਮਾਤਰ ਸਨ, ਗੁਰਬਾਣੀ ਦਾ ਪਾਠ-ਪਠਨ ਭੀ ਦੂਰ-ਦੁਰਾਡੇ ਡੇਰਿਆਂ ਵਿਚ ਹੁੰਦਾ ਸੀ। ਪਿੰਡਾਂ ਵਿਚ ਮਨ-ਪ੍ਰਚਾਵੇ ਲਈ ਜਨ-ਸਧਾਰਨ ਮੇਲਿਆਂ ਦੇ ਅਖਾੜਿਆਂ ਵਿਚੋਂ ਸੁਣ ਕੇ ਜਾਂ ਲੋਕ-ਪ੍ਰਚਲਿਤ ਕਲੀਆਂ ਅਤੇ ਬੋਲੀਆਂ ਗਾਉਂਦੇ ਸਨ। ਰਾਤ ਨੂੰ ਖੂਹ ਗੇੜਨ ਵੇਲੇ ਜਾਂ ਖੇਤਾਂ ਵਿਚ ਉੱਚੀ ਅਵਾਜ਼ ਨਾਲ ਹੇਕਾਂ ਲਾ-ਲਾ ਕੇ ਇਹਨਾਂ ਨੂੰ ਕਿੱਸਾ-ਰੂਪ ਵਿਚ ਗਾਉਂਦੇ ਸਨ।

ਸੰਤ ਅਤਰ ਸਿੰਘ ਜੀ ਮਸਤੂਆਣਾ ਜਦ ਨੌਕਰੀ ਤੋਂ ਵਿਹਲੇ ਹੋ ਕੇ ਆਪਣੇ ਪਿੰਡਾਂ ਵਿਚ ਸਿੱਖੀ ਪ੍ਰਚਾਰ ਵਿਚ ਜੁਟ ਗਏ ਤਾਂ ਲੋਕਾਂ ਨੂੰ ਕਹਿਣਾ, 'ਭਾਹੀ, ਤੁਸੀਂ ਇਹ ਕਲੀਆਂ, ਕਿੱਸੇ ਛੱਡੋ ਅਤੇ ਗੁਰਬਾਣੀ ਗਾਓ, ਬੜਾ ਆਨੰਦ ਆਵੇਗਾ।' ਕੁਝ ਸਿੱਧੇ-ਸਾਦੇ ਲੋਕ ਅਤੇ ਕੁਝ ਮਨਚਲੇ ਲੋਕ ਸੰਤਾਂ ਨੂੰ ਕਹਿਣ ਲੱਗੇ, 'ਬਾਬਾ! ਤੂੰ ਸਾਡੇ ਵਾਲੇ ਗਾਉਣ ਗਾ ਕੇ ਦੇਖ, ਕਿੰਨਾ ਅਨੰਦ ਆਉਂਦਾ ਹੈ।'

ਮਹਾਂਪੁਰਖਾਂ ਨੇ ਲੋਕਾਂ ਦੇ ਮਨ ਦੀ ਨਬਜ਼ ਟਟੋਲੀ ਅਤੇ ਉਹਨਾਂ ਨੇ ਧਾਰਨਾ ਬਣਾ ਕੇ ਗੁਰਬਾਣੀ ਪੜ੍ਹਨੀ ਸ਼ੁਰੂ ਕੀਤੀ:

**ਮੋਤੀ ਚੁਗਣੇ ਨੂੰ ਹੰਸ ਬਣਾਇਆ**
**ਆ ਕੇ ਬਹਿ ਗਿਆ ਕਰੰਗਾਂ 'ਤੇ।**

ਫਿਰ ਵਿਚ-ਵਿਚ ਗੁਰਬਾਣੀ ਦੀਆਂ ਤੁਕਾਂ ਪੜ੍ਹਨ:

**ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥**
**ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥**
**ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥**
**ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥**

*(ਅੰਗ ੭੯੦)*

ਸਿੱਧੇ-ਸਾਦੇ ਸ਼ਬਦਾਂ ਵਿਚ ਸਿਧੀਆਂ ਧਾਰਨਾਂ ਨਾਲ ਗੁਰਬਾਣੀ ਦਾ ਸਾਰੰਸ ਜਦ ਲੋਕਾਂ ਦੇ ਮਨਾਂ ਵਿਚ ਵੱਸ ਗਿਆ ਤਾਂ ਉਹੀ ਬੋਲੀਆਂ ਪਾਉਣ ਵਾਲੇ ਲੋਕ ਫਿਰ ਬਾਣੀ ਪੜ੍ਹਨ ਲੱਗ ਪਏ। ਜਿਸ ਨਾਲ ਮਾਲਵੇ ਵਿਚ, ਜਿਸ ਨੂੰ ਹੁਣ ਤਕ ਜੰਗਲ ਦੇਸ ਕਿਹਾ ਜਾਂਦਾ ਹੈ, ਵਿਚ ਸਿੱਖੀ ਪ੍ਰਫੁਲਿਤ ਹੋ ਗਈ। ਨਹੀਂ ਤਾਂ ਅਜੇ ਭੀ ਕਈ ਐਸੇ ਪਿੰਡ ਹਨ ਜਿਥੇ ਕੋਈ ਪੰਜ-ਕਕਾਰੀ ਰਹਿਤਵਾਨ ਸਿੱਖ ਕਿਸੇ ਦੇ ਘਰ ਚਲਾ ਜਾਵੇ ਤਾਂ ਘਰ ਵਾਲੇ ਗੁਆਂਢੀਆਂ ਨੂੰ ਕਹਿੰਦੇ ਹਨ ਕਿ ਸਾਡੇ ਘਰ ਸਿੱਖ ਆਏ ਹੋਏ ਹਨ।

ਸੰਤ ਅਤਰ ਸਿੰਘ ਜੀ ਦਾ ਚਲਾਇਆ ਇਹ ਧਾਰਨਾਂ ਵਾਲਾ ਕੀਰਤਨ

ਐਸਾ ਮਕਬੂਲ ਹੋਇਆ ਕਿ ਪਿੰਡਾਂ ਦੀ ਸੰਗਤ ਕਲਾਸੀਕਲ ਰਾਗ ਵਿਚ ਕੀਤਾ ਕੀਰਤਨ ਪਸੰਦ ਹੀ ਨਹੀਂ ਕਰਦੀ ਪਰ ਸੰਤ ਜੀ ਨੂੰ ਰਾਗਾਂ ਦਾ ਕੋਈ ਗਿਆਨ ਸੀ ਕਿ ਨਹੀਂ, ਇਹ ਹੇਠ ਲਿਖੀ ਵਾਰਤਾ ਤੋਂ ਪ੍ਰਗਟ ਹੋ ਜਾਂਦਾ ਹੈ।

ਇਕ ਵਾਰੀ ਸੰਤ ਅਤਰ ਸਿੰਘ ਜੀ ਕਸ਼ਮੀਰ ਗਏ ਹੋਏ ਸਨ ਅਤੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਜੇ ਦੀਵਾਨਾਂ ਵਿਚ ਧਾਰਨਾਂ ਵਾਲਾ ਕੀਰਤਨ ਕਰ ਰਹੇ ਸਨ। ਕੁਦਰਤੀ ਰਾਗ-ਪ੍ਰਬੀਣ ਰਾਗੀ ਭਾਈ ਕਾਨ੍ਹ ਸਿੰਘ ਜੀ ਨਾਭਾ ਵੀ ਦੀਵਾਨ ਵਿਚ ਪਹੁੰਚ ਗਏ। ਕੀਰਤਨ ਸੁਣਿਆਂ ਭਾਈ ਸਾਹਿਬ ਦੇ ਮਨ ਵਿਚ ਫੁਰਨਾ ਆਇਆ ਕਿ ਸੰਤ ਜੀ ਨੂੰ ਰਾਗਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਦੀਵਾਨ ਦੀ ਸਮਾਪਤੀ 'ਤੇ ਜਦ ਭਾਈ ਸਾਹਿਬ ਸੰਤ ਜੀ ਨੂੰ ਮਿਲੇ ਤਾਂ ਸੰਤ ਕਹਿਣ ਲੱਗੇ, 'ਕਾਨ੍ਹ ਸਿੰਘ ਜੀ, ਸਾਡਾ ਇਸ ਜਟਕੇ ਕੀਰਤਨ ਨਾਲ ਹੀ ਕੰਮ ਸਰ ਜਾਂਦਾ ਹੈ ਪਰ ਜੇ ਕਹੋ ਤਾਂ ਤੁਹਾਨੂੰ ਰਾਗ ਭੀ ਸੁਣਾ ਦਿੰਦੇ ਹਾਂ।'

ਉਸੇ ਵੇਲੇ ਬਗ਼ੈਰ ਕਿਸੇ ਸਾਜ਼ ਤੋਂ ਸੰਤਾਂ ਨੇ ਦੋ ਸ਼ਬਦ ਸਹੀ ਸੁਰ, ਤਾਲ ਅਤੇ ਲੈਅ ਵਿਚ ਸੁਣਾਏ। ਇਕ ਧਨਾਸਰੀ ਰਾਗੁ ਵਿਚ ਦੂਸਰਾ ਕਾਨੜੇ ਰਾਗੁ ਵਿਚ। ਭਾਈ ਕਾਨ੍ਹ ਸਿੰਘ ਜੀ ਸੁਣ ਕੇ ਵਿਸਮਾਦੀ ਰੰਗ ਵਿਚ ਆ ਗਏ ਕਿ ਕਿਸ ਤਰ੍ਹਾਂ ਸੰਤ ਜੀ ਨੇ ਕਿਸੇ ਤੋਂ ਸਿੱਖੇ ਬਗ਼ੈਰ ਯਕਦਮ ਹੀ ਰਾਗ-ਬੱਧ ਕੀਰਤਨ ਕਰ ਦਿਖਾਇਆ।

ਸਾਨੂੰ ਤਾਂ ਭਾਈ ਕਾਨ੍ਹ ਸਿੰਘ ਜੀ ਦੇ ਸਪੁੱਤਰ ਭਾਈ ਭਗਵੰਤ ਸਿੰਘ ਤੋਂ ਪਤਾ ਲੱਗਾ ਜੋ ਕਿ ਬਾਪੂ ਜੀ ਗਿ. ਜਸਵੰਤ ਸਿੰਘ ਜੀ ਦੇ ਹਮ-ਜਮਾਤੀ ਸਨ, ਪਰ ਸੰਤਾਂ ਦੇ ਸੇਵਕ ਪ੍ਰਿੰਸੀਪਲ ਤੇਜਾ ਸਿੰਘ ਡਬਲ ਐਮ.ਏ. ਨੇ ਸੰਤਾਂ ਦੀ ਜੀਵਨ-ਕਥਾ ਵਿਚ ਭੀ ਇਹ ਘਟਨਾ ਲਿਖੀ ਹੋਈ ਹੈ।

ਜਦ ਸਵਰਗੀ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਜੀ ਪਹਿਲਾਂ-ਪਹਿਲ ਅਮਰੀਕਾ ਜਾ ਕੇ ਸਿੱਖੀ ਪ੍ਰਚਾਰ ਕਰਨ ਲੱਗੇ ਤਾਂ ਕੋਈ ਖ਼ਾਸ ਸਫ਼ਲਤਾ ਨਾ ਮਿਲੀ। ਫਿਰ ਯੋਗੀ ਜੀ ਲੋਕਾਂ ਦੀ ਮਨੋਬਿਰਤੀ ਜੋਗ-ਮਤ ਵੱਲ ਉਲਾਰੂ ਹੋਣ ਕਰਕੇ, ਜੋਗ-ਮੱਤ ਦੇ ਕੁਝ ਗੁਰ ਅਪਣਾ ਕੇ ਲੋਕਾਂ ਨੂੰ ਪ੍ਰੇਰਿਤ ਕੀਤਾ ਅਤੇ ਨਾਲ ਹੀ ਗੁਰਮੰਤਰ ਦਾ ਜਾਪ ਅਤੇ ਸ਼ਬਦਾਂ ਦਾ ਪਾਠ ਸੰਗਤ ਨੂੰ ਕਰਾਉਣਾ ਸ਼ੁਰੂ ਕੀਤਾ। ਇਸ ਤਰ੍ਹਾਂ ਕਾਫ਼ੀ ਸੰਗਤ ਜੁੜਨ ਲੱਗੀ ਅਤੇ ਅੱਜ ਤਕਰੀਬਨ ਸੱਠ-ਸੱਤਰ ਹਜ਼ਾਰ ਅਮਰੀਕਨ ਗੋਰੇ ਅਤੇ ਹੋਰ ਵਿਦੇਸ਼ੀ ਸਿੱਖੀ ਧਾਰਨ ਕਰ ਗਏ ਹਨ।

ਯੋਗੀ ਹਰਭਜਨ ਸਿੰਘ ਜੀ ਨੇ ਜੋਗ ਨੂੰ ਮਾਧਿਅਮ ਬਣਾ ਕੇ ਸਿੱਖੀ ਪ੍ਰਚਾਰ

ਕੀਤਾ। ਇਸੇ ਤਰ੍ਹਾਂ ਸੰਤ ਅਤਰ ਸਿੰਘ ਜੀ ਅਤੇ ਉਹਨਾਂ ਤੋਂ ਪਿੱਛੋਂ ਹੋਰ ਮਹਾਂਪੁਰਖਾਂ ਨੇ ਧਾਰਨਾ ਰਾਹੀਂ ਸਿੱਖੀ ਪ੍ਰਚਾਰ ਕਰ ਕੇ ਖ਼ਾਲਸਾ ਪੰਥ ਦੀ ਸੇਵਾ ਕੀਤੀ। ਪਰ ਮਿਸ਼ਨਰੀ ਕਾਲਜ ਵਾਲਿਆਂ ਅਤੇ ਖ਼ਾਸ ਕਰਕੇ ਬਾਬਾ ਜੀ ਥਾਈਲੈਂਡ (ਪ੍ਰੋ. ਗੁਰਬਚਨ ਸਿੰਘ) ਨੂੰ ਇਹ ਹਜ਼ਮ ਨਹੀਂ ਹੁੰਦਾ। ਇਸ ਲਈ ਆਪਣੀ ਕਿਤਾਬ 'ਵਿਰਲੈ ਕਿਨੈ ਵੀਚਾਰਿਆ' ਦੇ ਪੰਨਾ 262 'ਤੇ 'ਕੀ ਇਸ ਨੂੰ ਗੁਰਬਾਣੀ ਦਾ ਸਤਿਕਾਰ ਕਿਹਾ ਜਾ ਸਕਦਾ ਹੈ' ਦੇ ਸਿਰਲੇਖ ਹੇਠ ਲਿਖਦੇ ਹਨ ਕਿ 'ਇਕ ਘਰ ਵਿਚ ਚਿੱਟੇ ਚੋਲਿਆਂ ਵਾਲਿਆਂ ਦੀ ਮੰਡਲੀ ਕੀਰਤਨ ਅਤੇ ਕਥਾ ਨੂੰ ਛੱਡ ਕੇ ਲੋਕ-ਗੀਤਾਂ ਦੀਆਂ ਧਾਰਨਾਂ 'ਤੇ ਵੱਖ-ਵੱਖ ਪ੍ਰਕਾਰ ਦੀਆਂ ਬੋਲੀਆਂ ਪਾ ਰਹੀ ਸੀ, ਜਿਸ ਨੂੰ ਉਹ ਗੁਰਬਾਣੀ ਦਾ ਇਲਾਹੀ ਕੀਰਤਨ ਦੱਸ ਰਹੀ ਸੀ।'

ਜੇ ਅੱਜ-ਕੱਲ੍ਹ ਦੇ ਕਥਾ ਅਤੇ ਕੀਰਤਨ ਦੀ ਗਹਿਰਾਈ ਵਿਚ ਜਾ ਕੇ ਦੇਖਿਆ ਜਾਵੇ ਤਾਂ ਸ਼ਬਦ ਦੀ ਕਥਾ ਕਰਨ ਵੇਲੇ ਜੋ ਭੂਮਿਕਾ ਕਥਾਵਾਚਕ ਬੰਨ੍ਹਦੇ ਹਨ, ਕੀ ਉਸ ਨੂੰ ਗੁਰਬਾਣੀ ਦੀ ਵਿਚਾਰ ਕਿਹਾ ਜਾ ਸਕਦਾ ਹੈ ? ਜਿਸ ਤਰ੍ਹਾਂ ਬੰਗਲਾ ਸਾਹਿਬ ਦੇ ਗੁਰਦੁਆਰਾ ਸਾਹਿਬ ਤੋਂ ਕਥਾ ਸੁਣਦੇ ਹਾਂ, ਇਹ ਸਾਫ਼ ਪਤਾ ਚੱਲਦਾ ਹੈ ਕਿ ਕਥਾਵਾਚਕ ਨੇ ਪਹਿਲੋਂ ਹੀ ਮਨ ਬਣਾਇਆ ਹੁੰਦਾ ਹੈ ਕਿ ਮੈਂ ਅੱਜ ਦਸਮ ਗ੍ਰੰਥ ਦੇ ਵਿਰੁੱਧ ਬੋਲਣਾ ਹੈ, ਸੰਤਾਂ ਦੀ ਭੰਡੀ ਕਰਨੀ ਹੈ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਬਾਦਲ ਅਕਾਲੀ ਦਲ ਦਾ ਤਵਾ ਲਗਾਉਣਾ ਹੈ। ਜਿਸ ਦਾ ਕਿ ਆਮ ਤੌਰ 'ਤੇ ਪਵਿੱਤਰ ਹੁਕਮਨਾਮੇ ਨਾਲ ਦੂਰ ਦਾ ਭੀ ਸੰਬੰਧ ਨਹੀਂ ਹੁੰਦਾ।

ਇਸੇ ਤਰ੍ਹਾਂ ਗੁਰਬਾਣੀ ਦਾ ਕਲਾਸੀਕਲ ਰਾਗਾਂ ਵਿਚ ਕੀਰਤਨ ਕਰਨ ਵੇਲੇ ਜਦ ਰਾਗੀ ਤਾਨਾਂ ਦਾ ਅਲਾਪ ਕਰਦੇ ਹਨ ਜਾਂ ਸਰਗਮ ਅਲਾਪਣ ਵੇਲੇ ਗਲੇ ਦੀਆਂ ਗਰਾਰੀਆਂ ਘੁਮਾਉਂਦੇ ਹਨ, ਕੀ ਉਹ ਗੁਰਬਾਣੀ ਦਾ ਸਤਿਕਾਰ ਹੁੰਦਾ ਹੈ ? ਥਾਈਲੈਂਡ ਵਾਲੇ ਬਾਬਾ ਜੀ ਨੂੰ ਇਹ ਕਿਵੇਂ ਹਜ਼ਮ ਹੁੰਦਾ ਹੈ, ਉਹ ਆਪ ਹੀ ਦੱਸ ਸਕਦੇ ਹਨ।

ਪਰ ਇਕ ਕਹਾਵਤ ਹੈ :

ਲੜਨੇ ਵਾਲੇ ਕੋ ਲੜਨੇ ਕਾ ਬਹਾਨਾ ਚਾਹੀਏ।
ਪੀਨੇ ਵਾਲੇ ਕੋ ਪੀਨੇ ਕਾ ਬਹਾਨਾ ਚਾਹੀਏ।
ਅਤੇ ਬਾਬਾ ਥਾਈਲੈਂਡ ਵਾਲਿਆਂ ਨੂੰ 'ਭੰਡਣ ਦਾ ਬਹਾਨਾ ਚਾਹੀਏ'।

–

# ਯਹਾਂ ਬਾਤੇਂ ਬਿਕਤੀ ਹੈਂ

ਇਕ ਬੰਦਾ ਨਵਾਂ-ਨਵਾਂ ਸ਼ਹਿਰ ਜਾ ਕੇ ਬਜ਼ਾਰ ਦੇਖਣ ਚਲਾ ਗਿਆ। ਹਰ ਪ੍ਰਕਾਰ ਦੀਆਂ ਚੀਜ਼ਾਂ ਨਾਲ ਦੁਕਾਨਾਂ ਸੱਜੀਆਂ ਹੋਈਆਂ ਸਨ। ਕਿਸੇ ਦੁਕਾਨ ਵਿਚ ਪ੍ਰਚੂਨ ਦਾ ਸਮਾਨ ਸੀ, ਕੋਈ ਕੱਪੜੇ ਦੀ, ਕਿਸੇ ਵਿਚ ਹਾਰ-ਸ਼ਿੰਗਾਰ ਦਾ ਸਮਾਨ ਪਿਆ ਸੀ। ਇਥੇ ਤਰ੍ਹਾਂ ਕੋਈ ਦਵਾਈਆਂ ਦੀ ਦੁਕਾਨ, ਕੋਈ ਮਠਿਆਈ ਦੀ, ਕਿਤੇ ਸੁਨਿਆਰ ਨੇ ਗਹਿਣੇ ਸਜਾ ਕੇ ਰੱਖੇ ਹੋਏ ਸਨ, ਕੋਈ ਦੁਕਾਨ ਕਿਤਾਬਾਂ ਦੀ, ਭਾਵ ਮਨ-ਭਾਉਂਦੀ ਹਰ ਚੀਜ਼ ਇਥੋਂ ਮਿਲ ਸਕਦੀ ਸੀ।

ਤੁਰਦਾ-ਤੁਰਦਾ ਬੰਦਾ ਇਕ ਦੁਕਾਨ ਅੱਗੇ ਜਾ ਕੇ ਖਲੋ ਗਿਆ ਅਤੇ ਦੇਖਿਆ ਕਿ ਦੁਕਾਨ ਵਿਚ ਕੁਰਸੀਆਂ ਅਤੇ ਮੇਜ਼ ਪਿਆ ਹੈ, ਨਾ ਕੁਝ ਅੰਦਰ ਸਮਾਨ ਹੈ ਅਤੇ ਨਾ ਹੀ ਕੋਈ ਬੰਦਾ ਹੈ। ਥੋੜ੍ਹੀ ਦੇਰ ਪਿੱਛੋਂ ਇਕ ਬੰਦਾ ਆ ਕੇ ਕੁਰਸੀ ’ਤੇ ਬੈਠ ਗਿਆ ਅਤੇ ਅੱਖਾਂ ਮੀਟ ਕੇ ਸੋਚਣ ਲੱਗ ਪਿਆ। ਬੰਦੇ ਨੇ ਹੌਂਸਲਾ ਕੀਤਾ ਅਤੇ ਅੰਦਰ ਜਾ ਕੇ ਪੁੱਛਣ ਲੱਗਾ ਕਿ ਭਾਈ, ਤੁਸੀਂ ਕੀ ਵੇਚਦੇ ਹੋ ?

ਉੱਤਰ ਮਿਲਿਆ, ‘ਯਹਾਂ ਬਾਤੇਂ ਬਿਕਤੀ ਹੈਂ।’

ਬੰਦਾ ਬੜਾ ਹੈਰਾਨ ਹੋਇਆ ਅਤੇ ਪੁੱਛਣ ਲੱਗਾ ਕਿ ਗੱਲਾਂ ਕਿਹੜੀਆਂ ਵੇਚਦੇ ਹੋ, ਉਹ ਕਿਹੋ ਜਿਹੀਆਂ ਹਨ ਅਤੇ ਗੱਲਾਂ ਵੇਚ ਕੇ ਤੁਹਾਡਾ ਅੰਨ-ਪਾਣੀ ਕਿਵੇਂ ਚੱਲਦਾ ਹੈ ?

ਦੁਕਾਨਦਾਰ ਕਹਿਣ ਲੱਗਾ, ‘ਭਾਈ ! ਗੱਲ ਬੜੀ ਸੌਖੀ ਹੈ, ਆਪਣੇ ਆਪ ਨੂੰ ਸਿਆਣਾ ਸਾਬਤ ਕਰਨ ਲਈ, ਸਭ ਨੂੰ ਮੂਰਖ, ਜਾਹਲ, ਅੰਧ-ਵਿਸ਼ਵਾਸੀ ਅਤੇ ਬ੍ਰਾਹਮਣਵਾਦੀ ਕਹੋ। ਬੱਸ, ਇਕ ਵਾਰ ਤੁਸੀਂ ਕਾਮਯਾਬ ਹੋ ਗਏ ਤਾਂ ਆਪਣੇ ਆਪ ਹੀ ਤੁਸੀਂ ਸਭ ਤੋਂ ਸਿਆਣੇ ਬਣ ਗਏ। ਇਸ ਤਰ੍ਹਾਂ ਸਾਰੇ ਤੁਹਾਡੀ ਸਲਾਹ ਲੈਣ ਲੱਗ ਜਾਣਗੇ ਅਤੇ ਨਾਲ ਹੀ ਦੱਛਣਾ, ਦਰਸ਼ਨ-ਭੇਟ ਭੀ ਲਿਆਉਣ ਲੱਗ ਪੈਣਗੇ, ਪੈਸਾ ਅਤੇ ਪ੍ਰਸਿੱਧੀ ਦੋਨੋਂ ਪ੍ਰਾਪਤ ਹੋ ਜਾਣਗੀਆਂ।’

ਹੁਣ ਸਾਡੀ ਹੱਡ-ਬੀਤੀ ਭੀ ਸੁਣੋ। ਇਕ ਦਿਨ ਅਸੀਂ ਗੁਰਦੁਆਰਾ ਸਾਹਿਬ

ਗਏ। ਜਾ ਕੇ ਦੇਖਿਆ ਕਿ ਇਕ ਥਾਂ 'ਤੇ ਅਖੰਡ-ਪਾਠ ਹੋ ਰਿਹਾ ਸੀ। ਦੀਵਾਨ ਹਾਲ ਵਿਚ ਰਾਗੀ ਸਿੰਘ ਕੀਰਤਨ ਕਰ ਰਹੇ ਸਨ, ਕੋਈ ਦਰੀਆਂ ਵਿਛਾ ਰਿਹਾ ਸੀ। ਇਕ ਜੱਥਾ ਫ਼ਰਸ਼ ਦੀ ਧੁਆਈ ਅਤੇ ਪੋਚਾ ਲਗਾ ਰਿਹਾ ਸੀ ਅਤੇ ਕੁਝ ਸਿੰਘ ਸਰੋਵਰ ਦੀਆਂ ਪੌੜੀਆਂ ਦੀ ਸਫ਼ਾਈ ਕਰ ਰਹੇ ਸਨ। ਲੰਗਰ ਵਿਚ ਕੋਈ ਭਾਂਡਿਆਂ ਦੀ ਸੇਵਾ ਕਰ ਰਿਹਾ ਸੀ, ਕੋਈ ਵਰਤਾ ਰਿਹਾ ਸੀ, ਕੋਈ ਜਲ ਦੀ ਸੇਵਾ ਕਰ ਰਿਹਾ ਸੀ।

ਇਸੇ ਤਰ੍ਹਾਂ ਜੋੜਾ ਘਰ ਵਿਚ ਕੋਈ ਜੋੜੇ ਲੈ ਕੇ ਟਿਕਟ ਦੇ ਰਿਹਾ ਸੀ, ਕੁਝ ਸਿੰਘ ਬੜੇ ਪ੍ਰੇਮ ਨਾਲ ਜੋੜੇ ਸਾਫ਼ ਕਰ ਕੇ ਪਾਲਿਸ਼ ਕਰ ਰਹੇ ਸਨ, ਕੋਈ ਹੇਠਾਂ ਫ਼ਰਸ਼ ਦੀ ਸਫ਼ਾਈ ਕਰ ਰਿਹਾ ਸੀ ਅਤੇ ਕੋਈ ਸਿੰਘ ਸੇਵਾ ਕਰਨ ਵਾਲਿਆਂ ਨੂੰ ਚਾਹ-ਪਾਣੀ ਛਕਾ ਰਿਹਾ ਸੀ। ਕਹਿਣ ਦਾ ਭਾਵ ਕਿ ਕੀਰਤਨ ਅਤੇ ਪਾਠ ਸੁਣਨ ਵਾਲਿਆਂ ਨੂੰ ਛੱਡ ਕੇ ਹਰ ਕੋਈ ਕਿਸੇ ਨਾ ਕਿਸੇ ਸੇਵਾ ਵਿਚ ਲੱਗਾ ਹੋਇਆ ਸੀ।

ਅੱਗੇ ਗਏ ਤਾਂ ਦੇਖਿਆ ਕਿ ਤਿੰਨ-ਚਾਰ ਬੰਦੇ ਬਿਲਕੁਲ ਵਿਹਲੇ ਬੈਠੇ ਸਨ, ਨਾ ਉਹਨਾਂ ਦਾ ਧਿਆਨ ਕੀਰਤਨ ਵਿਚ ਸੀ, ਨਾ ਕੋਈ ਪਾਠ ਸੁਣ ਰਿਹਾ ਸੀ। ਬਸ, ਮੁਤਰ-ਮੁਤਰ ਸਭ ਦੇ ਵੱਲ ਵੇਖ ਕੇ ਮੂੰਹ ਵਿਚ ਬੁੜਬੁੜਾ ਰਹੇ ਸਨ। ਅਸੀਂ ਪੁੱਛਿਆ, 'ਭਾਈ, ਤੁਸੀਂ ਗੁਰਦੁਆਰਾ ਸਾਹਿਬ ਆ ਕੇ ਕੀ ਕੀਤਾ ? ਜਾਂ ਕੀ ਕਰਨ ਆਏ ਹੋ ?'

ਸਾਡੀ ਅਵਾਜ਼ ਸੁਣ ਕੇ ਉਹਨਾਂ ਦੇ ਖ਼ਿਆਲਾਂ ਦੀ ਲੜੀ ਟੁੱਟੀ ਅਤੇ ਸਾਵਧਾਨ ਹੋ ਗਏ, ਫਿਰ ਬੋਲੇ, 'ਅਸੀਂ ਪੰਥ ਦੀ ਉਹ ਮਹਾਨ ਸੇਵਾ ਕਰ ਰਹੇ ਹਾਂ ਜੋ ਕੋਈ ਨਹੀਂ ਕਰ ਸਕਦਾ।'

ਸਾਡੀ ਜਗਿਆਸਾ ਦੂਰ ਕਰਨ ਲਈ ਉਹ ਬੋਲੇ, 'ਸਾਡੇ ਕੋਲ ਇਕ ਅਜਿਹਾ ਸ਼ੀਸ਼ਾ ਹੈ ਜਿਸ ਨਾਲ ਹਰ ਇਕ ਦੇ ਮਨ ਦੀ ਹਾਲਤ ਦੇਖ ਸਕਦੇ ਹਾਂ।'

ਅਸਾਂ ਪੁੱਛਿਆ, 'ਫਿਰ ਤੁਸੀਂ ਕੀ ਦੇਖਿਆ ?'

ਕਹਿਣ ਲੱਗੇ, 'ਸਾਡਾ ਸ਼ੀਸ਼ਾ ਬੋਲਦਾ ਹੈ ਕਿ ਜਿੰਨੇ ਭੀ ਬੰਦੇ ਗੁਰਦੁਆਰੇ ਆਏ ਹਨ, ਇਹ ਸਭ ਮੂਰਖ, ਜਹਾਲ, ਅੰਧ-ਵਿਸ਼ਵਾਸੀ ਅਤੇ ਬ੍ਰਾਹਮਣਵਾਦੀ ਹਨ। ਇਹਨਾਂ ਵਿਚੋਂ ਕਿਸੇ ਨੇ ਭੀ ਬਾਣੀ ਵਿਚਾਰ ਕੇ ਨਹੀਂ ਪੜ੍ਹੀ। ਸੇਵਾ ਕਰਨ ਵਾਲੇ ਸਾਰੇ ਹਉਮੈਂ ਅਤੇ ਈਰਖਾ ਦੇ ਭਰੇ ਹੋਏ ਹਨ। ਪਾਠ ਕਰਨ ਵਾਲੇ ਸਭ ਤੋਤਾ-ਰਟਨ ਕਰ ਰਹੇ ਹਨ। ਕੀਰਤਨ ਜੋ ਹੋ ਰਿਹਾ ਹੈ, ਬ੍ਰਾਹਮਣ ਦੇ ਬਣਾਏ ਰਾਗਾਂ ਵਿਚ ਕੀਰਤਨ ਕਰ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ

ਵਾਲੇ, ਪੈਸਾ ਚੜ੍ਹਾਉਣ ਵਾਲੇ, ਫੁੱਲਾਂ ਦੇ ਹਾਰ ਭੇਟਾ ਕਰਨ ਵਾਲੇ ਸਭ ਬ੍ਰਾਹਮਣਾਂ ਦੀ ਮੂਰਤੀ-ਪੂਜਾ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੇਵਲ ਪੂਜਾ ਕਰ ਰਹੇ ਹਨ, ਬਾਣੀ ਇਹਨਾਂ ਸਭ ਗੱਲਾਂ ਦਾ ਖੰਡਨ ਕਰਦੀ ਹੈ। ਕੜਾਹ-ਪ੍ਰਸ਼ਾਦ ਚੜ੍ਹਾ ਕੇ ਅਰਦਾਸਾਂ ਕਰਨ ਵਾਲੇ ਸਭ ਰੱਬ ਨੂੰ ਰਿਸ਼ਵਤ ਦੇ ਕੇ ਪਾਪਾਂ ਤੋਂ ਖ਼ਲਾਸੀ ਮੰਗਣ ਵਾਲੇ ਹਨ, ਪੰਜ ਰੁਪਏ ਦਾ ਪ੍ਰਸ਼ਾਦ ਦੇ ਕੇ ਮੁੰਡਾ ਮੰਗਣ ਆਏ ਹਨ।'

ਅਸੀਂ ਪੁੱਛਿਆ, 'ਭਾਈ, ਤੁਹਾਨੂੰ ਇੰਨਾ ਕੀਮਤੀ ਸ਼ੀਸ਼ਾ ਕਿਥੋਂ ਪ੍ਰਾਪਤ ਹੋਇਆ ਅਤੇ ਕਿਵੇਂ ਪ੍ਰਾਪਤ ਹੋਇਆ ਹੈ ?'

ਉੱਤਰ ਵਿਚ ਉਹਨਾਂ ਦੱਸਿਆ ਕਿ ਇਹ ਸਾਰੇ ਮਿਸ਼ਨਰੀ ਕਾਲਜਾਂ ਵਿਚ ਉਪਲਬਧ ਹੈ ਪਰ ਉਹ ਦੇਸੀ ਹਨ। ਸਾਡਾ ਸ਼ੀਸ਼ਾ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਪੰਜਾਬੀ ਬਾਗ਼ ਜਵੱਦੀ (ਲੁਧਿਆਣਾ) ਨੇ ਵਿਦੇਸ਼ ਤੋਂ ਮੰਗਵਾਇਆ ਹੈ ਅਤੇ ਇਸ ਦੇ ਤੱਥ ਹਮੇਸ਼ਾ ਠੀਕ ਹੁੰਦੇ ਹਨ।

ਸਾਡੀਆਂ ਗੱਲਾਂ ਸੁਣ ਕੇ ਹੋਰ ਭੀ ਪ੍ਰੇਮੀ ਗੁਰਸਿੱਖ ਇਕੱਠੇ ਹੋ ਗਏ ਅਤੇ ਕੀਮਤੀ ਗੱਲਾਂ ਸੁਣਨ ਵਾਲਿਆਂ ਦੀ ਭੀੜ ਲੱਗ ਗਈ। 'ਗੁਰਮਤਿ ਗਿਆਨ ਮਿਸ਼ਨਰੀ ਕਾਲਜ' ਦਾ ਨਾਉਂ ਸੁਣ ਕੇ ਸਭ ਚੁਕੰਨੇ ਹੋ ਗਏ। ਇਤਨੇ ਚਿਰ ਨੂੰ ਇਕ ਗੁਰਮੁਖ ਪਿਆਰੇ ਨੇ ਜੇਬ ਵਿਚੋਂ ਇਕ ਸ਼ੀਸ਼ਾ ਕੱਢਿਆ ਅਤੇ ਵਿਹਲੜ, ਹੱਡ-ਹਰਾਮ ਸਭ ਨੂੰ ਬ੍ਰਾਹਮਣਵਾਦੀ ਕਹਿਣ ਵਾਲਿਆਂ ਵੱਲ ਘੁਮਾਇਆ ਅਤੇ ਉੱਚੀ ਅਵਾਜ਼ ਵਿਚ ਕਹਿਣ ਲੱਗਾ, 'ਖ਼ਾਲਸਾ ਜੀ, ਮੈਂ ਆਪਣਾ ਸ਼ੀਸ਼ਾ ਲਾ ਕੇ ਦੇਖਿਆ ਹੈ। ਇਹ ਸਭ ਸਿੱਖੀ ਭੇਸ ਵਿਚ ਨਾਸਤਿਕਾਂ ਦਾ ਟੋਲਾ ਹੈ।'

ਇਕ ਸੱਜਣ ਵੱਲ ਇਸ਼ਾਰਾ ਕਰ ਕੇ ਕਹਿਣ ਲੱਗਾ ਕਿ ਉਹੀ ਪ੍ਰੋਫ਼ੈਸਰ ਧੂੰਦਾ ਹੈ ਜੋ ਪਿੱਛੇ ਜਿਹੇ ਕੈਨੇਡਾ ਜਾ ਕੇ ਗੁਰਦੁਆਰਿਆਂ ਵਿਚ ਸੰਗਤਾਂ ਨੂੰ ਗੁਮਰਾਹਕੁੰਨ ਲੈਕਚਰ ਦੇ ਕੇ ਆਇਆ ਹੈ। ਇਸੇ ਕਾਰਨ ਇਸ ਨੂੰ ਅਕਾਲ ਤਖ਼ਤ ਸਾਹਿਬ ਤੋਂ ਲਿਖਤੀ ਮੁਆਫ਼ੀ ਮੰਗਣੀ ਪਈ।

ਇਸ ਦਾ ਦੂਸਰਾ ਸਾਥੀ ਸੰਤਾਂ ਦੇ ਕੌਤਕਾਂ ਦਾ ਲਿਖਣ ਵਾਲਾ ਸੁਖਵਿੰਦਰ ਸਿੰਘ ਸਭਰਾ ਹੈ। ਇਸ ਦੀ ਅਕਲ ਅਤੇ ਇਲਮ ਦੀ ਸੀਮਾ ਪੁਲਿਸ ਦੇ ਸਿਪਾਹੀ ਦੀ ਪੱਧਰ ਦੀ ਹੈ। ਝੂਠ ਬੋਲਣਾ ਅਤੇ ਗੱਲ-ਬਾਤ ਵੇਲੇ ਗਾਲ਼ੀ-ਗਲੋਚ ਕਰਨਾ ਇਸ ਦਾ ਪਰਮ-ਧਰਮ ਹੈ।

ਅਹਿ ਤੀਸਰਾ, ਸ੍ਰੀਮਾਨ ਇੰਦਰ ਸਿੰਘ ਘੱਗਾ ਇੰਟਰਨੈਸ਼ਨਲ ਝੂਠ ਦੇ ਪੁਲੰਦੇ ਹਨ। ਇਹ ਪਹਿਲਾਂ ਆਪਣੀ ਕੈਨੇਡਾ ਫੇਰੀ ਵੇਲੇ ਸੰਗਤਾਂ ਤੋਂ ਚੰਗੀ ਸੇਵਾ ਕਰਾ ਕੇ ਆਏ ਹਨ। ਇਹਨਾਂ ਦਾ ਕਹਿਣਾ ਹੈ ਕਿ ਮੈਂ ਆਪਣੇ ਸ਼ੀਸ਼ੇ ਰਾਹੀਂ ਦੇਖਿਆ ਹੈ ਕਿ ਜਦ ਪੰਚਮ ਪਿਤਾ ਨੂੰ ਤੱਤੀ ਤਵੀ 'ਤੇ ਬਿਠਾਇਆ

ਤਾਂ ਉਹ ਬੇਹੋਸ਼ ਹੋ ਗਏ। ਇਸੇ ਤਰ੍ਹਾਂ ਆਪਣੀ ਬਦ-ਕਲਾਮੀ ਕਾਰਨ ਨੱਕ-ਮੂੰਹ ਭਨਾ ਕੇ ਕਈ ਦਿਨ ਹਸਪਤਾਲ ਦਾਖ਼ਲ ਰਹੇ। ਪਰ ਅਜੇ ਭੀ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਨਹੀਂ ਆਏ। ਇਹ ਇਕੋ-ਸਾਹੇ ਇੰਨਾ ਝੂਠ ਬੋਲਣ ਵਿਚ ਮਾਹਰ ਹਨ ਕਿ ਹੋਰ ਕੋਈ ਮੁਕਾਬਲਾ ਨਹੀਂ ਕਰ ਸਕਦਾ।

ਇਹਨਾਂ ਦੇ ਚੌਥੇ ਸਾਥੀ ਥਾਈਲੈਂਡ ਵਾਲੇ ਬਾਬਾ ਜੀ ਕਹਾਉਂਦੇ ਹਨ। ਇਹਨਾਂ ਦੀ ਕਿਤਾਬ 'ਵਿਰਲੈ ਕਿਨੈ ਵੀਚਾਰਿਆ' ਅੱਗੇ ਸ਼ਾਇਦ ਕਾਲਾ ਅਫ਼ਗਾਨਾ ਦੀ ਲਿਖਤ ਭੀ ਫਿੱਕੀ ਪੈ ਜਾਂਦੀ ਹੈ। ਇਹ ਸਾਰੇ ਪੈਰ-ਪੈਰ 'ਤੇ ਝੂਠ ਬੋਲਣ ਵਾਲੇ, ਰਿਸ਼ਵਤਖ਼ੋਰ, ਬਲਾਤਕਾਰੀ ਅਤੇ ਸਜ਼ਾ-ਯਾਫ਼ਤਾ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੂੰ ਸਿੱਖੀ ਦੀ ਅਕਾਸ਼ ਗੰਗਾ ਦਾ ਧਰੂ ਤਾਰਾ ਪ੍ਰਚਾਰਦੇ ਹਨ। ਪਰ ਦੂਸਰੇ ਪਾਸੇ ਸੰਤ ਅਤਰ ਸਿੰਘ ਜੀ ਮਸਤੂਆਣਾ, ਬਾਬਾ ਨੰਦ ਸਿੰਘ, ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲੇ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਮਹਾਂਪੁਰਖਾਂ ਦੀ ਨਿੰਦਾ ਕਰਦੇ ਹਨ।

ਪਿਛਲੇ ਪੰਜਾਹ ਸਾਲਾਂ ਦੇ ਪੰਥਕ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਇਹਨਾਂ ਅਖੌਤੀ ਮਿਸ਼ਨਰੀ ਕਾਲਜਾਂ ਨੇ ਪੰਥਕ ਇਤਿਹਾਸ ਅਤੇ ਗੁਰ ਇਤਿਹਾਸ ਨੂੰ ਵਿਗਿਆਨਿਕ ਤਰਕ ਨੂੰ ਆਧਾਰ ਬਣਾ ਕੇ ਗੰਧਲਾ ਕੀਤਾ ਹੈ, ਸਾਰੇ ਪੰਥ ਨੂੰ ਬ੍ਰਾਹਮਣਵਾਦ ਦਾ ਠੱਪਾ ਲਗਾ ਕੇ ਭੰਡਿਆ ਹੈ ਅਤੇ ਹਿੰਦੂ-ਸਿੱਖਾਂ ਵਿਚ ਨਫ਼ਰਤ ਪੈਦਾ ਕਰ ਕੇ ਪਾੜਾ ਪਾਇਆ ਹੈ। ਦਸਮ ਗ੍ਰੰਥ ਬਾਰੇ ਕੂੜ ਪ੍ਰਚਾਰ ਕਰ ਕੇ ਪੰਥ ਵਿਚ ਵੰਡੀਆਂ ਪਾ ਕੇ ਖ਼ਾਨਾਜੰਗੀ ਦੀ ਹਾਲਤ ਬਣਾ ਦਿੱਤੀ।

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਪ੍ਰਚਾਰਕਾਂ ਨੇ ਗੁਰਬਾਣੀ ਦੇ ਅਰਥਾਂ ਨੂੰ ਮਨੋਕਲਪਿਤ ਰੰਗਤ ਦੇ ਕੇ ਪਾਠਕਾਂ ਨਾਲ ਧੋਖਾ ਕੀਤਾ ਹੈ। ਅੱਜ ਤਕ ਕਿਸੇ ਸਿੱਖੀ ਸੰਘਰਸ਼ ਵਿਚ ਇਹਨਾਂ ਨੇ ਕੁਝ ਨਹੀਂ ਕੀਤਾ। ਨਿਰੰਕਾਰੀ, ਭਨਿਆਰਾ ਵਾਲਾ, ਸਿਰਸਾ ਵਾਲੇ ਸਾਧ ਬਾਰੇ ਸਭ ਨੇ ਮੂੰਹ ਵਿਚ ਗੁੜ ਪਾ ਰੱਖਿਆ ਹੈ। ਇਹਨਾਂ ਸਾਰਿਆ ਵਿਰੁੱਧ ਅਤੇ ਆਸ਼ੂਤੋਸ਼ ਵਿਰੁੱਧ ਹੁਣ ਤਕ ਇਹਨਾਂ ਨੇ ਕੀ ਕੀਤਾ ? ਸਾਰੇ ਪੰਥ ਨੇ ਸਪੋਕਸਮੈਨ ਵਿਰੁਧ ਮੁਜ਼ਾਹਰੇ ਕੀਤੇ ਪਰ ਇਹ ਉਸ ਦੀਆਂ ਤਾਰੀਫ਼ਾਂ ਕਰ ਰਹੇ ਹਨ। ਇਹਨਾਂ ਦਾ ਕਹਿਣਾ ਹੈ ਕਿ ਜੇ ਪੱਦਿਆਂ ਸਰ ਜਾਵੇ ਤਾਂ ਹੱਗਣ ਦੀ ਕੀ ਲੋੜ ਹੈ ਭਾਵ ਜੇ ਪੰਥ ਨੂੰ ਬ੍ਰਾਹਮਣਵਾਦੀ ਪ੍ਰਚਾਰਨ ਨਾਲ ਮਾਇਆ ਮਿਲਦੀ ਹੈ ਫਿਰ ਸੰਘਰਸ਼ ਕਰਨ ਦੀ ਕੀ ਲੋੜ ਹੈ ? ਬੱਸ, ਇਹਨਾਂ ਕੋਲ ਇਕ ਗੱਲ ਹੈ :

"ਯਹਾਂ ਬਾਤੇਂ ਬਿਕਤੀ ਹੈਂ।" –

# ਸਭ ਸੌਂ ਗਏ

ਇਕ ਆਮ ਕਹਾਵਤ ਹੈ, ਅੰਗਰੇਜ਼ ਕੋਈ ਕੰਮ ਕਰਨ ਤੋਂ ਸੌ ਸਾਲ ਪਹਿਲਾਂ ਸੋਚਦਾ ਹੈ, ਮੁਸਲਮਾਨ ਪੰਜਾਹ ਸਾਲ ਪਹਿਲਾਂ ਸੋਚਦਾ ਹੈ, ਹਿੰਦੂ ਭੀ ਭਵਿੱਖ ਵਿਚ ਆਉਣ ਵਾਲੇ ਹਾਲਾਤ ਨੂੰ ਕਾਫ਼ੀ ਸਮਾਂ ਪਹਿਲਾਂ ਭਾਂਪ ਲੈਂਦਾ ਹੈ ਪਰ ਸਿੱਖਾਂ ਲਈ ਮਸ਼ਹੂਰ ਹੈ ਕਿ ਜਦ ਸਿਰ 'ਤੇ ਆ ਪੈਂਦੀ ਹੈ ਤਾਂ ਹੀ ਜਾਗਦਾ ਹੈ।

ਇਸ ਦੀ ਉਦਾਹਰਨ ਸਾਡੇ ਸਾਹਮਣੇ ਹੈ। ਮੈਂ 1962 ਵਿਚ ਦਿੱਲੀ ਸਰਵਿਸ ਕਰਦਾ ਸੀ। ਗੁਰਦੁਆਰਾ ਬੰਗਲਾ ਸਾਹਿਬ ਵਿਖੇ ਦਮਦਮੀ ਟਕਸਾਲ ਤੋਂ ਪੜ੍ਹੇ ਗਿਆਨੀ ਪੂਰਨ ਸਿੰਘ ਜੀ ਗੁਰ ਸ਼ਬਦ ਦੀ ਕਥਾ ਕਰਦੇ ਹੁੰਦੇ ਸਨ। ਇਕ ਦਿਨ ਕਥਾ ਕਰਦੇ ਕਹਿਣ ਲੱਗੇ ਕਿ ਜੋ ਨਿਰੰਕਾਰੀ ਲਹਿਰ ਨਵੀਂ ਚੱਲੀ ਹੈ, ਇਹ ਪੰਥ ਲਈ ਬਹੁਤ ਘਾਤਕ ਹੈ। ਜਦ ਕਿ ਇਹ ਲਹਿਰ 1950 ਦੇ ਕਰੀਬ ਪਟਿਆਲੇ ਤੋਂ ਸ਼ੁਰੂ ਹੋਈ ਸੀ। ਇਹਨਾਂ ਦਾ ਪਹਿਲਾ ਮੁੱਖ ਦਫ਼ਤਰ ਪਟਿਆਲੇ ਟੀ.ਬੀ. ਹਸਪਤਾਲ ਦੇ ਸਾਹਮਣੇ ਅੱਜ ਭੀ ਮੌਜੂਦ ਹੈ, ਪਰ ਸ਼ਾਇਦ ਹੁਣ ਤਕ ਭੀ ਆਮ ਸਿੱਖ ਸੰਗਤ ਨੂੰ ਇਸ ਲਹਿਰ ਬਾਰੇ ਕੋਈ ਗਿਆਨ ਨਹੀਂ ਹੈ।

ਪੰਥ ਦੀਆਂ ਸਿਰਮੌਰ ਧਾਰਮਿਕ ਜਥੇਬੰਦੀਆਂ ਅਤੇ ਰਾਜਨੀਤਿਕ ਜਥੇਦਾਰਾਂ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਤਕ ਕੋਈ ਰਣਨੀਤੀ ਇਹਨਾਂ ਨਾਲ ਸਿੱਝਣ ਲਈ ਨਹੀਂ ਬਣਾਈ, ਪਰ ਗਿਆਨੀ ਪੂਰਨ ਸਿੰਘ ਜੀ ਦੀ ਚਿਤਾਵਨੀ ਦਾ ਨਤੀਜਾ 1978 ਵਿਚ ਕੁਲ ਦੁਨੀਆਂ ਨੇ ਦੇਖ ਲਿਆ। ਫ਼ਲਸਰੂਪ ਸਾਕਾ ਨੀਲਾ ਤਾਰਾ ਅਤੇ ਇਸ ਪਿੱਛੋਂ ਸਿੱਖ ਨਸਲਕੁਸ਼ੀ ਦਾ ਸੰਤਾਪ ਸਿੱਖਾਂ ਨੂੰ ਭੋਗਣਾ ਪਿਆ। ਹਾਲਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਵਰਗਵਾਸੀ ਗਿਆਨੀ ਪ੍ਰਤਾਪ ਸਿੰਘ ਜੀ ਨੇ ਬਹੁਤ ਦੇਰ ਪਹਿਲਾਂ ਨਕਲੀ ਨਿਰੰਕਾਰੀ ਨਾਮੀ ਪੁਸਤਕ ਵਿਚ ਇਹਨਾਂ ਬਾਰੇ ਕਾਫ਼ੀ ਸਚਾਈ ਪ੍ਰਗਟ ਕਰ ਦਿੱਤੀ ਸੀ।

1930 ਤੋਂ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਇਸ ਸੋਚ ਦੀਆਂ

ਧਾਰਨੀ ਕਾਮਰੇਡ ਕਲਮਾਂ ਸਿੱਖ ਇਤਿਹਾਸ ਗੰਧਲਾ ਕਰ ਰਹੀਆਂ ਸਨ ਅਤੇ ਗੁਰਬਾਣੀ ਦੇ ਸਿਧਾਂਤ ਨਾਲ ਖਿਲਵਾੜ ਕਰ ਰਹੀਆ ਸਨ। ਨਿੱਜੀ ਪੱਧਰ 'ਤੇ ਸਿਰਦਾਰ ਕਪੂਰ ਸਿੰਘ ਵਰਗੇ ਗੁਰਮੁਖਾਂ ਨੇ ਇਹਨਾਂ ਦੇ ਦੰਦ ਖੱਟੇ ਕੀਤੇ ਹਨ ਪਰ ਜਥੇਬੰਦਕ ਤਰੀਕੇ ਨਾਲ ਪੰਥ ਵੱਲੋਂ ਕੋਈ ਉਪਰਾਲਾ ਇਸ ਬਾਰੇ ਨਹੀਂ ਕੀਤਾ ਗਿਆ।

1960 ਦੇ ਕਰੀਬ ਪ੍ਰੋ. ਸਾਹਿਬ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦਾ ਟੀਕਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਤਿਆਰ ਕੀਤਾ। ਪਹਿਲਾਂ ਉਹ ਮਾਸਟਰ ਤਾਰਾ ਸਿੰਘ ਜੀ ਨੂੰ ਕਹਿ ਕੇ ਇਹ ਟੀਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਛਪਾਉਣਾ ਚਾਹੁੰਦੇ ਸਨ, ਪਰ ਮਾਸਟਰ ਜੀ ਨੇ ਮਨ੍ਹਾ ਕਰ ਦਿੱਤਾ ਕਿਉਂਕਿ ਇਹ ਟੀਕਾ ਤਰਕ ਅਤੇ ਵਿਗਿਆਨਿਕ ਸੋਚ 'ਤੇ ਆਧਾਰਿਤ ਹੈ, ਪਰ ਸਿੱਖੀ ਮਹਿਲ ਸ਼ਰਧਾ, ਪ੍ਰੇਮ, ਪਰਮੇਸ਼ਰ ਦੀ ਰਹੱਸਮਈ ਹੋਂਦ 'ਤੇ ਆਧਾਰਿਤ ਹੈ। ਇਸ ਲਈ ਸਾਹਿਬ ਸਿੰਘ ਜੀ ਨੇ ਖੰਨਾ ਪਬਲਿਸ਼ਰ ਜਲੰਧਰ ਤੋਂ ਛਪਵਾ ਲਿਆ। ਇਹ ਟੀਕਾ ਕਾਮਰੇਡੀ ਸੋਚ ਦੇ ਬਹੁਤ ਨੇੜੇ ਹੈ। ਬਹੁਤਾ ਵਿਸਤ੍ਰਿਤ ਨਾ ਹੋਣ ਕਰਕੇ ਅਤੇ ਨਵੀਆਂ ਲੀਹਾਂ 'ਤੇ ਹੋਂਦ ਕਾਰਨ ਪੜ੍ਹੇ-ਲਿਖੇ ਵਰਗ ਨੇ ਪ੍ਰਵਾਨ ਕਰ ਲਿਆ।

ਸਿੱਖ ਸੰਗਤ ਦੀ ਚੜ੍ਹਦੀ ਕਲਾ ਲਈ ਪੜ੍ਹੇ-ਲਿਖੇ ਵਰਗ ਨੇ ਸਿੱਖੀ ਪ੍ਰਚਾਰ ਲਈ ਮਿਸ਼ਨਰੀ ਕਾਲਜਾਂ ਦੀ ਸਥਾਪਨਾ ਕੀਤੀ ਅਤੇ ਇਹਨਾਂ ਨੇ ਪ੍ਰੋ. ਸਾਹਿਬ ਸਿੰਘ ਅਤੇ ਉਹਨਾਂ ਦੇ ਲਿਖੇ 'ਦਰਪਣ' ਨੂੰ ਆਪਣਾ ਮਾਰਗ ਦਰਸ਼ਕ ਅਪਣਾ ਲਿਆ।

ਸੁਭਾਵਿਕ ਹੀ ਜੋ ਲਹਿਰ ਨਵੀਂ ਉੱਠੇ, ਉਸ ਵੱਲ ਲੋਕ ਆਕਰਸ਼ਿਤ ਹੁੰਦੇ ਹਨ ਅਤੇ ਫਿਰ ਸਿੱਖੀ ਦੇ ਪਸਾਰ ਨੂੰ ਸਮਰਪਿਤ ਹੋਵੇ, ਪੜ੍ਹੇ-ਲਿਖੇ ਆਮ ਸਿੱਖ ਜਗਤ ਨੇ ਭਰਵਾਂ ਸਹਿਯੋਗ ਦਿੱਤਾ। ਪਰ ਕਹਾਵਤ ਹੈ :

ਵਾਹ ਓਏ ਕਿਸਮਤ ਦਿਆ ਬਲੀਆ।
ਰਿੱਧੀ ਖੀਰ ਤੇ ਬਣ ਗਿਆ ਦਲੀਆ।

ਔੜ ਦੇ ਮਾਰੇ ਜੱਟ ਨੇ ਅਕਾਸ਼ ਵੱਲ ਤੱਕਿਆ, ਬਾਹਾਂ ਉੱਚੀਆਂ ਕਰ ਕੇ ਮੀਂਹ ਲਈ ਪੁਕਾਰ ਕੀਤੀ। ਕਾਲੀ ਘਟਾ ਵਾਲੇ ਘਨਘੋਰ ਬੱਦਲ ਆਏ, ਜੱਟ ਖ਼ੁਸ਼ ਹੋ ਗਿਆ ਅਤੇ ਸ਼ੁਕਰ ਕੀਤਾ। ਪਰ ਜਦ ਬੱਦਲ ਵਰਸਣ ਲੱਗਾ, ਬਾਰਸ਼ ਦੀਆਂ ਕਣੀਆਂ ਦੀ ਬਜਾਇ ਗੜੇ ਵਰ੍ਹਨ ਲੱਗ ਪਏ ਅਤੇ ਪਹਿਲਾਂ ਜੋ ਕੁਝ ਬਚਿਆ ਸੀ, ਉਹ ਭੀ ਤਹਿਸ-ਨਹਿਸ ਹੋ ਗਿਆ।

ਇਹੀ ਹਾਲ ਖ਼ਾਲਸਾ ਪੰਥ ਨਾਲ ਹੋਇਆ। ਸਿੱਖ ਮਿਸ਼ਨਰੀ ਕਾਲਜ ਦੇ

ਤਰਕ ਆਧਾਰਿਤ ਪ੍ਰਚਾਰ ਨੇ ਸਿੱਖੀ ਪਿਆਰ, ਪੰਥਕ ਪਿਆਰ, ਸ਼ਰਧਾ-ਭਾਵਨਾ ਦਾ ਭੋਗ ਪਾ ਦਿੱਤਾ। ਨਿਤਨੇਮ ਦੀਆਂ ਬਾਣੀਆਂ ’ਤੇ ਤਰਕ, ਪੰਥ-ਪ੍ਰਵਾਨਿਤ ਗੁਰ ਇਤਿਹਾਸ, ਸਿੱਖ ਸਿਧਾਂਤ, ਸਿੱਖੀ ਰਹੁ-ਰੀਤਾਂ, ਪਰੰਪਰਾਵਾਂ, ਪੰਥ-ਪ੍ਰਵਾਨਿਤ ਮਹਾਂਪੁਰਖਾਂ, ਵਿਦਵਾਨਾਂ ’ਤੇ ਤਰਕ, ਇਥੋਂ ਤਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਤਕ ਗੱਲ ਪਹੁੰਚ ਗਈ। ਜਿਸ ਤਰ੍ਹਾਂ ਕਿ ਪਿਛਲੇ ਸਾਲ ‘ਸਪੋਕਸਮੈਨ’ ਵਿਚ ਛਪੇ ਲੇਖਾਂ ਤੋਂ ਸਿੱਧ ਹੁੰਦਾ ਹੈ। ਪੰਥ ਦੀਆਂ ਸਭ ਸੰਸਥਾਵਾਂ, ਵਿਦਵਾਨਾਂ ਅਤੇ ਸੂਝਵਾਨ ਵਿਅਕਤੀਆਂ ਨੇ ਡਟ ਕੇ ਵਿਰੋਧ ਕੀਤਾ ਪਰ ਮਿਸ਼ਨਰੀ ਕਾਲਜ ਇਸ ਦਾ ਸਮਰਥਨ ਕਰ ਰਹੇ ਹਨ। ਸ੍ਰੀ ਦਸਮ ਗ੍ਰੰਥ ਦੇ ਬਰਖ਼ਿਲਾਫ਼ ਹੈਦਰੀ ਝੰਡਾ ਚੁੱਕਣ ਵਿਚ ਸਭ ਤੋਂ ਮੋਹਰੀ ਮਿਸ਼ਨਰੀ ਕਾਲਜ ਵਾਲੇ ਹਨ। ਗਿਆਨੀ ਭਾਗ ਸਿੰਘ ਅੰਬਾਲਾ ਦੀ ਪਿੱਠ ਠੋਕਣ ਵਾਲੇ ਭੀ ਇਹੀ ਸਨ ਅਤੇ ਫਿਰ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਦੀ ਪੁਸ਼ਤ-ਪਨਾਹੀ ਕਰ ਕੇ ਸਿੱਖੀ ਦੀ ਅਕਾਸ਼ ਗੰਗਾ ਦਾ ਧਰੂ ਤਾਰਾ ਪ੍ਰਚਾਰਨ ਵਾਲੇ ਭੀ ਇਹੀ ਲੋਕ ਹਨ।

ਜਿਨ੍ਹਾਂ ਵਿਅਕਤੀਆਂ ਨੇ ਕਾਲਾ ਅਫ਼ਗ਼ਾਨਾ ਦੀਆਂ ਲਿਖਤਾਂ (ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ) ਪੜ੍ਹੀਆਂ ਹਨ, ਉਹਨਾਂ ਨੂੰ ਪਤਾ ਹੈ ਕਿ ਇਸ ਸ਼ਖ਼ਸ ਨੇ ਸਿੱਖੀ ਸਿਧਾਂਤ, ਇਤਿਹਾਸ ਅਤੇ ਸਿੱਖੀ ਪਰੰਪਰਾਵਾਂ ਨਾਲ ਕਿਸ ਤਰ੍ਹਾਂ ਖਿਲਵਾੜ ਕੀਤਾ ਹੈ।

ਅੰਮ੍ਰਿਤ ਵੇਲੇ ਦੀ ਸੰਭਾਲ, ਨਾਮ ਜਪਣਾ, ਖੰਡਾ ਪਹੁਲ, ਨਿੱਤਨੇਮ, ਗੁਰੂ ਘਰ ਦੀ ਗੋਲਕ, ਕੜਾਹ-ਪ੍ਰਸ਼ਾਦ, ਪੰਜ ਕਕਾਰੀ ਰਹਿਤ ਆਦਿ ਸਭ ਗੱਲਾਂ ਨੂੰ ਨਕਾਰਨ ਵਾਲੇ ਨੂੰ ਜੋ ਸੰਸਥਾ ਵੀਹਵੀਂ ਸਦੀ ਦਾ ਮਹਾਨ ਸਿੱਖ ਪ੍ਰਚਾਰੇ ਤਾਂ ਉਸ ਦਾ ਆਪਣਾ ਕਿਰਦਾਰ ਕੀ ਹੋਵੇਗਾ, ਇਹ ਅੰਦਾਜ਼ਾ ਭਲੀ-ਭਾਂਤ ਲਗਾਇਆ ਜਾ ਸਕਦਾ ਹੈ।

1977 ਵਿਚ ਮੈਂ ਜਦ ਜੋਧਪੁਰ ਤੋਂ ਬਦਲੀ ਹੋ ਕੇ ਲੁਧਿਆਣੇ ਆਇਆ ਤਾਂ ਬੜੇ ਖ਼ੁਸ਼ ਹੋ ਕੇ ਮਿਸ਼ਨਰੀ ਕਾਲਜ ਦੀਆਂ ਕਲਾਸਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ। ਪ੍ਰਿੰਸੀਪਲ ਹਰਭਜਨ ਸਿੰਘ ਉਸ ਵੇਲੇ ਖ਼ੁਦ ਕਲਾਸਾਂ ਲਾਇਆ ਕਰਦੇ ਸੀ। ਇਕ ਦਿਨ ਲੈਕਚਰ ਪਿੱਛੋਂ ਪ੍ਰਸ਼ਨ-ਕਾਲ ਵੇਲੇ ਮੈਂ ਭਾਈ ਵੀਰ ਸਿੰਘ ਦਾ ਵੇਰਵਾ ਪਾ ਦਿੱਤਾ। ਪ੍ਰਿੰਸੀਪਲ ਸਾਹਿਬ ਇਕ ਦਮ ਉਤੇਜਿਤ ਹੋ ਕੇ ਕਹਿਣ ਲੱਗੇ, ‘ਓਹੋ ਭਾਈ ਵੀਰ ਸਿੰਘ ਜੋ ਪ੍ਰੋ. ਸਾਹਿਬ ਸਿੰਘ ਜੀ ਵਿਆਕਰਨ ਚੁਰਾ ਕੇ ਲੈ ਗਿਆ ਸੀ।’

ਫਿਰ ਇਕ ਦਿਨ ਉਹਨਾਂ ਸੰਤ ਅਤਰ ਸਿੰਘ ਜੀ ਮਸਤੂਆਣਾ ਲਈ ਬੜੀ ਬੇਹੂਦਾ ਟਿੱਪਣੀ ਕੀਤੀ। ਉਸ ਤੋਂ ਪਿੱਛੋਂ ਮੈਂ ਮਿਸ਼ਨਰੀ ਕਾਲਜ ਦੀਆਂ ਕਲਾਸਾਂ

ਛੱਡ ਦਿੱਤੀਆਂ।

ਪਿਛਲੇ ਤਕਰੀਬਨ ਪੰਜਾਹ ਸਾਲਾਂ ਤੋਂ ਅਜਿਹਾ ਪ੍ਰਚਾਰ ਮਿਸ਼ਨਰੀ ਕਾਲਜ ਵਾਲੇ ਬੇ-ਰੋਕ-ਟੋਕ ਕਰ ਰਹੇ ਹਨ। ਧਨ, ਸੰਪਦਾ ਅਤੇ ਸੰਸਥਾਗਤ ਤਾਕਤ ਦੁਆਰਾ ਇਹ ਹੁਣ ਪੰਥਕ ਹਲਕਿਆਂ ਵਿਚ ਵੱਡੀ ਧਿਰ ਬਣ ਗਏ ਹਨ। ਨੋਟ ਅਤੇ ਵੋਟ ਦੇ ਚਾਹਵਾਨ ਸਾਡੇ ਸਿਆਸੀ ਜਥੇਦਾਰ ਇਹਨਾਂ ਦਾ ਸਾਥ ਦੇਣ ਵਿਚ ਹੀ ਭਲਾ ਮੰਨਦੇ ਹਨ। ਵਿਦਵਤਾ ਦੀ ਘਾਟ ਕਾਰਨ ਧਾਰਮਿਕ ਸੰਸਥਾਵਾਂ ਇਹਨਾਂ ਤੋਂ ਕੰਨੀ ਕਤਰਾਉਂਦੀਆਂ ਹਨ। ਜਿਹੜਾ ਇਹਨਾਂ ਨਾਲ ਮੱਥਾ ਲਾਵੇ, ਉਸ ਲਈ ਜਿਹੜੀ ਭਾਸ਼ਾ ਇਹ ਵਰਤਦੇ ਹਨ, ਉਹ ਅਸੀਂ ਆਪਣੀਆਂ ਕਿਤਾਬਾਂ 'ਕਾਮਰੇਡੀ ਸਿੱਖਾਂ ਦੇ ਕੌਤਕ' (ਦੋ ਭਾਗ) ਵਿਚ ਪ੍ਰਗਟ ਕਰ ਦਿੱਤਾ ਹੈ। ਨਾਲ ਹੀ ਇਹਨਾਂ ਦੇ ਕਿਰਦਾਰ, ਵਿਵਹਾਰ ਅਤੇ ਆਚਾਰ ਦੀ ਪੋਲ ਖੋਲ੍ਹ ਦਿੱਤੀ ਹੈ।

ਸਭ ਤੋਂ ਪਹਿਲਾਂ ਸੰਤ ਸਿਪਾਹੀ ਦੇ ਐਡੀਟਰ ਸ. ਗੁਰਸ਼ਰਨਜੀਤ ਸਿੰਘ ਲਾਂਬਾ ਨੇ ਲਿਖਤੀ ਰੂਪ ਵਿਚ ਇਕ ਕਿਤਾਬਚਾ ਇਸ ਵਿਸ਼ੇ 'ਤੇ ਪ੍ਰਕਾਸ਼ਿਤ ਕਰ ਕੇ ਸੰਗਤਾਂ ਵਿਚ ਵੰਡਿਆ। ਇਸ ਪਿੱਛੋਂ ਗੁਰੂ ਮਹਾਰਾਜ ਨੇ ਦਾਸ ਤੋਂ ਹੇਠ ਲਿਖੀਆਂ ਪੁਸਤਕਾਂ ਦੁਆਰਾ ਸੇਵਾ ਲਈ :

1. ਸਭ ਦੁਸਟ ਝਖ ਮਾਰਾ (ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਦੀਆਂ ਲਿਖਤਾਂ ਦਾ ਉੱਤਰ
2. ਕਾਮਰੇਡੀ ਸਿੱਖਾਂ ਦੇ ਕੌਤਕ (ਦੋ ਭਾਗ)—ਇੰਦਰ ਸਿੰਘ ਘੱਗਾ ਅਤੇ ਸੁਖਵਿੰਦਰ ਸਿੰਘ ਸਭਰਾ ਦੀਆਂ ਲਿਖਤਾਂ ਦਾ ਉੱਤਰ
3. ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਸ਼ਨੋਤਰੀ—ਸ੍ਰੀ ਦਸਮ ਗ੍ਰੰਥ ਸਾਹਿਬ ਵਿਰੁੱਧ ਕੂੜ ਪ੍ਰਚਾਰ ਦਾ ਜਵਾਬ।
4. ਮਹਾਂਕਾਲ ਰਖਵਾਰ ਹਮਾਰੋ—ਸ੍ਰੀ ਦਸਮ ਗ੍ਰੰਥ ਦੀ ਗੁਰੂ ਕ੍ਰਿਤ ਹੋਣ ਬਾਰੇ।

ਹੁਣ 'ਸਿੱਖ ਸੈਨਿਤਾ' ਨਾਮੀ ਪੁਸਤਕ ਦੇ ਕਰਤਾ ਪ੍ਰੋ. ਅਵਤਾਰ ਸਿੰਘ ਨੇ ਭੀ ਸ਼ਲਾਘਾਯੋਗ ਕੰਮ ਕੀਤਾ ਹੈ। ਵਿਅਕਤੀਗਤ ਤੌਰ 'ਤੇ ਹੋਰ ਭੀ ਗੁਰੂ ਕੇ ਪਿਆਰਿਆਂ ਨੇ ਸੇਵਾ ਕੀਤੀ ਹੈ।

ਪਰ ਸਾਧਨ ਸੰਪੰਨ ਸੰਸਥਾਵਾਂ, ਜਥੇਬੰਦੀਆਂ ਅਤੇ ਪੰਥਕ ਹਿਤਾਂ ਦੀ ਅਲੰਬਰਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੂਰਨ ਤੌਰ 'ਤੇ ਚੁੱਪ ਵੱਟ ਰੱਖੀ ਹੈ। ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਨੂੰ ਪੰਥ ਵਿਚੋਂ ਛੇਕ ਦਿੱਤਾ, ਸਭ ਨੂੰ ਪਤਾ ਹੈ, ਕਿਉਂ ਛੇਕਿਆ ਇਹ ਕਿਸੇ ਨੂੰ ਪਤਾ ਨਹੀਂ ਹੈ। ਕਿਉਂਕਿ 'ਗੁਰਮਤਿ ਪ੍ਰਕਾਸ਼' ਵਿਚ ਅੱਜ ਤਕ ਇਸ ਵਿਸ਼ੇ ਨੂੰ ਛੋਹਿਆ ਤਕ ਨਹੀਂ। ਇਸੇ

ਤਰ੍ਹਾਂ ਜੋੜ ਮੇਲਿਆਂ 'ਤੇ ਆਉਣ ਵਾਲੀਆਂ ਸਿੱਖ ਸੰਗਤਾਂ ਨੂੰ ਪੰਥ ਵਿਚ ਆਏ ਇੱਡੇ ਵੱਡੇ ਭੁਚਾਲ ਦਾ ਕੋਈ ਪਤਾ ਹੀ ਨਹੀਂ। ਆਮ ਸਿੱਖ ਸੰਗਤ ਸਾਡੇ ਕੋਲੋਂ ਆ ਕੇ ਪੁੱਛਦੀ ਹੈ ਕਿ ਜੀ ਇਹ ਕਾਮਰੇਡੀ ਸਿੱਖ ਕੌਣ ਹੁੰਦੇ ਹਨ।

ਇਕ ਪਾਸੇ ਪੰਥ ਵਿਰੋਧੀ ਤਾਕਤਾਂ ਬੜੇ ਯੋਜਨਾ-ਬੱਧ ਤਰੀਕੇ ਨਾਲ ਸਾਮ, ਦਾਮ, ਦੰਡ, ਭੇਦ ਦੇ ਤਰੀਕੇ ਅਪਨਾ ਕੇ ਕਮਰਕੱਸੇ ਕਰੀ ਬੈਠੀਆਂ ਹਨ, ਦੂਸਰੇ ਪਾਸੇ ਸਾਡੇ ਧਾਰਮਿਕ ਅਤੇ ਸਿਆਸੀ ਆਗੂਆਂ ਨੂੰ ਜਾਤੀ ਅਤੇ ਪਾਰਟੀ ਦੇ ਮੁਫ਼ਾਦ ਤੋਂ ਉੱਪਰ ਉੱਠ ਕੇ ਸੋਚਣ ਦੀ ਵਿਹਲ ਹੀ ਨਹੀਂ ਹੈ।

ਪੰਥ ਦੋਖੀਆਂ ਨੇ ਬੜੀ ਗਹਿਰੀ ਸਾਜ਼ਸ਼ ਅਧੀਨ 'ਭਗਤ ਰਵਿਦਾਸ' ਨੂੰ 'ਗੁਰੂ ਰਵਿਦਾਸ' ਵਿਚ ਬਦਲ ਕੇ ਐਸੀ ਤੁਰਪ ਚਾਲ ਚੱਲੀ ਹੈ ਜਿਸ ਨੂੰ ਆਮ ਬੰਦਾ ਸਮਝ ਹੀ ਨਹੀਂ ਸਕਦਾ ਅਤੇ ਜੋ ਸਮਝ ਜਾਂਦਾ ਹੈ ਉਹ ਹੇਠਾਂ ਤੋਂ ਉੱਪਰ ਤਕ ਕੰਬ ਜਾਂਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਪੰਥ ਲਈ ਕਿੰਨਾ ਘਾਤਕ ਸਿੱਧ ਹੋਵੇਗਾ ਪਰ ਬਲਿਹਾਰੇ ਜਾਈਏ ਸਾਡੇ ਆਗੂਆਂ ਦੇ, ਕਿ ਚੇਤਨਾ ਮਾਰਚ ਅਤੇ ਵੱਡੀਆਂ-ਵੱਡੀਆਂ ਸ਼ਤਾਬਦੀਆਂ ਮਨਾਉਣ ਅਤੇ ਲੰਗਰ ਲਾਉਣ ਨੂੰ ਹੀ ਇਸ ਦਾ ਹੱਲ ਸਮਝ ਰਹੇ ਹਨ। ਜੋੜ-ਮੇਲਿਆਂ 'ਤੇ ਲੰਗਰ ਲਾਉਣ ਲਈ ਹਰ ਸਹੂਲਤ ਮਿਲੇਗੀ ਪਰ ਧਾਰਮਿਕ ਪੁਸਤਕਾਂ ਦੇ ਸਟਾਲ ਲਈ ਪੈਸੇ ਦੇਣੇ ਪੈਂਦੇ ਹਨ। ਜਿਹੜੀਆਂ ਸੰਸਥਾਵਾਂ ਅਸਾਡੀ ਨਸਲਕੁਸ਼ੀ ਲਈ ਤਤਪਰ ਹਨ ਜਦ ਅਸੀਂ ਉਹਨਾਂ ਨਾਲ ਗਲਵਕੜੀ ਪਾਵਾਂਗੇ, ਨਤੀਜਾ ਕੀ ਹੋਵੇਗਾ, ਸਮਝਣਾ ਕੋਈ ਮੁਸ਼ਕਲ ਨਹੀਂ। ਇਹ ਇਸੇ ਤਰ੍ਹਾਂ ਹੈ, ਜਿਵੇਂ ਕਬੂਤਰ ਬਿੱਲੀ ਨੂੰ ਦੇਖ ਕੇ ਅੱਖਾਂ ਮੀਟ ਲਵੇ। ਦਾਸ ਨੇ ਆਪਣੀਆਂ ਪਹਿਲੀਆਂ ਕਿਤਾਬਾਂ ਰਾਹੀਂ ਅਤੇ ਹਥਲੀ ਪੁਸਤਕ ਰਾਹੀਂ ਗੁਰਸਿੱਖ ਸੰਗਤਾਂ ਅਤੇ ਜਥੇਬੰਦੀਆਂ ਨੂੰ ਕੁੰਭਕਰਣੀ ਨੀਂਦ 'ਚੋਂ ਜਗਾਉਣ ਦਾ ਇਕ ਨਿਗੂਣਾ ਜਿਹਾ ਯਤਨ ਕੀਤਾ ਹੈ ਅਤੇ ਖੁੱਲ੍ਹਾ ਸੱਦਾ ਦਿੱਤਾ ਹੈ:

ਜਾਗੋ ਖ਼ਾਲਸਾ ਜੀ ਜਾਗੋ!<br>
ਪੰਥ ਦੋਖੀਆਂ ਨੂੰ ਪਛਾਣੋ।<br>
ਪੰਥ ਲਈ ਫ਼ਰਜ਼ ਨੂੰ ਪਛਾਣੋ।<br>
ਲਾਲਚ, ਆਲਸ ਨੂੰ ਤਿਆਗੋ।

ਗੁਰਬਾਣੀ ਵਿਚਾਰੇ ਬਗ਼ੈਰ ਸਿੱਖੀ ਸਿਧਾਂਤ ਤੋਂ ਬਿਨਾਂ ਅਤੇ ਕਿਤਾਬਾਂ ਰਾਹੀਂ ਸਿੱਖ ਇਤਿਹਾਸ ਜਾਂ ਗੌਰਵਮਈ ਵਿਰਸੇ ਤੋਂ ਅਨਜਾਣ ਰਹਿ ਕੇ ਕੇਵਲ ਲੰਗਰ ਲਾਉਣ ਅਤੇ ਗੁਰਦੁਆਰਿਆਂ ਨੂੰ ਪੱਥਰ ਲਾ ਕੇ ਜਾਂ ਸੋਨੇ ਦੇ ਗੁੰਬਦਾਂ ਨਾਲ ਸ਼ਿੰਗਾਰਨ ਨਾਲ ਅੱਜ ਸਿੱਖੀ ਅਧੋਗਤੀ ਵੱਲ ਜਾ ਰਹੀ ਹੈ। ਪਰ ਸਾਡੇ

ਅਖੌਤੀ ਪੰਥਕ ਰਹਿਨੁਮਾ ਇਸੇ ਵਿਚ ਮਸਤ ਹਨ। ਪਾਠਕ ਹੈਰਾਨ ਹੋਣਗੇ ਕਿ ਇਸ ਸਾਲ ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ 'ਤੇ ਗੁਰਦੁਆਰਾ ਪ੍ਰਬੰਧਕਾਂ ਨੇ ਸਿੱਖ ਮਿਸ਼ਨਰੀ ਕਾਲਜ ਤੋਂ ਇਲਾਵਾ ਹੋਰ ਕੋਈ ਧਾਰਮਿਕ ਪੁਸਤਕਾਂ ਦਾ ਸਟਾਲ ਨਹੀਂ ਲੱਗਣ ਦਿੱਤਾ। ਇਥੋਂ ਤਕ ਕਿ ਸਿੱਖੀ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਪ੍ਰਚਾਰਨ ਵਾਲੇ ਭੇਟਾ-ਰਹਿਤ ਕਿਤਾਬਚੇ ਵੰਡਣ ਵਿਚ ਵੀ ਅੜਚਨਾਂ ਪਾਈਆਂ ਗਈਆਂ।

ਕੀ ਇਹਨਾਂ ਲੇਖਕਾਂ ਦੀ ਵਿਚਾਰਧਾਰਾ, ਲਿਖਤ, ਸਮੱਗਰੀ, ਸਿੱਖ ਸਿਧਾਂਤ ਅਤੇ ਇਤਿਹਾਸ ਦੀ ਵਿਗਾੜ ਕੇ ਕੀਤੀ ਪੇਸ਼ਕਾਰੀ, ਭਨਿਆਰੇ ਵਾਲੇ ਜਾਂ ਨੂਰ ਮਹਿਲੀਏ ਦੇ ਪ੍ਰਚਾਰ ਨਾਲੋਂ ਪੰਥ ਲਈ ਘਾਤਕ ਹੈ ? ਬਲਕਿ ਉਸ ਤੋਂ ਭੀ ਕਿਤੇ ਜ਼ਿਆਦਾ ਵੱਧ ਘਾਤਕ ਹੈ। ਫਿਰ ਸਿੱਖ ਬੁੱਧੀ-ਜੀਵੀ ਵਰਗ, ਸੰਤ ਸਮਾਜ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਹੋਰ ਪੰਥ ਹਿਤੈਸ਼ੀ ਸੰਸਥਾਵਾਂ ਚੁੱਪ ਕਿਉਂ ਹਨ ? ਸਭ ਇਹੀ ਸੋਚ ਰਹੇ ਹਨ :

ਦੜ ਵੱਟ ਜਮਾਨਾ ਕੱਟ ਭਲੇ ਦਿਨ ਆਵਣਗੇ।

–

# ਤਰਕਸ਼ੀਲਾਂ ਦੀ ਅਸਲੀਅਤ

ਇਹ ਸਭ ਨੂੰ ਪਤਾ ਹੈ ਕਿ ਦੇਸ਼ ਦੀ ਅਜ਼ਾਦੀ ਦੀ ਲੜਾਈ ਵੇਲੇ ਜੋ ਗ਼ਦਰੀ ਬਾਬੇ ਰੂ-ਪੋਸ਼ ਹੋ ਕੇ ਰੂਸ ਵਿਚ ਚਲੇ ਗਏ, ਉਹਨਾਂ ਦੇ ਦੇਸ ਵਿਚ ਵਾਪਸ ਪਰਤਣ ਨਾਲ ਪੰਜਾਬ ਵਿਚ ਕਮਿਊਨਿਸਟ ਵਿਚਾਰਧਾਰਾ ਪ੍ਰਵੇਸ਼ ਹੋ ਗਈ। ਇਹ ਗ਼ਦਰੀ ਬਾਬੇ ਤਨੋਂ-ਮਨੋਂ ਸਿੱਖੀ ਨਾਲ ਜੁੜੇ ਹੋਏ ਸਨ, ਜਿਨ੍ਹਾਂ ਦੀਆਂ ਸਿੱਖੀ ਸਰੂਪ ਵਾਲੀਆ ਫ਼ੋਟੋਆਂ ਕਿਤਾਬਾਂ ਵਿਚ ਲੱਗੀਆਂ ਹੋਈਆਂ ਹਨ ਅਤੇ ਜਗ੍ਹਾ-ਜਗ੍ਹਾ ਇਹਨਾਂ ਦੇ ਸਿੱਖੀ ਸਰੂਪ ਵਾਲੇ ਬੁੱਤ ਵੀ ਲੱਗੇ ਹੋਏ ਹਨ। ਸਮੇਂ ਦੀ ਮਜਬੂਰੀ ਕਰਕੇ ਅਤੇ ਮਾਰਕਸਵਾਦ ਦੀ ਵੰਡ ਛਕਣ ਦੀ ਨੀਤੀ ਕਾਰਨ ਇਹ ਕਮਿਉਨਿਸਟ ਵਿਚਾਰਧਾਰਾ ਵੱਲ ਉਲਾਰੂ ਹੋ ਗਏ। ਇਹਨਾਂ ਦਾ ਦ੍ਰਿੜ ਨਿਸਚਾ ਅਤੇ ਕੁਰਬਾਨੀ ਦਾ ਜਜ਼ਬਾ ਇਹਨਾਂ ਨੂੰ ਸਿੱਖੀ ਸਿਧਾਂਤਾਂ ਤੋਂ ਪ੍ਰਾਪਤ ਹੋਇਆ।

ਗ਼ਦਰੀ ਯੁਗ ਦੀ ਅਰੰਭਿਤਾ ਦੇ ਮੋਢੀ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਉਹਨਾਂ ਦੇ ਸਾਥੀ ਸਨ, ਜਿਨ੍ਹਾਂ ਨੇ ਆਪਣੀ ਕੈਨੇਡਾ ਦੀ ਸਾਰੀ ਕਮਾਈ ਭੇਟਾ ਕਰ ਕੇ 'ਯੁਗੰਤਰ ਆਸ਼ਰਮ' ਬਣਾਇਆ। ਮੂਲ ਰੂਪ ਵਿਚ ਇਹ ਯੁਗੰਤਰ ਆਸ਼ਰਮ ਹੀ ਸਾਰੀ ਗ਼ਦਰ ਲਹਿਰ ਦਾ ਜਨਮਦਾਤਾ ਸੀ। ਬਾਬਾ ਵਿਸਾਖਾ ਸਿੰਘ ਅਤੇ ਉਹਨਾਂ ਦੇ ਤਕਰੀਬਨ 30-40 ਸਾਥੀ ਸਿੰਘ ਪੂਰਨ ਤੌਰ 'ਤੇ ਨਾਮ ਸਿਮਰਨ ਵਾਲੇ ਨਿੱਤਨੇਮੀ, ਪ੍ਰੇਮੀ ਸਿੱਖ ਸਨ। ਇਹਨਾਂ ਦੀ ਕਹਿਣੀ ਅਤੇ ਕਰਨੀ ਇਕ ਸੀ। ਗ਼ਦਰ ਲਹਿਰ ਦੇ ਅਸਫ਼ਲ ਹੋਣ ਪਿੱਛੋਂ ਗ਼ਦਰੀ ਸੂਰਮਿਆਂ ਦੇ ਪਰਵਾਰਾਂ ਤੇ ਬੱਚਿਆਂ ਦੀ ਸਾਂਭ-ਸੰਭਾਲ ਦਾ ਕੰਮ ਬਾਬਾ ਵਿਸਾਖਾ ਸਿੰਘ ਜੀ ਨੇ ਕੀਤਾ। ਇਹਨਾਂ ਦੀ ਆਤਮਿਕ ਅਵਸਥਾ ਨੂੰ ਦੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਬਣਨ ਦਾ ਮਾਣ ਮਿਲਿਆ। ਉਸ ਪਦਵੀ ਤੋਂ ਮੁਕਤ ਹੋ ਕੇ ਵੀ ਆਪਣੇ ਪਿੰਡ ਦਦੇਹਰ ਜ਼ਿਲਾ ਅੰਮ੍ਰਿਤਸਰ ਜਾ ਕੇ ਸਿੱਖੀ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਕਰਦੇ ਰਹੇ। ਇਸੇ ਤਰ੍ਹਾਂ ਬਾਬਾ ਹੀਰਾ ਸਿੰਘ ਭੱਠਲ ਅਤੇ ਬਾਬਾ ਗਾਂਧਾ ਸਿੰਘ ਮਾਲਵੇ ਦੇ ਸਿਰਮੌਰ ਗ਼ਦਰੀ ਬਾਬਿਆਂ ਵਿਚੋਂ ਸਨ। ਬਾਬਾ ਗਾਂਧਾ ਸਿੰਘ ਦੇ ਨਾਂ 'ਤੇ ਬਣੇ ਧਾਰਮਿਕ ਅਸਥਾਨ ਹੁਣ ਤਕ ਕਾਇਮ ਹਨ। ਬਾਬਾ ਹੀਰਾ ਸਿੰਘ ਭੱਠਲ

ਸਾਰੀ ਉਮਰ ਨੀਲਾ ਦਸਤਾਰਾ ਅਤੇ ਤਿੰਨ ਫ਼ੁੱਟ ਦੀ ਕਿਰਪਾਨ ਨਾਲ ਵਿਚਰਦੇ ਰਹੇ। ਨਿੱਤਨੇਮ ਪਾਠ ਦੀ ਅਰਦਾਸ ਵੇਲੇ ਜਦ ਇਹ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡਦੇ ਸਨ ਤਾਂ ਸਾਰੇ ਪਿੰਡ ਵਿਚ ਸੁਣਾਈ ਦਿੰਦਾ ਸੀ।

1930 ਵਿਚ ਪ੍ਰੀਤਲੜੀ ਦੇ ਮਾਲਕ ਗੁਰਬਖ਼ਸ਼ ਸਿੰਘ ਇਸ ਵਿਚਾਰਧਾਰਾ ਦੇ ਮੋਢੀ ਬਣੇ। ਸਿੱਖੀ ਮਾਹੌਲ ਵਿਚ ਪਲੇ ਹੋਣ ਕਰਕੇ ਇਹ ਸਾਰੀ ਜ਼ਿੰਦਗੀ ਸਾਬਤ ਸੂਰਤ ਰਹੇ ਪਰ ਅਮਰੀਕਾ ਤੋਂ ਇੰਜੀਨੀਅਰਿੰਗ ਦੀ ਡਿਗਰੀ ਕਰਨ ਵੇਲੇ ਵਿਗਿਆਨ ਦੇ ਸ਼ਰਧਾਲੂ ਬਣ ਕੇ ਤਰਕਵਾਦੀ ਸੋਚ ਦੇ ਮਾਲਕ ਬਣ ਗਏ। ਗੁਰਬਖ਼ਸ਼ ਸਿੰਘ ਜੀ ਸਿੱਖੀ ਸਰੂਪ ਵਾਲੇ ਪਹਿਲੇ ਬੰਦੇ ਸਨ ਜਿਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਮਨੁੱਖੀ ਧਰਾਤਲ 'ਤੇ ਪੇਸ਼ ਕਰ ਕੇ 'ਪਰਮ ਮਨੁੱਖ' ਨਾਮ ਦੀ ਕਿਤਾਬ ਲਿਖੀ ਜੋ ਸਿੱਖ ਜਗਤ ਵਿਚ ਚਰਚਾ ਦਾ ਵਿਸ਼ਾ ਬਣੀ ਰਹੀ।

ਦੇਸ ਦੇ ਬਟਵਾਰੇ ਪਿੱਛੋਂ ਇਹਨਾਂ ਨੇ ਆਪਣਾ ਹੈੱਡ-ਕੁਆਰਟਰ ਅੰਮ੍ਰਿਤਸਰ ਦੇ ਕੋਲ ਪ੍ਰੀਤ ਨਗਰ ਨੂੰ ਬਣਾਇਆ ਅਤੇ 'ਪ੍ਰੀਤਲੜੀ' ਦਾ ਮਾਸਿਕ ਰਸਾਲਾ ਸ਼ੁਰੂ ਕੀਤੀ। ਕਲਮ ਦੇ ਧਨੀ ਅਤੇ ਤਰਕਵਾਦੀਆਂ ਅਕੱਟ ਦਲੀਲਾਂ ਕਰਕੇ ਪੜ੍ਹਿਆ-ਲਿਖਿਆ ਸਿੱਖ ਨੌਜਵਾਨ ਵਰਗ ਅਤੇ ਬੁੱਧੀਜੀਵੀ ਵਰਗ ਇਹਨਾਂ ਦਾ ਸ਼ਰਧਾਲੂ ਬਣ ਗਿਆ। ਉਸ ਸਮੇਂ ਦੇ ਫ਼ਿਲਮੀ ਕਲਾਕਾਰ, ਨਾਟਕਕਾਰ, ਨਾਵਲਕਾਰ ਅਤੇ ਕਮਿਊਨਿਸਟ ਵਿਚਾਰਧਾਰਾ ਨੂੰ ਪ੍ਰਣਾਏ ਸਾਹਿਤਕਾਰਾਂ ਲਈ ਪ੍ਰੀਤ ਨਗਰ ਮੱਕੇ ਦਾ ਦਰਜਾ ਰੱਖਦਾ ਸੀ। ਕਮਿਊਨਿਸਟ ਵਿਚਾਰਧਾਰਾ ਦੀ ਪ੍ਰੋੜ੍ਹਤਾ ਲਈ ਸਰਕਾਰੀ ਆਲੋਚਨਾ ਕਰ ਕੇ ਕਈ ਵਾਰੀ ਪੁਲਿਸ ਦੇ ਛਾਪੇ ਪ੍ਰੀਤ ਨਗਰ ਵਿਚ ਪੈਂਦੇ ਰਹੇ। ਜਦੋਂ ਸਵਰਗੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਰੂਸ ਨਾਲ ਸੰਧੀ ਕਰ ਲਈ ਤਾਂ ਹੀ ਪ੍ਰੀਤ ਨਗਰ ਨੂੰ ਸੁਖ ਦਾ ਸਾਹ ਮਿਲਿਆ। ਇਹਨਾਂ ਦੀ ਕਲਮ ਦੁਆਰਾ ਕੀਤੀ ਗਈ ਸੇਵਾ ਸਦਕਾ ਸਿੱਖਾਂ ਦਾ ਨੌਜਵਾਨ ਵਰਗ ਸਿੱਖੀ ਰਹਿਤ ਅਤੇ ਕਕਾਰਾਂ ਨੂੰ ਤਿਲਾਂਜਲੀ ਦੇ ਕੇ ਤਰਕਵਾਦੀ ਸੋਚ ਦਾ ਧਾਰਨੀ ਬਣ ਗਿਆ।

ਅੱਜ ਦੀ ਹਾਲਤ ਇਹ ਹੈ ਕਿ ਸਿੱਖਾਂ ਦੇ ਘਰਾਂ ਵਿਚ ਪੈਦਾ ਹੋਏ ਤਰਕਸ਼ੀਲ ਕਾਮਰੇਡ ਆਪਣੇ ਨਾਂ ਨਾਲ 'ਸਿੰਘ' ਲਗਾਉਣ ਨੂੰ ਨਫ਼ਰਤ ਕਰਦੇ ਹਨ ਅਤੇ ਇਸ ਵਿਚੋਂ ਇਹਨਾਂ ਨੂੰ ਧਾਰਮਿਕ ਕੱਟੜਵਾਦ ਦੀ ਬੂ ਆਉਂਦੀ ਹੈ। ਇਹਨਾਂ ਵਿਚੋਂ ਬਹੁਤ ਸਾਰਿਆਂ ਨੇ ਲੋਕਾਂ ਨੂੰ ਧੋਖਾ ਦੇਣ ਲਈ ਸਿੱਖੀ ਸਰੂਪ ਧਾਰਨ ਕੀਤਾ ਹੋਇਆ ਹੈ ਪਰ ਲਿਖਤਾਂ ਰਾਹੀਂ ਇਹ ਨਾਸਤਿਕਤਾ ਦਾ ਪ੍ਰਚਾਰ ਕਰ ਰਹੇ ਹਨ। ਜਿਸ ਦੀ ਤਾਜ਼ਾ ਮਿਸਾਲ ਪ੍ਰੋ. ਗੁਰਬਚਨ ਸਿੰਘ (ਥਾਈਲੈਂਡ), ਪ੍ਰਿੰਸੀਪਲ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਜਵੱਦੀ ਲੁਧਿਆਣਾ ਦੀ ਲਿਖੀ ਕਿਤਾਬ

'ਵਿਰਲੈ ਕਿਨੈ ਵੀਚਾਰਿਆ' ਹੈ, ਜਿਸ ਤਰ੍ਹਾਂ ਪਾਠਕਾਂ ਨੇ ਪਹਿਲਾਂ ਪੜ੍ਹ ਲਿਆ ਹੈ ਕਿ ਇਹ ਕਿਤਾਬ ਕਹਿੰਦੀ ਹੈ:

1. ਪਰਮਾਤਮਾ ਇਕ ਨਿਯਮਾਵਲੀ ਹੈ।

2. ਆਤਮਾ ਇਕ ਕੁਦਰਤ ਦਾ ਨਿਯਮ ਹੈ।

3. ਆਤਮਾ ਨਾ ਕਿਤੋਂ ਆਉਂਦੀ ਹੈ, ਨਾ ਜਾਂਦੀ ਹੈ, ਇਹ ਸਰੀਰ ਦੇ ਨਾਲ ਹੁੰਦੀ ਹੈ ਅਤੇ ਸਰੀਰ ਦੇ ਮਰਨ ਨਾਲ ਇਸ ਦਾ ਅੰਤ ਹੋ ਜਾਂਦਾ ਹੈ

4. ਮਰਨ ਤੋਂ ਬਾਅਦ ਜੀਵ ਆਤਮਾ ਦਾ ਪ੍ਰਲੋਕ ਜਾਣਾ, ਇਹ ਬ੍ਰਾਹਮਣੀ ਪਖੰਡ ਦਾ ਪ੍ਰਚਾਰ ਹੈ।

5. ਨਾ ਕੋਈ ਧਰਮਰਾਜ ਹੈ, ਨਾ ਕੋਈ ਮਰਨ ਤੋਂ ਬਾਅਦ ਕਰਮਾਂ ਦਾ ਹਿਸਾਬ ਹੁੰਦਾ ਹੈ, ਨਾ ਕੋਈ ਸਵਰਗ ਹੈ, ਨਾ ਨਰਕ ਹੈ।

6. ਮਰਨ ਤੋਂ ਬਾਅਦ ਬੰਦਾ ਕਿਸੇ ਜੂਨ ਵਿਚ ਨਹੀਂ ਪੈਂਦਾ। ਇਹ ਵਿਚਾਰਧਾਰਾ ਪੁਜਾਰੀ ਵਰਗ ਦਾ ਜਨ-ਸਧਾਰਨ ਨੂੰ ਲੁੱਟਣ ਦਾ ਇਕ ਢੌਂਗ ਹੈ।

ਪ੍ਰੋ. ਸਰਬਜੀਤ ਸਿੰਘ ਧੂੰਦਾ ਨੇ ਇਸ ਕਿਤਾਬ ਦੀ ਭੂਮਿਕਾ ਵਿਚ ਇਸ ਵਿਚਾਰਧਾਰਾ ਦਾ ਸਮਰਥਨ ਕੀਤਾ ਹੈ। ਇਸੇ ਤਰ੍ਹਾਂ ਇੰਦਰ ਸਿੰਘ ਘੱਗਾ, ਸੁਖਵਿੰਦਰ ਸਿੰਘ ਸਭਰਾ ਦੀਆਂ ਪੁਸਤਕਾਂ ਵਿਚੋਂ ਇਹੀ ਵਿਚਾਰਧਾਰਾ ਪ੍ਰਗਟ ਹੁੰਦੀ ਹੈ। ਪਾਠਕਾਂ ਨੂੰ ਇਹ ਦੱਸਣਾ ਵੀ ਅਸੀਂ ਜ਼ਰੂਰੀ ਸਮਝਦੇ ਹਾਂ ਕਿ ਸਿੱਖ ਫੁਲਵਾੜੀ ਦੇ ਮਾਲਕ ਮਿਸ਼ਨਰੀ ਕਾਲਜ ਫੀਲਡਗੰਜ, ਲੁਧਿਆਣਾ ਇਸ ਕਿਤਾਬ ਦੇ ਕਰਤਾ ਨੂੰ ਸਿੱਖੀ ਨੂੰ ਸਮਰਪਿਤ ਪ੍ਰਚਾਰਕ ਦੱਸਦੇ ਹਨ। ਇਸ ਦਾ ਸਹੀ ਅਰਥ ਹੈ ਕਿ ਸਿੱਖ ਫੁਲਵਾੜੀ ਵਾਲੇ ਮਾਨਸਿਕ ਤੌਰ 'ਤੇ ਤਰਕਸ਼ੀਲ ਵਿਚਾਰਧਾਰਾ ਨਾਲ ਜੁੜੇ ਹੋਏ ਹਨ। ਬਾਹਰਲਾ ਸਰੂਪ ਸਿੱਖੀ ਵਾਲਾ ਹੈ।

ਧਾਰਮਿਕ ਸੰਸਥਾਵਾਂ ਨੂੰ ਅੰਧ-ਵਿਸ਼ਵਾਸੀ, ਮੂਰਖ ਅਤੇ ਜਾਹਲ ਕਹਿਣ ਵਾਲੇ ਕਾਮਰੇਡੀ ਤਰਕਸ਼ੀਲ ਕਿੰਨਾ ਕੁ ਸੱਚ ਬੋਲਦੇ ਹਨ, ਇਹ ਇਹਨਾਂ ਦੀ ਲਿਖੀ ਕਿਤਾਬ 'ਗ਼ਦਰੀ ਯੋਧਾ ਸ਼ਹੀਦ ਕਰਤਾਰ ਸਿੰਘ ਸਰਾਭਾ' ਸੰਪਾਦਕ ਵਿਸ਼ਵ ਭਾਰਤੀ, ਪ੍ਰਕਾਸ਼ਕ ਤਰਕ ਭਾਰਤੀ ਪ੍ਰਕਾਸ਼ਨ ਤਰਕਸ਼ੀਲ ਨਿਵਾਸ ਕਾਲਜ ਰੋਡ ਬਰਨਾਲਾ, ਫ਼ੋਨ 01679-233244 ਤੋਂ ਸਹੀ ਪਤਾ ਚੱਲਦਾ ਹੈ। ਇਸ ਕਿਤਾਬ ਦੇ ਟਾਈਟਲ 'ਤੇ ਜੋ ਫ਼ੋਟੋ ਕਰਤਾਰ ਸਿੰਘ ਸਰਾਭਾ ਦੀ ਦਿੱਤੀ ਹੈ, ਉਹ ਘੋਨ-ਮੋਨ (ਕੇਸ ਕੱਟੇ ਹੋਏ) ਪਟਿਆਂ ਵਾਲੀ ਹੈ। 40 ਸਫ਼ਿਆਂ ਦੀ ਇਸ ਕਿਤਾਬ ਵਿਚ ਸਾਰੀ ਲਿਖਤ ਕਾਮਰੇਡੀ ਰੰਗ ਵਿਚ ਰੰਗੀ ਹੋਈ ਹੈ ਅਤੇ ਸੱਚੇ-ਸੁੱਚੇ ਸਿੱਖਾਂ ਨੂੰ ਇਸੇ ਰੰਗ ਵਿਚ ਵਿਖਾਇਆ ਹੈ। ਅਸੀਂ ਪ੍ਰਕਾਸ਼ਕ ਦੇ

ਦਿੱਤੇ ਫ਼ੋਨ 'ਤੇ ਪੁੱਛਿਆ ਕਿ ਇਸ ਕਿਤਾਬ ਦਾ ਸੰਪਾਦਕ ਵਿਸ਼ਵ ਭਾਰਤੀ ਕੋਈ ਸੰਸਥਾ ਹੈ ਜਾਂ ਕੋਈ ਮਨੁੱਖ ਹੈ। ਅੱਗੋਂ ਇਕ ਇਸਤਰੀ ਦੀ ਅਵਾਜ਼ ਆਈ ਕਿ ਮੈਨੂੰ ਇਸ ਬਾਰੇ ਕੋਈ ਪਤਾ ਨਹੀਂ ਹੈ। ਅਸੀਂ ਪੁੱਛਿਆ ਕਿ ਤੁਸੀਂ ਇਹ ਕਿਤਾਬ ਕਿਵੇਂ ਛਾਪੀ ਹੈ ? ਉੱਤਰ ਮਿਲਿਆ, ਤੁਸੀਂ ਮੇਰੇ ਪਤੀ ਅਮਿਤ ਮਿੱਤਰ ਨਾਲ ਗੱਲ ਕਰ ਲਓ ਤੇ ਉਹਨਾਂ ਦਾ ਮੋਬਾਈਲ ਨੰਬ 93575-12244 ਹੈ। ਮੈਂ ਇਸ ਮੋਬਾਈਲ 'ਤੇ ਅਮਿਤ ਮਿੱਤਰ ਨਾਲ ਗੱਲ ਕੀਤੀ ਕਿ ਤੁਸੀਂ ਇਸ ਕਿਤਾਬ 'ਤੇ ਕਰਤਾਰ ਸਿੰਘ ਸਰਾਭਾ ਦੀ ਸਿੱਖੀ ਸਰੂਪ ਵਾਲੀ ਫ਼ੋਟੋ ਵਿਗਾੜ ਕੇ ਗ਼ਲਤ ਫ਼ੋਟੋ ਕਿਉਂ ਲਗਾਈ ਹੈ ਤੇ ਨਾਲ ਹੀ ਕਿਤਾਬ ਵਿਚ ਪਾਠਕਾਂ ਨੂੰ ਗੁਮਰਾਹ ਕਿਉਂ ਕੀਤਾ ਹੈ ? ਉੱਤਰ ਵਿਚ ਉਹਨਾਂ ਨੇ ਕਿਹਾ ਕਿ ਦੇਸ ਭਗਤਾਂ ਨੇ ਕੁਰਬਾਨੀ ਕਿਸੇ ਧਰਮ ਲਈ ਨਹੀਂ ਸਗੋਂ ਦੇਸ਼ ਲਈ ਕੀਤੀ ਸੀ,' ਇਸ ਵਾਸਤੇ ਕੋਈ ਵੀ ਫ਼ੋਟੋ ਲਗਾਈ ਜਾ ਸਕਦੀ ਹੈ। ਮੈਂ ਪੁੱਛਿਆ ਕਿ ਕਲ੍ਹ ਨੂੰ ਤੁਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਦੇਸ ਭਗਤ ਸਿੱਧ ਕਰ ਕੇ ਉਹਨਾਂ ਦੀ ਫ਼ੋਟੋ ਭੀ ਵਿਗਾੜ ਕੇ ਲਗਾ ਦੇਵੋਗੇ। ਅੱਗੇ ਪੁੱਛਿਆ ਕਿ ਜਦੋਂ ਇਹਨਾਂ ਦੇਸ ਭਗਤਾਂ ਨੇ ਦੇਸ ਦੀ ਅਜ਼ਾਦੀ ਦੀ ਲੜਾਈ ਲੜੀ ਸੀ, ਉਦੋਂ ਪੇਸ਼ਾਵਰ ਤੋਂ ਲੈ ਕੇ ਢਾਕੇ ਤਕ ਇਕ ਦੇਸ ਸੀ, ਪਰ ਹੁਣ ਤਾਂ ਇਸ ਦੇਸ ਦੇ ਤਿੰਨ ਟੁਕੜੇ ਹੋ ਗਏ ਹਨ। ਇਹਨਾਂ ਨੇ ਕਿਹੜੇ ਦੇਸ ਵਾਸਤੇ ਕੁਰਬਾਨੀ ਦਿੱਤੀ ਸੀ ? ਜੇ ਦੇਸ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ ਤਾਂ ਕੁਰਬਾਨੀ ਵੀ ਵੰਡੀ ਗਈ। ਫਿਰ ਫ਼ੋਟੋ ਦਾ ਤੀਜਾ ਹਿੱਸਾ ਹੀ ਲਗਾਉਣਾ ਬਣਦਾ ਸੀ। ਕੋਈ ਜਵਾਬ ਨਾ ਹੋਣ ਕਰਕੇ ਉਹਨਾਂ ਨੇ ਮੋਬਾਈਲ ਕੱਟ ਦਿੱਤਾ।

ਇਸੇ ਤਰ੍ਹਾਂ ਲੁਧਿਆਣੇ ਸਟੇਸ਼ਨ ਵਾਲੇ ਪੁਲ 'ਤੇ ਜਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਬੁੱਤ ਲਗਾਏ ਗਏ। ਉਹਨਾਂ ਵਿਚ ਭਗਤ ਸਿੰਘ ਦਾ ਬੁੱਤ ਪੱਗ ਵਾਲਾ ਲੱਗਾ ਹੋਇਆ ਹੈ। ਕਾਮਰੇਡੀ ਟੋਲਾ ਅਤੇ ਹਿੰਦੂ ਜਥੇਬੰਦੀਆਂ ਦੇ ਬੰਦਿਆਂ ਨੇ ਇਥੇ ਇਕ ਮਹੀਨਾ ਮੁਜ਼ਾਹਰਾ ਕੀਤਾ ਕਿ ਭਗਤ ਸਿੰਘ ਦਾ ਬੁੱਤ ਟੋਪੀ ਵਾਲਾ ਚਾਹੀਦਾ ਹੈ। ਸੁਨਾਮ ਸ਼ਹਿਰ ਵਿਚ ਵੀ ਸ਼ਹੀਦ ਉੱਧਮ ਸਿੰਘ ਦੇ ਦੋ ਬੁੱਤ ਅਲੱਗ-ਅਲੱਗ ਥਾਵਾਂ 'ਤੇ ਲੱਗੇ ਹੋਏ ਹਨ, ਇਕ ਪਗੜੀ ਵਾਲਾ ਅਤੇ ਇਕ ਬਿਨਾਂ ਪਗੜੀ ਤੋਂ। ਜਦੋਂ ਉੱਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਉਣਾ ਹੋਵੇ, ਕੋਈ ਕਾਮਰੇਡੀ ਪੱਗ ਵਾਲੇ ਬੁੱਤ ਕੋਲ ਨਹੀਂ ਜਾਂਦਾ, ਬਲਕਿ ਦੂਜੇ ਬੁੱਤ 'ਤੇ ਜਾਂਦੇ ਹਨ।

ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਵਾਲੀ ਕਿਤਾਬ ਪਹਿਲੀ ਵਾਰ ਅਕਤੂਬਰ 2004 ਵਿਚ ਛਪੀ ਸੀ। ਇਹ ਹੋ ਨਹੀਂ ਸਕਦਾ ਕਿ ਮਿਸ਼ਨਰੀ ਕਾਲਜ

ਵਾਲਿਆਂ ਨੇ ਹੁਣ ਤਕ ਇਹ ਕਿਤਾਬ ਦੇਖੀ ਨਾ ਹੋਵੇ। ਦਸੰਬਰ 2007 ਵਿਚ ਭਾਸ਼ਾ ਵਿਭਾਗ, ਪਟਿਆਲਾ ਵਿਚ ਲੱਗੇ ਪੁਸਤਕ ਮੇਲੇ ਦੇ ਕਾਮਰੇਡੀ ਸਟਾਲ 'ਤੇ ਇਹ ਕਿਤਾਬ ਪਈ ਮੈਂ ਵੇਖੀ ਸੀ ਤੇ ਨਾਲ ਹੀ ਇੰਦਰ ਸਿੰਘ ਘੱਗਾ ਨੂੰ ਇਹ ਕਿਤਾਬ ਵਿਖਾਈ ਸੀ, ਪਰ ਅੱਜ ਤਕ ਕਿਸੇ ਮਿਸ਼ਨਰੀ ਕਾਲਜ ਦੇ ਕਿਸੇ ਬੰਦੇ ਨੇ ਇਸ ਕਿਤਾਬ ਬਾਰੇ ਸੰਪਾਦਕ ਜਾਂ ਪ੍ਰਕਾਸ਼ਕ ਬਾਰੇ ਇਕ ਲਾਈਨ ਵੀ ਨਹੀਂ ਲਿਖੀ ਕਿਉਂਕਿ ਤਰਕਸ਼ੀਲ ਕਾਮਰੇਡ ਇਹਨਾਂ ਦੇ ਗੁਰਭਾਈ ਹਨ। ਉਹਨਾਂ ਖ਼ਿਲਾਫ਼ ਇਹ ਕਿਵੇਂ ਲਿਖ ਸਕਦੇ ਹਨ ? ਇਹਨਾਂ ਦਾ ਸਾਰਾ ਜ਼ੋਰ ਸਿੱਖੀ ਸ਼ਰਧਾ, ਪਿਆਰ, ਭਾਵਨਾਵਾਂ ਨੂੰ ਖ਼ਤਮ ਕਰਨ 'ਤੇ ਲੱਗਾ ਹੋਇਆ ਹੈ।

ਇਹਨਾਂ ਦੀਆਂ ਲਿਖੀਆਂ ਕਿਤਾਬਾਂ

1. ਸਿੱਖੀ ਦੇ ਝੰਡਾ ਬਰਦਾਰ
2. ਗਰੁੜ ਚੜੇ ਗੋਬਿੰਦ ਆਇਲਾ
3. ਸੰਤਾਂ ਦੇ ਕੌਤਕ (ਛੇ ਭਾਗ)
4. ਸਾਡਾ ਬੇੜਾ ਗ਼ਰਕ ਕਿਉਂ ਹੋਇਆ ?
5. ਆਵਾਗਉਣ 84 ਲੱਖ ਜੂਨ
6. ਚੋਣਵਾਂ ਸਾਖੀ ਸਾਹਿਤ

ਅਤੇ ਹੋਰ ਪੁਸਤਕਾਂ ਸਭ ਨਾਸਤਿਕਤਾ ਵਾਲੇ ਕਾਮਰੇਡੀ ਰੰਗ ਵਿਚ ਰੰਗੀਆਂ ਹੋਈਆ ਹਨ। ਅਸੀਂ ਇਹਨਾਂ ਗੱਲਾਂ ਦਾ ਖ਼ੁਲਾਸਾ ਆਪਣੀਆਂ ਪੁਸਤਕਾਂ :

1. ਸਭ ਦੁਸ਼ਟ ਝਖ ਮਾਰਾ
2. ਕਾਮਰੇਡੀ ਸਿੱਖਾਂ ਦੇ ਕੌਤਕ (ਦੋ ਭਾਗ)
3. ਵਿਰਲੈ ਕਿਨੈ ਵੀਚਾਰਿਆ ਦੀ ਪੜਚੋਲ

ਵਾਲੀ ਇਸ ਕਿਤਾਬ ਵਿਚ ਕਰ ਦਿੱਤਾ ਹੈ। ਜਿਨ੍ਹਾਂ ਦਾ ਇਹਨਾਂ ਕੋਲ ਕੋਈ ਜਵਾਬ ਨਹੀਂ ਹੈ।

ਇਕ ਪਾਸੇ ਮਿਸ਼ਨਰੀ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਦਾ ਪੱਲਾ ਫੜ ਕੇ ਜਿਹੜੇ ਡੇਰੇਦਾਰ ਇਸ ਦੇ ਉਲਟ ਕੰਮ ਕਰਦੇ ਹਨ, ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਦੁਹਾਈ ਪਾਉਂਦੇ ਹਨ। ਦੂਜੇ ਪਾਸੇ ਗਿਆਨੀ ਭਾਗ ਸਿੰਘ ਅੰਬਾਲਾ ਤੇ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਦੀਆਂ ਲਿਖਤਾਂ ਨੂੰ ਅਪ੍ਰਵਾਨ ਕਰ ਕੇ ਅਕਾਲ ਤਖ਼ਤ ਤੋਂ ਛੇਕਿਆਂ ਗਿਆਂ ਨੂੰ ਜਾਂ ਸ੍ਰੀ ਅਕਾਲ ਤਖ਼ਤ 'ਤੇ ਬੁਲਾ ਕੇ ਤਨਖ਼ਾਹ ਲਗਾਈ ਗਈ, ਉਹਨਾਂ ਲਿਖਤਾ ਨੂੰ ਲੈ ਕੇ ਇਹ ਉਸ ਵਿਚਾਰਧਾਰਾ

ਦਾ ਪ੍ਰਚਾਰ ਕਰਦੇ ਹਨ।

ਪਾਠਕ ਆਪ ਹੀ ਅੰਦਾਜ਼ਾ ਲਗਾ ਲੈਣ ਕਿ ਐਸੇ ਦੋਗਲੇ ਬੰਦਿਆਂ ਤੇ ਬਹੁਰੂਪੀਆਂ ਦਾ ਇਤਬਾਰ ਕਰਨਾ ਕਿੰਨਾ ਕੁ ਠੀਕ ਹੈ ? ਦੂਸਰੇ ਧਾਰਮਿਕ ਬੰਦਿਆਂ ਨੂੰ ਝੂਠੇ, ਅੰਧ-ਵਿਸ਼ਵਾਸੀ, ਜਾਹਲ ਤੇ ਪਿਛਾਂਹ-ਖਿੱਚੂ ਸੋਚ ਵਾਲੇ ਕਹਿਣ ਵਾਲੇ ਕਾਮਰੇਡੀ, ਤਰਕਸ਼ੀਲਾਂ ਦਾ ਪਾਜ ਉੱਘੜ ਗਿਆ ਹੈ। ਅਸੀਂ ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਸਿੱਖਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਝੂਠ ਦੀ ਪੰਡ ਦਾ ਡਟ ਕੇ ਵਿਰੋਧ ਕਰੋ ਤਾਂ ਕਿ ਅੱਗੇ ਤੋਂ ਇਸ ਕੂੜ ਪ੍ਰਚਾਰ ਨੂੰ ਠੱਲ੍ਹ ਪਾਈ ਜਾ ਸਕੇ।

# ਨਿਸ਼ਾਨ ਸਾਹਿਬ ਦੀ ਨਿਰਾਦਰੀ

ਇੰਦਰ ਸਿੰਘ ਘੱਗਾ ਦੀ ਲਿਖੀ ਕਿਤਾਬ 'ਸਿੱਖੀ ਦੇ ਝੰਡਾ ਬਰਦਾਰ' ਦੇ ਟਾਈਟਲ 'ਤੇ ਫ਼ੋਟੋ ਲੱਗੀ ਹੋਈ ਹੈ। ਇਸ ਵਿਚ ਨਿਸ਼ਾਨ ਸਾਹਿਬ ਨੂੰ ਰੱਸੀਆਂ ਪਾ ਕੇ ਤਖ਼ਤਾਂ ਦੇ ਜਥੇਦਾਰਾਂ ਨੂੰ ਉਹਨਾਂ ਨਾਲ ਬੰਨ੍ਹ ਕੇ ਘੁੰਮਦਾ ਵਿਖਾਇਆ ਗਿਆ ਹੈ ਅਤੇ ਨਿਸ਼ਾਨ ਸਾਹਿਬ ਨੂੰ ਇਕ ਝੂਲੇ ਦੇ ਰੂਪ ਵਿਚ ਵਿਖਾਇਆ ਗਿਆ ਹੈ। ਇਸ ਤੋਂ ਇਸ ਅਖੌਤੀ ਇੰਟਰਨੈਸ਼ਨਲ ਮਿਸ਼ਨਰੀ ਪ੍ਰਚਾਰਕ ਦੀ ਮਾਨਸਿਕਤਾ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਕਿਸੇ ਦੇਸ ਦਾ ਝੰਡਾ ਜਾਂ ਧਰਮ ਦਾ ਨਿਸ਼ਾਨ ਉਸ ਦੇਸ ਦੀ ਗੌਰਵਤਾ ਅਤੇ ਸਿਧਾਂਤ ਦਾ ਪ੍ਰਤੀਕ ਮੰਨਿਆ ਗਿਆ ਹੈ। ਅਮਰੀਕਾ ਦੇ ਰਾਸ਼ਟਰੀ ਝੰਡੇ ਵਿਚ 51 ਸਿਤਾਰੇ ਦਿਖ ਰਹੇ ਹਨ, ਜੋ ਦੱਸਦਾ ਹੈ ਕਿ 51 ਰਿਆਸਤਾਂ ਨੂੰ ਮਿਲਾ ਕੇ ਸੰਯੁਕਤ ਰਾਸ਼ਟਰ ਅਮਰੀਕਾ ਬਣਾਇਆ ਗਿਆ ਹੈ। ਸਨਾਤਨ ਧਰਮ ਦੇ ਝੰਡੇ ਉੱਤੇ ਤ੍ਰਿਸ਼ੂਲ ਦਾ ਨਿਸ਼ਾਨ ਹੈ ਜੋ ਤਿੰਨ ਸ਼ਕਤੀਆਂ ਬ੍ਰਹਮਾ, ਵਿਸ਼ਨੂੰ, ਮਹੇਸ਼ ਨੂੰ ਪ੍ਰਗਟ ਕਰਦਾ ਹੈ। ਰੂਸ ਦੇ ਲਾਲ ਰੰਗ ਦੇ ਝੰਡੇ ਉੱਪਰ ਦਾਤੀ ਅਤੇ ਹਥੌੜਾ ਦੇ ਨਿਸ਼ਾਨ ਤੋਂ ਪਤਾ ਲੱਗਦਾ ਹੈ ਕਿ ਇਹ ਕਿਰਤੀ ਸਮਾਜ ਦਾ ਰਾਖਾ ਹੈ। ਸਾਡੇ ਦੇਸ ਦੇ ਝੰਡੇ ਉੱਪਰ ਤਿੰਨ ਰੰਗ ਸਿੱਖ, ਹਿੰਦੂ ਅਤੇ ਮੁਸਲਿਮ ਏਕਤਾ ਦੇ ਪ੍ਰਤੀਕ ਹਨ ਅਤੇ ਅਸ਼ੋਕ ਚੱਕਰ ਦੱਸਦਾ ਹੈ ਕਿ ਇਹ ਦੇਸ ਸੁਲ੍ਹਾਕੁਲ ਵਾਲਾ ਦੇਸ ਹੈ। ਇਸੇ ਤਰ੍ਹਾਂ ਖ਼ਾਲਸਾ ਪੰਥ ਦਾ ਗੁਰਦੁਆਰਾ ਸਾਹਿਬ ਵਿਚ ਲੱਗਾ ਨਿਸ਼ਾਨ ਸਾਹਿਬ ਦੇ ਫਰਾਰੇ ਦਾ ਕੇਸਰੀ ਰੰਗ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਅਤੇ ਇਸ ਦੇ ਉੱਪਰ ਲੱਗਾ ਚੱਕਰ ਅਤੇ ਆਲੇ-ਦੁਆਲੇ ਦੋ ਕਿਰਪਾਨਾਂ ਤੇ ਵਿਚਕਾਰ ਖੰਡਾ ਦੱਸਦਾ ਹੈ ਕਿ ਧਰਤੀ ਰੁਪ ਗੋਲ ਚੱਕਰ ਦੀਆਂ ਤਾਕਤਾਂ ਭਗਤੀ ਅਤੇ ਸ਼ਕਤੀ

ਹਨ। ਇਹਨਾਂ ਆਸਰੇ ਧਰਤੀ ਖੜੀ ਹੈ। ਵਿਚਕਾਰਲਾ ਖੰਡਾ ਮਹਾਂਕਾਲ ਦੀ ਸ਼ਕਤੀ ਦਾ ਪ੍ਰਤੀਕ ਹੈ ਜੋ ਦੱਸਦਾ ਹੈ ਕਿ ਸਭ ਕੁਝ ਨਾਸ਼ਵਾਨ ਹੈ। ਇਹ ਝੰਡੇ ਦੇਸ ਜਾਂ ਕੌਮ ਦੀ ਜਿੰਦ-ਜਾਨ ਹੁੰਦੇ ਹਨ। ਦੇਸ ਦੀ ਸਰਬ-ਉੱਚ ਹਸਤੀ ਰਾਸ਼ਟਰਪਤੀ ਭੀ ਝੰਡੇ ਨੂੰ ਸਲਾਮੀ ਦਿੰਦਾ ਹੈ। ਜਦੋਂ ਕੋਈ ਦੇਸ ਜਾਂ ਕੋਈ ਕੌਮ ਹਾਰ ਜਾਂਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਦਾ ਝੰਡਾ ਉਤਾਰਿਆ ਜਾਂਦਾ ਹੈ। ਜੇਤੂ ਆਪਣਾ ਝੰਡਾ ਝੁਲਾਉਂਦੇ ਹਨ। ਉਲੰਪਿਕ ਜਾਂ ਰਾਸ਼ਟਰ ਮੰਡਲ ਖੇਡਾਂ ਵਿਚ ਜਦੋਂ ਕਿਸੇ ਦੇਸ ਦਾ ਖਿਡਾਰੀ ਇਨਾਮ ਜਿੱਤਦਾ ਹੈ ਤਾਂ ਮੰਚ ’ਤੇ ਖੜਾ ਕਰ ਕੇ ਉਸ ਦੇਸ ਦਾ ਝੰਡਾ ਲਹਿਰਾਇਆ ਜਾਂਦਾ ਹੈ ਅਤੇ ਰਾਸ਼ਟਰੀ ਗਾਨ ਗਾਇਆ ਜਾਂਦਾ ਹੈ। ਖ਼ਾਲਸਾ ਪੰਥ ਵਿਚ ਦੋ ਚੀਜ਼ਾਂ ਦੀ ਮਾਨਤਾ ਹੈ ਗ੍ਰੰਥ ਤੇ ਪੰਥ। ਗ੍ਰੰਥ ਸਾਡੇ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਬਿਰਾਜਮਾਨ ਹੈ। ਨਿਸ਼ਾਨ ਸਾਹਿਬ ਪੰਥ ਦੀ ਪ੍ਰਤੀਨਿਧਤਾ ਕਰਦਾ ਹੈ। ਸਿੱਖ ਮਿਸਲਾਂ ਵੇਲੇ ਇਕ ਮਿਸਲ ਦਾ ਨਾਂ ਨਿਸ਼ਾਨਾਂ ਵਾਲੀ ਮਿਸਲ ਸੀ ਜਿਸ ਮਿਸਲ ਦੇ ਜਥੇਦਾਰ ਦਲ ਖ਼ਾਲਸਾ ਦੇ ਚੱਲਣ ਵੇਲੇ ਨਿਸ਼ਾਨ ਸਾਹਿਬ ਲੈ ਕੇ ਅੱਗੇ ਚੱਲਦੇ ਸਨ। ਕਿਸੇ ਦੇਸ ਜਾਂ ਧਰਮ ਦੇ ਝੰਡੇ ਦਾ ਦੁਰਉਪਯੋਗ ਜਾਂ ਨਿਰਾਦਰੀ ਕਰਨਾ ਦੰਡ-ਯੋਗ ਅਪਰਾਧ ਹੈ। ਸਾਡੇ ਦੇਸ ਦੇ ਝੰਡੇ ਦੀ ਨਿਰਾਦਰੀ ਕਰਨ ਵਾਲੇ ਕਿਸੇ ਬੰਦੇ ਨੂੰ ਕਨੂੰਨ ਅਨੁਸਾਰ ਘੱਟੋ-ਘੱਟ 6 ਮਹੀਨੇ ਦੀ ਸਜ਼ਾ ਹੋ ਸਕਦੀ ਹੈ।

ਅਖੌਤੀ ਇੰਟਰਨੈਸ਼ਨਲ ਸਿੱਖ ਮਿਸ਼ਨਰੀ ਪ੍ਰਚਾਰਕ ਇੰਦਰ ਸਿੰਘ ਘੱਗੇ ਨੂੰ ਇਹਨਾਂ ਗੱਲਾਂ ਦਾ ਕੋਈ ਗਿਆਨ ਨਹੀਂ ਹੈ ? ਇਸ ਨੇ ਖ਼ਾਲਸਾਈ ਨਿਸ਼ਾਨ ਸਾਹਿਬ ਨੂੰ ਝੂਲੇ ਦੇ ਰੂਪ ਵਿਚ ਪੇਸ਼ ਕਰ ਕੇ ਘੋਰ ਨਿਰਾਦਰੀ ਕੀਤੀ ਹੈ ਅਤੇ ਦੰਡ-ਯੋਗ ਅਪਰਾਧ ਕੀਤਾ ਹੈ। ਕੀ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਬੁਲਾ ਕੇ ਤਨਖ਼ਾਹ ਨਹੀਂ ਲਗਾਉਣੀ ਚਾਹੀਦੀ ?

–